
ਹੱਕ, ਸੱਚ, ਇਨਸਾਫ਼ ਅਤੇ ਮਨੁੱਖਤਾ ਲਈ ਲੜ ਰਹੇ ਲੋਕ ਕਿਤੇ ਵੀ ਹੋਣ ਉਹ ਸਾਡੇ ਲੋਕ ਹਨ

# ਸਾਡੇ ਲੋਕ
SADE LOK
sadelok.com

24-30 ਜਨਵਰੀ 2024

ਸਾਲ 15ਵਾਂ - ਅੰਕ 4
email : info@sadelok.com
Ph. : 510-706-1300
Fax : 925-373-1300

ਮਰਣੁ ਮੁਣਸਾਂ ਸੂਰਿਆ ਹਕੁ ਹੈ ਜੋ ਹੋਇ ਮਰਹਿ ਪਰਵਾਣੋ ॥
ਸਿਰ ਤਲੀ 'ਤੇ ਰੱਖ ਕੇ ਜੂਝਣ
ਲਾਸਾਨੀ ਯੋਧੇ ਅਮਰ ਸ਼ਹੀਦ
ਧੰਨ ਧੰਨ ਬਾਬਾ ਦੀਪ ਸਿੰਘ ਜੀ
ਦੇ ਜਨਮ ਦਿਨ ਦੀਆਂ
ਲੱਖ ਲੱਖ
ਵਧਾਈਆਂ



(ਦੇਖੋ ਸਫ਼ਾ 34 'ਤੇ)

# ਪੂਰੀ ਦੁਨੀਆ ਦੇ ਹਿੰਦੂਆਂ ਵਿਚ ਵਿਆਹ ਵਰਗੀਆਂ ਖੁਸ਼ੀਆਂ

## ਅਯੁੱਧਿਆ 'ਚ 500 ਸਾਲ ਬਾਅਦ ਸ੍ਰੀ ਰਾਮ ਮੰਦਰ ਦੀ ਸਥਾਪਨਾ

ਮੰਦਰ 'ਤੇ ਹੈਲੀਕਾਪਟਰਾਂ ਨੇ
ਫੁੱਲ ਦੀ ਵਰਖਾ ਕੀਤੀ



(ਦੇਖੋ ਸਫ਼ਾ 26-29 'ਤੇ)

# ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੀ ਸਜ਼ਾ ਨਹੀਂ ਹੋਈ ਮੁਆਫ਼

## ਸਜ਼ਾ ਮੁਆਫ਼ੀ ਨਾਲ ਸਬੰਧਤ ਵਿਚਾਰੇ 46 ਮਾਮਲਿਆਂ ਦੀ ਸੂਚੀ 'ਚ ਭੁੱਲਰ ਦਾ ਨਾਂ ਨਹੀਂ



(ਦੇਖੋ ਸਫ਼ਾ 14 'ਤੇ)

For your
Advertisement

Please Call
510-706-1300

Jaspreet Singh
Attorney at law
ਅਮਰੀਕਾ 'ਚ ਕਾਨੂੰਨੀ ਸਹਾਇਤਾ
ਲਈ ਭਰੋਸੇਮੰਦ ਨਾਮ
ਇਮੀਗ੍ਰੇਸ਼ਨ, ਬੈਂਕਰਪਸੀ,
ਫੈਮਿਲੀ ਲਾਅ



Over 18 Years of Legal Experience
Specializes In :
- USA Immigration
- Citizenship
- Green Card
- Deportation Defense
- Political Asylum
- Detentaion Cases
- Artists
- Sin gers P3 Visas
- Priest R1 Visas
- Investors EB 5 Visas
- L1 Business Visas
- Fmily Law
- Criminal Defense Cases

44808 S. Grimmer Vlvd. #208 Fremont, CA 94538 Tel. : 510-657-6444
2951 W. Capital Ave. W. Sacramento CA 95691
4491 West Shaw Ave.# 131 Fresno. CA 93711 Tel : 559-271-5511
37-1873 Street Suite #401. Jackson Heights NY 11372 Tel : 718-533-844

Padam Builders
ਅਸੀਂ ਘਰ, ਗੈਸ ਸਟੇਸ਼ਨ, ਮੌਲ, ਸ਼ੋਮਰੂਮ ਅਤੇ ਹਰ ਤਰ੍ਹਾਂ ਦੀ ਕੰਸਟਰਕਸ਼ਨ ਦਾ ਕੰਮ foundation ਤੋਂ ਲੈ ਕੇ ਮੁਕੰਮਲ ਹੋਣ ਤੱਕ ਕਰਦੇ ਹਾਂ।



ਸਾਡੇ ਕੰਮ ਦੀ 100 ਪ੍ਰਤੀਸ਼ਤ ਗਰੰਟੀ
email:padambuilders@gmail.com
Licensed # 1019803
Bhupinder S. Padam
PH : 510-565-6667

Bhatia & Co, Inc
Certified Public Accountants
AICPA
Our Services :
Business Tax (C crop/S corp/LLC etc)
Individual Tax
Estate Tax
Internation Tax (FBAR/FATCA/5471/5472 etc)
Non-Profit entities
(Formation,IRS,FTB&DOJ approval)
Accounting & Payroll
Sales & Other Taxes
Financial Audit & Review
Tax Audit & Representation (IRS/FTB/BOE etc)
Collection, Lien & Back Taxes
Offer in Compromise
Santa Clara • Pleasanton • Merced
(844) 4USTAX (209)-354-8696
info@bhatiaco.com,www.bhatiaco.com

Bhatia Law Associates
Attorney at Law
Immigration and Business Services
IMMIGRATION
Immigrant Visas (Green Card)
- Green Card : Employment based/PERM/NIW
- Green Card : Family based
- Green Card through refugee or asylee
- Green Card : Investor & other categories
PERM

Nonimmigrant Visas
- Fiancee visas
- H1/L1/H4/L2/NAFTA TN/E2/E3
- Student Visa
- B-1/B-2 Visitor Visas and
- Other Categories of nonimmigrant visas

Other Immigrantion Services
- Citizenship
- e-Verify, 1-9 and
- Other Compliance Other service -B-1/B-2 Visitor Visasextension and other Services

Santa Clara-Pleasanton-Merced
(844) 4USATAX (209)-354-8696
info@bhatiaco.com,www.Smoothimmigration.com



ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਹੱਲ ਇਕ ਛੱਤ ਥੱਲੇ
- ਪੋਲੀਟੀਕਲ ਅਸਾਈਲਮ • ਡਿਪ੍ਰੋਟੇਸ਼ਨ ਡਿਫੈਂਸ
- BIA ਅਪੀਲ • 9 Circuit ਅਪੀਲ
- ਸਿਟੀਜਨਸ਼ਿਪ • ਗਰੀਨਕਾਰਡ

ਇਮੀਗ੍ਰੇਸ਼ਨ ਦੀਆਂ ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਹੱਲ ਇਕੋ ਛੱਤ ਥੱਲੇ

ਸ. ਹਰਮਿੰਦਰ ਸਿੰਘ ਸਮਾਣਾ
ਆਫਿਸ ਮੈਨੇਜਰ 209-481-7750

Law office of Anthony Nwosu
239 West Yosemite Ave Manteca CA 95336 ਸਾਡਾ ਆਫ਼ਿਸ Oakland ਅਤੇ Sacramento ਵਿਚ ਵੀ ਹੈ
ਅਸੀਂ ਇਮੀਗ੍ਰੇਸ਼ਨ ਨਾਲ ਸਬੰਧਤ ਹਰ ਤਰ੍ਹਾਂ ਦੀਆਂ ਸੇਵਾਵਾਂ ਪ੍ਰਦਾਨ ਕਰਦੇ ਹਾਂ।
PH: 209-624-3919



Anthony Nwosu
Attorney at Law
510-788-4558

# ਵੋਟ 5 ਮਾਰਚ, 2024



ਜਨਤਕ ਸੁਰੱਖਿਆ ਲਈ



ਬੇਘਰੇ ਲੋਕਾਂ ਲਈ



ਛੋਟੇ ਕਾਰੋਬਾਰ ਨੂੰ ਉਤਸ਼ਾਹਿਤ ਕਰਨ ਲਈ

**★ ਸੁਰੱਖਿਅਤ ਅਤੇ ਸਾਫ਼ ਆਂਢ-ਗੁਆਂਢ ★**

## ਕਮਿਊਨਿਟੀ ਨੇ ਨਿਸ਼ਕਾਮ ਸੇਵਾਦਾਰ ਅਤੇ ਤਜਰਬੇਕਾਰ ਨੇਤਾ

- ਅਸੀਂ ਇਕੱਠੇ ਮਿਲ ਕੇ ਆਪਣੇ ਭਾਈਚਾਰੇ ਨੂੰ ਵੱਧ ਰਹੇ ਅਪਰਾਧਾਂ ਤੋਂ ਬਚਾਵਾਂਗੇ ਅਤੇ ਆਂਢ-ਗੁਆਂਢ ਦੀ ਸੁਰੱਖਿਆ ਨੂੰ ਉਤਸ਼ਾਹਿਤ ਕਰਾਂਗੇ।
- ਜਿਵੇਂ ਕਿ ਹਰ ਇੱਕ ਨੂੰ ਵਧੀਆ ਘਰ ਦੀ ਲੋੜ ਹੈ। ਅਸੀਂ ਮਿਲ ਕੇ ਬੇਘਰਿਆਂ ਨੂੰ ਘਰ ਬਣਾਉਣ ਅਤੇ ਸਾਫ਼-ਸੁਥਰੇ ਆਂਢ-ਗੁਆਂਢ ਨੂੰ ਬਣਾਈ ਰੱਖਣ ਵੱਲ ਧਿਆਨ ਦੇਵਾਂਗੇ।
- ਅਸੀਂ ਸਾਰੇ ਮਿਲ ਕੇ ਛੋਟੇ ਕਾਰੋਬਾਰਾਂ ਨੂੰ ਉਤਸ਼ਾਹਿਤ ਕਰਾਂਗੇ।
- ਅਸੀਂ ਸਾਰੇ ਪਾਰਕਾਂ, ਗਲੀਆਂ ਨੂੰ ਸੁਰੱਖਿਅਤ ਅਤੇ ਸਾਫ਼ ਸਥਰਾ ਰੱਖਣ ਵੱਲ ਵਿਸ਼ੇਸ਼ ਧਿਆਨ ਦੇਵਾਂਗੇ।



ਹੋਰ ਜਾਣਕਾਰੀ ਲਈ ਸੰਪਰਕ ਕਰੋ ਤੁਹਾਡਾ ਆਪਣਾ

**ਸੂ. ਸੁਖਦੇਵ ਸਿੰਘ ਬੈਨੀਵਾਲ**

**For San Jose City Council - District 8**

**(408) 421-9463 or email : voteBainiwal@gmail.com**

**visit www.Votebainiwal.com # BainiwalForAll**

Paid for by Sukhdev Bainiwal for City Council 2024 FPPc#1463066

# ਯਮਨ 'ਚ ਕਈ ਹੂਤੀ ਟਿਕਾਣਿਆਂ 'ਤੇ ਅਮਰੀਕਾ ਤੇ ਬਰਤਾਨਵੀ ਫ਼ੌਜਾਂ ਨੇ ਕੀਤਾ ਹਮਲਾ

## *ਇਕ ਸੀਨੀਅਰ ਅਮਰੀਕੀ ਫੌਜੀ ਅਧਿਕਾਰੀ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਹਮਲੇ 'ਚ 25 ਤੋਂ 30 ਬੰਬ ਸੁੱਟੇ ਗਏ ਅਤੇ ਹਰ ਬੰਬ ਨੇ ਕਈ ਨਿਸ਼ਾਨਿਆਂ ਨੂੰ ਵਿਨ੍ਹਿਆ*

ਵਾਸ਼ਿੰਗਟਨ : ਅਮਰੀਕੀ ਅਤੇ ਬਰਤਾਨਵੀ ਫੌਜਾਂ ਨੇ ਸੋਮਵਾਰ ਰਾਤ ਨੂੰ ਯਮਨ ਵਿਚ ਈਰਾਨ ਸਮਰਥਿਤ ਹੂਤੀ ਵਿਦਰੋਹੀਆਂ ਵਲੋਂ ਵਰਤੇ ਜਾਂਦੇ ਅੱਠ ਟਿਕਾਣਿਆਂ 'ਚੋਂ ਕਈ ਟਿਕਾਣਿਆਂ 'ਤੇ ਬੰਬਾਰੀ ਕੀਤੀ। ਇਹ ਦੂਜੀ ਵਾਰ ਹੈ ਜਦੋਂ ਦੋਹਾਂ ਸਹਿਯੋਗੀਆਂ ਨੇ ਵਿਦਰੋਹੀਆਂ ਦੀ ਮਿਜ਼ਾਈਲ ਲਾਂਚ ਸਮਰੱਥਾ ਦਾ ਜਵਾਬ ਦਿਤਾ ਹੈ।

ਅਧਿਕਾਰੀਆਂ ਮੁਤਾਬਕ ਅਮਰੀਕਾ ਅਤੇ ਬਰਤਾਨੀਆਂ ਨੇ ਹੂਤੀ ਦੇ ਮਿਜ਼ਾਈਲ ਡਿਪੂਆਂ, ਡਰੋਨਾਂ ਅਤੇ ਲਾਂਚਰਾਂ ਨੂੰ ਤਬਾਹ ਕਰਨ ਲਈ ਜੰਗੀ ਜਹਾਜ਼ ਅਤੇ ਪਣਡੁੱਬੀ ਤੋਂ ਲਾਂਚ ਕੀਤੀਆਂ ਜਾਣ ਵਾਲੀਆਂ ਟੋਮਹਾਕ ਮਿਜ਼ਾਈਲਾਂ ਅਤੇ ਲੜਾਕੂ ਜਹਾਜ਼ਾਂ ਦੀ ਵਰਤੋਂ ਕੀਤੀ। ਅਧਿਕਾਰੀਆਂ ਨੇ ਅਪਣਾ ਨਾਮ ਗੁਪਤ ਰੱਖਣ ਦੀ ਸ਼ਰਤ 'ਤੇ ਦਸਿਆ ਕਿ ਆਸਟਰੇਲੀਆ, ਬਹਿਰੀਨ, ਕੈਨੇਡਾ ਅਤੇ ਨੀਦਰਲੈਂਡ ਜ਼ਰੀਏ ਖ਼ੁਫੀਆ ਜਾਣਕਾਰੀ ਅਤੇ ਨਿਗਰਾਨੀ ਸਹਾਇਤਾ ਪ੍ਰਦਾਨ ਕੀਤੀ ਗਈ ਸੀ।



ਇਕ ਸਾਂਝੇ ਬਿਆਨ ਵਿਚ ਛੇ ਸਹਿਯੋਗੀਆਂ ਨੇ ਕਿਹਾ ਕਿ ਹਮਲਿਆਂ ਵਿਚ ਹੂਤੀ ਭੂਮੀਗਤ ਭੰਡਾਰਨ ਸਥਾਨਾਂ ਅਤੇ ਹੂਤੀ ਦੀ ਮਿਜ਼ਾਈਲ ਅਤੇ ਹਵਾਈ ਨਿਗਰਾਨੀ ਸਮਰੱਥਾ ਨਾਲ ਜੁੜੇ ਟਿਕਾਣਿਆਂ ਨੂੰ ਨਿਸ਼ਾਨਾ ਬਣਾਇਆ ਗਿਆ। ਉਨ੍ਹਾਂ ਕਿਹਾ, "ਸਾਡਾ ਉਦੇਸ਼ ਤਣਾਅ ਘਟਾਉਣਾ ਅਤੇ ਲਾਲ ਸਾਗਰ ਵਿਚ ਸਥਿਰਤਾ ਬਹਾਲ ਕਰਨਾ ਹੈ ਪਰ ਅਸੀਂ ਹੂਤੀ ਨੂੰ ਅਪਣੀ ਚੇਤਾਵਨੀ ਦੁਹਰਾਉਂਦੇ ਹਾਂ ਕਿ ਅਸੀਂ ਲਗਾਤਾਰ ਖਤਰਿਆਂ ਦੇ ਬਾਵਜੂਦ ਦੁਨੀਆਂ ਦੇ ਸੱਭ ਤੋਂ ਮਹੱਤਵਪੂਰਨ ਜਲ ਮਾਰਗਾਂ ਵਿਚੋਂ ਇਕ ਲਾਲ ਸਾਗਰ ਵਿਚ ਲੋਕਾਂ ਦੀ ਜਾਨ ਅਤੇ ਬਿਨਾਂ ਕਿਸੇ ਰੁਕਾਵਟ ਦੇ ਵਪਾਰ ਦੀ ਰੱਖਿਆ ਕਰਨ ਤੋਂ ਪਿੱਛੇ ਨਹੀਂ ਹਟਾਂਗੇ।"

ਬਰਤਾਨੀਆਂ ਦੇ ਰੱਖਿਆ ਮੰਤਰਾਲੇ ਨੇ ਪੁਸ਼ਟੀ ਕੀਤੀ ਹੈ ਕਿ ਰਾਇਲ ਏਅਰ ਫੋਰਸ ਦੇ ਚਾਰ ਜਹਾਜ਼ਾਂ ਨੇ ਸਨਾ ਏਅਰਫੀਲਡ ਦੇ ਖੇਤਰ ਵਿਚ ਦੋ ਫੌਜੀ ਟਿਕਾਣਿਆਂ 'ਤੇ ਕਈ ਨਿਸ਼ਾਨੇ ਬਣਾਏ। ਰਖਿਆ ਮੰਤਰੀ ਗ੍ਰਾਂਟ ਸ਼ੈਪਸ ਨੇ ਕਿਹਾ ਕਿ ਇਨ੍ਹਾਂ ਹਮਲਿਆਂ ਦਾ ਮਕਸਦ ਹੂਤੀ ਦੀ ਸਮਰੱਥਾ ਨੂੰ ਘਟਾਉਣਾ ਹੈ। ਇਕ ਸੀਨੀਅਰ ਅਮਰੀਕੀ ਫੌਜੀ ਅਧਿਕਾਰੀ ਨੇ ਪੱਤਰਕਾਰਾਂ ਨੂੰ ਦਸਿਆ ਕਿ ਹਮਲੇ ਵਿਚ 25 ਤੋਂ 30 ਬੰਬ ਸੁੱਟੇ ਗਏ ਅਤੇ ਹਰ ਬੰਬ ਨੇ ਕਈ ਨਿਸ਼ਾਨਿਆਂ ਨੂੰ ਵਿਨ੍ਹ ?ਆ।

ਉਨ੍ਹਾਂ ਕਿਹਾ, "ਇਹ ਪਹਿਲੀ ਵਾਰ ਹੈ ਜਦੋਂ ਅਜਿਹੇ ਆਧੁਨਿਕ ਹਥਿਆਰਾਂ ਨੂੰ ਨਸ਼ਟ ਕੀਤਾ ਗਿਆ ਹੈ। ਅਮਰੀਕਾ ਅਤੇ ਬਰਤਾਨੀਆਂ ਦੇ ਜੰਗੀ ਜਹਾਜ਼ਾਂ ਅਤੇ ਲੜਾਕੂ ਜਹਾਜ਼ਾਂ ਨੇ 28 ਥਾਵਾਂ 'ਤੇ 60 ਤੋਂ ਵੱਧ ਟਿਕਾਣਿਆਂ ਨੂੰ ਨਿਸ਼ਾਨਾ ਬਣਾਇਆ ਸੀ। ਇਹ ਹਮਲਾ ਹੂਤੀ ਦੇ ਵਪਾਰਕ ਜਹਾਜ਼ਾਂ 'ਤੇ ਲਗਾਤਾਰ ਡਰੋਨ ਅਤੇ ਮਿਜ਼ਾਈਲ ਹਮਲਿਆਂ ਤੋਂ ਬਾਅਦ ਕੀਤਾ ਗਿਆ ਸੀ।"

ਅਕਤੂਬਰ ਵਿਚ ਇਜ਼ਰਾਈਲ-ਹਮਾਸ ਜੰਗ ਸ਼ੁਰੂ ਹੋਣ ਤੋਂ ਬਾਅਦ ਹੂਤੀ ਨੇ ਜਹਾਜ਼ਾਂ ਨੂੰ ਨਿਸ਼ਾਨਾ ਬਣਾਉਣਾ ਸ਼ੁਰੂ ਕਰ ਦਿਤਾ ਹੈ। ਹੂਤੀ ਮੀਡੀਆ ਦਫਤਰ ਨੇ ਸੋਮਵਾਰ ਨੂੰ ਇਕ ਆਨਲਾਈਨ ਬਿਆਨ ਵਿਚ ਕਿਹਾ ਕਿ ਯਮਨ ਦੀ ਰਾਜਧਾਨੀ ਸਨਾ ਵਿਚ ਹਮਲੇ ਕੀਤੇ ਗਏ। ਬਰਤਾਨੀਆਂ ਦੇ ਪ੍ਰਧਾਨ ਮੰਤਰੀ ਰਿਸ਼ੀ ਸੁਨਕ ਨੇ ਸੋਮਵਾਰ ਸਵੇਰੇ ਅਮਰੀਕੀ ਰਾਸ਼ਟਰਪਤੀ ਜੋ ਬਾਈਡਨ ਨਾਲ ਫੋਨ 'ਤੇ ਗੱਲ ਕੀਤੀ। ਸੁਨਕ ਦੇ ਦਫਤਰ ਨੇ ਕਿਹਾ ਕਿ ਦੋਵੇਂ ਨੇਤਾ ਹੂਤੀ ਦੀ ਸਮਰੱਥਾ ਨੂੰ ਘਟਾਉਣ ਲਈ ਜ਼ਰੂਰੀ ਫੌਜੀ ਕਾਰਵਾਈ ਕਰਨ 'ਤੇ ਸਹਿਮਤ ਹੋਏ।


ਰੱਖੜਾ ਇਨਕਮ ਟੈਕਸ ਅਤੇ ਇਮੀਗ੍ਰੇਸ਼ਨ

ਇੱਕੋ ਜਗ੍ਹਾ ਅਤੇ ਇੱਕੋ ਛੱਤ ਹੇਠ ਆਪ ਜੀ ਹੇਠ ਲਿਖੀਆਂ ਸੇਵਾਵਾਂ ਪ੍ਰਾਪਤ ਕਰ ਸਕਦੇ ਹੋ ਜਿਵੇਂ ਕਿ ਇਨਕਮ ਟੈਕਸ (ਕਾਰਪੋਰੇਸ਼ਨ, ਬਿਜਨਸ, ਪਰਸਨਲ), ਰੀਅਲ ਅਸਟੇਟ, ਲਾਈਫ ਇੰਸ਼ੋਰੈਂਸ, ਉਬਾਮਾ ਕੇਅਰ, ਮੈਡੀਕੇਅਰ, ਪਾਸਪੋਰਟ ਰਿਨਿਊ, ਵੀਜਾ, ਸਿਟੀਜ਼ਨਸ਼ਿਪ, ਗਰੀਨ ਕਾਰਡ, ਵਰਕ ਪਰਮਿਟ, R-1 ਵੀਜ਼ਾ, ਫੈਮਿਲੀ ਪਟੀਸ਼ਨ ਫਾਈਲਿੰਗਜ਼ ਜਾਂ ਫਿਰ IRS ਨਾਲ ਕੋਈ ਵੀ ਮਸਲਾ।

ਹੁਣ ਤੁਸੀਂ ਇਥੇ MEDICARE BENEFITS ਲਈ ਅਪਲਾਈ ਕਰਦੇ ਹੋ। ਅਤੇ ਮੈਡੀਕੇਅਰ ਸਹੂਲਤਾਂ ਲਈ ਹੋਰ ਵਧੇਰੇ ਜਾਣਕਾਰੀ ਲੈ ਸਕਦੇ ਹੋ ਜੀ




Get more BENEFITS at No Cost $0 Premium



Rakhra Tax & Immigration
3073 W Ashlan Ave <> Fresno, CA 93722
Ph. (559) 243-9200,
Fax (559) 549-6211
or visit
www.rakhrataxservice.com
or avtar06@gmail.com



Balsani Welders & Builders
We Design, Manufacture & Ship Nationwide
All Kind of Welding & Fabrication Services Available


- Mobile Welding Services
- Custom Febrication
- Custom Welding
- Alnminum Welding
- Metal Canopy
- Truck/Trailer Welding
- Custom Metal Gates
- Metal Fences







ਲੋਹੇ ਦੀਆਂ ਚਾਦਰਾਂ ਦੀਆਂ ਚਗਾਠਾਂ, ਗੇਟ ਗਰਿਲਾਂ ਹਰ ਤਰ੍ਹਾਂ ਦੇ ਫੈਂਸੀ ਗੇਟ, ਮਕਾਨਾਂ ਦੇ ਜੰਗਲੇ ਘਰਾਂ 'ਚ ਹਰ ਕਿਸਮ ਦੀ ਵੈਲਡਿੰਗ ਦੇ ਨਾਲ-ਨਾਲ ਅਸੀਂ ਟਰੱਕਾਂ ਦੀ ਵੈਲਡਿੰਗ ਦੇ ਕੰਮ ਦੇ ਵੀ ਮਾਹਿਰ ਹਾਂ।




ਤੁਸੀਂ ਸਾਡੇ 'ਤੇ 100% ਭਰੋਸਾ ਕਰ ਸਕਦੇ ਹੋ

ਤੁਸੀਂ ਆਪਣੇ ਘਰ ਜਾਂ ਕਾਰੋਬਾਰ ਤੋਂ ਅਣਚਾਹੇ ਸ਼ੱਕੀ ਲੋਕਾਂ ਨੂੰ ਬਾਹਰ ਰੱਖਣ ਅਤੇ ਘਰ ਵਪਾਰ ਦੀ ਸੁਰੱਖਿਆ ਲਈ ਅਸੀਂ ਲੋਹੇ ਦੀ ਸੁੰਦਰ ਵਾੜ ਲਗਾਉਂਦੇ ਹਾਂ। ਸਾਡੇ ਪਹਿਲੇ ਕੀਤੇ ਕੰਮ ਦੇਖੋ।

ਅਸੀਂ ਤੁਹਾਡੀਆਂ ਆਸਾਂ ਉਮੀਦਾਂ ਉਪਰ 100% ਖਰੇ ਉਤਰਾਂਗੇ

ਤੁਸੀਂ ਸਾਡੇ ਕੀਤੇ ਸੈਂਕੜੇ ਕੰਮਾਂ ਦੀਆਂ ਤਸਵੀਰਾਂ ਦੇਖਕੇ ਪਸੰਦ ਕਰਕੇ ਕੰਮ ਕਰਾਉ ਅਸੀਂ ਤੁਹਾਡੇ ਸੁਪਨਿਆਂ ਦਾ ਮਹਿਲ ਸਿਰਜਾਂਗੇ।





- Wrought Iron Fences
- Ornamental Iron Fences
- Custom Designed Iron Fences
- Black Rod Iron Fences
- Wrought Iron Garden Fences
- FROM CONCEPTION
- - FABRICATION TO INSTALLATION

ਅਸੀਂ ਤੁਹਾਡੇ ਸੰਕਲਪ ਦੇ ਸੁਪਨਿਆਂ ਨੂੰ ਅਸਲੀਅਤ 'ਚ ਬਦਲਾਂਗੇ।

S. Iqbal Singh
844-573-3824 | 510 862 2332
433 W Scotts Ave Stockton, CA 95203
PH: (925) 487-7117

ਸਾਡੇ ਲੋਕ

# ਦੋ ਸਰਕਾਰੀ ਸਕੂਲਾਂ 'ਚ ਹਿੰਦੀ ਨੂੰ ਵਿਸ਼ਵ ਭਾਸ਼ਾ ਵਜੋਂ ਪੜ੍ਹਾਉਣ ਦੀ ਮਨਜ਼ੂਰੀ



ਵਾਸ਼ਿੰਗਟਨ: ਅਮਰੀਕਾ ਵਿਚ ਰਹਿ ਰਹੇ ਭਾਰਤੀ ਭਾਈਚਾਰੇ ਦੇ ਲੋਕਾਂ ਲਈ ਚੰਗੀ ਖ਼ਬਰ ਹੈ। ਹੁਣ ਅਮਰੀਕੀ ਸਕੂਲਾਂ ਵਿੱਚ 'ਹਿੰਦੀ' ਨੂੰ ਵਿਸ਼ਵ ਭਾਸ਼ਾ ਵਜੋਂ ਪੜ੍ਹਾਉਣ ਦਾ ਫ਼ੈਸਲਾ ਕੀਤਾ ਗਿਆ ਹੈ। ਸਿਲੀਕਾਨ ਵੈਲੀ ਵਜੋਂ ਮਸ਼ਹੂਰ ਅਮਰੀਕੀ ਸ਼ਹਿਰ ਕੈਲੀਫੋਰਨੀਆ ਦੇ ਦੋ ਸਰਕਾਰੀ ਸਕੂਲਾਂ ਵਿੱਚ ਹਿੰਦੀ ਭਾਸ਼ਾ ਪੜ੍ਹਾਉਣ ਨੂੰ ਲੈ ਕੇ ਅਹਿਮ ਫ਼ੈਸਲਾ ਲਿਆ ਗਿਆ ਹੈ। ਫਰੀਮਾਂਟ ਵਿੱਚ ਵੱਡੇ ਭਾਰਤੀ ਅਮਰੀਕੀ ਭਾਈਚਾਰੇ ਨੇ ਇਸ ਫ਼ੈਸਲੇ ਦਾ ਸਵਾਗਤ ਕੀਤਾ ਹੈ। ਇੱਥੇ ਰਹਿਣ ਵਾਲੇ ਲੋਕ ਸਕੂਲਾਂ ਵਿੱਚ ਆਪਣੇ ਬੱਚਿਆਂ ਨੂੰ ਹਿੰਦੀ ਪੜ੍ਹਾਉਣ ਦੀ ਮੰਗ ਕਰ ਰਹੇ ਸਨ।

ਫਰੀਮਾਂਟ, ਕੈਲੀਫੋਰਨੀਆ ਵਿੱਚ ਸਭ ਤੋਂ ਵੱਧ ਭਾਰਤੀ ਅਮਰੀਕੀ ਹਨ। ਅਜਿਹੇ ਵਿੱਚ ਦੋ ਸਰਕਾਰੀ ਸਕੂਲਾਂ ਵਿੱਚ ਹਿੰਦੀ ਨੂੰ ਵਿਕਲਪਿਕ ਵਿਸ਼ੇ ਵਜੋਂ ਪੜ੍ਹਾਉਣ ਦੇ ਫ਼ੈਸਲੇ ਦਾ ਸਵਾਗਤ ਕੀਤਾ ਜਾ ਰਿਹਾ ਹੈ। ਫਰੀਮਾਂਟ ਯੂਨੀਫਾਈਡ ਸਕੂਲ ਡਿਸਟ੍ਰਿਕਟ (FUSD) ਬੋਰਡ ਨੇ ਹਿੰਦੀ ਦੇ ਅਧਿਐਨ ਲਈ ਇੱਕ ਪਾਇਲਟ ਪ੍ਰੋਗਰਾਮ ਸ਼ੁਰੂ ਕਰਨ ਦਾ ਫ਼ੈਸਲਾ ਕੀਤਾ ਹੈ। ਇਸ ਲਈ 17 ਜਨਵਰੀ ਨੂੰ 4-1 ਵੋਟਾਂ ਨਾਲ ਵੋਟਿੰਗ ਹੋਈ ਸੀ। ਹਿੰਦੀ ਨੂੰ ਅਗਸਤ ਵਿੱਚ ਸ਼ੁਰੂ ਹੋਣ ਵਾਲੇ 2024-25 ਸੈਸ਼ਨ ਵਿੱਚ ਹਾਰਨਰ ਮਿਡਲ ਸਕੂਲ ਅਤੇ ਇਰਵਿੰਗਟਨ ਹਾਈ ਸਕੂਲ ਦੇ ਪਾਠਕ੍ਰਮ ਵਿੱਚ ਸ਼ਾਮਲ ਕੀਤਾ ਜਾਵੇਗਾ।

ਹਾਰਨਰ ਮਿਡਲ ਸਕੂਲ ਅਤੇ ਇਰਵਿੰਗਟਨ ਹਾਈ ਸਕੂਲ ਵਿੱਚ 65 ਪ੍ਰਤੀਸ਼ਤ ਵਿਦਿਆਰਥੀ ਭਾਰਤੀ ਅਮਰੀਕੀ ਹਨ। ਪੂਰੇ ਜ਼ਿਲ੍ਹੇ ਵਿੱਚ ਕੁੱਲ 29 ਪ੍ਰਾਇਮਰੀ, ਪੰਜ ਮਿਡਲ ਅਤੇ ਪੰਜ ਹਾਈ ਸਕੂਲ ਹਨ। ਮੈਂਬਰ ਵਿਵੇਕ ਪ੍ਰਸਾਦ, ਸ਼ੈਰਨ ਕੋਕੋ, ਲੈਰੀ ਸਵੀਨੀ ਅਤੇ ਪ੍ਰਧਾਨ ਯਾਜਿੰਗ ਝਾਂਗ, ਜੋ ਕਿ FUSD ਬੋਰਡ ਦੀ ਮੀਟਿੰਗ ਵਿੱਚ ਸ਼ਾਮਲ ਹੋਏ, ਨੇ ਹਿੰਦੀ ਭਾਸ਼ਾ ਸਿਖਾਉਣ ਦੇ ਪ੍ਰਸਤਾਵ ਦਾ ਸਮਰਥਨ ਕੀਤਾ। ਉਨ੍ਹਾਂ ਨੇ ਆਪਣੇ ਫ਼ੈਸਲੇ ਵਿੱਚ ਵਿਦਿਆਰਥੀਆਂ ਦੀ ਭਲਾਈ ਨੂੰ ਮੁੱਖ ਕਾਰਕ ਦੱਸਿਆ।

ਪ੍ਰਸਤਾਵ ਦਾ ਸਮਰਥਨ ਕਰਨ ਵਾਲੇ ਟਰੱਸਟੀ ਵਿਵੇਕ ਪ੍ਰਸਾਦ ਨੇ ਕਿਹਾ, ਮੈਂ ਹਿੰਦੀ ਭਾਸ਼ਾ ਪੜ੍ਹਾਉਣ ਦੇ ਫ਼ੈਸਲੇ ਨੂੰ ਉਥੇ ਰਹਿਣ ਵਾਲੇ ਭਾਈਚਾਰੇ ਲਈ ਮਹੱਤਵਪੂਰਨ ਫ਼ੈਸਲਾ ਕਰਾਰ ਦਿੱਤਾ। ਵਿਦਿਆਰਥੀ ਭਾਈਚਾਰੇ ਪ੍ਰਤੀ FUSD ਦੀ ਵਚਨਬੱਧਤਾ ਪ੍ਰਗਟ ਕਰਦੇ ਹੋਏ, ਟਰੱਸਟੀ ਸ਼ੈਰਨ ਕੋਕੋ ਨੇ ਕਿਹਾ, ਜੇਕਰ ਦੋ ਪਬਲਿਕ ਸਕੂਲਾਂ ਦੁਆਰਾ ਕੀਤੀ ਗਈ ਪਹਿਲਕਦਮੀ ਸਫਲ ਹੁੰਦੀ ਹੈ ਤਾਂ ਭਵਿੱਖ ਵਿਚ ਇਹ ਦੂਜੇ ਸਕੂਲਾਂ ਨੂੰ ਹਿੰਦੀ ਸਿੱਖਿਆ ਪ੍ਰਦਾਨ ਕਰਨ ਲਈ ਪ੍ਰੇਰਿਤ ਕਰ ਸਕਦੀ ਹੈ। ਪ੍ਰਸਤਾਵ ਦਾ ਸਮਰਥਨ ਕਰਨ ਵਾਲੇ ਇੱਕ ਹੋਰ ਟਰੱਸਟੀ ਲੈਰੀ ਸਵੀਨੀ ਨੇ ਕਿਹਾ, 'ਮੈਨੂੰ ਯਕੀਨ ਹੈ ਕਿ ਇਹ (ਪਾਇਲਟ) ਸਾਰੇ ਹਾਈ ਸਕੂਲਾਂ ਅਤੇ ਸਾਰੇ ਮਿਡਲ ਸਕੂਲਾਂ ਵਿੱਚ ਜਾਵੇਗਾ।' ਉੱਥੇ ਹਿੰਦੀ ਭਾਸ਼ਾ ਦੀ ਪੜ੍ਹਾਈ ਵੀ ਸ਼ੁਰੂ ਹੋਵੇਗੀ।

# ਕੈਲੀਫੋਰਨੀਆਂ ਦੀ ਸਟੇਟ ਅਸੈਂਬਲੀ 'ਚ ਡਾ. ਸਵੈਮਾਨ ਸਿੰਘ ਦਾ ਸਨਮਾਨ



ਸੈਕਰਾਮੈਂਟੋ (ਕੈਲੀਫੋਰਨੀਆਂ) : ਡਾ. ਸਵੈਮਾਨ ਸਿੰਘ ਨੂੰ ਲਾਈਫ ਟਾਈਮ ਅਚੀਵਮੈਂਟ ਅਵਾਰਡ ਅਤੇ ਮਾਨਵਤਾ ਲਈ ਸ਼ਾਨਦਾਰ ਸੇਵਾਵਾਂ ਨਿਭਾਉਣ ਲਈ ਕੈਲੀਫੋਰਨੀਆ ਰਾਜ ਵਿਧਾਨ ਸਭਾ ਦਾ ਵੱਕਾਰੀ ਸਨਮਾਨ ਮਿਲਿਆ। ਐਵਾਰਡ ਲਈ ਮਤਾ ਡਾ: ਜਮੀਤ ਬੈਂਸ ਵੱਲੋਂ ਲਿਆਂਦਾ ਗਿਆ। ਡਾ: ਬੈਂਸ ਨੇ 5 ਰਿਵਰ ਸੰਸਥਾ ਵੱਲੋਂ ਵਿਸ਼ਵ ਭਰ ਦੇ ਨਾਲ-ਨਾਲ ਅਮਰੀਕਾ 'ਚ ਵੀ ਕੀਤੇ ਜਾ ਰਹੇ ਮਹਾਨ ਕਾਰਜਾਂ ਦੀ ਸ਼ਲਾਘਾ ਕੀਤੀ।

ਡਾ. ਸਵੈਮਨ ਸਿੰਘ, ਰੋਚੈਸਟਰ, ਮਿਨੇਸੋਟਾ ਯੂਐਸਏ ਵਿਖੇ ਮੇਓ ਕਲੀਨਿਕ, ਵਿਸ਼ਵ ਦੇ ਨੰਬਰ ਇੱਕ ਹਸਪਤਾਲ 'ਚ ਹਾਰਟ ਟ ?ਰਾਂਸਪਲਾਂਟ ਅਤੇ ਐਡਵਾਂਸਡ ਹਾਰਟ ਫੇਲੀਅਰ ਦੇ ਖੇਤਰ 'ਚ ਇੱਕ ਬੋਰਡ-ਪ੍ਰਮਾਣਿਤ ਕਾਰਡੀਓਲੋਜਿਸਟ ਅਤੇ ਕਲੀਨਿਕਲ ਇੰਸਟ੍ਰਕਟਰ ਦੇ ਤੌਰ ਤੇ ਕੰਮ ਕਰ ਰਹੇ ਹਨ। ਸਮਾਗਮ 'ਚ ਕੈਲੀਫੋਰਨੀਆ ਦੇ ਆਸ-ਪਾਸ ਦੀਆਂ ਕਈ ਮਹਾਨ ਸ਼ਖਸੀਅਤਾਂ ਨੇ ਸ਼ਿਰਕਤ ਕੀਤੀ। ਡਾ: ਸਿੰਘ ਦੇ ਸਮਰਥਨ 'ਚ ਆਈਆਂ ਸੰਸਥਾਵਾਂ 'ਚ ਇੰਡੋ-ਅਮਰੀਕਨ ਹੈਰੀਟੇਜ ਫੋਰਮ, ਗਦਰ ਹੈਰੀਟੇਜ ਫਾਊਂਡੇਸ਼ਨ ਕੈਲੀਫੋਰਨੀਆ, ਭਾਰਤੀ ਸੱਭਿਆਚਾਰਕ ਅਤੇ ਵਿਦਿਅਕ ਸੰਸਥਾਵਾਂ ਯੂਬਾ ਸਿਟੀ, ਵਰਲਡ ਸਿੱਖ ਫੈਡਰੇਸ਼ਨ, ਸਿੱਖ ਸੰਗਤ ਆਫ਼ ਰਿਵਰਸਾਈਡ, ਲਾਸ ਏਂਜਲਸ, ਸੈਨ ਫਰਾਂਸੀਕੋ, ਸੈਨ ਹੋਜੇ, ਬੇਕਰਸਫੀਲਡ, ਫਰਿਜ਼ਨੋ , ਫੇਅਰਫੀਲਡ, ਸਟੋਕਟਨ ਅਤੇ ਸੈਕਰੇਮੈਂਟੋ ਆਦਿ ਦੇ ਨਾਮ ਜਿਕਰਯੋਗ ਹਨ।

ਪਿਛਲੇ ਲੰਮੇ ਸਮੇਂ ਤੋਂ ਡਾ. ਸਵੈਮਨ ਸਿੰਘ ਮਨੁੱਖੀ ਕਦਰਾਂ-ਕੀਮਤਾਂ ਪ੍ਰਤੀ ਆਪਣੀ ਵਚਨਬੱਧਤਾ ਅਨੁਸਾਰ ਲਗਾਤਾਰ ਕੰਮ ਕਰਦੇ ਆ ਰਹੇ ਨੇ, ਉਹ ਇੱਕ ਅਜਿਹੀ ਦੁਨੀਆ ਬਣਾਉਣ ਲਈ ਯਤਨਸ਼ੀਲ ਹੈ ਜਿੱਥੇ ਹਰ ਵਿਅਕਤੀ ਨੂੰ ਜ਼ਰੂਰੀ ਸਰੋਤਾਂ ਅਤੇ ਮੌਕਿਆਂ ਤੱਕ ਪਹੁੰਚਣ ਲਈ ਅੱਪਰਚਿਊਨਟੀ ਜ਼ਰੂਰ ਮਿਲੇ। ਇਹ ਸਨਮਾਨ ਉਹਨਾਂ ਦੀ ਸੰਸਥਾ ਅਤੇ ਇਸਦੀ ਸਮਰਪਿਤ ਟੀਮ ਲਈ ਆਪਣੇ ਪ੍ਰਭਾਵਸ਼ਾਲੀ ਕੰਮ ਨੂੰ ਜਾਰੀ ਰੱਖਣ ਅਤੇ ਮਨੁੱਖਤਾ ਦੀ ਸੇਵਾ 'ਚ ਹੋਰ ਉੱਚਾਈਆਂ ਤੱਕ ਪਹੁੰਚਣ ਲਈ ਇੱਕ ਪ੍ਰੇਰਣਾ ਵਜੋਂ ਕੰਮ ਕਰੇਗਾ।

ਇਸ ਮੌਕੇ ਡਾ: ਸਿੰਘ ਨੇ ਕਿਸਾਨ ਅੰਦੋਲਨ ਦੌਰਾਨ ਜਾਨਾਂ ਗਵਾਉਣ ਵਾਲੇ 733 ਕਿਸਾਨਾਂ ਨੂੰ ਯਾਦ ਕੀਤਾ। ਉਨ੍ਹਾਂ ਨੇ ਦੁਨੀਆ ਭਰ ਦੇ ਬਹੁਤ ਸਾਰੇ ਨਾਗਰਿਕਾਂ ਦੇ ਯਤਨਾਂ ਨੂੰ ਵੀ ਉਜਾਗਰ ਕੀਤਾ ਜੋ ਕਿਸਾਨਾਂ ਅਤੇ ਮਜ਼ਦੂਰਾਂ ਦੀ ਸਹਾਇਤਾ ਲਈ ਅੱਗੇ ਆਏ ਹਨ। ਡਾ: ਸਿੰਘ ਅਤੇ ਉਨ੍ਹਾਂ ਦੀ ਟੀਮ ਵੱਲੋ ਮੈਡੀਸਨ, ਵਾਤਾਵਰਨ ਅਤੇ ਸਿੱਖਿਆ ਦੇ ਖੇਤਰਾਂ 'ਚ ਹਾਲ ਹੀ 'ਚ ਕੀਤੇ ਚੰਗੇ ਯਤਨਾਂ ਲਈ ਵੀ ਸਲਾਹਿਆ ਗਿਆ।

# ਬੋਸਟਨ ਵਿੱਚ ਪਬਲਿਕ ਹਾਈ ਸਕੂਲ ਦੇ ਵਿਦਿਆਰਥੀਆਂ ਨੂੰ ਹਸਪਤਾਲ ਦੇ ਕੰਮ ਨਾਲ ਆਪਣਾ ਕੈਰੀਅਰ ਬਣਾਉਣ ਦਾ ਦਿੱਤਾ ਜਾ ਰਿਹਾ ਹੈ ਮੌਕਾ




ਨਿਊਯਾਰਕ : ਘੱਟ ਆਮਦਨੀ ਵਾਲੇ ਪਰਿਵਾਰਾਂ ਵਿੱਚ ਸਥਿਰਤਾ ਲਿਆਉਣ ਦੇ ਆਦੇਸ਼ ਨੂੰ ਲੈ ਕੇ ਅਮਰੀਕਾ ਨੇ ਅਹਿਮ ਕਦਮ ਚੁੱਕਿਆ ਹੈ। ਇਸ ਕਦਮ ਦੇ ਤਹਿਤ ਬੋਸਟਨ ਵਿੱਚ ਪਬਲਿਕ ਹਾਈ ਸਕੂਲ ਦੇ ਵਿਦਿਆਰਥੀਆਂ ਨੂੰ ਹਸਪਤਾਲ ਦੇ ਕੰਮ ਨਾਲ ਆਪਣਾ ਕਰੀਅਰ ਬਣਾਉਣ ਦਾ ਮੌਕਾ ਦਿੱਤਾ ਜਾ ਰਿਹਾ ਹੈ। ਬਲੂਮਬਰਗ ਫਿਲੈਂਥਰੋਪੀਜ਼ ਅਤੇ ਬੋਸਟਨ ਦੇ ਮਾਸ ਜਨਰਲ ਬ੍ਰਿਧਮ ਹੈਲਥ ਸਿਸਟਮ ਨੇ ਇਨ੍ਹਾਂ ਵਿਸ਼ੇਸ਼ ਪ੍ਰੋਗਰਾਮਾਂ ਲਈ ਹਸਪਤਾਲਾਂ ਵਿੱਚ ਇੱਕ ਵੱਖਰਾ ਸਿਲੇਬਸ ਤਿਆਰ ਕੀਤਾ ਹੈ। ਇਹ ਪ੍ਰੋਗਰਾਮ 10ਵੀਂ ਜਮਾਤ ਤੋਂ ਬਾਅਦ ਦੇ ਵਿਦਿਆਰਥੀਆਂ ਨੂੰ ਨਰਸਿੰਗ, ਐਮਰਜੈਂਸੀ ਮੈਡੀਸਨ, ਲੈਬ ਸਾਇੰਸ, ਮੈਡੀਕਲ ਇਮੇਜਿੰਗ ਅਤੇ ਸਰਜਰੀ ਵਿੱਚ ਕਰੀਅਰ ਬਣਾਉਣ ਲਈ ਵਿਸ਼ੇਸ਼ ਸਿਖਲਾਈ ਪ੍ਰਦਾਨ ਕਰੇਗਾ।

ਵਿਦਿਆਰਥੀਆਂ ਨੂੰ 10ਵੀਂ ਜਮਾਤ ਪੂਰੀ ਕਰਨ ਤੋਂ ਪਹਿਲਾਂ ਆਪਣੀ ਵਿਸ਼ੇਸ਼ਤਾ ਦੀ ਚੋਣ ਕਰਨੀ ਪੈਂਦੀ ਹੈ। ਫਿਰ ਉਹ ਹਾਈ ਸਕੂਲ ਦੌਰਾਨ ਹਸਪਤਾਲ ਵਿੱਚ ਆਪਣੇ ਚੁਣੇ ਹੋਏ ਖੇਤਰ ਵਿੱਚ ਜੂਨੀਅਰ ਅਤੇ ਸੀਨੀਅਰ ਵਜੋਂ ਆਪਣੀ ਸਿਖਲਾਈ ਪੂਰੀ ਕਰ ਸਕਦੇ ਹਨ। ਕਾਲਜ ਵਾਂਗ, ਸਿਖਲਾਈ ਦੇਣ ਵਾਲੇ ਵਿਦਿਆਰਥੀਆਂ ਨੂੰ ਅੰਕ ਦਿੱਤੇ ਜਾਂਦੇ ਹਨ। ਇਸ ਪ੍ਰੋਗਰਾਮ ਨਾਲ ਹਾਈ ਸਕੂਲ ਪਾਸ ਕਰਨ ਤੋਂ ਬਾਅਦ, ਜੇਕਰ ਵਿਦਿਆਰਥੀ ਕਾਲਜ ਨਹੀਂ ਜਾਣਾ ਚਾਹੁੰਦਾ, ਤਾਂ ਉਹ ਘੱਟੋ-ਘੱਟ ਹਸਪਤਾਲ ਵਿੱਚ ਕੰਮ ਕਰਨ ਦੇ ਯੋਗ ਹੋਵੇਗਾ। ਪ੍ਰੋਗਰਾਮ ਤਹਿਤ ਪ੍ਰਾਪਤ ਅੰਕਾਂ ਦੇ ਆਧਾਰ 'ਤੇ ਜੇਕਰ ਉਹ ਚਾਹੇ ਉਸ ਨੂੰ ਹਸਪਤਾਲ 'ਚ ਨੌਕਰੀ ਵੀ ਦਿੱਤੀ ਜਾਵੇਗੀ। ਜਿਨ੍ਹਾਂ ਨੌਕਰੀਆਂ ਲਈ ਵਿਦਿਆਰਥੀਆਂ ਨੂੰ ਸਿਖਲਾਈ ਦਿੱਤੀ ਜਾਂਦੀ ਹੈ, ਉਨ੍ਹਾਂ ਦੀ ਔਸਤ ਸ਼ੁਰੂਆਤੀ ਤਨਖਾਹ 4.5 ਲੱਖ ਰੁਪਏ ਤੋਂ ਭਾਰਤੀ 6 ਲੱਖ ਰੁਪਏ ਤੱਕ ਹੁੰਦੀ ਹੈ। ਪ੍ਰੋਗਰਾਮ ਵਿੱਚ ਲਗਭਗ 316 ਕਰੋੜ ਰੁਪਏ ਦਾ ਨਿਵੇਸ਼ ਕੀਤਾ ਜਾ ਰਿਹਾ ਹੈ। ਪ੍ਰੋਗਰਾਮ ਦਾ ਉਦੇਸ਼ ਘੱਟ ਆਮਦਨੀ ਵਾਲੇ ਪਰਿਵਾਰਾਂ ਵਿੱਚ ਆਰਥਿਕ ਸਥਿਰਤਾ ਲਿਆਉਣਾ ਵੀ ਹੈ। 85% ਵਿਦਿਆਰਥੀ ਘੱਟ ਆਮਦਨੀ ਵਾਲੇ ਪਰਿਵਾਰਾਂ ਤੋਂ ਇੱਥੇ ਹਨ। ਵਧਦੀਆਂ ਲਾਗਤਾਂ ਵਿਦਿਆਰਥੀਆਂ ਨੂੰ ਕਾਲਜ ਪ੍ਰੋਗਰਾਮ ਤੋਂ ਬਾਹਰ ਰੱਖਦੀਆਂ ਹਨ। ਪ੍ਰਧਾਨ ਹਾਵਰਡ ਵੂਲਫਸਨ ਦਾ ਕਹਿਣਾ ਹੈ ਕਿ ਸਾਨੂੰ ਇਸ ਤੱਥ ਨੂੰ ਸਵੀਕਾਰ ਕਰਨਾ ਹੋਵੇਗਾ ਕਿ ਵਧਦੀਆਂ ਲਾਗਤਾਂ ਕਾਰਨ ਹਰ ਵਿਦਿਆਰਥੀ ਕਾਲਜ ਨਹੀ ਜਾ ਪਾ ਰਿਹਾ। ਹਾਈ ਸਕੂਲ ਤੋਂ ਬਾਅਦ ਕਰੀਅਰ ਦੇ ਨਾਲ ਨੌਕਰੀ ਲੱਭਣਾ ਬਹੁਤ ਸਾਰੇ ਵਿਦਿਆਰਥੀਆਂ ਲਈ ਉਨ੍ਹਾਂ ਦਾ ਜੀਵਨ ਬਦਲਣ ਵਾਲਾ ਇਹ ਇੱਕ ਸੁਨਹਿਰੀ ਮੌਕਾ ਹੋ ਸਕਦਾ ਹੈ।

# ਬਾਈਡੇਨ ਦੀ ਪਕੜ ਹੋਈ ਮਜ਼ਬੂਤ, ਨਿਊ ਹੈਂਪਸ਼ਾਇਰ ਪ੍ਰਾਇਮਰੀ 'ਚ ਜਿੱਤ ਕੀਤੀ ਹਾਸਲ

ਵਾਸ਼ਿੰਗਟਨ : ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਈਡੇਨ ਨੇ ਮੰਗਲਵਾਰ ਨੂੰ ਨਿਊ ਹੈਂਪਸ਼ਾਇਰ ਵਿੱਚ ਡੈਮੋਕਰੇਟਿਕ ਪ੍ਰਾਇਮਰੀ ਵਿੱਚ ਜਿੱਤ ਦਰਜ ਕੀਤੀ। ਬਾਈਡੇਨ ਨੇ ਖ਼ੁਦ ਨੂੰ ਪ੍ਰਾਇਮਰੀ ਤੋਂ ਵੱਖ ਕਰ ਲਿਆ ਸੀ ਪਰ ਬੈਲਟ ਪੇਪਰਾਂ 'ਤੇ ਉਨ੍ਹਾਂ ਦਾ ਨਾਂ ਲਿਖਿਆ ਹੋਇਆ ਸੀ। ਬਾਈਡੇਨ ਨੇ ਬੇਹੱਦ ਆਸਾਨ ਮੁਕਾਬਲੇ ਵਿਚ ਉਨ੍ਹਾਂ ਨੂੰ ਲੰਬੇ ਸਮੇਂ ਤੋਂ ਚੁਣੌਤੀ ਦੇਣ ਵਾਲੇ 2 ਉਮੀਦਵਾਰਾਂ ਮਿਨੀਸੋਟਾ ਦੇ ਡੀਨ ਫਿਲਿਪਸ ਅਤੇ ਲੇਖਕ ਮੈਰੀਅਨ ਵਿਲੀਅਮਸਨ ਨੂੰ ਹਰਾ ਦਿੱਤਾ। ਇਸ ਜਿੱਤ ਨੇ ਡੈਮੋਕ੍ਰੇਟਿਕ ਪਾਰਟੀ ਵੱਲੋਂ ਰਾਸ਼ਟਰਪਤੀ ਅਹੁਦੇ ਦੇ ਉਮੀਦਵਾਰ ਦੀ ਦੌੜ ਵਿੱਚ ਬਾਈਡੇਨ ਦੀ ਪਕੜ ਹੋਰ ਮਜ਼ਬੂਤ ਕਰ ਦਿੱਤੀ ਹੈ।



ਬਾਈਡੇਨ ਨੇ 3 ਫਰਵਰੀ ਨੂੰ ਦੱਖਣੀ ਕੈਰੋਲੀਨਾ ਨੂੰ ਪਹਿਲੇ ਸਥਾਨ 'ਤੇ ਰੱਖਣ ਲਈ ਡੈਮੋਕਰੇਟਿਕ ਪਾਰਟੀ ਦੇ ਨਿਯਮਾਂ ਨੂੰ ਬਦਲਣ ਦਾ ਸਮਰਥਨ ਕੀਤਾ ਸੀ। ਉਨ੍ਹਾਂ ਦਲੀਲ ਦਿੱਤੀ ਕਿ ਡੈਮੋਕਰੇਟਿਕ ਪਾਰਟੀ ਲਈ ਗੈਰ-ਗੋਰਿਆਂ ਦਾ ਸਮਰਥਨ ਸਭ ਤੋਂ ਭਰੋਸੇਮੰਦ ਅਧਾਰ ਰਿਹਾ ਹੈ ਅਤੇ ਗੈਰ-ਗੋਰੇ ਅਤੇ ਹੋਰ ਨਸਲ ਦੇ ਵੋਟਰਾਂ ਨੂੰ ਪ੍ਰਾਇਮਰੀ ਵਿੱਚ ਪਹਿਲਾਂ ਨਾਲੋਂ ਵੱਡੀ ਭੂਮਿਕਾ ਨਿਭਾਉਣ ਦੀ ਜ਼ਰੂਰਤ ਹੈ। ਬਾਈਡੇਨ ਨੇ 2020 ਵਿੱਚ ਵੀ ਦੱਖਣੀ ਕੈਰੋਲੀਨਾ ਪ੍ਰਾਇਮਰੀ ਵਿਚ ਜਿੱਤ ਹਾਸਲ ਕੀਤੀ ਸੀ ਅਤੇ ਨਿਊ ਹੈਂਪਸ਼ਾਇਰ ਵਿੱਚ ਕਰਾਰੀ ਹਾਰ ਤੋਂ ਬਾਅਦ ਆਪਣੀ ਮੁਹਿੰਮ ਵਿਚ ਮੁੜ ਜਾਨ ਪਾਉਣ ਦੀ ਕੋਸ਼ਿਸ਼ ਕੀਤੀ ਸੀ, ਜਿੱਥੇ ਦੇਸ਼ ਦੇ ਬਾਕੀ ਹਿੱਸਿਆਂ ਨਾਲੋਂ ਗੋਰੇ ਵੋਟਰਾਂ ਦੀ ਗਿਣਤੀ ਵੱਧ ਹੈ।

ਨਿਊ ਹੈਂਪਸ਼ਾਇਰ ਵਿੱਚ ਡੈਮੋਕਰੇਟਿਕ ਪਾਰਟੀ ਦੇ ਨੇਤਾਵਾਂ ਨੇ ਨਵੀਂ ਯੋਜਨਾ ਦਾ ਵਿਰੋਧ ਕੀਤਾ ਅਤੇ ਮੰਗਲਵਾਰ ਨੂੰ ਰਾਜ ਵਿਚ ਰਿਪਬਲਿਕਨ ਪਾਰਟੀ ਦੀਆਂ ਪ੍ਰਾਇਮਰੀ ਚੋਣਾਂ ਨਾਲ ਅੱਗੇ ਵਧੇ। ਡੈਮੋਕ੍ਰੇਟਿਕ ਨੈਸ਼ਨਲ ਕਮੇਟੀ ਨੇ ਕਿਹਾ ਹੈ ਕਿ ਮੁਕਾਬਲੇ ਵਿੱਚ ਉਹਨਾਂ ਪ੍ਰਤੀਨਿਧੀਆਂ ਦੇ ਨਾਮ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ ਜੋ ਨਿਯਮਾਂ ਦੀ ਉਲੰਘਣਾ ਦੇ ਨਤੀਜੇ ਵਜੋਂ ਨਾਮਜ਼ਦ ਵਿਅਕਤੀ ਦੀ ਚੋਣ ਕਰਦੇ ਹਨ। ਨਤੀਜੇ ਵਜੋਂ, ਬਾਈਡੇਨ ਨੇ ਪ੍ਰਾਇਮਰੀ ਨੂੰ ਛੱਡ ਦਿੱਤਾ ਪਰ ਉਨ੍ਹਾਂ ਦੇ ਸਹਿਯੋਗੀਆਂ ਨੇ ਸੈਂਕੜੇ ਕਾਰਕੁਨਾਂ ਨੂੰ ਸੰਗਠਿਤ ਕੀਤਾ ਅਤੇ ਇੱਕ 'ਸੁਪਰ ਪੀਏਸੀ' ਤੋਂ ਮਦਦ ਲਈ ਅਤੇ ਪ੍ਰਚਾਰ ਕੀਤਾ ਕਿ ਨਿਊ ਹੈਂਪਸ਼ਾਇਰ ਦੇ ਡੈਮੋਕਰੇਟਸ ਅਜੇ ਵੀ ਉਨ੍ਹਾਂ ਦਾ ਨਾਮ ਲਿਖ ਸਕਦੇ ਹਨ। ਬਾਈਡੇਨ ਨੇ ਇੱਕ ਬਿਆਨ ਵਿੱਚ ਕਿਹਾ, "ਮੈਂ ਉਨ੍ਹਾਂ ਸਾਰਿਆਂ ਦਾ ਧੰਨਵਾਦ ਕਰਨਾ ਚਾਹੁੰਦਾ ਹਾਂ, ਜਿਨ੍ਹਾਂ ਨੇ ਅੱਜ ਸ਼ਾਮ ਨਿਊ ਹੈਂਪਸ਼ਾਇਰ ਵਿੱਚ ਮੇਰਾ ਨਾਮ ਲਿਖਿਆ। ਇਹ ਸਾਡੀ ਲੋਕਤੰਤਰੀ ਪ੍ਰਕਿਰਿਆ ਪ੍ਰਤੀ ਵਚਨਬੱਧਤਾ ਦਾ ਇਤਿਹਾਸਕ ਪ੍ਰਦਰਸ਼ਨ ਹੈ।

# ਨਿੱਕੀ ਹੇਲੀ ਨੂੰ ਉਪ ਰਾਸ਼ਟਰਪਤੀ ਉਮੀਦਵਾਰ ਵਜੋਂ ਨਹੀਂ ਚੁਣਾਂਗਾ: ਟਰੰਪ

ਵਾਸ਼ਿੰਗਟਨ : ਡੋਨਾਲਡ ਟਰੰਪ ਨੇ ਆਪਣੀ ਰਿਪਬਲਿਕਨ ਪਾਰਟੀ ਤੋਂ ਰਾਸ਼ਟਰਪਤੀ ਅਹੁਦੇ ਲਈ ਉਮੀਦਵਾਰ ਬਣਨ ਦੀ ਦੌੜ 'ਚ ਸ਼ਾਮਲ ਭਾਰਤੀ-ਅਮਰੀਕੀ ਨਿੱਕੀ ਹੇਲੀ ਨੂੰ ਉਪ ਰਾਸ਼ਟਰਪਤੀ ਅਹੁਦੇ ਲਈ ਚੁਣਨ ਦੇ ਵਿਚਾਰ ਨੂੰ ਇਹ ਕਹਿੰਦੇ ਹੋਏ ਰੱਦ ਕਰ ਦਿੱਤਾ ਹੈ ਕਿ ਉਨ੍ਹਾਂ 'ਚ ਇਸ ਅਹੁਦੇ ਲਈ ਯੋਗਤਾ ਨਹੀਂ ਹੈ। ਹੇਲੀ ਨੇ ਕੁਝ ਘੰਟੇ ਪਹਿਲਾਂ ਕਿਹਾ ਸੀ ਕਿ ਉਹ ਰਿਪਬਲਿਕਨ ਪ੍ਰਾਇਮਰੀ 'ਚ ਦੂਜੇ ਸਥਾਨ ਲਈ ਨਹੀਂ ਦੌੜ ਰਹੀ ਹੈ। ਟਰੰਪ ਨੇ ਸ਼ੁੱਕਰਵਾਰ ਨੂੰ ਕੌਨਕੋਰਡ 'ਚ ਇਕ ਰੈਲੀ 'ਚ ਕਿਹਾ, "ਉਹ (ਹੇਲੀ) ਠੀਕ ਹੈ, ਪਰ ਉਹ ਰਾਸ਼ਟਰਪਤੀ ਅਹੁਦੇ ਦੀ ਉਮੀਦਵਾਰ ਨਹੀਂ ਹੈ। ਅਤੇ ਜਦੋਂ ਮੈਂ ਇਹ ਕਹਿੰਦਾ ਹਾਂ, ਤਾਂ ਇਸਦਾ ਸ਼ਾਇਦ ਇਹ ਮਤਲਬ ਹੈ ਕਿ ਉਹ ਉਪ ਰਾਸ਼ਟਰਪਤੀ ਵਜੋਂ ਨਹੀਂ ਚੁਣੇ ਜਾਣਗੇ। ਟਰੰਪ ਰਿਪਬਲਿਕਨ ਪਾਰਟੀ ਤੋਂ



ਰਾਸ਼ਟਰਪਤੀ ਅਹੁਦੇ ਦੀ ਨਾਮਜ਼ਦਗੀ ਪ੍ਰਾਪਤ ਕਰਨ ਦੇ ਮੁੱਖ ਦਾਅਵੇਦਾਰ ਹਨ। 77 ਸਾਲਾ ਟਰੰਪ ਨੇ ਸਾਬਕਾ ਰਾਜਦੂਤ ਬਾਰੇ ਕਿਹਾ, 'ਜਦੋਂ ਤੁਸੀਂ ਕੁਝ ਕਹਿੰਦੇ ਹੋ, ਤਾਂ ਇਹ ਉਸਨੂੰ ਖੇਡ ਤੋਂ ਬਾਹਰ ਲੈ ਜਾਂਦਾ ਹੈ। ਮੈਂ ਇਹ ਨਹੀਂ ਕਹਿ ਸਕਦਾ ਕਿ ਉਹ ਉਪ ਰਾਸ਼ਟਰਪਤੀ ਬਣਨ ਲਈ ਯੋਗ ਨਹੀਂ ਹੈ ਅਤੇ ਫਿਰ ਕਹਾਂ ਕਿ ਮੈਨੂੰ ਇਹ ਐਲਾਨ ਕਰਦੇ ਹੋਏ ਮਾਣ ਹੋ ਰਿਹਾ ਹੈ ਕਿ ਮੈਂ ਚੁਣਿਆ ਹੈ।'

ਨਿਊ ਹੈਂਪਸ਼ਾਇਰ ਦੀਆਂ ਚੋਣਾਂ 'ਚ ਹੇਲੀ ਟਰੰਪ ਦੀ ਸਭ ਤੋਂ ਨਜ਼ਦੀਕੀ ਵਿਰੋਧੀ ਹੈ। ਹੇਲੀ ਨੇ ਵਾਰ-ਵਾਰ ਕਿਹਾ ਹੈ ਕਿ ਉਹ ਰਿਪਬਲਿਕਨ ਪ੍ਰਾਇਮਰੀ 'ਚ ਦੂਜੇ ਸਥਾਨ ਦੀ ਮੰਗ ਨਹੀਂ ਕਰ ਰਹੀ ਹੈ, ਹਾਲਾਂਕਿ ਉਸਨੇ ਇਸ ਗੱਲ 'ਤੇ ਟਿੱਪਣੀ ਕਰਨ ਤੋਂ ਇਨਕਾਰ ਕਰ ਦਿੱਤਾ ਕਿ ਕੀ ਉਹ ਉਪ ਰਾਸ਼ਟਰਪਤੀ ਅਹੁਦੇ ਦੀ ਉਮੀਦਵਾਰ ਹੋਵੇਗੀ। ਇਸ ਤੋਂ ਪਹਿਲਾਂ ਸ਼ੁੱਕਰਵਾਰ ਨੂੰ, 51 ਸਾਲਾ ਹੇਲੀ ਨੇ ਵੋਟਰਾਂ ਦੇ ਇੱਕ ਸਮੂਹ ਨੂੰ ਦੱਸਿਆ ਕਿ ਉਸਦੀ ਉਪ ਰਾਸ਼ਟਰਪਤੀ ਲਈ ਚੋਣ ਲੜਨ ਦੀ ਕੋਈ ਯੋਜਨਾ ਨਹੀਂ ਹੈ।

# Valley Real Estate Center



Better Deal will be given from New Builders to Book New home in Mountain House, Tracy, Manteca and lathrop

For agriculture and almond Farm, office building, Farm House and for Truck Yard in Tracy, Manteca, Lathrop and Stockton

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

## Listing

Total 35.5 Young Three Years old Tree Padre and Nonpareil Variety. With Riparian Right From the San Joaquin River. With a Single Family Small Home, IT's Very Desirable Property






Property Address : 27022 River Roadm, Newman CA 95260.

## RANJIT SINGH

VALLEY REAL ESTATE CENTER (OFFICE LIC.: 01392267)
68 E 11TH STREET STE 109, TRACY, CA 95376
OFFICE : 209-956-1000 CELL : 408-355-5700, GBSINGH84@GMAIL.COM

# ਅਮਰੀਕੀ ਰੱਖਿਆ ਮੰਤਰਾਲੇ ਕੋਲ ਯੂਕ੍ਰੇਨ ਲਈ ਕੋਈ ਹੋਰ ਰਾਸ਼ੀ ਨਹੀਂ

ਵਾਸ਼ਿੰਗਟਨ : ਰੱਖਿਆ ਸਕੱਤਰ ਲੋਇਡ ਆਸਟਿਨ ਵੱਲੋਂ ਅਪ੍ਰੈਲ 2022 ਵਿੱਚ ਯੂਕ੍ਰੇਨ ਨੂੰ ਸਮਰਥਨ ਦੇਣ ਲਈ ਇੱਕ ਅੰਤਰਰਾਸ਼ਟਰੀ ਸਮੂਹ ਦੀ ਸਥਾਪਨਾ ਕਰਨ ਤੋਂ ਬਾਅਦ ਹੁਣ ਅਮਰੀਕਾ ਯੂਕ੍ਰੇਨ ਨੂੰ ਜ਼ਰੂਰੀ ਅਸਲਾ ਅਤੇ ਮਿਜ਼ਾਈਲਾਂ ਭੇਜਣ ਵਿੱਚ ਅਸਮਰੱਥ ਹੈ। ਕਾਂਗਰਸ ਤੋਂ ਬਜਟ ਨੂੰ ਮਨਜ਼ੂਰੀ ਮਿਲਣ ਅਤੇ ਯੂਕ੍ਰੇਨ ਯੁੱਧ ਲਈ ਹੋਰ ਫੰਡਿੰਗ ਨੂੰ ਮਨਜ਼ੂਰੀ ਦੇਣ ਦੀ ਉਡੀਕ ਵਿਚ ਅਮਰੀਕਾ ਇਸ ਪਾੜੇ ਨੂੰ ਪੂਰਾ ਕਰਨ ਲਈ ਸਹਿਯੋਗੀਆਂ ਦੀ ਤਲਾਸ਼ ਕਰ ਰਿਹਾ ਹੈ।



ਅਮਰੀਕਾ ਲਗਭਗ 50 ਦੇਸ਼ਾਂ ਦੀ ਮਹੀਨਾਵਾਰ ਮੀਟਿੰਗ ਦੀ ਮੇਜ਼ਬਾਨੀ ਕਰੇਗਾ। ਅਮਰੀਕੀ ਰੱਖਿਆ ਮੰਤਰਾਲੇ ਪੈਂਟਾਗਨ ਦੀ ਡਿਪਟੀ ਪ੍ਰੈੱਸ ਸਕੱਤਰ ਸਬਰੀਨਾ ਸਿੰਘ ਨੇ ਸੋਮਵਾਰ ਨੂੰ ਪੱਤਰਕਾਰਾਂ ਨੂੰ ਦੱਸਿਆ ਕਿ ਮੰਗਲਵਾਰ ਦੀ ਬੈਠਕ ਲੰਬੇ ਸਮੇਂ ਦੀਆਂ ਜ਼ਰੂਰਤਾਂ 'ਤੇ ਧਿਆਨ ਕੇਂਦਰਿਤ ਕਰੇਗੀ। ਸਿੰਘ ਨੇ ਕਿਹਾ, "ਹਾਲਾਂਕਿ ਅਸੀਂ ਇਸ ਸਮੇਂ ਸੁਰੱਖਿਆ ਸਹਾਇਤਾ ਪ੍ਰਦਾਨ ਕਰਨ ਦੇ ਯੋਗ ਨਹੀਂ ਹਾਂ, ਸਾਡੇ ਭਾਈਵਾਲ ਲਗਾਤਾਰ ਮਦਦ ਕਰ ਰਹੇ ਹਨ। ਮੀਟਿੰਗ ਡਿਜੀਟਲ ਰੂਪ ਵਿੱਚ ਹੋਵੇਗੀ ਕਿਉਂਕਿ ਔਸਟਿਨ ਅਜੇ ਵੀ ਪ੍ਰੋਸਟੇਟ ਕੈਂਸਰ ਦੇ ਇਲਾਜ ਦੀਆਂ ਪੇਚੀਦਗੀਆਂ ਕਾਰਨ ਘਰ ਵਿੱਚ ਠੀਕ ਹੋ ਰਿਹਾ ਹੈ।

ਪੈਂਟਾਗਨ ਨੇ 27 ਦਸੰਬਰ ਨੂੰ ਯੂਕ੍ਰੇਨ ਲਈ ਆਪਣੀ ਆਖਰੀ ਸੁਰੱਖਿਆ ਸਹਾਇਤਾ ਦਾ ਐਲਾਨ ਕੀਤਾ ਸੀ। 25 ਕਰੋੜ ਅਮਰੀਕੀ ਡਾਲਰ ਦੇ ਇਸ ਪੈਕੇਜ ਵਿੱਚ 155 ਮਿਲੀਮੀਟਰ ਤੋਪ ਦੇ ਗੋਲੇ, ਸਟਿੰਗਰ ਐਂਟੀ-ਏਅਰਕ੍ਰਾਫਟ ਮਿਜ਼ਾਈਲਾਂ ਅਤੇ ਹੋਰ ਚੀਜ਼ਾਂ ਸ਼ਾਮਲ ਹਨ। ਅਮਰੀਕਾ ਉਦੋਂ ਤੋਂ ਵਾਧੂ ਹਥਿਆਰ ਮੁਹੱਈਆ ਨਹੀਂ ਕਰ ਸਕਿਆ ਹੈ ਕਿਉਂਕਿ ਉਨ੍ਹਾਂ (ਫੌਜੀ) ਭੰਡਾਰਾਂ ਨੂੰ ਭਰਨ ਲਈ ਪੈਸਾ ਖ਼ਤਮ ਹੋ ਗਿਆ ਹੈ ਅਤੇ ਕਾਂਗਰਸ ਨੇ ਅਜੇ ਹੋਰ ਪੈਸਾ ਮਨਜ਼ੂਰ ਕਰਨਾ ਹੈ। ਯੂਕ੍ਰੇਨ ਅਤੇ ਇਜ਼ਰਾਈਲ ਦੋਵਾਂ ਨੂੰ 110 ਬਿਲੀਅਨ ਡਾਲਰ ਤੋਂ ਵੱਧ ਦੀ ਸਹਾਇਤਾ ਕਾਂਗਰਸ ਅਤੇ ਵ੍ਹਾਈਟ ਹਾਊਸ ਦਰਮਿਆਨ ਅਮਰੀਕਾ-ਮੈਕਸੀਕੋ ਸਰਹੱਦ ਲਈ ਵਾਧੂ ਸੁਰੱਖਿਆ ਸਮੇਤ ਹੋਰ ਨੀਤੀਗਤ ਤਰਜੀਹਾਂ ਨੂੰ ਲੈ ਕੇ ਅਸਹਿਮਤੀ ਦੇ ਕਾਰਨ ਰੋਕੀ ਜਾ ਰਹੀ ਹੈ।

# ਵਿਦਾਇਗੀ ਸਮਾਰੋਹ 'ਚ ਭਾਵੁਕ ਹੋਏ ਸਹਿਯੋਗੀ, ਭਾਰਤ-ਅਮਰੀਕਾ ਸਬੰਧਾਂ 'ਚ ਬਦਲਾਅ ਦਾ ਸਿਹਰਾ ਸੰਧੂ ਨੂੰ

ਨਿਊਯਾਰਕ : ਅਮਰੀਕਾ ਦੀ ਯੂ. ਐੱਸ. ਇੰਡੀਆ ਬਿਜ਼ਨੈੱਸ ਕੌਂਸਲ (ਯੂ. ਐੱਸ. ਆਈ. ਬੀ. ਸੀ.) ਨੇ ਭਾਰਤ-ਅਮਰੀਕਾ ਸਬੰਧਾਂ 'ਚ ਆਏ ਬਦਲਾਅ ਦਾ ਸਿਹਰਾ ਭਾਰਤੀ ਰਾਜਦੂਤ ਤਰਣਜੀਤ ਸੰਧੂ ਨੂੰ ਦਿੱਤਾ ਹੈ। ਦਰਅਸਲ, ਸੰਧੂ 35 ਸਾਲਾਂ ਦੇ ਸ਼ਾਨਦਾਰ ਕਾਰਜਕਾਲ ਤੋਂ ਬਾਅਦ ਜਨਵਰੀ ਮਹੀਨੇ ਦੇ ਅਖੀਰ ਵਿਚ ਭਾਰਤੀ ਵਿਦੇਸ਼ ਸੇਵਾ ਤੋਂ ਸੇਵਾਮੁਕਤ ਹੋ ਰਹੇ ਹਨ। ਇਸ ਮੌਕੇ ਯੂ. ਐਸ. ਆਈ. ਬੀ. ਸੀ. ਨੇ ਉਨ੍ਹਾਂ ਦੇ ਸਨਮਾਨ 'ਚ ਵਿਦਾਇਗੀ ਸਮਾਰੋਹ ਦਾ ਆਯੋਜਨ ਕੀਤਾ ਸੀ।

ਇਸ ਸਮਾਰੋਹ 'ਚ ਵ੍ਹਾਈਟ ਹਾਊਸ, ਵਿਦੇਸ਼ ਵਿਭਾਗ ਦੇ ਉੱਚ ਅਧਿਕਾਰੀ ਅਤੇ ਕਾਰਪੋਰੇਟ ਸੈਕਟਰ ਦੇ ਨੁਮਾਇੰਦੇ ਸ਼ਾਮਿਲ ਹੋਏ ਅਤੇ ਪਿਛਲੇ ਕੁੱਝ ਸਮੇਂ ਵਿਚ ਭਾਰਤ-ਅਮਰੀਕਾ ਸਬੰਧਾਂ ਨੂੰ ਆਕਾਰ ਦੇਣ 'ਚ ਸੰਧੂ ਵੱਲੋਂ ਨਿਭਾਈ ਗਈ ਭੂਮਿਕਾ ਦੀ ਸ਼ਲਾਘਾ ਕੀਤੀ। ਆਪਣੇ ਲੰਬੇ ਕਰੀਅਰ ਦੌਰਾਨ ਸੰਧੂ ਨੂੰ ਚਾਰ ਵਾਰ ਸੰਯੁਕਤ ਰਾਜ ਅਮਰੀਕਾ ਵਿਚ ਤਾਇਨਾਤ ਕੀਤਾ ਗਿਆ, ਜਿਨ੍ਹਾਂ 'ਚੋਂ ਉਨ੍ਹਾਂ ਨੇ ਤਿੰਨ ਵਾਰ ਵਾਸ਼ਿੰਗਟਨ ਡੀ. ਸੀ. ਵਿਚ ਆਪਣੀਆਂ ਸੇਵਾਵਾਂ ਦਿੱਤੀਆਂ। ਅਮਰੀਕੀ ਅਧਿਕਾਰੀਆਂ ਦਾ ਕਹਿਣਾ ਹੈ ਕਿ ਉਨ੍ਹਾਂ ਵੱਲੋਂ ਕੀਤੇ ਗਏ ਯਤਨ ਇਤਿਹਾਸ 'ਚ ਦਰਜ ਹੋਣਗੇ।

ਕੂਟਨੀਤਕ ਅਤੇ ਯੂ. ਐਸ. ਇੰਡੀਆ ਬਿਜ਼ਨੈੱਸ ਕੌਂਸਲ ਦੇ ਮੌਜੂਦਾ ਪ੍ਰਧਾਨ ਅਤੁਲ ਕੇਸ਼ਪ ਨੇ ਕਿਹਾ ਕਿ ਇਕ ਸੁਚੱਜੇ ਅਤੇ ਨਿਪੁੰਨ ਕੂਟਨੀਤਕ ਹੋਣ ਦੇ ਨਾਲ-ਨਾਲ ਸੰਧੂ ਇਕ ਦੂਰਦਰਸ਼ੀ ਸਖਸ਼ੀਅਤ ਹਨ ਜਿਨ੍ਹਾਂ ਨੇ ਅਮਰੀਕਾ-ਭਾਰਤ ਸਬੰਧਾਂ ਲਈ ਅਸਲ ਵਿਚ ਮਹਾਨ ਚੀਜ਼ਾਂ ਹਾਸਲ ਕੀਤੀਆਂ ਹਨ। ਮੈਨੂੰ ਉਨ੍ਹਾਂ ਸਾਰਿਆਂ ਦਾ ਇਤਿਹਾਸ ਲਿਖਣ ਦੀ ਲੋੜ ਨਹੀਂ ਹੈ। ਇਤਿਹਾਸ ਇਹ ਦਰਜ ਕਰੇਗਾ ਕਿ ਉਨ੍ਹਾਂ ਦੇ ਯਤਨਾਂ ਸਦਕਾ ਦੋ-ਪੱਖੀ ਸਬੰਧ ਸਭ ਤੋਂ ਚੰਗੇ ਪੱਧਰ 'ਤੇ ਹਨ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਸਰਕਾਰੀ ਯਾਤਰਾ ਸੱਚਮੁੱਚ ਪ੍ਰਭਾਵਸ਼ਾਲੀ ਸੀ ਅਤੇ ਇਸਨੇ ਰਿਸ਼ਤੇ ਦੀ ਵਿਸ਼ਾਲਤਾ ਅਤੇ ਮਹੱਤਤਾ ਨੂੰ ਦਰਸਾਇਆ। ਇਸ ਨੂੰ ਪੂਰਾ ਕਰਨਾ ਕਦੇ ਸੌਖਾ ਨਹੀਂ ਹੋਵੇਗਾ ਪਰ ਤੁਸੀਂ ਅਤੇ ਤੁਹਾਡੀ ਟੀਮ ਨੇ ਇਸਨੂੰ ਸ਼ਾਲੀਨਤਾ ਅਤੇ ਸ਼ੈਲੀ ਨਾਲ ਕੀਤਾ।



ਇਸ ਦੌਰਾਨ ਆਪਣੀ ਟਿੱਪਣੀ 'ਚ ਸੰਧੂ ਨੇ ਭਾਰਤ-ਅਮਰੀਕਾ ਸਬੰਧਾਂ ਨੂੰ ਮਜ਼ਬੂਤ ਕਰਨ ਲਈ ਕੈਂਪਬੈਲ, ਕੇਸ਼ਪ ਅਤੇ ਯੂ. ਐੱਸ. ਇੰਟਰਨੈਸ਼ਨਲ ਡਿਵੈਪਮੈਂਟ ਫਾਇਨਾਂਸ ਕਾਰਪੋਰੇਸ਼ਨ ਦੇ ਡਿਪਟੀ ਸੀ. ਈ.ਓ. ਨਿਸ਼ਾ ਦੇਸਾਈ ਬਿਸਵਾਲ ਸਮੇਤ ਉੱਥੇ ਮੌਜੂਦ ਕਈ ਵਿਅਕਤੀਆਂ ਦੀ ਭੂਮਿਕਾ ਦੀ ਵੀ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਸੰਕਟ 'ਚ ਉਹ ਮਦਦ ਨਹੀਂ ਕਰ ਸਕਦੇ ਪਰ ਆਪਣੇ ਚੰਗੇ ਦੋਸਤ ਕੈਂਪਬੈਲ ਬਾਰੇ ਕੁਝ ਦੱਸ ਸਕਦੇ ਹਨ। ਜਿਵੇਂ ਕਿ ਅਸੀਂ ਜਾਣਦੇ ਹਾਂ, ਉਹ ਆਪਣੇ ਆਪ ਵਿਚ ਇਕ ਤਾਕਤ ਹਨ ਅਤੇ ਉਨ੍ਹਾਂ ਨੇ ਅਸੰਭਵ ਨੂੰ ਸੰਭਵ ਬਣਾ ਦਿੱਤਾ ਹੈ। ਇਸ ਦੌਰਾਨ ਉਨ੍ਹਾਂ ਨੇ ਕਵਾਡ ਸਿਖਰ ਸੰਮੇਲਨ ਦੀ ਸਥਾਪਨਾ ਅਤੇ ਸਫਲਤਾ 'ਤੇ ਵੀ ਰੋਸਨੀ ਪਾਈ। ਰੱਖਿਆ, ਸਿੱਖਿਆ ਅਤੇ ਹਾਲ ਹੀ ਵਿਚ ਲਾਂਚ ਕੀਤੇ ਗਏ ਆਈ. ਸੀ. ਈ .ਟੀ ਵਾਰਤਾ ਸਮੇਤ ਭਾਰਤ-ਅਮਰੀਕਾ ਸਬੰਧਾਂ ਦੇ ਵੱਖ-ਵੱਖ ਪਹਿਲੂਆਂ 'ਤੇ ਰੋਸ਼ਨੀ ਪਾਉਂਦੇ ਹੋਏ ਸਿੰਘ ਨੇ ਕਿਹਾ ਕਿ ਅੱਜ ਇਸ ਭਾਈਵਾਲੀ ਨੂੰ ਬੜੇ ਜ਼ਿਆਦਾ ਨਿਵੇਸ਼ ਅਤੇ ਹਿੱਸੇਦਾਰੀ ਦੀ ਲੋੜ ਹੈ।

ਵੱਖ-ਵੱਖ ਅਹੁਦਿਆਂ 'ਤੇ ਸੰਧੂ ਦੇ ਨਾਲ ਕੰਮ ਕਰ ਚੁੱਕੇ ਬਿਸਵਾਲ ਨੇ ਕਿਹਾ ਕਿ ਸੰਧੂ ਨੇ ਜੋ ਸਮਝਿਆ ਉਹ ਵਿਦੇਸ਼ ਨੀਤੀ ਦਾ ਇਕ ਮੁੱਢਲਾ ਸਿਧਾਂਤ ਸੀ। ਉਨ੍ਹਾਂ ਨੇ ਕਿਹਾ ਕਿ ਮਹੱਤਵਪੂਰਨ ਤੌਰ 'ਤੇ ਰਾਜਦੂਤ ਵਜੋਂ ਆਪਣੀ ਮੌਜੂਦਾ ਭੂਮਿਕਾ ਵਿਚ ਤਰਣਜੀਤ ਦੇ ਰਿਸ਼ਤੇ ਦੇ ਕੇਂਦਰ 'ਚ ਲੋਕਾਂ 'ਚ ਨਿਵੇਸ਼ ਕੀਤਾ ਹੈ।ਭਾਵੇਂ ਉਹ ਵਿਦੇਸ਼ ਵਿਭਾਗ ਜਾਂ ਵ੍ਹਾਈਟ ਹਾਊਸ ਦੇ ਲੋਕ ਹੋਣ ਜੋ ਨੀਤੀ ਚਲਾਉਂਦੇ ਸਨ ਜਾਂ ਪਹਾੜੀ 'ਤੇ ਮੌਜੂਦ ਲੋਕ ਸਨ ਜਿਨ੍ਹਾਂ ਨੇ ਅਮਰੀਕਾ-ਭਾਰਤ ਭਾਈਵਾਲੀ ਦੀ ਰਾਜਨੀਤੀ ਨੂੰ ਆਕਾਰ ਦਿੱਤਾ। ਪ੍ਰਵਾਸੀ ਭਾਈਚਾਰੇ ਦੇ ਮੈਂਬਰ, ਵਪਾਰਕ ਭਾਈਚਾਰਾ, ਵਿੱਦਿਅਕ ਸੰਸਥਾਨ, ਸੱਭਿਆਚਾਰਕ ਸੰਸਥਾਨ, ਦੇਸ਼ ਪੱਧਰ 'ਤੇ, ਸ਼ਹਿਰ ਦੇ ਪੱਧਰ 'ਤੇ, ਭਾਵੇਂ ਤੁਸੀਂ ਕਿਤੇ ਵੀ ਰਹਿੰਦੇ ਹੋ ਜਾਂ ਕੰਮ ਕਰਦੇ ਹੋ, ਜੇਕਰ ਤੁਹਾਡਾ ਅਮਰੀਕਾ ਅਤੇ ਨਵੇਂ ਸਬੰਧਾਂ 'ਤੇ ਪ੍ਰਭਾਵ ਜਾਂ ਮਹੱਤਵ ਹੈ ਤਾਂ ਤਰਨਜੀਤ ਤੁਹਾਨੂੰ ਲੱਭ ਲੈਣਗੇ। ਸੁਰੱਖਿਆ ਪ੍ਰੀਸ਼ਦ ਦੇ ਕੋਆਰਡੀਨੇਟਰ ਬੋਲੇ ਤੁਹਾਡੀ ਬੜੀ ਯਾਦ ਆਵੇਗੀ।

ਵ੍ਹਾਈਟ ਹਾਊਸ 'ਚ ਇੰਡੋ-ਪੈਸੀਫਿਕ ਦੇ ਲਈ ਰਾਸ਼ਟਰੀ ਸੁਰੱਖਿਆ ਪ੍ਰੀਸ਼ਦ ਦੇ ਕੋਆਰਡੀਨੇਟਰ ਨੇ ਵਿਦਾਇਗੀ ਸਮਾਰੋਹ 'ਚ ਆਪਣੀ ਟਿੱਪਣੀ 'ਚ ਕਰਟ ਕੈਂਪਬੈਲ ਨੇ ਕਿਹਾ ਕਿ ਜਦੋਂ ਤੁਸੀਂ ਉਨ੍ਹਾਂ ਲੋਕਾਂ ਦੀ ਇਕ ਛੋਟੀ ਸੂਚੀ ਬਣਾਉਂਦੇ ਹੋ ਜਿਨ੍ਹਾਂ ਨੇ ਭਾਰਤ-ਅਮਰੀਕਾ ਸਬੰਧਾਂ ਵਿਚ ਅਸਲ ਵਿਚ ਬਦਲਾਅ ਲਿਆਂਦਾ ਹੈ ਤਾਂ ਉਸ ਸੂਚੀ ਵਿਚ ਰਾਜਦੂਤ ਸੰਧੂ ਦਾ ਵੀ ਨਾਂ ਆਉਂਦਾ ਹੈ। ਉਨ੍ਹਾਂ ਨੇ ਦੋ ਦੇਸ਼ਾਂ ਦੇ ਸਬੰਧਾਂ ਨੂੰ ਮਜ਼ਬੂਤ ਕਰਨ ਲਈ ਜੋ ਕਦਮ ਚੁੱਕੇ ਹਨ ਅਜਿਹਾ ਕੂਟਨੀਤਕ ਰੈਂਕ ਵਿਚ ਸੇਵਾ ਕਰਨ ਵਾਲੇ ਬੜੇ ਘੱਟ ਲੋਕ ਕਰ ਸਕੇ ਹਨ। ਕੈਂਪਬੈਲ ਨੇ ਕਿਹਾ ਕਿ ਤੁਹਾਡੀ ਬੜੀ ਯਾਦ ਆਵੇਗੀ। ਉਨ੍ਹਾਂ ਕਿਹਾ ਕਿ ਉਹ ਸੰਯੁਕਤ ਰਾਜ ਅਮਰੀਕਾ ਅਤੇ ਭਾਰਤ ਦੇ ਦਰਮਿਆਨ ਸਬੰਧਾਂ ਨੂੰ ਸਾਕਾਰ ਰੂਪ ਦੇਣ ਆਏ ਸਨ। ਉਹ ਬੜੇ ਵਧੀਆ ਦੋਸਤ ਅਤੇ ਸ਼ਾਨਦਾਰ ਸ਼ਖਸ਼ੀਅਤ ਹਨ। ਉਨ੍ਹਾਂ ਨੇ ਬੜਾ ਚੰਗਾ ਕੰਮ ਕੀਤਾ ਹੈ। ਅਸੀਂ ਕਾਮਨਾ ਕਰਦੇ ਹਾਂ ਕਿ ਉਹ ਅੱਗੇ ਵੀ ਜੋ ਕਰਨਗੇ ਉਸ ਵਿਚ ਉਨ੍ਹਾਂ ਦਾ ਭਲਾ ਹੋਵੇ। ਕੈਂਪਬੈਲ ਨੇ ਕਿਹਾ ਮੈਂ ਇਹੀ ਆਸ ਕਰਦਾ ਹਾਂ ਕਿ ਉਹ ਸੇਵਾਮੁਕਤ ਨਾ ਹੋਣ।

# ਮੋਦੀ ਭਾਰਤ ਦੇ ਸਰਬੋਤਮ ਆਗੂ : ਮੈਰੀ ਮਿਲਬੇਨ

ਵਾਸ਼ਿੰਗਟਨ : ਅਫ਼ਰੀਕਨ ਅਮਰੀਕਨ ਹਾਲੀਵੁੱਡ ਅਦਾਕਾਰਾ ਅਤੇ ਗਾਇਕਾ ਮੈਰੀ ਮਿਲਬੇਨ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਪ੍ਰਸ਼ੰਸਾ ਕਰਦੇ ਹੋਏ ਕਿਹਾ ਕਿ ਉਹ ਭਾਰਤ ਲਈ ਸਰਬੋਤਮ ਨੇਤਾ ਹਨ। ਉਨ੍ਹਾਂ ਕਿਹਾ ਕਿ ਮੋਦੀ ਦੋਵੇਂ ਦੇਸ਼ਾਂ ਦੇ ਬੇਹੱਤਰ ਸੰਬੰਧਾਂ ਲਈ ਵੀ ਜ਼ਰੂਰੀ ਹਨ। ਵੱਡੀ ਗਿਣਤੀ 'ਚ ਅਮਰੀਕਾ 'ਚ ਅਜਿਹੇ ਲੋਕ ਹਨ ਜੋ ਚਾਹੁੰਦੇ ਹਨ ਕਿ ਉਹ ਮੁੜ ਤੋਂ ਚੁਣੇ ਜਾਣ। ਜਿਸ 'ਚ ਦੋਵੇਂ ਦੇਸ਼ਾਂ ਵਿਚਕਾਰ ਸੰਬੰਧ ਹੋਰ ਮਜ਼ਬੂਤ ਹੋਣ ਅਤੇ ਇਕ ਵੱਖਰੇ ਪੱਧਰ 'ਤੇ ਪਹੁੰਚ ਸਕਣ। ਮੈਰੀ ਮਿਲਬੇਨ ਨੇ ਕਿਹਾ ਕਿ ਉਹ ਅਜਿਹਾ ਮੰਨਦੀ ਹੈ ਕਿ ਪ੍ਰਧਾਨ ਮੰਤਰੀ ਮਈ 'ਚ ਜਿੱਤ ਦੀ ਰਾਹ 'ਤੇ ਹਨ। ਅਮਰੀਕਾ 'ਚ ਮੋਦੀ ਦਾ ਸਮਰਥਨ ਕਰਨ ਵਾਲਿਆਂ ਦੀ ਗਿਣਤੀ ਬਹੁਤ ਵੱਡੀ ਹੈ। ਉਨ੍ਹਾਂ ਕਿਹਾ ਕਿ ਇਹ ਚੋਣਾਂ ਅਮਰੀਕਾ ਅਤੇ ਭਾਰਤ ਸਮੇਤ ਪੂਰੇ ਵਿਸ਼ਵ ਲਈ ਕਾਫ਼ੀ ਮਹੱਤਵ ਰੱਖਦਾ ਹੈ। ਇਸ ਲਈ ਇਕ ਨਾਗਰਿਕ ਦੇ ਨਾਤੇ ਸਾਡੀ ਜ਼ਿੰਮੇਵਾਰੀ ਵੱਧ ਜਾਂਦੀ ਹੈ। ਅਸਲ 'ਚ ਇਹ ਕਿਸੇ ਤੋਂ ਲੁਕਿਆ ਨਹੀਂ ਹੈ ਕਿ ਮੈਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਵੱਡੀ ਸਮਰਥਕ ਹਾਂ। ਉਨ੍ਹਾਂ ਕਿਹਾ ਕਿ ਇਹ ਉਹ ਸਮਾਂ ਹੈ ਜਦੋਂ ਨਾਗਰਿਕਾਂ ਨੂੰ ਆਵਾਜ਼ ਉਠਾਉਣੀ ਚਾਹੀਦੀ ਹੈ ਅਤੇ ਉਨ੍ਹਾਂ ਵਿਸ਼ਵਾਸਾਂ ਅਤੇ ਨੀਤੀਆਂ ਨੂੰ ਸਾਂਝਾ ਕਰਨਾ ਚਾਹੀਦਾ ਹੈ ਜੋ ਸਾਡੇ ਦੇਸ਼ ਅਤੇ ਸਾਡੇ ਨੇਤਾਵਾਂ ਲਈ ਮਹੱਤਵਪੂਰਨ ਹਨ। ਪ੍ਰਧਾਨ ਮੰਤਰੀ ਮੋਦੀ ਨੇ ਭਾਰਤ ਨੂੰ ਵਿਸ਼ਵ ਪੱਧਰ 'ਤੇ ਇਕ ਮਹੱਤਵਪੂਰਨ ਆਰਥਿਕ ਸ਼ਕਤੀ ਬਣਾਉਣ ਲਈ ਕਈ ਵਿਲੱਖਣ ਕਦਮ ਚੁੱਕੇ ਹਨ।



# ਰਿਸ਼ਤੇਦਾਰ ਨੂੰ ਸਟੋਰ 'ਤੇ ਕੰਮ ਲਈ ਮਜਬੂਰ ਕਰਨ ਵਾਲਾ ਸਿੱਖ ਜੋੜਾ ਦੋਸ਼ੀ ਕਰਾਰ

ਵਾਸ਼ਿੰਗਟਨ : ਭਾਰਤੀ ਮੂਲ ਦੇ ਸਿੱਖ ਜੋੜੇ ਨੂੰ ਆਪਣੇ ਰਿਸ਼ਤੇਦਾਰ ਨੂੰ ਉਨ੍ਹਾਂ ਦੇ ਸਟੋਰ ਵਿੱਚ ਜ਼ਿਆਦਾ ਘੰਟੇ ਕੰਮ ਕਰਨ ਲਈ ਮਜਬੂਰ ਕਰਨ, ਸਰੀਰਕ ਸ਼ੋਸ਼ਣ, ਧਮਕੀਆਂ ਦੇਣ ਅਤੇ ਉਸ ਦੇ ਇਮੀਗ੍ਰੇਸ਼ਨ ਦਸਤਾਵੇਜ਼ ਜ਼ਬਤ ਕਰਨ ਦਾ ਦੋਸ਼ੀ ਕਰਾਰ ਦਿੱਤਾ ਗਿਆ ਹੈ। ਦੋਸ਼ੀਆਂ ਦੀ ਪਛਾਣ ਹਰਮਨਪ੍ਰੀਤ ਸਿੰਘ (30) ਅਤੇ ਕੁਲਬੀਰ ਕੌਰ (43) ਵਜੋਂ ਹੋਈ ਹੈ। ਜਿਸ ਵੇਲੇ ਲੜਕਾ ਅਮਰੀਕਾ ਆਇਆ ਸੀ ਤਾਂ ਉਹ ਨਾਬਾਲਗ ਸੀ। ਉਸ ਨੂੰ ਅਮਰੀਕਾ 'ਚ ਪੜ੍ਹਾਉਣ ਦਾ ਵਾਅਦਾ ਕੀਤਾ ਗਿਆ ਸੀ। ਸਰਕਾਰੀ ਵਕੀਲਾਂ ਨੇ ਦੱਸਿਆ ਕਿ ਅਮਰੀਕਾ ਪਹੁੰਚਣ ਤੋਂ ਬਾਅਦ ਜੋੜੇ ਨੇ ਲੜਕੇ ਦੇ ਇਮੀਗ੍ਰੇਸ਼ਨ ਦਸਤਾਵੇਜ਼ ਲਏ ਅਤੇ ਉਸ ਨੂੰ ਤੁਰੰਤ ਕੰਮ 'ਤੇ ਲਗਾ ਦਿੱਤਾ। ਅਦਾਲਤੀ ਦਸਤਾਵੇਜ਼ਾਂ ਅਨੁਸਾਰ ਪੀੜਤ ਨੂੰ ਕਈ ਦਿਨਾਂ ਤੱਕ ਸਟੋਰ ਦੇ ਅੰਦਰ ਇੱਕ ਦਫਤਰ ਵਿੱਚ ਸੌਣ ਲਈ ਮਜਬੂਰ ਕੀਤਾ ਗਿਆ। ਉਸ ਨੂੰ ਰੋਟੀ ਤੱਕ ਨਹੀਂ ਦਿੱਤੀ ਗਈ। ਜੋੜੇ ਨੇ ਉਸ ਦੀ ਭਾਰਤ ਵਾਪਸ ਭੇਜਣ ਦੀ ਬੇਨਤੀ ਨੂੰ ਵੀ ਠੁਕਰਾ ਦਿੱਤਾ ਅਤੇ ਉਸ ਨੂੰ ਆਪਣੇ ਵੀਜ਼ੇ ਦੀ ਮਿਆਦ ਤੋਂ ਵੱਧ ਰਹਿਣ ਲਈ ਮਜਬੂਰ ਕਰ ਦਿੱਤਾ। ਕਈ ਵਾਰ ਉਸ ਨੂੰ ਕੁੱਟਿਆ ਵੀ ਗਿਆ ਤੇ ਬੰਦੂਕ ਦਿਖਾ ਕੇ ਡਰਾਇਆ ਵੀ ਗਿਆ। ਸਰਕਾਰੀ ਵਕੀਲਾਂ ਨੇ ਕਿਹਾ ਕਿ ਦੁਰਵਿਵਹਾਰ ਅਤੇ ਜ਼ਬਰਦਸਤੀ ਮਜ਼ਦੂਰੀ ਮਾਰਚ 2018 ਵਿੱਚ ਸ਼ੁਰੂ ਹੋਈ ਅਤੇ ਮਈ 2021 ਤੱਕ ਜਾਰੀ ਰਹੀ। ਹੁਣ ਸਜ਼ਾ ਦੀ ਸੁਣਵਾਈ 8 ਮਈ ਨੂੰ ਤੈਅ ਕੀਤੀ ਗਈ ਹੈ। ਜੋੜੇ ਨੂੰ ਵੱਧ ਤੋਂ ਵੱਧ 20 ਸਾਲ ਦੀ ਕੈਦ, ਪੰਜ ਸਾਲ ਦੀ ਨਿਗਰਾਨੀ ਹੇਠ ਰਿਹਾਈ, 250,000 ਡਾਲਰ ਤੱਕ ਦਾ ਜੁਰਮਾਨਾ ਅਤੇ ਜ਼ਬਰਦਸਤੀ ਮਜ਼ਦੂਰੀ ਦੇ ਦੋਸ਼ ਲਈ ਲਾਜ਼ਮੀ ਮੁਆਵਜ਼ੇ ਦਾ ਸਾਹਮਣਾ ਕਰਨਾ ਪੈ ਸਕਦਾ ਹੈ।

# ਪੱਛਮੀ ਏਸ਼ੀਆ 'ਚ ਸੰਘਰਸ਼ ਹਿੰਦ ਮਹਾਸਾਗਰ 'ਚ ਸਮੁੰਦਰੀ ਵਪਾਰਕ ਆਵਾਜਾਈ ਸੁਰੱਖਿਆ ਨੂੰ ਕਰ ਰਿਹੈ ਪ੍ਰਭਾਵਿਤ: ਭਾਰਤ

ਵਾਸ਼ਿੰਗਟਨ : ਇਕ ਚੋਟੀ ਦੇ ਭਾਰਤੀ ਡਿਪਲੋਮੈਟ ਨੇ ਮੰਗਲਵਾਰ ਨੂੰ ਸੰਯੁਕਤ ਰਾਸ਼ਟਰ ਸੁਰੱਖਿਆ ਪ੍ਰੀਸ਼ਦ (ਯੂ. ਐੱਨ. ਐੱਸ. ਸੀ.) ਦੇ ਮੈਂਬਰਾਂ ਨੂੰ ਦੱਸਿਆ ਕਿ ਪੱਛਮੀ ਏਸ਼ੀਆ ਵਿਚ ਇਜ਼ਰਾਈਲ ਅਤੇ ਹਮਾਸ ਵਿਚਾਲੇ ਚੱਲ ਰਹੇ ਟਕਰਾਅ ਕਾਰਨ ਹਿੰਦ ਮਹਾਸਾਗਰ ਵਿਚ ਸਮੁੰਦਰੀ ਵਪਾਰਕ ਆਵਾਜਾਈ ਦੀ ਸੁਰੱਖਿਆ ਪ੍ਰਭਾਵਿਤ ਹੋ ਰਹੀ ਹੈ, ਜਿਸ ਵਿਚ ਭਾਰਤ ਨਾਲ ਸਬੰਧਤ ਜਹਾਜ਼ਾਂ 'ਤੇ ਹੋਏ ਕੁਝ ਹਮਲੇ ਵੀ ਸ਼ਾਮਲ ਹਨ। ਸੰਯੁਕਤ ਰਾਸ਼ਟਰ ਵਿੱਚ ਭਾਰਤ ਦੇ ਉਪ ਸਥਾਈ ਪ੍ਰਤੀਨਿਧੀ ਆਰ. ਰਵਿੰਦਰ ਨੇ UNSC 'ਚ ਖੁੱਲ੍ਹੀ ਬਹਿਸ ਦੌਰਾਨ ਆਪਣੀ ਟਿੱਪਣੀ 'ਚ ਕਿਹਾ, '(ਪੱਛਮੀ ਏਸ਼ੀਆ 'ਚ) ਜਾਰੀ ਸੰਘਰਸ਼ ਨਾਲ ਹਿੰਦ ਮਹਾਸਾਗਰ 'ਚ ਸਮੁੰਦਰੀ ਵਪਾਰਕ ਆਵਾਜਾਈ ਦੀ ਸੁਰੱਖਿਆ 'ਤੇ ਵੀ ਅਸਰ ਪੈ ਰਿਹਾ ਹੈ, ਜਿਸ 'ਚ ਭਾਰਤ ਨਾਲ ਸਬੰਧਤ ਜਹਾਜ਼ਾਂ 'ਤੇ ਕੁੱਝ ਹਮਲੇ ਵੀ ਸ਼ਾਮਲ ਹਨ। ਇਹ ਅੰਤਰਰਾਸ਼ਟਰੀ ਭਾਈਚਾਰੇ ਲਈ ਬਹੁਤ ਚਿੰਤਾ ਦਾ ਵਿਸ਼ਾ ਹੈ ਅਤੇ ਇਸ ਦਾ ਭਾਰਤ ਦੇ ਊਰਜਾ ਅਤੇ ਆਰਥਿਕ ਹਿੱਤਾਂ 'ਤੇ ਸਿੱਧਾ ਅਸਰ ਪੈਂਦਾ ਹੈ। ਇਸ ਭਿਆਨਕ ਸਥਿਤੀ ਦਾ ਕਿਸੇ ਵੀ ਪੱਖ ਨੂੰ ਕੋਈ




ਫਾਇਦਾ ਨਹੀਂ ਹੋਵੇਗਾ ਅਤੇ ਇਸ ਨੂੰ ਸਪੱਸ਼ਟ ਤੌਰ 'ਤੇ ਸਮਝਿਆ ਜਾਣਾ ਚਾਹੀਦਾ ਹੈ।''

ਰਵਿੰਦਰ ਨੇ ਕਿਹਾ ਕਿ ਭਾਰਤ ਨੇ ਇਸ ਸੰਘਰਸ਼ ਦੀ ਸ਼ੁਰੂਆਤ ਤੋਂ ਲੈ ਕੇ ਹੁਣ ਤੱਕ ਜੋ ਸੰਦੇਸ਼ ਦਿੱਤਾ ਹੈ, ਉਹ ਸਪੱਸ਼ਟ ਅਤੇ ਇਕਸਾਰ ਹੈ ਕਿ ਮਨੁੱਖੀ ਸਹਾਇਤਾ ਦੀ ਨਿਰੰਤਰ ਸਪਲਾਈ ਨੂੰ ਯਕੀਨੀ ਬਣਾਉਣ ਲਈ ਇਹ ਜ਼ਰੂਰੀ ਹੈ ਕਿ ਸੰਘਰਸ਼ ਵਧੇ ਨਾ। ਉਨ੍ਹਾਂ ਕਿਹਾ ਕਿ ਮਨੁੱਖੀ ਸਥਿਤੀ ਵੱਲ ਗੰਭੀਰਤਾ ਨਾਲ ਧਿਆਨ ਦੇਣ ਦੀ ਲੋੜ ਹੈ ਅਤੇ ਭਾਰਤ ਇਸ ਸਬੰਧ ਵਿੱਚ ਸੰਯੁਕਤ ਰਾਸ਼ਟਰ ਅਤੇ ਅੰਤਰਰਾਸ਼ਟਰੀ ਭਾਈਚਾਰੇ ਦੇ ਯਤਨਾਂ ਦਾ ਸੁਆਗਤ ਕਰਦਾ ਹੈ। ਉਨ੍ਹਾਂ ਕਿਹਾ ਕਿ ਭਾਰਤ ਨੇ ਗਾਜ਼ਾ ਵਿੱਚ ਫਲਸਤੀਨੀ ਲੋਕਾਂ ਲਈ ਰਾਹਤ ਸਮੱਗਰੀ ਦੀ ਇੱਕ ਖੇਪ ਪਹੁੰਚਾਈ ਹੈ। ਅਸੀਂ ਫਲਸਤੀਨ ਸ਼ਰਨਾਰਥੀਆਂ ਲਈ ਸੰਯੁਕਤ ਰਾਸ਼ਟਰ ਰਿਲੀਫ ਐਂਡ ਵਰਕਸ ਏਜੰਸੀ (UNRWA) ਨੂੰ ਦਸੰਬਰ ਦੇ ਆਖ਼ੀਰ ਵਿੱਚ 25 ਲੱਖ ਅਮਰੀਕੀ ਡਾਲਰ ਸਮੇਤ 50 ਲੱਖ ਅਮਰੀਕੀ ਡਾਲਰ ਦੀ ਸਹਾਇਤਾ ਵੀ ਪ੍ਰਦਾਨ ਕੀਤੀ ਹੈ, ਜੋ ਏਜੰਸੀ ਦੇ ਮੁੱਖ ਪ੍ਰੋਗਰਾਮਾਂ ਅਤੇ ਫਲਸਤੀਨੀ ਸ਼ਰਨਾਰਥੀਆਂ ਨੂੰ ਸਿੱਖਿਆ, ਸਿਹਤ ਦੇਖਭਾਲ, ਰਾਹਤ ਅਤੇ ਸਮਾਜਿਕ ਸੇਵਾਵਾਂ ਵਿੱਚ ਸਹਿਯੋਗ ਕਰਨ ਲਈ ਹੈ।

ਰਵਿੰਦਰ ਨੇ ਕਿਹਾ, "ਭਾਰਤ ਦਾ ਦ੍ਰਿੜਤਾ ਵਿਸ਼ਵਾਸ ਕਰਦਾ ਹੈ ਕਿ ਸਿਰਫ਼ ਦੋ-ਰਾਜੀ ਹੱਲ ਹੀ ਆਖਰੀ ਵਿਕਲਪ ਹੈ ਅਤੇ ਉਹ ਸਥਾਈ ਸ਼ਾਂਤੀ ਪ੍ਰਦਾਨ ਕਰੇਗਾ ਜਿਸਦੀ ਇਜ਼ਰਾਈਲ ਅਤੇ ਫਲਸਤੀਨ ਦੇ ਲੋਕ ਉਮੀਦ ਕਰਦੇ ਹਨ ਅਤੇ ਇਸ ਦੇ ਹੱਕਦਾਰ ਹਨ। ਇਸ ਲਈ, ਅਸੀਂ ਸਾਰੀਆਂ ਧਿਰਾਂ ਨੂੰ ਤਣਾਅ ਘਟਾਉਣ, ਹਿੰਸਾ ਤੋਂ ਬਚਣ, ਭੜਕਾਊ ਅਤੇ ਤਣਾਅ ਵਧਾਉਣ ਵਾਲੀਆਂ ਕਾਰਵਾਈਆਂ ਤੋਂ ਬਚਣ ਅਤੇ ਜਿੰਨੀ ਜਲਦੀ ਹੋ ਸਕੇ ਸਿੱਧੀ ਸ਼ਾਂਤੀ ਵਾਰਤਾ ਮੁੜ ਸ਼ੁਰੂ ਕਰਨ ਲਈ ਹਾਲਾਤ ਬਣਾਉਣ ਦੀ ਦਿਸ਼ਾ ਵਿੱਚ ਕੰਮ ਕਰਨ ਦੀ ਅਪੀਲ ਕਰਦੇ ਹਾਂ।'

# ਭਾਰਤੀ ਮੂਲ ਦੇ ਵਿਅਕਤੀ ਦਾ ਹਥੌੜਾ ਮਾਰ ਕੇ ਬੇਰਹਿਮੀ ਨਾਲ ਕਤਲ



ਨਿਊਯਾਰਕ (ਰਾਜ ਗੋਗਨਾ) : ਅਮਰੀਕਾ ਤੋਂ ਇਕ ਮੰਦਭਾਗੀ ਖ਼ਬਰ ਸਾਹਮਣੇ ਆਈ ਹੈ। ਇੱਥੇ ਬੀਤੇ ਦਿਨੀਂ ਲਿਥੋਨੀਆ, ਜਾਰਜੀਆ ਦੇ ਸ਼ੇਵਰੋਨ ਨਾਂ ਦੇ ਗੈਸ ਸਟੇਸ਼ਨ 'ਤੇ ਸਥਿੱਤ ਇੱਕ ਸਟੋਰ ਵਿੱਚ ਕੰਮ ਕਰਦੇ ਭਾਰਤੀ ਮੂਲ ਦੇ ਕਲਰਕ ਦਾ ਬੇਰਹਿਮੀ ਨਾਲ ਕਤਲ ਕਰ ਦਿੱਤਾ ਗਿਆ। ਜਾਣਕਾਰੀ ਮੁਤਾਬਕ ਇੱਕ ਬੇਘਰਾ ਵਿਅਕਤੀ ਰਾਤ ਦੇ 12:00 ਕੁ ਵਜੇ ਸਟੋਰ ਵਿਚ ਦਾਖਲ ਹੋਇਆ ਅਤੇ ਉਸ ਨੇ ਵਿਵੇਕ ਸੈਣੀ (25) ਦੇ ਸਿਰ 'ਤੇ ਹਥੌੜੇ ਨਾਲ ਕਾਫੀ ਵਾਰ ਕੇ ਉਸ ਦਾ ਕਤਲ ਕਰ ਦਿੱਤਾ।

ਜਾਰਜੀਆ ਪੁਲਸ ਨੇ ਦੱਸਿਆ ਕਿ ਅਟਲਾਂਟਾ-ਏਰੀਆ ਦੇ ਗੈਸ ਸਟੇਸ਼ਨ ਅੰਦਰ ਇੱਕ ਸਟੋਰ ਕਲਰਕ ਨੂੰ ਸਿਰ 'ਤੇ ਕਾਫੀ ਵਾਰ ਕਰਕੇ ਹਥੌੜੇ ਨਾਲ ਮਾਰਿਆ ਗਿਆ ਸੀ। ਹੁਣ ਉਸ 'ਤੇ ਹਮਲਾ ਕਰਨ ਵਾਲੇ ਦੋਸ਼ੀ ਵਿਅਕਤੀ ਵਿਰੁੱਧ ਕਤਲ ਦੇ ਦੋਸ਼ ਦਾ ਕੇਸ ਦਰਜ ਕਰਕੇ ਉਸ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ। ਡੀਕਲਬ ਕਾਉਂਟੀ ਪੁਲਸਅਨੁਸਾਰ ਅਧਿਕਾਰੀਆਂ ਨੂੰ ਬੀਤੇ ਮੰਗਲਵਾਰ ਨੂੰ 16 ਜਨਵਰੀ ਨੂੰ ਸਵੇਰੇ 12:30 ਵਜੇ ਦੇ ਕਰੀਬ, ਲਿਥੋਨੀਆ ਦੇ ਇੱਕ ਸ਼ੈਵਰੋਨ ਗੈਸ ਸਟੇਸ਼ਨ 'ਤੇ ਇਸ ਹਮਲੇ ਬਾਰੇ ਇੱਕ ਕਾਲ ਆਈ ਸੀ।

ਪੁਲਸ ਨੇ ਘਟਨਾ ਦੀ ਰਿਪੋਰਟ ਵਿੱਚ ਕਿਹਾ ਕਿ ਉਹ 25 ਸਾਲਾ ਪੀੜਤ 'ਤੇ ਹਮਲਾ ਕਰਨ ਵਾਲੇ ਸ਼ੱਕੀ ਨੂੰ ਲੱਭਣ ਲਈ ਪਹੁੰਚੇ। ਅਫਸਰਾਂ ਨੇ ਆਦਮੀ ਨੂੰ ਹਥਿਆਰ ਹੇਠਾਂ ਰੱਖਣ ਦਾ ਹੁਕਮ ਦਿੱਤਾ ਅਤੇ ਉਸਨੇ ਗ੍ਰਿਫ਼ਤਾਰ ਕੀਤੇ ਜਾਣ ਤੋਂ ਪਹਿਲਾਂ ਪੁਲਸ ਨਿਯਮਾਂ ਦੀ ਪਾਲਣਾ ਕੀਤੀ। ਇੱਕ ਤਲਾਸ਼ੀ ਦੌਰਾਨ ਪੁਲਸ ਨੂੰ ਹਥੌੜੇ ਸਮੇਤ ਉਸ ਤੋਂ ਤਿੰਨ ਹੋਰ ਹਥਿਆਰ ਮਿਲੇ। ਰਿਪੋਰਟ ਅਨੁਸਾਰ 25 ਸਾਲਾ ਕਲਰਕ ਦੀ ਸਿਰ 'ਤੇ ਹਥੋੜੇ ਨਾਲ ਕੀਤੇ ਵਾਰ ਨਾਲ ਮੌਕੇ 'ਤੇ ਹੀ ਮੌਤ ਹੋ ਗਈ। ਘਟਨਾ ਸਥਾਨ 'ਤੇ ਅਧਿਕਾਰੀਆਂ ਨੇ ਸਟੋਰ ਦੀ ਨਿਗਰਾਨੀ ਵੀਡੀਓ ਪ੍ਰਾਪਤ ਕੀਤੀ, ਜਿਸ ਵਿੱਚ ਸ਼ੱਕੀ ਨੂੰ ਦੇਖਿਆ ਗਿਆ। ਬਾਅਦ ਵਿੱਚ ਹਮਲਾਵਰ ਦੀ ਪਹਿਚਾਣ ਜੂਲੀਅਨ ਫਾਕਨਰ ਵਜੋਂ ਪਛਾਣ ਕੀਤੀ ਗਈ, ਜੋ ਪੀੜਤ ਨੂੰ ਵਾਰ-ਵਾਰ ਹਥੌੜੇ ਨਾਲ ਮਾਰ ਰਿਹਾ ਸੀ। ਗ੍ਰਿਫ਼ਤਾਰੀ ਮਗਰੋਂ ਹੁਣ ਜੂਲੀਅਨ ਫਾਕਨਰ ਡੀਕਲਬ ਕਾਉਂਟੀ ਦੀ ਜੇਲ੍ਹ ਵਿੱਚ ਬੰਦ ਹੈ।

# ਭਾਈ ਰਾਜੋਆਣਾ ਦੀ ਸਜ਼ਾ ਤਬਦੀਲੀ ਤੇ ਬੰਦੀ ਸਿੰਘਾਂ ਦੀ ਰਿਹਾਈ ਲਈ ਯਤਨ ਨਿਰੰਤਰ ਜਾਰੀ ਰੱਖੇ ਜਾਣਗੇ : ਐਡਵੋਕੇਟ ਧਾਮੀ



ਅੰਮ੍ਰਿਤਸਰ : ਲੰਬੇ ਸਮੇਂ ਤੋਂ ਜੇਲ੍ਹ 'ਚ ਬੰਦ ਭਾਈ ਬਲਵੰਤ ਸਿੰਘ ਰਾਜੋਆਣਾ ਦੀ ਫਾਂਸੀ ਦੀ ਸਜ਼ਾ ਨੂੰ ਉਮਰ ਕੈਦ 'ਚ ਤਬਦੀਲ ਕਰਨ ਅਤੇ ਹੋਰ ਬੰਦੀ ਸਿੰਘਾਂ ਦੀ ਰਿਹਾਈ ਸੰਬੰਧੀ ਚਾਰਾਜੋਈ ਕਰਨ ਹਿਤ ਸ੍ਰੀ ਅਕਾਲ ਤਖ਼ਤ ਸਾਹਿਬ ਵਲੋਂ ਗਠਿਤ ਕੀਤੀ ਗਈ ਪੰਜ ਮੈਂਬਰੀ ਉੱਚ ਪੱਧਰੀ ਕਮੇਟੀ ਦੀ ਅੱਜ ਇਥੇ ਹੋਈ ਤੀਜੀ ਤੇ ਅਹਿਮ ਇਕੱਤਰਤਾ ਦੌਰਾਨ ਕੇਂਦਰ ਸਰਕਾਰ ਨਾਲ ਜਲਦ ਬੈਠਕ ਹੋਣ ਦੀ ਆਸ ਪ੍ਰਗਟਾਉਂਦਿਆਂ ਤੇ ਕਾਹਲੀ ਦੀ ਥਾਂ ਠਰ੍ਹੰਮੇ ਨਾਲ ਯਤਨ ਨਿਰੰਤਰ ਜਾਰੀ ਰੱਖਣ ਦੀ ਵਚਨਬੱਧਤਾ ਪ੍ਰਗਟਾਉਂਦਿਆਂ ਇਸ ਮਾਮਲੇ 'ਚ ਨਿਰਧਾਰਤ ਸਮਾਂ ਸੀਮਾ 27 ਜਨਵਰੀ ਦੀ ਥਾਂ ਸੀਮਾ ਰਹਿਤ ਕਰਨ ਲਈ ਜਲਦੀ ਹੀ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਨਾਲ ਮੁਲਾਕਾਤ ਕਰਨ ਜਾਂ ਪੱਤਰ ਲਿਖਣ ਦਾ ਵੀ ਫ਼ੈਸਲਾ ਕੀਤਾ ਗਿਆ। ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਅਗਵਾਈ 'ਚ ਸ਼ਾਮ ਸਮੇਂ ਮੁੱਖ ਦਫ਼ਤਰ ਵਿਖੇ ਹੋਈ ਇਸ ਇਕੱਤਰਤਾ 'ਚ 'ਅਜੀਤ ਪ੍ਰਕਾਸ਼ਨ ਸਮੂਹ' ਦੇ ਮੁੱਖ ਸੰਪਾਦਕ ਡਾ. ਬਰਜਿੰਦਰ ਸਿੰਘ ਹਮਦਰਦ, ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ, ਸੀਨੀਅਰ ਅਕਾਲੀ ਆਗੂ ਵਿਰਸਾ ਸਿੰਘ ਵਲਟੋਹਾ ਅਤੇ ਬੀਬੀ ਕਮਲਦੀਪ ਕੌਰ ਵੀ ਹਾਜ਼ਰ ਸਨ। ਇਕੱਤਰਤਾ ਮਗਰੋਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਐਡਵੋਕੇਟ ਧਾਮੀ ਨੇ ਦੱਸਿਆ ਕਿ ਪੰਜ ਮੈਂਬਰੀ ਕਮੇਟੀ ਸ੍ਰੀ ਅਕਾਲ ਤਖ਼ਤ ਸਾਹਿਬ ਵਲੋਂ ਗਠਿਤ ਕੀਤੀ ਗਈ ਅਧਿਕਾਰਤ ਕਮੇਟੀ ਹੈ ਤੇ ਅੱਜ ਪੰਜ ਮੈਂਬਰੀ ਕਮੇਟੀ ਦੀ ਇਕੱਤਰਤਾ ਦੌਰਾਨ ਹੁਣ ਤੱਕ ਦੀਆਂ ਕੋਸ਼ਿਸ਼ਾਂ ਦਾ ਮੁਲਾਂਕਣ ਕਰਦਿਆਂ ਇਹ ਮਹਿਸੂਸ ਕੀਤਾ ਗਿਆ ਕਿ ਇਹ ਕਾਰਜ ਕਾਹਲੀ ਨਾਲ ਨਹੀਂ ਬਲਕਿ ਠਰ੍ਹੰਮੇ ਅਤੇ ਗੰਭੀਰਤਾ ਨਾਲ ਕੀਤਾ ਜਾਣ ਵਾਲਾ ਹੈ, ਜਿਸ ਵਿਚ ਕੁਝ ਸਮਾਂ ਲੱਗ ਸਕਦਾ ਹੈ। ਉਨ੍ਹਾਂ ਕਿਹਾ ਕਿ ਭਾਵੇਂ ਸ੍ਰੀ ਅਕਾਲ ਤਖ਼ਤ ਸਾਹਿਬ ਵਲੋਂ 27 ਜਨਵਰੀ ਤੱਕ ਦੀ ਸਮਾਂ ਹੱਦ ਨਿਸ਼ਚਿਤ ਕੀਤੀ ਗਈ ਹੈ, ਪਰ ਮੌਜੂਦਾ ਹਾਲਾਤ ਵਿਚ ਇਸ ਮਾਮਲੇ ਨੂੰ ਸਰਕਾਰ ਨਾਲ ਗੱਲਬਾਤ ਰਾਹੀਂ ਸਕਾਰਾਤਮਕ ਅੰਜਾਮ ਤੱਕ ਪਹੁੰਚਾਉਣ ਲਈ ਹੋਰ ਯਤਨ ਲੋੜੀਂਦੇ ਹਨ। ਉਨ੍ਹਾਂ ਕਿਹਾ ਕਿ ਇਸ ਵਾਰ ਪਹਿਲੀ ਵਾਰ ਹੋਇਆ ਹੈ ਕਿ ਪ੍ਰਧਾਨ ਮੰਤਰੀ ਦਫ਼ਤਰ ਵਲੋਂ ਪਹਿਲਾਂ ਦੀ ਨਿਸਬਤ ਪੰਜ ਮੈਂਬਰੀ ਕਮੇਟੀ ਵਲੋਂ ਭਾਈ ਰਾਜੋਆਣਾ ਤੇ ਬੰਦੀ ਸਿੰਘਾਂ ਸੰਬੰਧੀ ਗੱਲਬਾਤ ਲਈ ਲਿਖੇ ਪੱਤਰ ਨੂੰ ਸਾਰਥਿਕ ਹੁੰਗਾਰਾ ਦਿੱਤਾ ਗਿਆ ਹੈ ਤੇ ਜਵਾਬੀ ਪੱਤਰ ਰਾਹੀਂ ਇਸ ਸੰਬੰਧੀ ਕੇਂਦਰੀ ਗ੍ਰਿਹ ਮੰਤਰਾਲੇ ਨਾਲ ਗੱਲਬਾਤ ਕਰਨ ਲਈ ਕਿਹਾ ਗਿਆ ਹੈ। ਪੰਜ ਮੈਂਬਰੀ ਕਮੇਟੀ ਇਸ ਸੰਬੰਧੀ ਇਕਮੱਤ ਹੈ ਕਿ ਇਹ ਮਾਮਲਾ ਕੇਂਦਰ ਸਰਕਾਰ ਨਾਲ ਸੁਖਾਵੇਂ ਮਾਹੌਲ 'ਚ ਹੀ ਅੱਗੇ ਵਧਾਉਣ ਨੂੰ ਤਰਜੀਹ ਦਿੱਤੀ ਜਾਵੇ। ਉਨ੍ਹਾਂ ਕਿਹਾ ਕਿ ਪੰਜ ਮੈਂਬਰੀ ਕਮੇਟੀ ਵਲੋਂ ਅਕਾਲ ਤਖ਼ਤ ਸਾਹਿਬ ਦੇ ਆਦੇਸ਼ ਅਨੁਸਾਰ ਬੰਦੀ ਸਿੰਘਾਂ ਦੇ ਮਾਮਲੇ 'ਤੇ ਕੇਂਦਰ ਸਰਕਾਰ ਦਾ ਪਹਿਲੇ ਪਾਤਿਸ਼ਾਹ ਦੇ 550ਵੇਂ ਪ੍ਰਕਾਸ਼ ਪੁਰਬ ਮੌਕੇ 2019 ਦਾ ਨੋਟੀਫਿਕੇਸ਼ਨ ਲਾਗੂ ਕਰਵਾਉਣ ਲਈ ਹੀ ਯਤਨ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਕਮੇਟੀ ਆਸਵੰਦ ਹੈ ਕਿ ਭਾਈ ਰਾਜੋਆਣਾ ਅਤੇ ਸਜ਼ਾਵਾਂ ਪੂਰੀਆਂ ਕਰ ਚੁੱਕੇ ਹੋਰ ਬੰਦੀ ਸਿੰਘਾਂ ਦੀ ਰਿਹਾਈ ਦਾ ਮਾਮਲਾ ਜਲਦ ਹੀ ਕੇਂਦਰੀ ਗ੍ਰਿਹ ਮੰਤਰਾਲੇ ਕੋਲ ਉਠਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਪੰਜ ਮੈਂਬਰੀ ਕਮੇਟੀ ਦੀ ਚੱਲ ਰਹੀ ਹੁਣ ਤੱਕ ਦੀ ਕਾਰਗੁਜ਼ਾਰੀ ਬਾਰੇ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਵੀ ਜਲਦ ਜਾਣੂੰ ਕਰਵਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਡਾ. ਬਰਜਿੰਦਰ ਸਿੰਘ ਹਮਦਰਦ ਦੀ ਸ਼ਖ਼ਸੀਅਤ ਅਤੇ ਸ. ਕਾਲਕਾ ਦੇ ਤਜਰਬੇ ਦਾ ਲਾਭ ਉਠਾਉਂਦਿਆਂ ਕਮੇਟੀ ਆਸਵੰਦ ਹੈ ਕਿ ਜਲਦ ਹੀ ਇਸ ਮਾਮਲੇ 'ਚ ਕੋਈ ਸਾਰਥਿਕ ਹੱਲ ਨਿਕਲ ਆਵੇਗਾ। ਇਸੇ ਦੌਰਾਨ ਐਡਵੋਕੇਟ ਧਾਮੀ ਨੇ ਡੇਰਾ ਸਿਰਸਾ ਮੁਖੀ ਨੂੰ ਸਰਕਾਰ ਵਲੋਂ ਮੁੜ ਦਿੱਤੀ ਪੈਰੋਲ ਸੰਬੰਧੀ ਪੁੱਛੇ ਸਵਾਲ 'ਤੇ ਕਿਹਾ ਕਿ ਸਰਕਾਰਾਂ ਨੂੰ ਦੋਹਰੇ ਮਾਪਦੰਡ ਨਹੀਂ ਅਪਣਾਉਣੇ ਚਾਹੀਦੇ। ਇਕ ਪਾਸੇ ਉਸ ਨੂੰ ਵਾਰ-ਵਾਰ ਪੈਰੋਲ ਮਿਲ ਰਹੀ ਹੈ, ਦੂਜੇ ਪਾਸੇ ਸਜ਼ਾਵਾਂ ਪੂਰੀਆਂ ਹੋਣ ਦੇ ਬਾਵਜੂਦ ਬੰਦੀ ਸਿੰਘ ਲੰਬੇ ਸਮੇਂ ਤੋਂ ਜੇਲ੍ਹਾਂ 'ਚ ਬੰਦ ਹਨ।




# ਰਾਸ਼ਟਰਪਤੀ ਚੋਣ ਲਈ ਸੌਖਾ ਨਹੀਂ ਟਰੰਪ ਦਾ ਰਾਹ

ਸਾਬਕਾ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕੁਝ ਮਹੀਨਿਆਂ ਬਾਅਦ ਹੋਣ ਵਾਲੀ ਰਾਸ਼ਟਰਪਤੀ ਦੀ ਚੋਣ ਲਈ ਅਦਾਲਤੀ ਰੁਕਾਵਟਾਂ ਦੇ ਬਾਵਜੂਦ ਵੀ ਆਪਣੀ ਸਰਗਰਮੀ ਬੜੀ ਤੇਜ਼ੀ ਨਾਲ ਸ਼ੁਰੂ ਕੀਤੀ ਹੋਈ ਹੈ। ਦੂਜੇ ਪਾਸੇ ਚੋਣਾਂ ਸੰਬੰਧੀ ਇਕ ਸਰਵੇਖਣ ਇਹ ਦਰਸਾਉਂਦਾ ਹੈ ਕਿ ਵਰਤਮਾਨ ਰਾਸ਼ਟਰਪਤੀ ਜੋਅ ਬਾਈਡਨ ਦੀ ਲੋਕਪ੍ਰਿਯਤਾ ਹਾਲੇ ਵੀ 49 ਫੀਸਦੀ ਹੈ, ਜਦਕਿ ਟਰੰਪ ਦੀ 41 ਫੀਸਦੀ ਦੇ ਨੇੜੇ-ਨੇੜੇ ਹੈ। 10 ਫੀਸਦੀ ਦੇ ਖਾਤੇ ਵਿਚ ਨਿੱਕੀ ਹੈਲੇ, ਕਮਲਾ ਹੈਰਿਸ, ਵਿਵੇਕ ਸਵਾਮੀ ਆਦਿ ਆਗੂ ਗਿਣੇ ਜਾ ਰਹੇ ਹਨ। ਦਿਲਚਸਪ ਤੱਥ ਇਹ ਵੀ ਹਨ ਕਿ ਅਮਰੀਕੀ ਚੋਣ ਪ੍ਰਣਾਲੀ 'ਚ ਅਸਲ ਚੋਣ ਪ੍ਰਕਿਰਿਆ ਤੋਂ ਪਹਿਲਾਂ ਡੈਮੋਕਰੇਟਿਕ ਤੇ ਰਿਪਬਲਿਕਨ ਦੋਵਾਂ ਪਾਰਟੀਆਂ ਅੰਦਰ ਉਮੀਦਵਾਰਾਂ ਵਿਚਕਾਰ ਪ੍ਰਾਇਮਰੀ ਚੋਣਾਂ ਦਾ ਮੁਕਾਬਲਾ ਵੀ ਫਸਵਾਂ ਤੇ ਰੌਚਕ ਹੁੰਦਾ ਹੈ। ਜਿਵੇਂ ਅੱਜਕੱਲ੍ਹ ਆਪਣੀ ਹੀ ਰਿਪਬਲਿਕਨ ਪਾਰਟੀ 'ਚ ਨਿੱਕੀ ਹੈਲੇ ਤੇ ਟਰੰਪ ਆਹਮੋ-ਸਾਹਮਣੇ ਹਨ। ਵੇਖਿਆ ਜਾਵੇ ਤਾਂ ਇਹੋ ਵਿਧੀ ਹੈ, ਜਿਸ ਨਾਲ ਸਮਰੱਥ ਤੇ ਕਾਬਿਲ ਉਮੀਦਵਾਰ ਮੁੱਖ ਚੋਣ ਜਿੱਤਣ ਲਈ ਬਰੀਕ ਛਾਨਣੀ ਲੱਗਣ ਵਾਲੀ ਪ੍ਰਕਿਰਿਆ 'ਚੋਂ ਗੁਜ਼ਰਦੇ ਹਨ।

ਡੋਨਾਲਡ ਟਰੰਪ ਦੇ ਸਮਰਥਕ ਆਈਓਵਾ ਦੀ ਜਿੱਤ ਨੂੰ ਦੇਖ ਕੇ ਉਸ ਦੇ ਰਾਸ਼ਟਰਪਤੀ ਚੁਣੇ ਜਾਣ ਦੇ ਦਾਅਵਿਆਂ ਨੂੰ ਮਜ਼ਬੂਤੀ ਨਾਲ ਪੇਸ਼ ਕਰ ਰਹੇ ਹਨ, ਜਦੋਂ ਕਿ ਉਨ੍ਹਾਂ ਨੂੰ ਪਤਾ ਵੀ ਹੈ ਕਿ ਸੁਪਨਾ ਸਾਕਾਰ ਤਾਂ ਹੀ ਹੋਵੇਗਾ ਜੇ ਟਰੰਪ ਬਾਕੀ ਸੂਬਿਆਂ 'ਚ ਵੀ ਅਜਿਹਾ ਹੀ ਪ੍ਰਦਰਸ਼ਨ ਕਰ ਦਿਖਾਉਣ। ਪਰ ਅਜਿਹਾ ਹੋਣਾ ਔਖਾ ਬਹੁਤ ਹੈ। ਪਿਛਲੀਆਂ ਚੋਣਾਂ ਵਾਂਗ ਮੁਕਾਬਲਾ ਜੋਅ ਬਾਈਡਨ ਅਤੇ ਟਰੰਪ ਦਰਮਿਆਨ ਹੋ ਸਕਦਾ ਹੈ ਪਰ ਜਿਸ ਤਰ੍ਹਾਂ ਪਾਰਟੀ ਦੇ ਅੰਦਰੋਂ ਹੀ ਟਰੰਪ ਨੂੰ ਵਿਰੋਧ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਉਹ ਉਨ੍ਹਾਂ ਲਈ ਵੱਡੀ ਮੁਸ਼ਕਿਲ ਹੈ। ਮਿਸਾਲ ਵਜੋਂ ਨਿਊਯਾਰਕ ਦੀ ਸਾਬਕਾ ਗਵਰਨਰ ਕ੍ਰਿਸ ਕ੍ਰਿਸਟੀ ਨੇ ਪ੍ਰਾਇਮਰੀ ਚੋਣਾਂ ਤੋਂ ਪਹਿਲਾਂ ਹੈਂਪਸ਼ਾਇਰ ਵਿਚ ਆਪਣੀ ਚੋਣ ਮੁਹਿੰਮ ਨੂੰ ਮੁਅੱਤਲ ਕਰ ਦਿੱਤਾ ਹੈ। ਇਹ ਰਿਪਬਲਿਕਨਾਂ ਦਾ ਗੜ੍ਹ ਹੈ ਤੇ ਕ੍ਰਿਸਟੀ ਦੀ ਨਰੋਈ ਪਕੜ ਹੈ ਤੇ ਹੁਣ ਉਹ ਕਿਸ ਦੀ ਮਦਦ ਕਰ ਰਹੀ ਹੈ ਇਹ ਵੀ ਸਭ ਨੂੰ ਪਤਾ ਹੈ।



ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਇਸ ਗੱਲ ਨੂੰ ਇਕ ਚੁਣੌਤੀ ਤੇ ਵੰਗਾਰ ਵਜੋਂ ਲੈ ਰਹੇ ਹਨ ਕਿ ਸਾਲ 2020 ਵਿਚ ਉਨ੍ਹਾਂ ਦਾ ਜੋ ਅਹੁਦਾ ਗੁਆਚ ਗਿਆ ਸੀ, ਉਸ ਨੂੰ ਮੁੜ ਪ੍ਰਾਪਤ ਕੀਤਾ ਜਾਵੇ। ਪਰ ਮੁਲਕ ਦੀ ਰਾਜਧਾਨੀ ਵਾਸ਼ਿੰਗਟਨ 'ਤੇ ਆਪਣੇ ਸਮਰਥਕਾਂ ਨੂੰ ਹਮਲਾ ਕਰਨ ਲਈ ਉਕਸਾਉਣਾ ਉਨ੍ਹਾਂ ਦੇ ਸਿਆਸੀ ਸਫ਼ਰ ਵਿਚ ਅੜਿੱਕਾ ਬਣ ਸਕਦਾ ਹੈ।

ਵ੍ਹਾਈਟ ਹਾਊਸ ਵੱਲ ਦੂਜੀ ਵਾਰੀ ਦੌੜ ਲਗਾ ਰਹੇ ਟਰੰਪ ਨੂੰ ਕਈ ਹੋਰ ਅਪਰਾਧਿਕ ਤੇ ਸਿਵਲ ਕੇਸਾਂ ਵਿਚ ਹੋ ਰਹੀ ਕਾਨੂੰਨੀ ਕਾਰਵਾਈ ਦਾ ਵੀ ਸਾਹਮਣਾ ਕਰਨਾ ਪੈ ਰਿਹਾ ਹੈ, ਜਿਨ੍ਹਾਂ ਵਿਚ ਜਬਰ ਜਨਾਹ, 2020 ਦੇ ਚੋਣ ਨਤੀਜਿਆਂ ਨੂੰ ਉਲਟਾਉਣ ਦੀ ਕੋਸ਼ਿਸ਼ ਤੇ ਬੈਂਕ ਤੋਂ ਕਰਜ਼ਾ ਲੈਣ ਲਈ ਆਪਣੀਆਂ ਜਾਇਦਾਦਾਂ ਦੇ ਮੁੱਲ ਵਿਚ ਧੋਖਾਧੜੀ ਆਦਿ। ਇਕ ਹੇਠਲੀ ਅਦਾਲਤ ਵਲੋਂ ਟਰੰਪ ਨੂੰ ਚੋਣ ਲੜਨ ਤੋਂ ਅਯੋਗ ਕਰਾਰ ਦਿੱਤੇ ਜਾਣ ਸੰਬੰਧੀ ਕੇਸ ਦੀ ਸੁਣਵਾਈ ਵੀ ਅਮਰੀਕਾ ਦੀ ਸੁਪਰੀਮ ਕੋਰਟ ਵਿਚ ਹੋਵੇਗੀ। ਪਰ ਲੰਘੇ ਹਫ਼ਤੇ ਨਿਊਯਾਰਕ ਦੀ ਇਕ ਕੋਰਟ ਵਿਚ ਜਿਹੜਾ ਅਜਬ ਨਜ਼ਾਰਾ ਆਮ ਲੋਕਾਂ ਨੂੰ ਵੇਖਣ ਨੂੰ ਮਿਲਿਆ ਸ਼ਾਇਦ ਅਜਿਹਾ ਰਾਜਨੀਤਕ ਗਲਿਆਰਿਆਂ ਵਿਚ ਕਦੇ ਹੀ ਵਾਪਰਿਆ ਹੋਵੇ। ਦੋਸ਼ਾਂ ਦਾ ਸਾਹਮਣਾ ਕਰ ਰਹੇ ਟਰੰਪ ਨੇ ਜੱਜ ਉੱਤੇ ਹੀ ਗੰਭੀਰ ਦੋਸ਼ ਲਗਾ ਦਿੱਤੇ। ਆਪਣੇ ਨਿਊਯਾਰਕ ਸਿਵਲ ਫਰਾਡ ਕੇਸ ਵਿਚ ਮਾਣਯੋਗ ਜੱਜ ਦੀਆਂ ਚਿਤਾਵਨੀਆਂ ਨੂੰ ਨਜ਼ਰ ਅੰਦਾਜ਼ ਕਰਦਿਆਂ ਟਰੰਪ ਨੇ ਜੱਜ ਨੂੰ ਕਹਿ ਦਿੱਤਾ ਕਿ ਵਿਰੋਧੀ ਧਿਰ ਉਸ ਨੂੰ ਚੋਣ ਪ੍ਰਕਿਰਿਆ ਵਿਚ ਹਿੱਸਾ ਲੈਣ ਤੋਂ ਵਾਂਝਾ ਕਰਨਾ ਚਾਹੁੰਦੀ ਹੈ। ਜੱਜ ਆਰਥਰ ਇੰਗੋਰੇਨ ਦੇ ਸਾਹਮਣੇ ਟਰੰਪ ਨੇ ਨਿਊਯਾਰਕ ਦੇ ਅਟਾਰਨੀ ਜਨਰਲ 'ਤੇ ਤਿੱਖਾ ਹਮਲਾ ਕਰਦਿਆਂ ਕਿਹਾ ਕਿ ਉਹ ਨਹੀਂ ਚਾਹੁੰਦਾ ਕਿ ਮੈਂ ਰਾਸ਼ਟਰਪਤੀ ਬਣਾ। ਜੱਜ ਨੇ ਟਰੰਪ ਦੇ ਵਕੀਲ ਨੂੰ ਕਿਹਾ ਕਿ ਆਪਣੇ ਮੁਵੱਕਲ ਨੂੰ ਚੁੱਪ ਕਰਵਾਓ ਤੇ ਕਹੋ ਕਿ ਆਪੇ ਤੋਂ ਬਾਹਰ ਨਾ ਜਾਵੇ। ਟਰੰਪ ਲਈ ਇਕ ਹੋਰ ਵੱਡੀ ਚੁਣੌਤੀ ਸਾਊਥ ਕੈਰੋਲੀਨਾ ਦੀ ਸਾਬਕਾ ਗਵਰਨਰ ਤੇ ਸੰਯੁਕਤ ਰਾਸ਼ਟਰ ਵਿਚ ਰਾਜਦੂਤ ਰਹਿ ਚੁੱਕੀ ਨਿੱਕੀ ਹੈਲੇ ਹੈ, ਜੋ ਰਿਪਬਲਿਕਨ ਪਾਰਟੀ 'ਚ ਹੀ ਆਪਣੇ ਮਜ਼ਬੂਤ ਪ੍ਰਦਰਸ਼ਨ ਨਾਲ ਟਰੰਪ ਦੇ ਪੈਰ ਨਹੀਂ ਲੱਗਣ ਦੇ ਰਹੀ। ਚੋਣ ਵਿਸ਼ਲੇਸ਼ਕਾਂ ਦਾ ਮੰਨਣਾ ਹੈ ਕਿ ਨਿੱਕੀ ਉਸ ਦਾ ਬਦਲ ਬਣ ਕੇ ਦੂਜਾ ਸਥਾਨ ਹਾਸਲ ਕਰ ਸਕਦੀ ਹੈ। ਉਸ ਨੂੰ ਹੈਂਪਸ਼ਾਇਰ ਵਿਚ ਵੱਡਾ ਸਮਰਥਨ ਮਿਲ ਰਿਹਾ ਹੈ।

ਲੰਘੇ ਹਫ਼ਤੇ ਜਾਰੀ ਦੋ ਚੋਣ ਸਰਵੇਖਣਾਂ 'ਚ ਹੈਲੇ ਨੇ ਨਿਊ ਇੰਗਲੈਂਡ ਸੂਬੇ 'ਚ ਟਰੰਪ ਦੀ ਪਕੜ ਵਿਚ ਵੱਡੀ ਸੰਨ੍ਹ ਲਾਈ ਤੇ ਸੀ.ਐੱਨ.ਐੱਨ. ਦੀ ਇਕ ਰਿਪੋਰਟ ਨੇ ਪ੍ਰਾਇਮਰੀ ਚੋਣ 'ਚ ਟਰੰਪ ਨੂੰ 7 ਤੇ ਨਿੱਕੀ ਨੂੰ 20 ਅੰਕ ਦਿੱਤੇ।

ਅਜੋਕੀ ਸਥਿਤੀ ਵਿਚ ਇਹ ਕਿਹਾ ਜਾ ਸਕਦਾ ਹੈ ਕਿ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਆਪਣੀ ਚੋਣ ਮੁਹਿੰਮ ਨੂੰ ਅੱਗੇ ਵਧਾਉਣ ਲਈ ਹਰ ਹੀਲਾ, ਹਰ ਹਰਬਾ ਵਰਤ ਰਹੇ ਹਨ ਪਰ ਅਦਾਲਤਾਂ ਦੀਆਂ ਗੁੰਝਲਦਾਰ ਘੁੰਮਣਘੇਰੀਆਂ ਤੇ ਆਪਣਿਆਂ ਦੇ ਹੀ ਵਿਰੋਧ ਕਾਰਨ ਉਨ੍ਹਾਂ ਲਈ ਜਿੱਤ ਹਾਸਿਲ ਕਰਨਾ ਸੁਖਾਲਾ ਨਹੀਂ ਹੋਵੇਗਾ। ਉੱਧਰ ਜੋ ਬਾਈਡਨ ਦੀ ਢਿੱਲੀ ਕਾਰਗੁਜ਼ਾਰੀ ਤੇ ਕੁਝ ਵਿਦੇਸ਼ੀ ਨੀਤੀਆਂ ਕਾਰਨ ਉਨ੍ਹਾਂ ਦੇ ਹੱਕ ਵਿਚ ਵੀ ਹਵਾ ਨਹੀਂ ਬਣ ਰਹੀ। ਅਗਲੀਆਂ ਰਾਸ਼ਟਰਪਤੀ ਚੋਣਾਂ ਵਿਚ ਦੁਨੀਆ ਦੇ ਤਾਕਤਵਰ ਮੁਲਕ ਅਮਰੀਕਾ ਦਾ ਮੁਖੀ ਬਣਨਾ ਇਸ ਸਮੇਂ ਲਈ ਵੀ ਮਹੱਤਵਪੂਰਨ ਹੋ ਗਿਆ ਹੈ, ਕਿਉਂਕਿ ਅਜੋਕੇ ਸਮੇਂ ਵਿਚ ਅਮਰੀਕਾ ਬੇਹੱਦ ਮੁਸ਼ਕਿਲ ਸਥਿਤੀਆਂ 'ਚੋਂ ਲੰਘ ਰਿਹਾ ਹੈ।

**-ਐਸ. ਅਸ਼ੋਕ ਭੌਰਾ**

# ਸੂਬੇ ਲਈ ਨੁਕਸਾਨਦੇਹ ਹੋ ਸਕਦੀ ਹੈ ਉਦਯੋਗਾਂ ਦੀ ਹਿਜਰਤ

**ਪ੍ਰੋ. ਰਣਜੀਤ ਸਿੰਘ ਧਨੋਆ**

ਖੇਤੀ ਪ੍ਰਧਾਨ ਅਤੇ ਸਰਹੱਦੀ ਸੂਬਾ ਹੋਣ ਕਰਕੇ ਕਾਰਨ ਅਤੇ ਗੁਆਂਢੀ ਮੁਲਕ ਪਾਕਿਸਤਾਨ ਨਾਲ ਬਣਦੇ ਵਿਗੜਦੇ ਸੰਬੰਧਾਂ ਦੇ ਸੰਦਰਭ ਵਿਚ ਰਾਜ ਲਈ ਉਦਯੋਗਿਕ ਨੀਤੀ ਬਣਾਉਣਾ 'ਤੇ ਲਾਗੂ ਕਰਨਾ ਇਕ ਵੱਡੀ ਚੁਣੌਤੀ ਹੈ। ਹਿਮਾਚਲ ਤੇ ਉੱਤਰਾਖੰਡ ਆਦਿ ਨੇੜੇ ਦੇ ਪਹਾੜੀ ਰਾਜਾਂ ਨੂੰ ਸਨਅਤੀ ਵਿਕਾਸ ਲਈ ਮਿਲੀਆਂ ਕੇਂਦਰੀ ਰਿਆਇਤਾਂ ਕਾਰਨ ਵੀ ਰਾਜ ਵਿਚ ਸਨਅਤੀ ਵਿਕਾਸ ਲਈ ਇਧਰ-ਉਧਰ ਕਿਸੇ ਹੋਰ ਸੂਬੇ ਦੇ ਉਦਯੋਗ ਦੀ ਸਫਲਤਾ ਜਾਂ ਅਸਫਲਤਾ ਨੂੰ ਆਧਾਰ ਬਣਾ ਕੇ ਇਥੇ ਕਿਸੇ ਪ੍ਰਕਾਰ ਦੇ ਤਜਰਬੇ ਦੀ ਕੋਈ ਗੁੰਜਾਇਸ਼ ਨਹੀਂ ਹੈ। ਇਸ ਨੂੰ ਖੇਤੀ ਆਧਾਰਿਤ ਹੀ ਆਪਣਾ ਸਨਅਤੀ ਮਾਡਲ ਵਿਕਸਿਤ ਕਰਨ ਦੀ ਲੋੜ ਹੈ।

ਪੰਜਾਬ 'ਚ ਜੋਤਾਂ ਦੇ ਸੁੰਗੜਦੇ ਆਕਾਰ, ਰੁਜ਼ਗਾਰ ਦੇ ਸਰੋਤਾਂ ਦਾ ਲੋੜੀਂਦੀ ਦਰ ਨਾਲ ਵਿਕਸਿਤ ਨਾ ਹੋ ਸਕਣਾ ਅਤੇ ਨੌਜਵਾਨ ਸ਼ ?ਰੇਣੀ ਦਾ ਪੜ੍ਹਾਈ ਬਹਾਨੇ ਪ੍ਰਵਾਸ, ਸੂਬੇ ਸਾਹਮਣੇ ਇਹ ਤਿੰਨ ਉਹ ਚੁਣੌਤੀਆਂ ਹਨ, ਜਿਨ੍ਹਾਂ ਨਾਲ ਫੌਰੀ ਤੌਰ 'ਤੇ ਨਜਿੱਠਿਆ ਜਾਣਾ ਬਣਦਾ ਹੈ। ਲਗਭਗ ਛੇ ਕੁ ਮਹੀਨੇ ਪਹਿਲਾਂ ਆਮ ਆਦਮੀ ਪਾਰਟੀ (ਆਪ) ਦੇ ਸੁਪਰੀਮੋ ਅਰਵਿੰਦ ਕੇਜਰੀਵਾਲ ਨੇ 'ਸਰਕਾਰ ਸਨਅਤਕਾਰ ਮਿਲਣੀ' ਪ੍ਰੋਗਰਾਮ ਤਹਿਤ ਉਦਯੋਗਪਤੀਆਂ ਦੇ ਇਕ ਵਫਦ ਨੂੰ ਮਿਲਣ ਤੋਂ ਬਾਅਦ ਉਮੀਦ ਜਤਾਈ ਸੀ ਕਿ ਸੂਬੇ ਵਿਚ ਡੇਢ ਤੋਂ ਦੋ ਲੱਖ ਕਰੋੜ ਰੁਪਏ ਦਾ ਨਿਵੇਸ਼ ਹੋ ਸਕਦਾ ਹੈ ਅਤੇ ਪੰਜਾਹ ਹਜ਼ਾਰ ਕਰੋੜ ਰੁਪਏ ਦੇ ਨਿਵੇਸ਼ ਸੰਬੰਧੀ ਤਾਂ 'ਪੇਪਰ ਦਿਖਾਉਂਦਿਆਂ' ਸਮਝੌਤਿਆਂ ਅਤੇ ਜ਼ਮੀਨਾਂ ਦੀ ਖਰੀਦ ਤੱਕ ਹੋ ਜਾਣ ਦਾ ਦਾਅਵਾ ਕੀਤਾ ਗਿਆ ਸੀ। ਜੋ ਸਭ ਤੋਂ ਮਹੱਤਵਪੂਰਨ ਗੱਲ ਉਨ੍ਹਾਂ ਕਹੀ, ਉਹ ਇਹ ਸੀ ਕਿ ਸਨਅਤਕਾਰ ਸੂਬੇ ਵਿਚ ਮਾਹੌਲ ਤੋਂ ਪੂਰੀ ਤਰ੍ਹਾਂ ਸੰਤੁਸ਼ਟ ਹਨ।

ਪਰੰਤੂ ਹਾਲ ਹੀ ਵਿਚ ਉਪਰੋ-ਥਲੀ ਵਾਪਰੀਆਂ ਘਟਨਾਵਾਂ ਨੇ ਸਭ ਦਾ ਧਿਆਨ ਖਿੱਚਿਆ ਹੈ। ਪੰਜਾਬ ਦੇ ਪੰਜ ਦਰਜਨ ਦੇ ਕਰੀਬ ਵੱਡੇ ਉਦਯੋਗਿਕ ਘਰਾਣੇ ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਨੂੰ ਮਿਲੇ ਅਤੇ ਉੱਤਰ ਪ੍ਰਦੇਸ਼ ਵਿਚ ਵੱਡਾ ਨਿਵੇਸ਼ ਕਰਨ 'ਚ ਦਿਲਚਸਪੀ ਦਾ ਪ੍ਰਗਟਾਵਾ ਕੀਤਾ।

ਇਸ ਪਹਿਲੂ ਦਾ ਹੈਰਾਨੀਜਨਕ ਪੱਖ ਕਹੋ ਜਾਂ ਚਿੰਤਾਜਨਕ, ਇਨ੍ਹਾਂ ਕਾਰੋਬਾਰੀਆਂ ਨੇ ਉੱਤਰ ਪ੍ਰਦੇਸ਼ 'ਚ ਨਿਵੇਸ਼ ਕਰਨ ਦੀ ਮਜਬੂਰੀ ਪਿੱਛੇ ਪੰਜਾਬ 'ਚ ਅਮਨ ਕਾਨੂੰਨ ਪੱਖੋਂ ਵਿਗੜ ਰਹੇ ਹਾਲਾਤ ਨੂੰ ਜ਼ਿੰਮੇਵਾਰ ਦੱਸਿਆ। ਸੂਬੇ 'ਚ ਪਿਛਲੇ ਲੰਮੇ ਸਮੇਂ ਤੋਂ ਕੰਮ ਕਰਦੇ ਕਾਰੋਬਾਰੀ ਘਰਾਣੇ ਪੰਜ ਲੱਖ ਕਰੋੜ ਰੁਪਏ ਉੱਤਰ ਪ੍ਰਦੇਸ਼ ਵਿਚ ਇਸ ਕਰਕੇ ਨਿਵੇਸ਼ ਕਰ ਰਹੇ ਹਨ, ਕਿਉਂਕਿ ਸਨਅਤਕਾਰ ਵਰਗ ਨੂੰ ਸੂਬੇ ਦਾ ਸੁਰੱਖਿਆ ਦੇ ਪੱਖ ਤੋਂ ਮਾਹੌਲ ਇਸ ਵਕਤ ਉਦਯੋਗਾਂ ਲਈ ਸੁਖਾਵਾਂ ਨਹੀਂ ਲਗਦਾ।

ਲੁਧਿਆਣੇ ਦੇ ਇਕ ਹੌਜ਼ਰੀ ਸਨਅਤਕਾਰ ਨੂੰ ਦਿਨ-ਦਿਹਾੜੇ ਉਸੇ ਦੀ ਗੱਡੀ 'ਚ ਅਗਵਾ ਕਰ ਲੈਣ ਉਪਰੰਤ ਘੰਟਿਆਂਬੱਧੀ ਉਸ ਨੂੰ ਨਾ ਕੇਵਲ ਸ਼ਹਿਰ 'ਚ ਘੁੰਮਾਇਆ ਗਿਆ ਬਲਕਿ ਉਸੇ ਦੇ ਹੀ ਫ਼ੋਨ ਤੋਂ ਉਸ ਦੀ ਪਤਨੀ ਤੋਂ ਫਿਰੌਤੀ ਦੀ ਮੰਗ ਕੀਤੀ ਗਈ ਅਤੇ ਅਸਫਲ ਰਹਿਣ ਉਪਰੰਤ ਉਸ ਨੂੰ ਗੋਲੀ ਮਾਰ ਕੇ ਗੱਡੀ 'ਚੋਂ ਸੁੱਟ ਜਾਣ ਉਪਰੰਤ ਜਿਵੇਂ ਅਗਵਾਕਾਰ ਬਗੈਰ ਕਿਸੇ ਡਰ-ਭੈਅ ਤੋਂ ਫਰਾਰ ਹੋਣ 'ਚ ਸਫਲ ਹੋਏ ਹਨ, ਉਸ ਨਾਲ ਸੂਬੇ ਦੇ ਵਪਾਰੀ ਅਤੇ ਕਾਰੋਬਾਰੀ ਵਰਗ 'ਚ ਡਾਹਢੀ ਚਿੰਤਾ ਪਾਈ ਜਾਣੀ ਸੁਭਾਵਿਕ ਹੈ। ਦੂਜੇ ਪਾਸੇ ਯੋਗੀ ਆਦਿੱਤਿਆਨਾਥ ਦੀ ਸਮਾਜ ਵਿਰੋਧੀ ਤੱਤਾਂ ਪ੍ਰਤੀ ਦਿਖਾਈ ਗਈ ਸਖ਼ਤੀ ਤੋਂ ਸਮਾਜ ਦਾ ਕਾਰੋਬਾਰੀ ਤਬਕਾ ਪ੍ਰਭਾਵਿਤ ਹੋਇਆ ਹੈ।

ਪਾਠਕ ਵਰਗ ਦਾ ਧਿਆਨ ਤਜਰਬੇ ਦੀ ਜ਼ਰੂਰੀ ਲੋੜ 'ਤੇ ਇਸ ਕਰਕੇ ਕੇਂਦਰਿਤ ਕਰਨਾ ਚਾਹੁੰਦੇ ਹਾਂ, ਕਿਉਂਕਿ ਮੁੱਦਾ ਬੇਹੱਦ ਸੰਵੇਦਨਸ਼ੀਲ ਹੈ। ਨਵੇਂ ਉਦਯੋਗ ਨੂੰ ਪ੍ਰਫੁਲਿਤ ਕਰਨਾ ਹੈ ਇਸ ਲਈ ਨਵਿਆਂ ਨੂੰ ਸਬਸਿਡੀ ਅਤੇ ਹੋਰ ਟੈਕਸ 'ਚ ਸਹੂਲਤਾਂ ਦੇਣੀਆਂ ਬਣਦੀਆਂ ਹਨ। ਪਰੰਤੂ ਪਹਿਲਾਂ ਤੋਂ ਚੱਲ ਰਹੇ ਉਦਯੋਗ ਦੇ ਹਿਤਾਂ ਦਾ ਵੀ ਧਿਆਨ ਰੱਖਣਾ ਹੈ। ਪੁਰਾਣੇ ਦੀ ਕੀਮਤ 'ਤੇ ਨਵਾਂ ਨਹੀਂ ਉਸਾਰਿਆ ਜਾਣਾ ਚਾਹੀਦਾ। ਇਸ ਦੇ ਨਾਲ ਹੀ ਗੁਆਂਢੀ ਅਤੇ ਪਹਾੜੀ ਸੂਬਿਆਂ 'ਚ ਉਦਯੋਗਿਕ ਖੇਤਰ ਨੂੰ ਕੇਂਦਰ ਅਤੇ ਸੂਬਾ ਸਰਕਾਰ ਵਲੋਂ ਮਿਲਣ ਵਾਲੀਆਂ ਸਹੂਲਤਾਂ ਨੂੰ ਵੀ ਅੱਖੋਂ-ਪਰੋਖੇ ਨਹੀਂ ਕੀਤਾ ਜਾ ਸਕਦਾ।

ਗੁਆਂਢੀ ਸੂਬਿਆਂ ਵਲੋਂ ਮੁਹੱਈਆ ਕਰਵਾਈਆਂ ਜਾਣ ਵਾਲੀਆਂ ਰਿਆਇਤਾਂ ਦੀ ਤਰਜ਼ 'ਤੇ ਹੀ ਪੰਜਾਬ ਸਰਕਾਰ ਵਲੋਂ ਨਵੇਂ ਉਦਯੋਗਾਂ ਲਈ ਨੀਤੀ ਬਣਾਈ ਗਈ ਸੀ, ਜਿਸ ਦੇ ਤਹਿਤ ਨਵੇਂ ਉਦਯੋਗ ਨੂੰ ਸਰਕਾਰ ਵਲੋਂ ਨਿਵੇਸ਼ ਕੀਤੀ ਧਨ ਰਾਸ਼ੀ ਦਾ 200 ਫ਼ੀਸਦੀ ਰਿਫੰਡ ਕਰਨ ਦਾ ਵਾਅਦਾ ਕੀਤਾ ਗਿਆ ਸੀ, ਸਸਤੀ ਦਰ 'ਤੇ ਬਿਜਲੀ ਅਤੇ ਜ਼ਮੀਨ ਖਰੀਦਣ ਲਈ ਅਸ਼ਟਾਮ ਖਰਚਾ ਸੌ ਪ੍ਰਤੀਸ਼ਤ ਮੁਆਫ ਕੀਤਾ ਗਿਆ।

ਪੁਰਾਣੇ ਸਨਅਤਕਾਰਾਂ ਦੇ ਵਫਦ ਨੇ ਨਿਵੇਸ਼ ਸੰਮੇਲਨ 'ਚ ਸਰਕਾਰ ਕੋਲ ਬਾਕਾਇਦਾ ਚਿੰਤਾ ਜ਼ਾਹਿਰ ਕੀਤੀ ਸੀ ਕਿ ਨਵੀਂ ਉਦਯੋਗਿਕ ਨੀਤੀ ਸੂਬੇ 'ਚ ਪਹਿਲਾਂ ਚੱਲ ਰਹੇ ਉਦਯੋਗ ਨੂੰ ਵੱਡੀ ਸੱਟ ਮਾਰੇਗੀ। ਕਾਰਨ ਸਸਤੀ ਬਿਜਲੀ, ਜੀ.ਐਸ.ਟੀ. 'ਚ 8 ਸਾਲ ਦੀ ਛੋਟ ਵਾਲੇ ਉਦਯੋਗ ਦੀ ਪੈਦਾਵਾਰ ਦੀਆਂ ਕੀਮਤਾਂ ਦਾ ਮੁਕਾਬਲਾ ਪੁਰਾਣਾ ਉਦਯੋਗਿਕ ਖੇਤਰ ਕਿਵੇਂ ਕਰ ਸਕੇਗਾ? ਇੱਥੋਂ ਤਕ ਕੁਝ ਨਿਵੇਸ਼ਕਾਂ ਨੇ ਕਿਹਾ ਕਿ ਜੇਕਰ ਨਵੀਂ ਉਦਯੋਗਿਕ ਨੀਤੀ ਨੂੰ ਮੁੜ ਨਾ ਵਿਚਾਰਿਆ ਗਿਆ ਤਾਂ ਪੰਜਾਬ ਦੇ ਉਦਯੋਗਪਤੀਆਂ ਨੂੰ ਸੂਬੇ ਤੋਂ ਬਾਹਰ ਕਾਰੋਬਾਰ ਕਰਨ ਲਈ ਮਜਬੂਰ ਹੋਣਾ ਪੈ ਸਕਦਾ ਹੈ। ਯੋਗੀ ਆਦਿੱਤਿਆਨਾਥ ਨੂੰ ਮਿਲਣ ਵਾਲੇ ਵਫਦ ਨੇ ਇਹੀ ਗੱਲ ਦੁਹਰਾਈ ਹੈ ਕਿ ਸਾਨੂੰ ਉੱਤਰ-ਪ੍ਰਦੇਸ਼ ਦੇ ਮੁੱਖ ਮੰਤਰੀ ਦੀ ਪੇਸ਼ਕਸ਼ ਮਜਬੂਰੀ ਵਿਚ ਸਵੀਕਾਰ ਕਰਨੀ ਪਈ ਹੈ।

ਇਸੇ ਲਈ ਅਸੀਂ ਲਿਖਿਆ ਸੀ ਕਿ ਕਾਰਜ ਖੇਤਰ ਕੋਈ ਵੀ ਹੋਵੇ, 'ਤਜਰਬੇ' ਦੇ ਮਹੱਤਵ ਨੂੰ ਅਣਗੌਲਿਆਂ ਕਰਕੇ ਨਹੀਂ ਦੇਖਿਆ ਜਾ ਸਕਦਾ। ਅਜਿਹੇ ਮੁਸ਼ਕਿਲ ਹਾਲਾਤ ਦਾ ਸਾਹਮਣਾ ਕਰਨ ਲਈ ਪ੍ਰੌੜ੍ਹ ਅਤੇ ਦੂਰ-ਅੰਦੇਸ਼ੀ ਸਿਆਣਪ ਭਰੇ ਫ਼ੈਸਲੇ ਲੈਣ ਦੀ ਲੋੜ ਹੁੰਦੀ ਹੈ, ਜਿਸ ਦੀ ਅਣਹੋਂਦ ਦੇ ਚਲਦਿਆਂ ਹੀ ਸੂਬੇ ਦੇ ਕਾਰੋਬਾਰੀ ਸ਼ਾਇਦ ਉੱਤਰ ਪ੍ਰਦੇਸ਼ ਵੱਲ ਰੁਖ ਕਰਨ ਲਈ ਮਜਬੂਰ ਹੋਏ ਹੋਣਗੇ। ਇਸ ਦੀ ਪੰਜਾਬ ਨੂੰ ਆਉਣ ਵਾਲੇ ਸਮੇਂ 'ਚ ਡਾਹਢੀ ਕੀਮਤ ਚੁਕਾਉਣੀ ਪੈ ਸਕਦੀ ਹੈ।

**ਉਦਯੋਗਾਂ ਦਾ ਮਹੱਤਵ :** ਸੂਬੇ ਦੇ ਕੁੱਲ ਰੁਜ਼ਗਾਰ ਵਸੀਲਿਆਂ ਦਾ 23% ਇਕੱਲਾ ਉਦਯੋਗਿਕ ਖੇਤਰ ਸੰਭਾਲ ਰਿਹਾ ਹੈ। ਇਸ ਤੋਂ ਇਲਾਵਾ ਜਿਵੇਂ-ਜਿਵੇਂ ਉਦਯੋਗ ਤਰੱਕੀ ਕਰਦਾ ਹੈ, ਸੂਬੇ ਦੀ ਆਰਥਿਕਤਾ ਨੂੰ ਬਹੁ-ਧਾਰਾਵੀ ਹੁਲਾਰਾ ਮਿਲਦਾ ਹੈ। ਮਸਲਨ ਬੈਂਕਾਂ, ਬੀਮਾ ਖੇਤਰ, ਸੜਕਾਂ, ਟਰਾਂਸਪੋਰਟ, ਸੰਚਾਰ ਵਿਵਸਥਾ ਆਦਿ ਨਾਲ ਜੁੜੀਆਂ ਸੇਵਾਵਾਂ 'ਚ ਇਜ਼ਾਫਾ ਹੋਣਾ ਲਾਜ਼ਮੀ ਹੈ। ਅੰਦਾਜ਼ਾ ਲਗਾਉਣਾ ਔਖਾ ਨਹੀਂ ਕਿ ਉਕਤ ਸੇਵਾਵਾਂ 'ਚ ਵਾਧਾ ਅੱਗੇ ਕਿੰਨੇ ਹੀ ਲੋਕਾਂ ਲਈ ਰੁਜ਼ਗਾਰ ਦੇ ਅਵਸਰ ਲੈ ਕੇ ਹਾਜ਼ਰ ਹੋਵੇਗਾ।

ਹੁਣ ਇਸੇ ਕੜੀ ਨੂੰ ਉਲਟ ਦਿਸ਼ਾ ਵਲੋਂ ਸ਼ੁਰੂ ਕਰਕੇ ਅੱਗੇ ਵਧਣ ਦੀ ਕੋਸ਼ਿਸ਼ ਕਰੋ। ਜੇਕਰ ਸਥਾਪਿਤ ਉਦਯੋਗ ਆਪਣਾ ਬੋਰੀਆ-ਬਿਸਤਰਾ ਸਮੇਟ ਕੇ ਸੂਬੇ ਤੋਂ ਰੁਖਸਤ ਹੋ ਜਾਂਦੇ ਹਨ ਤਾਂ ਰੁਜ਼ਗਾਰ ਅਤੇ ਵਿਕਾਸ ਦੇ ਉਹ ਸਾਰੇ ਪਹਿਲੂ ਪ੍ਰਭਾਵਿਤ ਹੋਏ ਬਿਨਾਂ ਕਿਵੇਂ ਰਹਿ ਸਕਦੇ ਹਨ? ਇਕੱਲਾ ਹੀਰੋ ਸਾਈਕਲ ਗਰੁੱਪ ਹੀ 500 ਕਰੋੜ ਰੁਪਏ ਉੱਤਰ ਪ੍ਰਦੇਸ਼ 'ਚ ਨਿਵੇਸ਼ ਕਰਨ ਦੇ ਸਮਝੌਤਾ ਪੱਤਰ 'ਤੇ ਦਸਤਖ਼ਤ ਕਰਕੇ ਆਇਆ ਹੈ, ਜਦੋਂ ਕਿ ਇਸ ਦਿਸ਼ਾ ਵੱਲ 300 ਕਰੋੜ ਰੁਪਏ ਨਾਲ ਦੂਜੇ ਨੰਬਰ 'ਤੇ ਅੱਗੇ ਵਧਣ ਵਾਲਾ 'ਏਵਨ ਸਾਈਕਲ ਸਮੂਹ' ਹੈ। ਫਿਰ ਇਹ ਘਰਾਣੇ ਆਪਣੇ ਕਾਰੋਬਾਰ ਦਾ ਵਿਸਤਾਰ ਉੱਤਰ ਪ੍ਰਦੇਸ਼ 'ਚ ਹੀ ਕਰਨਗੇ, ਪੰਜਾਬ ਕੀ ਕਰਨ ਆਉਣਾ ਹੈ ਅਗਲਿਆਂ ਨੇ?

ਪੰਜਾਬ 'ਚ ਸੜਕੀ ਅਤੇ ਰੇਲ ਆਵਾਜਾਈ ਦਾ ਵਿਵਸਥਾਗਤ ਢਾਂਚਾ ਬਾਕੀ ਸੂਬਿਆਂ ਦੇ ਮੁਕਾਬਲਤਨ ਵਧੀਆ ਹੀ ਮੰਨਿਆ ਜਾਂਦਾ ਹੈ ਪਰੰਤੂ ਫਿਰ ਵੀ ਰਾਸ਼ਟਰੀ ਘਰੇਲੂ ਪੈਦਾਵਾਰ 'ਚ ਪੰਜਾਬ ਦਾ ਔਸਤਨ ਯੋਗਦਾਨ ਘੱਟ ਰਿਹਾ ਹੈ, ਜਦੋਂ ਕਿ ਹੋਰ ਸੂਬੇ ਇਸ ਔਸਤ 'ਚ ਵਾਧਾ ਦਿਖਾ ਰਹੇ ਹਨ, ਭਾਵੇਂ ਕਿ ਉਹ ਸੂਬੇ 'ਵਿਕਾਸ ਮੁਲਾਂਕਣ ਦੀ ਕਿਸੇ ਵੀ ਪੱਧਤੀ' 'ਤੇ ਪੰਜਾਬ ਤੋਂ ਅੱਗੇ ਨਹੀਂ ਹਨ। ਜਿਸ ਦਾ ਸਪੱਸ਼ਟ ਭਾਵ ਇਹੀ ਬਣਦਾ ਹੈ ਕਿ ਪੰਜਾਬ ਵਿਚ ਉਦਯੋਗ ਬੁਰੀ ਤਰ੍ਹਾਂ ਲੜਖੜਾ ਗਿਆ ਹੈ। ਲੋਹਾ ਇਸਪਾਤ ਦੇ ਉਦਯੋਗ 'ਚ ਮੰਡੀ ਗੋਬਿੰਦਗੜ੍ਹ ਦਾ ਨਾਂਅ ਕਿਸੇ ਵਕਤ ਦੁਨੀਆ ਦੇ ਨਕਸ਼ੇ 'ਤੇ ਦਿਖਾਈ ਪੈਂਦਾ ਸੀ ਪਰੰਤੂ ਹੁਣ ਇਸ ਨਗਰੀ ਦੀ ਹਾਲਤ ਕਿਸੇ ਤੋਂ ਗੁੱਝੀ ਨਹੀਂ ਹੈ। ਕਿਸੇ ਖੇਤਰ ਦੀ ਨਾਂਹ-ਪੱਖੀ ਰਿਪੋਰਟ ਰਾਤੋ-ਰਾਤ ਪੈਦਾ ਹੋਏ ਹਾਲਾਤ ਦੀ ਵਜ੍ਹਾ ਨਾਲ ਨਹੀਂ ਬਣਦੀ। ਉੱਤਰ ਪ੍ਰਦੇਸ਼ ਜਾ ਕੇ ਕਾਰੋਬਾਰ ਕਰਨ ਦੀ ਦਿਲਚਸਪੀ ਦਾ ਪ੍ਰਗਟਾਵਾ ਮਹਿਜ਼ ਪੰਜ-ਸੱਤ ਲੱਖ ਕਰੋੜ ਰੁਪਏ ਦੇ ਨਿਵੇਸ਼ ਦਾ ਸਵਾਲ ਨਹੀਂ ਹੈ, ਬਲਕਿ ਮਾਮਲਾ ਭਵਿੱਖ ਵਿਚਲੀ ਉਦਯੋਗ ਦੀ ਦਿਸ਼ਾ ਦਾ ਹੈ, ਜਿਸ ਨੂੰ ਪੰਜਾਬੀ 'ਚ ਆਖਦੇ ਹਨ ਕਿ 'ਸਹੇ (ਖਰਗੋਸ਼) ਦੀ ਨਹੀਂ ਪਹੇ (ਲੀਹ) ਦੀ ਚਿੰਤਾ ਹੈ'।

**ਸੈਰ ਸਪਾਟਾ ਵਿਭਾਗ :** ਇਸ ਤੋਂ ਪਹਿਲਾਂ ਸੂਬਾ ਸਰਕਾਰ ਵਲੋਂ 'ਸੈਰ ਸਪਾਟਾ ਸਨਅਤ' ਨੂੰ ਪ੍ਰਫੁਲਿਤ ਕਰਨ ਦੀ ਮਨਸ਼ਾ ਨਾਲ ਕਰੋੜਾਂ ਰੁਪਏ ਖਰਚ ਕੇ 'ਨਿਵੇਸ਼ ਸੰਮੇਲਨ' ਕਰਵਾਇਆ ਗਿਆ ਸੀ। ਇਕ ਵੀ ਨਿਵੇਸ਼ਕ ਪੰਜਾਬ 'ਚ ਨਿਵੇਸ਼ ਕਰਨ ਲਈ ਰਾਜ਼ੀ ਨਹੀਂ ਹੋਇਆ। ਵਿਭਾਗ ਦੇ ਇਕ ਅਧਿਕਾਰੀ ਨੇ ਦੱਬਵੀਂ ਸੁਰ ਵਿਚ ਕਿਹਾ ਕਿ ਸੰਮੇਲਨ ਦੀ ਅਸਫ਼ਲਤਾ ਪਿੱਛੇ ਕਾਰਨ ਭਾਵੇਂ ਬਾਹਰੀ ਵਾਤਾਵਰਨ ਦਾ ਅਨੁਕੂਲ ਨਾ ਹੋਣਾ ਦੱਸਿਆ ਜਾ ਰਿਹਾ ਹੋਵੇ ਪਰੰਤੂ ਅਸਲ 'ਚ ਇਹ 'ਤਿਆਰੀ ਤੇ ਤਜਰਬੇ' ਦੀ ਘਾਟ ਹੀ ਸੀ ਕਿ ਅਸੀਂ ਨਿਵੇਸ਼ਕਾਂ ਵਲੋਂ ਉਠਾਏ ਗਏ ਪ੍ਰਸ਼ਨ ਕਿ 'ਸਰ੍ਹੋਂ ਦੇ ਖੇਤਾਂ ਤੋਂ ਬਿਨਾਂ ਪੰਜਾਬ 'ਚ ਦੇਖਣਯੋਗ ਕੀ ਹੈ?' ਦਾ ਉੱਤਰ ਦੇਣ 'ਚ ਨਾਕਾਮਯਾਬ ਰਹੇ ਹਾਂ।

ਸਿੱਟੇ ਵਜੋਂ ਤਿੰਨ ਦਿਨਾਂ ਲਈ ਚੱਲਣ ਵਾਲਾ ਸੰਮੇਲਨ ਡੇਢ ਦਿਹਾੜੀ 'ਚ ਹੀ ਸਮੇਟਣਾ ਪੈ ਗਿਆ। ਸੂਬੇ ਦੇ ਕਰੋੜਾਂ ਰੁਪਏ ਅਜਾਈਂ ਚਲੇ ਗਏ। ਇਕ ਵੀ ਐਮ.ਓ.ਯੂ. ਸਾਈਨ ਨਹੀਂ ਹੋਇਆ। ਸੰਮੇਲਨ ਦੀ ਅਸਫਲਤਾ 'ਤੇ ਮੰਥਨ ਕਰਨ ਦੀ ਜ਼ਰੂਰਤ ਤੱਕ ਨਹੀਂ ਸਮਝੀ ਗਈ। ਖ਼ੈਰ! ਇਸ ਚਰਚਾ ਨੂੰ ਵਿਸ਼ਰਾਮ ਦੇਣ ਲਈ ਇੰਨਾ ਹੀ ਕਹਿਣਾ ਉਚਿਤ ਹੋਵੇਗਾ ਕਿ ਕਿਸੇ ਪ੍ਰਾਂਤਕ ਜਾਂ ਕੇਂਦਰੀ ਸਰਕਾਰ ਦੀ ਕਾਰਗੁਜ਼ਾਰੀ ਦਾ ਮੁਲਾਂਕਣ ਕਰਨ ਲਈ ਦੋ ਸਾਲ ਦਾ ਸਮਾਂ ਥੋੜ੍ਹਾ ਨਹੀਂ ਹੁੰਦਾ। ਬਾਕੀ ਰਹਿ ਗਏ ਤਿੰਨ ਸਾਲਾਂ 'ਚ ਸੂਬੇ ਦੀ ਤਸਵੀਰ ਕਿਹੋ ਜਿਹੀ ਉੱਘੜ ਕੇ ਸਾਹਮਣੇ ਆਵੇਗੀ, ਅੰਦਾਜ਼ਾ ਲਗਾਉਣਾ ਵੀ ਕਠਿਨ ਨਹੀਂ ਹੈ।

ਸਾਡੇ ਲੋਕ
SADE LOK

ਮੁੱਖ ਸੰਪਾਦਕ: **ਸਤਨਾਮ ਸਿੰਘ ਖਾਲਸਾ**, ਸਟੂਡੈਂਟ ਐਡੀਟਰ: **ਹਰਕਰਨ ਸਿੰਘ**,
ਅਸਿਸਟੈਂਟ ਸੰਪਾਦਕ: **ਰਵਿੰਦਰ ਸਿੰਘ ਟਾਂਡਾ**, ਜਨਰਲ ਮੈਨੇਜਰ: **ਹਰਪਾਲ ਸਿੰਘ**

**Office : (925) 243-1300 | Cell : (510) 706-1300 | Fax : (925) 373-1300 | India : 783 706 1300**

**1406 Janis CT Livermore CA 94551**

Disclaimer : Sade Lok Weekly Punjabi Newspaper and People associated with it are not responsible are any chaims made advertisers and do not endorse any product or services advertised in the Sade Lok weekly Punjabi Newspaper. Printing in California and Distributed all over the USA. Please Consult your lawyer before buying-hiring-contracting throgh the advertisement. Publish in Sade Lok Weekly Newspaper. In the Business of selling Space and claims made by the advertiser are not tested.

**ALL DISPUTES SUBJECTED TO THE COUNTY OF ALAMEDA CALIFORINA.** ਲੇਖਕ ਦੇ ਵਿਚਾਰਾਂ ਨਾਲ ਸੰਪਾਦਕ ਦਾ ਅਤੇ ਅਦਾਰਾ ਸਾਡੇ ਲੋਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।

# ਭਾਈ ਕਾਉਂਕੇ ਨੂੰ ਗੁਰਦੁਆਰਾ ਨਾਢਾ ਸਾਹਿਬ ਵਿਖੇ ਪੰਥ ਭੇਂਟ ਕਰੇਗਾ 'ਫ਼ਖ਼ਰ-ਏ-ਕੌਮ' ਐਵਾਰਡ : ਦਾਦੂਵਾਲ



ਸਿਰਸਾ : ਭਾਈ ਗੁਰਦੇਵ ਸਿੰਘ ਕਾਉਂਕੇ ਦੀ ਯਾਦ ਵਿਚ ਇਕ ਸ਼ਹੀਦੀ ਸਮਾਗਮ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ 25 ਜਨਵਰੀ ਦਿਨ ਵੀਵਾਰ ਨੂੰ ਚੰਡੀਗੜ੍ਹ ਨੇੜੇ ਗੁਰਦੁਆਰਾ ਸਾਹਿਬ ਪਾਤਸ਼ਾਹੀ ਦਸਵੀਂ ਨਾਢਾ ਸਾਹਿਬ ਪੰਚਕੂਲਾ ਵਿਖੇ ਚੜ੍ਹਦੀਕਲਾ ਨਾਲ ਕੀਤਾ ਜਾ ਰਿਹਾ ਹੈ। ਜਿਸ ਵਿਚ ਜਥੇਦਾਰ ਕਾਉਂਕੇ ਦੀ ਕੁਰਬਾਨੀ ਨੂੰ ਮੁੱਖ ਰੱਖਦਿਆਂ ਪੰਥਕ ਜਥੇਬੰਦੀਆਂ ਸਿੱਖ ਸੰਗਤਾਂ ਵਲੋਂ 'ਫ਼ਖਰ-ਏ-ਕੌਮ ਪੰਥ ਰਤਨ ਐਵਾਰਡ' ਨਾਲ ਸਨਮਾਨਿਤ ਕੀਤਾ ਜਾਵੇਗਾ। ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੌਜੂਦਾ ਮੈਂਬਰ ਅਤੇ ਸਾਬਕਾ ਪ੍ਰਧਾਨ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਨੇ ਚੰਡੀਗੜ੍ਹ ਵਿਖੇ ਪ੍ਰੈਸ ਕਾਨਫਰੰਸ ਦੌਰਾਨ ਇਹ ਐਲਾਨ ਕੀਤਾ। ਦਾਦੂਵਾਲ ਨੇ ਕਿਹਾ ਕਿ ਜਿਸ ਤਰ੍ਹਾਂ ਅਮਰ ਸ਼ਹੀਦ ਭਾਈ ਮਨੀ ਸਿੰਘ ਜੀ ਨੂੰ ਸਮੇਂ ਦੀ ਜਾਲਮ ਮੁਗ਼ਲ ਹਕੂਮਤ ਵਲੋਂ ਬੰਦ ਬੰਦ ਕੱਟ ਕੇ ਸ਼ਹੀਦ ਕੀਤਾ ਗਿਆ ਸੀ। ਇਸੇ ਤਰ੍ਹਾਂ ਪੰਜਾਬ ਦੀ ਬੇਅੰਤ ਸਿੰਘ ਮੁੱਖ ਮੰਤਰੀ ਦੀ ਸਰਕਾਰ ਦੇ ਜਾਲਮ ਪੁਲਿਸ ਅਫ਼ਸਰਾਂ ਨੇ ਜਥੇਦਾਰ ਕਾਉਂਕੇ ਨੂੰ ਕੋਹ ਕੋਹ ਕੇ ਸ਼ਹੀਦ ਕੀਤਾ ਤੇ ਸਰੀਰ ਦੇ ਟੁਕੜੇ ਟੁਕੜੇ ਕਰ ਕੇ ਦਰਿਆ ਵਿਚ ਰੋੜ ਦਿੱਤੇ ਸਨ। ਕਾਉਂਕੇ ਉਪਰ ਹੋਏ ਅੰਨ੍ਹੇ ਤਸ਼ੱਦਦ ਅਤੇ ਕਤਲ ਸਬੰਧੀ ਆਈ ਪੀ.ਐਸ. ਅਫ਼ਸਰ ਬੀ.ਪੀ. ਤਿਵਾੜੀ ਦੀ ਜਾਂਚ ਰਿਪੋਰਟ 31 ਸਾਲਾਂ ਬਾਅਦ ਮਨੁੱਖੀ ਅਧਿਕਾਰ ਸੰਗਠਨ ਵਲੋਂ ਜਨਤਕ ਕੀਤੀ ਗਈ ਹੈ ਜਿਸ ਵਿਚ ਗਵਾਹਾਂ ਦੇ ਬਿਆਨਾਂ ਤੋਂ ਪਤਾ ਚੱਲਦਾ ਹੈ ਕਿ ਤਤਕਾਲੀ ਐਸ ਐਸ ਪੀ ਸਵਰਨ ਸਿੰਘ ਘੋਟਣਾ ਡੀਐਸਪੀ ਹਰਭਗਵਾਨ ਸਿੰਘ ਸੰਧੂ ਅਤੇ ਐਸਐਚਓ ਗੁਰਮੀਤ ਸਿੰਘ ਸਮੇਤ ਜਾਲਮ ਪੁਲਿਸ ਅਫ਼ਸਰਾਂ ਵਲੋਂ ਅੰਨਾ ਤਸ਼ੱਦਦ ਕੀਤਾ ਗਿਆ ਸੀ। ਲੁਧਿਆਣੇ ਦੇ ਐਸਐਸਪੀ ਸੁਮੇਧ ਸੈਣੀ ਵਲੋਂ ਵੀ ਜਥੇਦਾਰ ਕਾਉਂਕੇ ਦੇ ਮੂੰਹ ਉਤੇ ਸਿਗਰਟਾਂ ਪੀ ਕੇ ਧੂੰਆਂ ਮਾਰਿਆ ਗਿਆ ਸੀ। ਜਥੇਦਾਰ ਕਾਉਂਕੇ ਸਾਹਿਬ ਆਪਣੇ ਸਰੀਰ 'ਤੇ ਅੰਨ੍ਹਾ ਤਸ਼ੱਦਦ ਝੱਲਦੇ ਹੋਏ 'ਸਿਰ ਜਾਵੇ ਤਾਂ ਜਾਵੇ ਮੇਰਾ ਸਿੱਖੀ ਸਿਦਕ ਨਾ ਜਾਵੇ' 'ਤੇ ਪਹਿਰਾ ਦਿੰਦਿਆਂ ਅਡੋਲ ਰਹਿੰਦੇ ਹੋਏ ਸ਼ਹਾਦਤ ਦਾ ਜਾਮ ਪੀ ਗਏ ਸਨ। ਜਥੇਦਾਰ ਦਾਦੂਵਾਲ ਨੇ ਕਿਹਾ ਕਿ ਬੜੇ ਦੁੱਖ ਦੀ ਗੱਲ ਹੈ ਕਿ ਕਈ ਸਰਕਾਰਾਂ ਬਦਲੀਆਂ ਮੁੱਖ ਮੰਤਰੀ ਬਦਲੇ ਪਰ ਜਥੇਦਾਰ ਕਾਉਂਦੇ ਸਾਹਿਬ ਦੀ ਸ਼ਹਾਦਤ ਦਾ ਇਨਸਾਫ਼ ਕਿਸੇ ਨੇ ਵੀ ਨਹੀਂ ਦਿੱਤਾ ਸਗੋਂ ਜਾਂਚ ਰਿਪੋਰਟ ਨੂੰ ਸਿਰਹਾਣੇ ਥੱਲੇ ਦੱਬ ਕੇ ਬੈਠੇ ਰਹੇ ਅਤੇ ਪੰਥ ਨਾਲ ਧਰੋਹ ਕਮਾਇਆ। ਪ੍ਰੈਸ ਕਾਨਫਰੰਸ ਦੌਰਾਨ ਜਣੇਦਾਰ ਦਾਦੂਵਾਲ ਦੇ ਨਾਲ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸੀਨੀਅਰ ਮੈਂਬਰ ਸੁਖਵਿੰਦਰ ਸਿੰਘ ਮੰਡੇਬਰ ਯਮੁਨਾਨਗਰ, ਮੈਂਬਰ ਸੁਦਰਸ਼ਨ ਸਿੰਘ ਸਹਿਗਲ ਅੰਬਾਲਾ, ਸਾਬਕਾ ਜਨਰਲ ਸਕੱਤਰ ਗੁਰਵਿੰਦਰ ਸਿੰਘਘ ਧਮੀਜਾ ਤੇ ਹੋਰ ਵੀ ਕਈ ਆਗੂ ਹਾਜ਼ਰ ਸਨ।

# ਕੇਜਰੀਵਾਲ ਨੇ ਪੰਜਾਬ ਵਿੱਚ ਇਕੱਲੇ ਚੋਣਾਂ ਲੜਨ 'ਤੇ ਦਿੱਤੀ ਸਹਿਮਤੀ

## *ਇੰਡੀਆ ਗੱਠਜੋੜ ਦੀ ਅਗਲੀ ਮੀਟਿੰਗ ਵਿਚ ਹੋਵੇਗਾ ਜਨਤਕ ਐਲਾਨ*



ਚੰਡੀਗੜ੍ਹ : ਆਮ ਆਦਮੀ ਪਾਰਟੀ ਨੇ ਪੰਜਾਬ ਵਿਚ ਅਗਲੀਆਂ ਲੋਕ ਸਭਾ ਚੋਣਾਂ ਇਕੱਲੇ ਤੌਰ 'ਤੇ ਲੜਨ ਦਾ ਫ਼ੈਸਲਾ ਗੈਰਰਸਮੀ ਤੌਰ 'ਤੇ ਕਰ ਲਿਆ ਹੈ ਜਿਸ ਦਾ ਜਨਤਕ ਤੌਰ 'ਤੇ ਖੁਲਾਸਾ 'ਇੰਡੀਆ' ਗੱਠਜੋੜ ਦੀ ਅਗਲੀ ਮੀਟਿੰਗ ਵਿਚ ਹੋਵੇਗਾ। ਲੰਘੇ ਦਿਨੀਂ ਦਿੱਲੀ 'ਚ 'ਆਪ' ਸੁਪਰੀਮੋ ਅਰਵਿੰਦ ਕੇਜਰੀਵਾਲ ਦੀ ਅਗਵਾਈ ਵਿਚ ਮੀਟਿੰਗ ਹੋਈ ਸੀ ਜਿਸ ਵਿੱਚ ਮੁੱਖ ਮੰਤਰੀ ਭਗਵੰਤ ਮਾਨ ਸ਼ਾਮਿਲ ਹੋਏ ਸਨ। ਸੀਨੀਅਰ ਲੀਡਰਸ਼ਿਪ ਕੋਲ ਭਗਵੰਤ ਮਾਨ ਨੇ ਪੰਜਾਬ ਦੇ ਮੌਜੂਦਾ ਸਿਆਸੀ ਹਾਲਾਤ 'ਤੇ ਚਾਨਣਾ ਪਾਇਆ ਅਤੇ ਇਕੱਲੇ ਤੌਰ 'ਤੇ ਚੋਣ ਲੜਨ ਬਾਰੇ ਕਿਹਾ। ਸੂਤਰਾਂ ਅਨੁਸਾਰ ਆਮ ਆਦਮੀ ਪਾਰਟੀ ਦੀ ਹਾਈ ਕਮਾਂਡ ਨੇ ਭਗਵੰਤ ਮਾਨ ਦੀ ਤਜਵੀਜ਼ ਪ੍ਰਵਾਨ ਕਰ ਲਈ ਹੈ ਅਤੇ ਪੰਜਾਬ ਵਿਚ ਕਾਂਗਰਸ ਨਾਲ ਕਿਸੇ ਤਰ੍ਹਾਂ ਦਾ ਕੋਈ ਸਿਆਸੀ ਗੱਠਜੋੜ ਨਾ ਕਰਨ ਦਾ ਫ਼ੈਸਲਾ ਲਿਆ ਹੈ। ਮੀਟਿੰਗ ਵਿਚ ਫ਼ੈਸਲਾ ਹੋਇਆ ਕਿ ਇੰਡੀਆ ਗੱਠਜੋੜ ਦੀ ਅਗਲੀ ਮੀਟਿੰਗ ਵਿੱਚ 'ਆਪ' ਪੰਜਾਬ ਨੂੰ ਲੈ ਕੇ ਆਪਣੇ ਫ਼ੈਸਲੇ ਬਾਰੇ ਜਾਣੂ ਕਰਾਏਗੀ। ਮੁੱਖ ਮੰਤਰੀ ਭਗਵੰਤ ਮਾਨ ਤਾਂ ਸ਼ੁਰੂ ਤੋਂ ਹੀ ਕਾਂਗਰਸ ਨਾਲ ਪੰਜਾਬ ਵਿਚ ਗੱਠਜੋੜ ਦੇ ਪੱਖ ਵਿਚ ਨਹੀਂ ਸਨ ਪਰ ਹੁਣ ਹਾਈ ਕਮਾਂਡ ਨੇ ਵੀ ਗੈਰਰਸਮੀ ਤੌਰ 'ਤੇ ਮੋਹਰ ਲਗਾ ਦਿੱਤੀ ਹੈ। ਸੂਤਰ ਦੱਸਦੇ ਹਨ ਕਿ ਇੰਡੀਆ ਗੱਠਜੋੜ ਦੀ ਅਗਲੀ ਮੀਟਿੰਗ ਤੋਂ ਪਹਿਲਾਂ 'ਆਪ' ਨੇ ਕੁਝ ਹਲਕਿਆਂ ਤੋਂ ਆਪਣੇ ਉਮੀਦਵਾਰਾਂ ਦੀ ਮੁੱਢਲੀ ਸ਼ਨਾਖਤ ਕੀਤੀ ਹੈ। ਪਾਰਟੀ ਨੇ ਤੈਅ ਕੀਤਾ ਹੈ ਕਿ ਹਰ ਲੋਕ ਸਭਾ ਹਲਕੇ ਤੋਂ ਮੁੱਢਲੇ ਪੜਾਅ 'ਤੇ ਤਿੰਨ ਸੰਭਾਵੀ ਉਮੀਦਵਾਰਾਂ ਦੀ ਸੂਚੀ ਤਿਆਰ ਕੀਤੀ ਜਾਵੇਗੀ। 13 ਲੋਕ ਸਭਾ ਹਲਕਿਆਂ ਲਈ 39 ਉਮੀਦਵਾਰਾਂ ਦੀ ਸੂਚੀ ਤਿਆਰ ਹੋਵੇਗੀ ਤੇ ਇਨ੍ਹ?ਵਾਂ ਉਮੀਦਵਾਰਾਂ 'ਚੋਂ ਹੀ ਇੱਕ ਉਮੀਦਵਾਰ ਫਾਈਨਲ ਕੀਤਾ ਜਾਵੇਗਾ। ਪਤਾ ਲੱਗਾ ਹੈ ਕਿ ਉਮੀਦਵਾਰਾਂ ਦੀ ਚੋਣ ਸਮੇਂ ਪਾਰਟੀ ਦੀ ਹੀ ਸੀਨੀਅਰ ਲੀਡਰਸ਼ਿਪ ਨੂੰ ਤਰਜੀਹ ਦਿੱਤੀ ਜਾਵੇਗੀ। ਚੋਣ ਮੌਕੇ ਨੌਜਵਾਨਾਂ ਤੇ ਔਰਤਾਂ ਨੂੰ ਵੀ ਬਣਦੀ ਹਿੱਸੇਦਾਰੀ ਦਿੱਤੀ ਜਾਣੀ ਹੈ। ਦੂਜੇ ਪਾਸੇ ਕਾਂਗਰਸ ਦੀ ਪੰਜਾਬ ਲੀਡਰਸ਼ਿਪ ਵੀ ਇਕੱਲੇ ਤੌਰ 'ਤੇ ਚੋਣ ਮੈਦਾਨ ਵਿਚ ਉਤਰਨਾ ਚਾਹੁੰਦੀ ਹੈ। ਸਿਆਸੀ ਮਾਹਿਰ ਆਖਦੇ ਹਨ ਕਿ ਜਦੋਂ ਪੰਜਾਬ ਵਿਚ ਦੋਵੇਂ ਧਿਰਾਂ ਹੀ ਵੱਖੋ ਵੱਖਰੇ ਤੌਰ 'ਤੇ ਚੋਣ ਲੜਨਾ ਚਾਹੁੰਦੀ ਹਨ ਤਾਂ ਇੰਡੀਆ ਗੱਠਜੋੜ ਦੀ ਲੀਡਰਸ਼ਿਪ ਨੂੰ ਵੀ ਕੋਈ ਬਹੁਤੀ ਦਿੱਕਤ ਨਹੀਂ ਰਹੇਗੀ। ਜੇਕਰ 'ਆਪ' ਅਤੇ ਕਾਂਗਰਸ ਵੱਖੋ ਵੱਖਰੀ ਚੋਣ ਲੜਦੀਆਂ ਹਨ ਤਾਂ ਇਸ ਨਾਲ 'ਆਪ' ਸਰਕਾਰ ਦੋ ਵਰ੍ਹ?ਆਂ ਦੀ ਕਾਰਗੁਜ਼ਾਰੀ ਮਾਪੀ ਜਾ ਸਕੇਗੀ ਅਤੇ ਇਸੇ ਤਰ੍ਹਾਂ ਵਿਰੋਧੀ ਧਿਰ ਦੀ ਭੂਮਿਕਾ ਵੀ ਚੋਣ ਵਿਚ ਪਰਖੀ ਜਾਵੇਗੀ। 'ਆਪ' ਦੀ ਸਟੇਟ ਲੀਡਰਸ਼ਿਪ ਨੇ ਤਰਕ ਦਿੱਤਾ ਕਿ 'ਆਪ' ਦਾ ਮੁੱਖ ਏਜੰਡਾ ਹੀ ਭ੍ਰਿਸ਼ਟਾਚਾਰ ਦੇ ਵਿਰੁੱਧ ਹੈ ਅਤੇ ਉਹ ਕਿਹੜੇ ਮੂੰਹ ਨਾਲ ਇਕੱਠੇ ਚੋਣ ਲੜਨ ਦੀ ਸੂਰਤ ਵਿਚ ਲੋਕਾਂ ਵਿਚ ਜਾਣਗੇ। ਦੂਜੇ ਪਾਸੇ ਕਾਂਗਰਸ ਦੀ ਸਟੇਟ ਲੀਡਰਸ਼ਿਪ ਦੀ ਵੀ ਇਹੋ ਸਮੱਸਿਆ ਹੈ ਕਿ ਜਿਸ ਸਰਕਾਰ ਨੂੰ ਉਹ ਭੰਡਦੇ ਹਨ, ਉਨ੍ਹਾਂ ਨਾਲ ਕਿਸੇ ਲਹਿਜੇ ਵਿੱਚ ਸਟੇਜ ਸਾਂਝੀ ਕਰ ਸਕਦੇ ਹਨ।


CAPITAL ACCOUNTING & TAX SERVICES


Kuldip Singh Kang


Sewa Singh Bhinder



HELPING PEOPLE FOR THEIR TRUCKING NEEDS

(IRP) Plates-48 States-Same Day

ਬਾਹਰ ਚੱਲਣ ਵਾਲੇ ਟਰੱਕਾਂ ਦੀਆਂ ਪਲੇਟਾਂ ਤੁਸੀਂ ਸਾਡੇ ਦਫ਼ਤਰ ਵਿਚੋਂ ਤੁਰੰਤ ਵੀ ਲੈ ਸਕਦੇ ਹੋ।

ਟਰੱਕਿੰਗ ਦੀ ਦੁਨੀਆ ਵਿਚ ਨਵਾਂ ਕਦਮ

- ਟਰੱਕ ਲਾਇਸੈਂਸ ਪਲੇਟਾਂ ਵਾਸਤੇ ਹੁਣ ਹਫਤਿਆਂਬੱਧੀ ਉਡੀਕ ਕਰਨ ਦੀ ਲੋੜ ਨਹੀਂ।
- ਉਸੇ ਦਿਨ ਲਾਇਸੈਂਸ ਪਲੇਟਾਂ ਲੈਣ ਲਈ ਸਾਡੇ ਨਾਲ ਸੰਪਰਕ ਕਰੋ।

ਸਾਨੂੰ 16 ਸਾਲਾਂ ਦਾ ਤਜਰਬਾ ਹੈ।

Same Day Plates Same Day Plates Same Day Plates

PH : 530-669-5780 Fax : 530-669-5775,
Cell : 530-908-9386 Cell : 530-405-6020

Tax Returns- Corporations, LLC, Non-Profits, Small Business and Individuals

ਇਹ ਦਫ਼ਤਰ ਡੀ.ਐਮ.ਵੀ. ਸ਼ਾਪਿੰਗ ਸੈਂਟਰ ਵਿਚ ਹੈ।
825 East Street, Suite 110 Woodland, CA 95776
440 N Palora Ave, Suite c Yuba City Ca. 95991

TRUCKING SERVICES AVAILABLE
- IRP License Plates
- IFTA-Fuel Tax Returns
- MC (ICC) Authority, US DOT #
- UCR Permits, BOC-3 Filing
- CA#, MCP, EPN Enrollment
- BIT-Enrollment
- NM Permit, KYU#, NY HUT Permit
- Oregon Permit, Oregon Bonds
- Highway Use Tax (2290)
- Trailer Plates, Title Transfer
- Tax Exemption

BUSINESS SERVICES AVAILABLE
- Tax Services : Individual, Small Business
- Computerized Accounting
- Financial Statement
- Monthly Sales Tax Reports
- Payroll Services

CALIFORNIA DMV LIV. # 40524

# ਸਿੱਖ ਕੌਮ ਦੇ ਮਹਾਨ ਜਰਨੈਲ ਬਾਬਾ ਦੀਪ ਸਿੰਘ ਜੀ ਦੇ ਜਨਮ ਦਿਹਾੜੇ ਨੂੰ ਸਮਰਪਿਤ ਵਿਸ਼ਾਲ ਨਗਰ ਕੀਰਤਨ ਸਜਾਇਆ







ਲੁਧਿਆਣਾ : ਗੁਰਦੁਆਰਾ ਸ਼ਹੀਦ ਬਾਬਾ ਦੀਪ ਸਿੰਘ ਜੀ, ਮਾਡਲ ਟਾਊਨ ਐਕਸਟੈਨਸ਼ਨ ਵਲੋਂ ਸਿੱਖ ਕੌਮ ਦੇ ਮਹਾਨ ਜਰਨੈਲ ਸ਼੍ਰੋਮਣੀ ਸ਼ਹੀਦ ਬਾਬਾ ਦੀਪ ਸਿੰਘ ਜੀ ਦੇ ਜਨਮ ਦਿਹਾੜੇ ਨੂੰ ਸਮਰਪਿਤ ਵਿਸ਼ਾਲ ਨਗਰ ਕੀਰਤਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਅਤੇ ਪੰਜ ਪਿਆਰਿਆਂ ਦੀ ਅਗਵਾਈ ਹੇਠ ਸਜਾਇਆ ਗਿਆ। ਨਗਰ ਕੀਰਤਨ 'ਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਲਕੀ ਫੁੱਲਾਂ ਨਾਲ ਸਜਾਈ ਹੋਈ ਸੀ। ਨਗਰ ਕੀਰਤਨ 'ਚ ਸ਼ਬਦੀ ਜੱਥੇ, ਬੈਂਡ ਵਾਜੇ, ਗੱਤਕਾ ਪਾਰਟੀਆਂ ਸ਼ਾਮਲ ਸਨ ਅਤੇ ਜਹਾਜ਼ ਰਾਹੀਂ ਸਾਰੇ ਰਸਤੇ ਵਿਚ ਫੁੱਲਾਂ ਦੀ ਵਰਖਾ ਕੀਤੀ ਗਈ। ਨਗਰ ਕੀਰਤਨ ਗੁਰਦੁਆਰਾ ਸਾਹਿਬ ਤੋਂ ਆਰੰਭ ਹੋ ਕੇ ਵੱਡਾ ਕ੍ਰਿਸ਼ਨਾ ਮੰਦਿਰ, ਗੁਰੂ ਤੇਗ ਬਹਾਦਰ ਹਸਪਤਾਲ, ਸ਼ਾਸਤਰੀ ਨਗਰ, ਮਿੰਟਗੁਮਰੀ ਚੌਕ ਤੋਂ ਟਿੰਮੀ ਬੈਕਰੀ, ਡਾਕਖਾਨਾ ਰੋਡ, ਮੇਨ ਮਾਰਕੀਟ ਮਾਡਲ ਟਾਊਨ, ਗੁਲਾਟੀ ਚੌਕ ਤੋਂ ਚਾਰ ਖੰਬਾ ਚੌਕ ਮਾਡਲ ਹਾਊਸ ਰੋਡ, ਬੀ-ਬਲਾਕ ਮਾਡਲ ਟਾਊਨ ਐਕਸਟੈਨਸ਼ਨ ਰੋਡ ਤੋਂ ਹੁੰਦਾ ਹੋਇਆ ਗੁਰਦੁਆਰਾ ਸਾਹਿਬ ਵਿਖੇ ਸਮਾਪਤ ਹੋਇਆ। ਨਗਰ ਕੀਰਤਨ ਦੇ ਰੂਟ 'ਤੇ ਵੱਖ-ਵੱਖ ਜਥੇਬੰਦੀਆਂ ਤੇ ਦੁਕਾਨਦਾਰਾਂ ਵਲੋਂ ਸਵਾਗਤੀ ਬਣਾਏ ਹੋਏ ਸਨ ਅਤੇ ਸੰਗਤਾਂ ਵਲੋਂ ਲੰਗਰ, ਚਾਹ, ਕੌਫੀ, ਪਕੌੜੇ ਮਠਿਆਈਆਂ ਦੇ ਸਟਾਲ ਲਗਾਏ ਗਏ ਸਨ। ਨਗਰ ਕੀਰਤਨ ਦੀ ਆਰੰਭਤਾ ਦੀ ਅਰਦਾਸ ਗੁਰਦੁਆਰਾ ਸਾਹਿਬ ਦੇ ਹੈਡ ਗ੍ਰੰਥੀ ਵਲੋਂ ਕੀਤੀ ਗਈ। ਨਗਰ ਕੀਰਤਨ ਦੇ ਰਸਤੇ ਵਿਚ ਥਾਂ ਥਾਂ ਤੇ ਪ੍ਰਬੰਧਕ ਕਮੇਟੀ ਦੇ ਮੈਂਬਰਾਂ ਨੂੰ ਸਿਰੋਪਾਓ ਭੇਟ ਕਰਕੇ ਸੰਗਤਾਂ ਵਲੋਂ ਸਨਮਾਨਿਤ ਕੀਤਾ ਗਿਆ। ਨਗਰ ਕੀਰਤਨ ਵਿਚ ਹਜ਼ਾਰਾਂ ਦੀ ਗਿਣਤੀ ਵਿਚ ਸੰਗਤਾਂ ਸ਼ਾਮਲ ਹੋਈਆਂ। ਸੰਗਤਾਂ ਵਲੋਂ ਨਗਰ ਕੀਰਤਨ ਦੇ ਸਾਰੇ ਰਸਤੇ ਦੌਰਾਨ ਵਾਹਿਗੁਰੂ ਦਾ ਜਾਪ ਕਰ ਰਹੀਆਂ ਸਨ ਅਤੇ ਪਾਲਕੀ ਸਾਹਿਬ ਅੱਗੇ ਸੰਗਤਾਂ ਸੜਕ 'ਤੇ ਸਫਾਈ ਕਰ ਰਹੀਆਂ ਸਨ। ਇਸ ਮੌਕੇ ਸ਼ਹਿਰ ਦੀਆਂ ਪ੍ਰਮੁੱਖ ਸ਼ਖਸੀਅਤਾਂ ਸਾਬਕਾ ਕੈਬਨਿਟ ਮੰਤਰੀ ਤੇ ਸੀਨੀਅਰ ਅਕਾਲੀ ਆਗੂ ਮਹੇਸ਼ਇੰਦਰ ਸਿੰਘ ਗਰੇਵਾਲ, ਲੋਕ ਸਭਾ ਮੈਂਬਰ ਰਵਨੀਤ ਸਿੰਘ ਬਿੱਟੂ, ਸਾਬਕਾ ਕੈਬਨਿਟ ਮੰਤਰੀ ਅਤੇ ਪ੍ਰਦੇਸ਼ ਕਾਂਗਰਸ ਦੇ ਕਾਰਜਕਾਰੀ ਪ੍ਰਧਾਨ ਭਾਰਤ ਭੂਸ਼ਣ ਆਸ਼ੂ, ਹਰਪ੍ਰੀਤ ਸਿੰਘ ਡੰਗ, ਨਰਿੰਦਰਪਾਲ ਸਿੰਘ ਮੱਕੜ, ਗੁਰਵਿੰਦਰ ਸਿੰਘ ਪ੍ਰਿੰਕਲ, ਤਰਨਜੀਤ ਸਿੰਘ ਨਿਮਾਣਾ, ਸਰਪੰਚ ਨਿਰਮਲ ਸਿੰਘ ਬੇਰਕਲਾਂ, ਭਾਈ ਅਰਸ਼ਦੀਪ ਸਿੰਘ, ਜੁਝਾਰ ਸਿੰਘ, ਅਮਰਵਿਕਰਮ ਸਿੰਘ ਸੰਨੀ ਆਦਿ ਤੋਂ ਇਲਾਵਾ ਵੱਡੀ ਗਿਣਤੀ ਸੰਗਤਾਂ ਹਾਜ਼ਰ ਸਨ। ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਆਈਆਂ ਪ੍ਰਮੁੱਖ ਸ਼ਖਸੀਅਤਾਂ ਦਾ ਸਿਰੋਪਾਓ ਅਤੇ ਯਾਦਗਾਰੀ ਚਿੰਨ ਭੇਂਟ ਕਰਕੇ ਸਨਮਾਨਿਤ ਕੀਤਾ। ਨਗਰ ਕੀਰਤਨ ਵਿਚ ਸ਼ਾਮਿਲ ਸ਼ਬਦੀ ਜੱਥਿਆਂ ਅਤੇ ਸਕੂਲੀ ਬੱਚਿਆਂ ਨੂੰ ਵਿਸ਼ੇਸ਼ ਤੋਹਫੇ ਅਤੇ ਸਿਰੋਪਾਓ ਭੇਂਟ ਕਰਕੇ ਸਨਮਾਨ ਕੀਤਾ ਗਿਆ। ਇਸ ਮੌਕੇ ਸੁਰਿੰਦਰਪਾਲ ਸਿੰਘ ਬਿੰਦਰਾ, ਸੁਖਵਿੰਦਰਪਾਲ ਸਿੰਘ ਸਰਨਾ, ਹਰਪ੍ਰੀਤ ਸਿੰਘ ਰਾਜਧਾਨੀ, ਸੁਖਵਿੰਦਰਪਾਲ ਸਿੰਘ ਬਿੰਦਰਾ, ਅਮਰਜੀਤ ਸਿੰਘ ਟਿੱਕਾ, ਨਵਪ੍ਰੀਤ ਸਿੰਘ ਬਿੰਦਰਾ, ਅਮਰਪਾਲ ਸਿੰਘ ਸਰਨਾ, ਜਸਨੀਤ ਸਿੰਘ ਸਰਨਾ, ਜਸਵਿੰਦਰ ਸਿੰਘ ਸੇਠੀ, ਕੰਵਲਜੀਤ ਸਿੰਘ ਸਰਨਾ, ਹਰਵਿੰਦਰਪਾਲ ਸਿੰਘ ਚਾਵਲਾ ਆਦਿ ਹਾਜ਼ਰ ਸਨ।

## ਢੇਸੀ ਨੇ ਸੰਸਦ 'ਚ ਸਿੱਖਾਂ ਨੂੰ ਜਾਨੋਂ ਮਾਰਨ ਦੀਆਂ ਧਮਕੀਆਂ ਦਾ ਮਾਮਲਾ ਉਠਾਇਆ



ਲੰਡਨ : ਸੰਸਦ ਮੈਂਬਰ ਤਨਮਨਜੀਤ ਸਿੰਘ ਢੇਸੀ ਨੇ ਬਰਤਾਨੀਆ ਦੀ ਸੰਸਦ 'ਚ ਅੱਜ ਸਿੱਖਾਂ ਨੂੰ ਜਾਨੋਂ ਮਾਰਨ ਦੀਆਂ ਮਿਲ ਰਹੀਆਂ ਧਮਕੀਆਂ ਦਾ ਮਾਮਲਾ ਉਠਾਇਆ ਹੈ। ਉਨ੍ਹਾਂ ਕਿਹਾ ਕਿ ਮੇਰੇ ਹਲਕੇ ਦੇ ਇਕ ਸਿੱਖ ਨੂੰ ਦੇਸ਼ ਦੇ ਉਨ੍ਹਾਂ ਦੁਸ਼ਮਣਾਂ ਦੀ ਸੂਚੀ 'ਚ ਸ਼ਾਮਿਲ ਕੀਤਾ ਗਿਆ ਹੈ, ਜਿਹੜੇ 20 ਲੋਕਾਂ ਦੀ ਸੂਚੀ ਕੁਝ ਭਾਰਤੀ ਮੀਡੀਆ ਵਲੋਂ ਬਰਾਡਕਾਸਟ ਕੀਤੀ ਗਈ ਸੀ। ਉਨ੍ਹਾਂ ਭਾਈ ਹਰਦੀਪ ਸਿੰਘ ਨਿੱਝਰ ਦੀ ਹੱਤਿਆ ਬਾਰੇ ਕਿਹਾ ਕਿ ਕੈਨੇਡੀਅਨ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵਲੋਂ ਇਕ ਸਿੱਖ ਕਾਰਕੁੰਨ ਦੀ ਹੱਤਿਆ ਮਾਮਲੇ 'ਚ ਦਿੱਤੇ ਗਏ ਬਿਆਨ ਚਿੰਤਾਜਨਕ ਹਨ ਅਤੇ ਅਮਰੀਕਾ 'ਚ ਸਿੱਖ ਕਾਰਕੁੰਨ (ਗੁਰਪਤਵੰਤ ਸਿੰਘ ਪੰਨੂੰ) ਦੀ ਹੱਤਿਆ ਦੀ ਯੋਜਨਾ ਦਾ ਮਾਮਲਾ ਅਦਾਲਤ 'ਚ ਹੈ। ਉਨ੍ਹਾਂ ਭਾਈ ਅਵਤਾਰ ਸਿੰਘ ਖੰਡਾ ਦਾ ਨਾਂਅ ਲਏ ਬਿਨਾ ਕਿਹਾ ਕਿ ਬਰਮਿੰਘਮ 'ਚ ਇਕ ਸਿੱਖ ਕਾਰਕੁੰਨ ਦੀ ਭੇਦਭਰੀ ਮੌਤ ਦੀ ਜਾਂਚ ਦੀ ਮੰਗ ਉਸ ਦੇ ਪਰਿਵਾਰ ਵਲੋਂ ਕੀਤੀ ਜਾ ਰਹੀ ਹੈ। ਇਹ ਤਿੰਨੇ ਲੋਕ ਉਸ ਹਿੱਟ ਲਿਸਟ 'ਚ ਸ਼ਾਮਿਲ ਸਨ। ਸਿੱਖ ਭਾਈਚਾਰੇ ਦੀ ਸੁਰੱਖਿਆ 'ਤੇ ਚਿੰਤਾ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਲੋਕਤੰਤਰ 'ਚ ਹਰ ਕਿਸੇ ਨੂੰ ਹਿੰਸਕ ਧਮਕੀ ਦੇ ਬਿਨਾ ਬੋਲਣ ਦਾ ਅਧਿਕਾਰ ਹੈ। ਪਰ ਹੁਣ ਪੁਲਿਸ ਨੇ ਬਰਤਾਨਵੀ ਸਿੱਖਾਂ ਨੂੰ ਖ਼ਤਰੇ ਚਿਤਾਵਨੀ ਦਿੱਤੀ ਹੈ। ਉਨ੍ਹਾਂ ਪੁੱਛਿਆ ਕਿ ਸਰਕਾਰ ਸਿੱਖਾਂ ਦੀ ਸੁਰੱਖਿਆ ਲਈ ਕੀ ਕਰ ਰਹੀ ਹੈ? ਹਾਊਸ ਦੀ ਲੀਡਰ ਪੈਨੀ ਮੌਰਡੌਂਟ ਨੇ ਹਾਲਾਂ ਕਿ ਕਿਹਾ ਕਿ ਗ੍ਰਹਿ ਵਿਭਾਗ ਅਤੇ ਵਿਦੇਸ਼ ਮੰਤਰਾਲਾ ਇਨ੍ਹਾਂ ਮਾਮਲਿਆਂ ਨੂੰ ਗੰਭੀਰਤਾ ਨਾਲ ਲੈਂਦਾ ਹੈ।

## ਗਾਜ਼ਾ 'ਚ ਇਜ਼ਰਾਈਲੀ ਫ਼ੌਜੀਆਂ 'ਤੇ ਹੁਣ ਤਕ ਦਾ ਸਭ ਤੋਂ ਭਿਆਨਕ ਹਮਲਾ, ਨੇਤਨਯਾਹੂ ਨੇ ਕਿਹਾ ਫੌਜ ਜਿੱਤ ਪੂਰੀ ਹੋਣ ਤਕ ਲੜਦੀ ਰਹੇਗੀ

*ਵਿਸਫੋਟਕ ਲਗਾਉਣ ਦੀ ਤਿਆਰੀ ਕਰ ਰਹੇ ਸਨ ਇਜ਼ਰਾਈਲੀ ਫ਼ੌਜੀ, ਹਮਾਸ ਨੇ ਦਾਗਿਆ ਰਾਕੇਟ*



ਰੂਸ਼ਲਮ: ਗਾਜ਼ਾ 'ਚ ਹੋਏ ਸਭ ਤੋਂ ਭਿਆਨਕ ਹਮਲੇ 'ਚ ਇਜ਼ਰਾਈਲ ਦੀ ਫੌਜ ਦੇ 21 ਫੌਜੀ ਮਾਰੇ ਗਏ ਹਨ। ਚ ਇਜ਼ਰਾਈਲ ਦੀ ਫੌਜ ਨੇ ਕਿਹਾ ਹੈ ਕਿ ਮੱਧ ਗਾਜ਼ਾ 'ਚ ਹਮਾਸ ਵਿਰੁਧ ਜੰਗ ਸ਼ੁਰੂ ਹੋਣ ਤੋਂ ਬਾਅਦ ਫੌਜ ਦਾ ਇਹ ਸੱਭ ਤੋਂ ਵੱਡਾ ਨੁਕਸਾਨ ਹੈ।

ਫੌਜ ਦੇ ਮੁੱਖ ਬੁਲਾਰੇ ਰੀਅਰ ਐਡਮਿਰਲ ਡੈਨੀਅਲ ਹੇਗਾਰੀ ਨੇ ਮੰਗਲਵਾਰ ਨੂੰ ਇਹ ਜਾਣਕਾਰੀ ਦਿਤੀ। ਉਨ੍ਹਾਂ ਨੇ ਦਸਿਆ ਕਿ ਫੌਜੀ ਸੋਮਵਾਰ ਨੂੰ ਮੱਧ ਗਾਜ਼ਾ 'ਚ ਦੋ ਘਰਾਂ ਨੂੰ ਤਬਾਹ ਕਰਨ ਲਈ ਵਿਸਫੋਟਕ ਲਗਾਉਣ ਦੀ ਤਿਆਰੀ ਕਰ ਰਹੇ ਸਨ, ਜਦੋਂ ਇਕ ਅਤਿਵਾਦੀ ਨੇ ਰਾਕੇਟ ਨਾਲ ਚੱਲਣ ਵਾਲਾ ਗ੍ਰਨੇਡ ਸੁੱਟਿਆ। ਇਸ ਨਾਲ ਵਿਸਫੋਟਕ 'ਚ ਧਮਾਕਾ ਹੋਇਆ ਅਤੇ ਇਮਾਰਤਾਂ ਢਹਿ ਗਈਆਂ, ਜਿਸ ਨਾਲ ਸੈਨਿਕ ਮਲਬੇ ਹੇਠਾਂ ਦੱਬ ਕੇ ਮਰ ਗਏ।

ਇਜ਼ਰਾਈਲ ਦੇ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਨੇ 21 ਫੌਜੀਆਂ ਦੀ ਮੌਤ 'ਤੇ ਸੋਗ ਜ਼ਾਹਰ ਕੀਤਾ ਹੈ ਅਤੇ ਕਿਹਾ ਹੈ ਕਿ ਫੌਜ ਜਿੱਤ ਪੂਰੀ ਹੋਣ ਤਕ ਲੜਦੀ ਰਹੇਗੀ। ਨੇਤਨਯਾਹੂ ਨੇ ਸੋਸ਼ਲ ਮੀਡੀਆ ਮੰਚ 'ਐਕਸ' 'ਤੇ ਇਕ ਪੋਸਟ ਵਿਚ ਕਿਹਾ ਕਿ ਸੋਮਵਾਰ ਜੰਗ ਸ਼ੁਰੂ ਹੋਣ ਤੋਂ ਬਾਅਦ ਦੇ ਸੱਭ ਤੋਂ ਮੁਸ਼ਕਲ ਦਿਨਾਂ ਵਿਚੋਂ ਇਕ ਸੀ। ਉਨ੍ਹਾਂ ਕਿਹਾ, "ਫੌਜ ਇਸ ਹਮਲੇ ਦੀ ਜਾਂਚ ਸ਼ੁਰੂ ਕਰੇਗੀ, ਜਿਸ ਵਿਚ ਇਕ ਅਤਿਵਾਦੀ ਨੇ ਇਕ ਟੈਂਕ 'ਤੇ ਰਾਕੇਟ ਨਾਲ ਚੱਲਣ ਵਾਲਾ ਗ੍ਰਨੇਡ ਸੁੱਟਿਆ, ਜਿਸ ਨਾਲ ਧਮਾਕਾ ਹੋਇਆ ਅਤੇ ਧਮਾਕੇ ਨਾਲ ਤਬਾਹ ਹੋਈਆਂ ਦੋ ਇਮਾਰਤਾਂ ਦੇ ਮਲਬੇ ਹੇਠ ਫੌਜੀ ਦੱਬ ਗਏ।" ਨੇਤਨਯਾਹੂ ਨੇ ਮੰਗਲਵਾਰ ਨੂੰ ਟਵੀਟ ਕੀਤਾ, "ਅਪਣੇ ਨਾਇਕਾਂ ਦੇ ਨਾਮ 'ਤੇ ਅਤੇ ਅਪਣੀ ਜਾਨ ਦੀ ਰੱਖਿਆ ਲਈ ਅਸੀਂ ਪੂਰੀ ਜਿੱਤ ਤਕ ਲੜਨਾ ਬੰਦ ਨਹੀਂ ਕਰਾਂਗੇ।"

**ਸੁਰੱਖਿਆ ਬਲਾਂ ਨੇ ਦਖਣੀ ਗਾਜ਼ਾ ਦੇ ਖਾਨ ਯੂਨਿਸ ਸ਼ਹਿਰ ਦੀ ਘੇਰਾਬੰਦੀ ਕੀਤੀ: ਇਜ਼ਰਾਈਲੀ ਫੌਜ**

ਇਜ਼ਰਾਇਲੀ ਫੌਜ ਨੇ ਦਖਣੀ ਗਾਜ਼ਾ ਦੇ ਖਾਨ ਯੂਨਿਸ ਸ਼ਹਿਰ ਨੂੰ ਘੇਰ ਲਿਆ ਹੈ। ਫੌਜ ਨੇ ਮੰਗਲਵਾਰ ਨੂੰ ਇਕ ਬਿਆਨ 'ਚ ਇਹ ਐਲਾਨ ਕੀਤਾ। ਖੇਤਰ ਦਾ ਦੂਜਾ ਸੱਭ ਤੋਂ ਵੱਡਾ ਸ਼ਹਿਰ ਹਾਲ ਹੀ ਦੇ ਦਿਨਾਂ ਵਿਚ ਵੱਡੇ ਹਮਲਿਆਂ ਦਾ ਸ਼ਿਕਾਰ ਹੋਇਆ ਹੈ, ਜਿਸ ਵਿਚ ਦਰਜਨਾਂ ਫਲਸਤੀਨੀ ਨਾਗਰਿਕ ਮਾਰੇ ਗਏ ਹਨ ਅਤੇ ਜ਼ਖਮੀ ਹੋਏ ਹਨ। ਇਜ਼ਰਾਈਲੀ ਅਧਿਕਾਰੀਆਂ ਦਾ ਕਹਿਣਾ ਹੈ ਕਿ ਹਮਾਸ ਦੇ ਚੋਟੀ ਦੇ ਨੇਤਾ ਸ਼ਹਿਰ ਦੇ ਹੇਠਾਂ ਸੁਰੰਗਾਂ ਵਿਚ ਲੁਕੇ ਹੋ ਸਕਦੇ ਹਨ। ਖਾਨ ਯੂਨਿਸ ਗਾਜ਼ਾ ਵਿਚ ਹਮਾਸ ਦੇ ਚੋਟੀ ਦੇ ਨੇਤਾ ਯੇਹਯਾ ਸਿਨਵਰ ਦਾ ਜੱਦੀ ਸ਼ਹਿਰ ਹੈ। ਸਿਨਵਰ ਦੇ ਟਿਕਾਣੇ ਦਾ ਅਜੇ ਪਤਾ ਨਹੀਂ ਲੱਗ ਸਕਿਆ ਹੈ।

## ਕੌਮਾਂਤਰੀ ਵਿਦਿਆਰਥੀਆਂ ਦੀ ਗਿਣਤੀ ਦੋ ਸਾਲ ਲਈ ਘਟਾਏਗਾ ਕੈਨੇਡਾ

ਵੈਨਕੂਵਰ : ਕੈਨੇਡਾ ਦੇ ਆਵਾਸ ਮੰਤਰੀ ਮਾਰਕ ਮਿਲਰ ਨੇ ਅਗਲੇ ਦੋ ਸਾਲ ਲਈ ਕੌਮਾਂਤਰੀ ਵਿਦਿਆਰਥੀਆਂ ਦੀ ਗਿਣਤੀ ਘਟਾਉਣ ਸਮੇਤ ਉਨ੍ਹਾਂ ਨੂੰ ਮਿਲਣ ਵਾਲੀਆਂ ਸਹੂਲਤਾਂ 'ਚ ਵੱਡੇ ਬਦਲਾਅ ਕੀਤੇ ਹਨ। ਕੌਮਾਂਤਰੀ ਵਿਦਿਆਰਥੀਆਂ ਦੀ 2023 ਦੀ ਗਿਣਤੀ ਨੂੰ 35 ਫੀਸਦ ਘਟਾ ਕੇ ਅਗਲੇ ਦੋ ਸਾਲ ਲਈ 3,64,000 ਤੱਕ ਸੀਮਤ ਕਰ ਦਿੱਤਾ ਗਿਆ ਹੈ। ਹਰ ਸੂਬੇ ਦੀ ਆਬਾਦੀ ਅਨੁਸਾਰ ਉਥੋਂ ਦਾ ਕੌਮਾਂਤਰੀ ਵਿਦਿਆਰਥੀ ਕੋਟਾ ਨਿਰਧਾਰਤ ਹੋਵੇਗਾ। ਨਵਾਂ ਫ਼ੈਸਲਾ ਆਉਂਦੀ ਸਤੰਬਰ ਤੋਂ ਲਾਗੂ ਹੋਵੇਗਾ ਜਿਸ ਤੋਂ ਬ੍ਰਿਟਿਸ਼ ਕੋਲੰਬੀਆ ਅਤੇ ਓਂਟਾਰੀਓ ਕਾਫੀ ਪ੍ਰਭਾਵਿਤ ਹੋਣਗੇ।

ਮੰਤਰੀ ਵੱਲੋਂ ਐਲਾਨੇ ਨਿਯਮਾਂ ਤਹਿਤ ਹੁਣ ਸਰਕਾਰੀ ਤੇ ਨਿੱਜੀ ਕਾਲਜਾਂ ਦੀ ਸਾਂਝ-ਭਿਆਲੀ ਨਹੀਂ ਚੱਲੇਗੀ ਕਿਉਕਿ ਇਸ ਸਾਂਝ ਰਾਹੀਂ ਬਣਦਾ ਪੋਸਟ ਗਰੈਜੂਏਟ ਵਰਕ ਪਰਮਿਟ ਦਾ ਰਸਤਾ ਬੰਦ ਕਰ ਦਿੱਤਾ ਗਿਆ ਹੈ। ਮੰਤਰੀ ਦੇ ਐਲਾਨ ਮੁਤਾਬਕ ਗੈਰ ਕਿੱਤਾ ਮੁਖੀ ਡਿਗਰੀ ਪ੍ਰੋਗਰਾਮਾਂ ਵਾਲੇ ਵਿਦਿਆਰਥੀ ਹੁਣ ਆਪਣੇ ਜੀਵਨ ਸਾਥੀ (ਪਤੀ ਜਾਂ ਪਤਨੀ) ਨੂੰ ਵਰਕ ਪਰਮਿਟ ਨਹੀਂ ਦਿਵਾ ਸਕਣਗੇ। ਉਨ੍ਹਾਂ ਕਿਹਾ ਕਿ ਵਰਕ ਪਰਮਿਟ ਦੇਣ ਦੀ ਪਹਿਲਾਂ ਵਾਲੀ ਨੀਤੀ ਵਿਚ ਵੀ ਵੱਡੇ ਬਦਲਾਅ ਕੀਤੇ ਗਏ ਹਨ। ਨਵੇਂ ਨਿਯਮ ਤਹਿਤ ਸਰਕਾਰੀ ਤੇ ਪ੍ਰਾਈਵੇਟ ਕਾਲਜਾਂ ਦੀ ਸਾਂਝ-ਭਿਆਲੀ ਬੰਦ ਹੋਣ ਕਰਕੇ ਜਿੱਥੇ ਸਰਕਾਰੀ ਖਜ਼ਾਨੇ 'ਤੇ ਪੈਂਦਾ ਬੇਲੋੜਾ ਵਿੱਤੀ ਬੋਝ ਘਟੇਗਾ ਉੱਥੇ ਹੀ ਕਈ ਪ੍ਰਾਈਵੇਟ ਕਾਲਜ ਬੰਦ ਵੀ ਹੋ ਸਕਦੇ ਹਨ।

## ਮਿਜ਼ੋਰਮ: ਫ਼ੌਜੀ ਵਾਪਸ ਲੈਣ ਆਇਆ ਮਿਆਂਮਾਰ ਦਾ ਜਹਾਜ਼ ਹਾਦਸਾਗ੍ਰਸਤ



ਐਜ਼ੌਲ : ਮਿਆਂਮਾਰ ਦਾ ਫੌਜੀ ਜਹਾਜ਼ ਅੱਜ ਐਜ਼ੌਲ ਦੇ ਬਾਹਰੀ ਇਲਾਕੇ 'ਚ ਸਥਿਤ ਲੇਂਗਪੁਈ ਹਵਾਈ ਅੱਡੇ 'ਤੇ ਹਾਦਸੇ ਦਾ ਸ਼ਿਕਾਰ ਹੋ ਗਿਆ। ਅਧਿਕਾਰੀਆਂ ਨੇ ਅੱਜ ਇਹ ਜਾਣਕਾਰੀ ਦਿੱਤੀ। ਅਧਿਕਾਰੀਆਂ ਨੇ ਦੱਸਿਆ ਕਿ ਇਹ ਛੋਟਾ ਜਹਾਜ਼ ਮਿਆਂਮਾਰ ਦੇ ਉਨ੍ਹਾਂ ਫੌਜੀਆਂ ਨੂੰ ਵਾਪਸ ਲੈਣ ਆਇਆ ਸੀ ਜੋ ਇਕ ਜਾਤੀ ਬਾਗੀ ਸਮੂਹ ਨਾਲ ਮੁਕਾਬਲੇ ਮਗਰੋਂ ਸਰਹੱਦ ਪਾਰ ਕਰਕੇ ਪਿਛਲੇ ਹਫ਼ਤੇ ਭਾਰਤ ਆ ਗਏ ਸਨ। ਅਧਿਕਾਰੀਆਂ ਅਨੁਸਾਰ ਪਿਛਲੇ ਹਫ਼ਤੇ ਮਿਆਂਮਾਰ ਦੇ ਕੁੱਲ 276 ਸੈਨਿਕ ਮਿਜ਼ੋਰਮ 'ਚ ਦਾਖਲ ਹੋ ਗਏ ਸਨ ਜਿਨ੍ਹਾਂ 'ਚੋਂ 184 ਸੈਨਿਕਾਂ ਨੂੰ ਬੀਤੇ ਦਿਨ ਵਾਪਸ ਭੇਜ ਦਿੱਤਾ ਗਿਆ ਸੀ। ਉਨ੍ਹਾਂ ਦੱਸਿਆ ਕਿ ਬਾਕੀ 92 ਸੈਨਿਕਾਂ ਨੂੰ ਅੱਜ ਵਾਪਸ ਭੇਜਿਆ ਜਾਣਾ ਸੀ। ਇਹ ਜਹਾਜ਼ ਸੈਨਿਕਾਂ ਨੂੰ ਮਿਆਂਮਾਰ ਦੇ ਰਖਾਈਨ ਸੂਬੇ ਦੇ ਸਿਤਵੇ ਲਿਜਾਣ ਵਾਲਾ ਸੀ। ਅਧਿਕਾਰੀਆਂ ਨੇ ਦੱਸਿਆ ਕਿ ਸਵੇਰੇ 10.20 ਵਜੇ ਵਾਪਰੇ ਹਾਦਸੇ ਸਮੇਂ ਜਹਾਜ਼ 'ਚ 14 ਜਣੇ ਸਵਾਰ ਸਨ ਜਿਨ੍ਹਾਂ 'ਚੋਂ ਅੱਠ ਜ਼ਖ਼ਮੀ ਹੋਏ ਹਨ। ਇਹ ਜਹਾਜ਼ ਲੈਂਡ ਕਰਦੇ ਸਮੇਂ ਟੇਬਲਟੌਪ ਰਨਵੇਅ ਤੋਂ ਅੱਗੇ ਨਿਕਲ ਗਿਆ ਤੇ ਹਾਦਸੇ ਦਾ ਸ਼ਿਕਾਰ ਹੋ ਗਿਆ।

ਕੈਪਟਨ ਅਮਰਜੀਤ ਸਿੰਘ ਕਾਲੇਕਾ ਸਿੱਖ ਕੌਮ ਵਿੱਚ ਇੱਕ ਜਾਣਿਆ ਪਹਿਚਾਣਿਆ ਕੁਰਬਾਨੀ ਵਾਲਾ ਪ੍ਰਵਾਰ ਹੈ। ਪਟਿਆਲਾ ਰਿਆਸਤ ਦੇ ਨਾਮੀ ਪਰਿਵਾਰ ਵਿਚ ਜਨਮ ਅਤੇ ਪਰਵਿਰਸ਼ ਪਾਉਣ ਉਪਰੰਤ ਇਨ੍ਹਾਂ ਨੇ ਫੌਜ ਦੇ ਵਿਚ ਬੜੀ ਦਲੇਰੀ ਨਾਲ ਸਰਵਿਸ ਕੀਤੀ। ਉਸ ਤੋਂ ਬਾਅਦ ਬਤੌਰ ਲੈਕਚਰਾਰ ਸਰਕਾਰੀ ਕਾਲਜ ਵਿਚ ਇਮਾਨਦਾਰੀ ਨਾਲ ਸੇਵਾ ਨਿਭਾਈ, ਜਿਸ ਵੇਲੇ ਬਤੌਰ ਉਪ ਆਬਕਾਰੀ ਤੇ ਕਰ ਕਮਿਸ਼ਨਰ ਆਪਣੇ ਕੈਰੀਅਰ ਦੀਆਂ ਉਚਾਈਆਂ 'ਤੇ ਸਨ, ਪੰਜ ਸਾਲਾਂ ਦੀ ਛੁੱਟੀ ਲੈ ਕੇ ਆਪਣੀ ਜਾਇਦਾਦ ਵੇਚ ਕੇ, ਪਰਿਵਾਰ ਸਮੇਤ ਅਮਰੀਕਾ ਆ ਗਏ, ਜਿਥੇ ਜਾ ਕੇ ਮੁੜ ਤੋਂ ਸੰਘਰਸ਼ ਕਰਦੇ ਹੋਏ ਪ੍ਰਾਪਤੀਆਂ ਕੀਤੀਆਂ ਅਤੇ ਦੋਵੇਂ ਬੇਟਿਆਂ ਨੂੰ ਉਚੇਰੀ ਸਿੱਖਿਆ ਦਿਵਾਉਣ ਉਪਰੰਤ ਇਸ ਕਾਬਲ ਬਣਾਇਆ ਕਿ ਉਹ ਅੱਜ ਆਪਣੇ ਪਰਿਵਾਰਾਂ ਸਮੇਤ ਅਮਰੀਕਾ ਵਿਚ ਬਹੁਤ ਮਾਣ ਵਾਲੀਆਂ ਥਾਵਾ 'ਤੇ ਸੈਟਲ ਹਨ। ਇਹ ਸਭ ਕੁਝ ਹਾਸਲ ਕਰਨ ਉਪਰੰਤ ਮੁੜ ਭਾਰਤ ਪਰਤ ਕੇ ਬਤੌਰ ਐਡੀਸ਼ਨਲ ਆਬਕਾਰੀ ਤੇ ਕਰ ਕਮਿਸ਼ਨਰ ਪੰਜਾਬ ਰਿਟਾਇਰ ਹੋਏ। ਕੈਪਟਨ ਅਮਰਜੀਤ ਸਿੰਘ ਕਾਲੇਕਾ ਓਕ ਕਰੀਕ ਵਿਸਕਾਸਨ ਦੇ ਗੁਰਦੁਆਰਾ ਸਾਹਿਬ ਵਿਖੇ ਸ਼ਹੀਦ ਹੋਏ ਸ੍ਰ. ਸਤਵੰਤ ਸਿੰਘ ਕਾਲੇਕਾ ਦੇ ਵੱਡੇ ਭਰਾ ਹਨ। ਕਾਲੇਕਾ ਪ੍ਰਵਾਰ ਪੁਸ਼ਤਾਂ ਤੋ ਪੰਥ ਦੀ ਨਿਸ਼ਕਾਮ ਸੇਵਾ ਕਰਦੇ ਆ ਰਹੇ ਹਨ ਜਿਥੇ ਓਕ ਕਰੀਕ ਵਿਸਕਾਸਨ ਦੇ ਗੁਰਦੁਆਰਾ ਸਾਹਿਬ ਚ ਵਾਪਰੀ ਘਟਨਾ ਨੇ ਪੂਰੇ ਅਮਰੀਕਾ ਸਮੇਤ ਸਾਰੀ ਦੂਨੀਆ ਦੇ ਸਿੱਖਾਂ ਉਪਰ ਗਹਿਰਾ ਪ੍ਰਭਾਵ ਛੱਡਿਆ ਉਥੇ ਕੈਪਟਨ ਅਮਰਜੀਤ ਸਿੰਘ ਕਾਲੇਕਾ ਨੇ ਇਸ ਸ਼ਹਾਦਤ ਨੂੰ ਕਲਮਬੰਦ ਕਰਨ ਲਈ ਕੋਸਿਸ਼ ਅਰੰਭ ਕਰ ਦਿੱਤੀ। ਭਾਵੇਂ ਸਤਵੰਤ ਸਿੰਘ ਦੀ ਸ਼ਹੀਦੀ, ਉਨ੍ਹਾਂ ਦੇ ਪਰਿਵਾਰ, ਪਿੰਡ ਵਾਸੀਆਂ, ਸੱਜਣਾਂ-ਮਿੱਤਰਾਂ ਅਤੇ ਵਿਸ਼ੇਸ਼ ਕਰਕੇ ਸਮੂਹ ਨਾਨਕ ਨਾਮ ਲੇਵਾ ਮਨੁੱਖਾਂ ਲਈ ਇਕ ਨਾ-ਭੁਲਾਇਆ ਜਾਣ ਵਾਲਾ ਵਾਕਿਆ ਹੈ। ਪ੍ਰੰਤੂ ਫਿਰ ਵੀ ਉਨ੍ਹਾਂ ਦੇ ਮਨ ਵਿਚ ਇਹ ਇੱਛਾ ਸੀ ਕਿ ਉਨਾ ਤੋਂ 5 ਵਰ੍ਹੇ ਛੋਟੇ ਵੀਰ ਸਤਵੰਤ ਸਿੰਘ ਕਾਲੇਕਾ ਦੀ ਸ਼ਹੀਦੀ ਦੀ ਗੌਰਵਗਾਥਾ ਨੂੰ ਸ਼ਬਦਾਂ ਵਿਚ ਕਾਨੀਬੱਧ ਕੀਤਾ ਜਾਵੇ ਅਤੇ ਇਸ ਘਟਨਾ ਦੀ ਯਾਦ ਨੂੰ ਇਤਿਹਾਸਕ ਦਸਤਾਵੇਜ਼ ਦੇ ਰੂਪ ਵਿਚ ਸੰਭਾਲ ਕੇ ਰੱਖਿਆ ਜਾਵੇ ਕਿਉਂਕਿ ਆਮ ਕਹਾਵਤ ਹੈ ਕਿ ਸੀਨਾ-ਬਸੀਨਾ ਤੁਰਦੀਆਂ ਗਾਥਾਵਾਂ ਸਮਾਂ ਪਾ ਕੇ ਜਨ-ਚੇਤਨਾ ਵਿਚੋਂ ਲੁਪਤ ਹੋ ਜਾਂਦੀਆਂ ਹਨ ਪ੍ਰੰਤੂ ਸ਼ਾਬਦਿਕ ਰੂਪ ਵਿਚ ਚਿੱਤਰੀਆਂ ਵੀਰ-ਗਾਥਾਵਾਂ ਇਤਿਹਾਸ ਦਾ ਸਥਾਈ ਹਿੱਸਾ ਬਣ ਜਾਂਦੀਆਂ ਹਨ। ਇਸ ਪੁਸਤਕ ਦੀ ਰਚਨਾ ਕਰਦਿਆਂ ਉਨਾ ਕਿਸੇ ਇਤਿਹਾਸ, ਮਿਥਿਹਾਸ ਜਾਂ ਕਲਪਨਾ ਦਾ ਸਹਾਰਾ ਨਹੀਂ ਲਿਆ। ਉਨ੍ਹਾਂ ਦਾ ਜ਼ਿਆਦਾ ਧਿਆਨ ਸ੍ਰ. ਸਤਵੰਤ ਸਿੰਘ ਅਤੇ ਉਸ ਦੇ ਜੀਵਨ ਨਾਲ ਸਬੰਧਤ ਵਾਸਤਵਿਕ ਘਟਨਾਵਾਂ ਨੂੰ ਚਿੱਤਰਣ 'ਤੇ ਹੀ ਕੇਂਦਰਤ ਰਿਹਾ ਹੈ। ਇਸ ਪੁਸਤਕ ਦੀ ਰਚਨਾ ਪ੍ਰਕਿਰਿਆ ਅਤੇ ਸੰਪੂਰਨਤਾ ਵਿਚ ਵੀ ਆਮ ਵਾਂਗ ਉਨ੍ਹਾਂ ਦੀ ਸੁਪਤਨੀ ਸਰਦਾਰਨੀ ਜਸਮਿੰਦਰ ਕੌਰ ਦਾ ਮਹੱਤਵਪੂਰਨ ਯੋਗਦਾਨ ਰਿਹਾ ਹੈ। ਅਸੀਂ ਉਨ੍ਹਾਂ ਦੀ ਲਿਖੀ ਇਤਿਹਾਸਕ ਕਿਤਾਬ ਸ਼ਹੀਦ ਸਤਵੰਤ ਸਿੰਘ ਕਾਲੇਕੇ ਜਨਮ ਤੋਂ ਸ਼ਹੀਦੀ ਤੱਕ 'ਸਾਡੇ ਲੋਕ' ਅਖਬਾਰ ਵਿੱਚ ਲੜੀਵਾਰ ਛਾਪਕੇ ਮਾਣ ਮਹਿਸੂਸ ਕਰ ਰਹੇ ਹਾਂ : ਸਤਨਾਮ ਸਿੰਘ ਖਾਲਸਾ


ਕੈਪਟਨ ਅਮਰਜੀਤ ਸਿੰਘ ਕਾਲੇਕਾ

# ਸ਼ਹੀਦੀ ਸਾਕਾ ਗੁ. ਸਾਹਿਬ ਓਕ ਕਰੀਕ


(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

ਸਤਵੰਤ ਨੇ, ਕਾਲੇਕਾ ਪਰਿਵਾਰ ਅਤੇ ਰੱਖੜਾ ਪਰਿਵਾਰ ਦਾ, ਦੁਗਾਲ ਪਿੰਡ ਦਾ, ਸਮੁੱਚੇ ਸਿੱਖ ਅਤੇ ਪੰਜਾਬੀ ਭਾਈਚਾਰੇ ਦਾ ਨਉਂ ਰੌਸ਼ਨ ਕਰ ਦਿੱਤਾ ਹੈ। ਅਠਾਰਵੀਂ ਸਦੀ ਦੇ ਸੂਰਮੇ ਸਿੱਖਾਂ ਦੀਆਂ ਰਵਾਇਤਾਂ ਨੂੰ ਸੁਰਜੀਤ ਕੀਤਾ ਹੈ। ਉਹ ਪੰਜਾਬੀਆਂ ਅਤੇ ਸਿੱਖਾਂ ਦੀ ਸਮੂਹਿਕ ਚੇਤਨਾ ਵਿਚ ਸਮਾ ਗਿਆ ਹੈ। ਸਿੱਖ ਇਤਿਹਾਸ ਵਿਚ ਸਥਾਪਿਤ ਸ਼ਹਾਦਤ ਦੀ ਪਰੰਪਰਾ ਨੂੰ ਜਿਊਂਦੇ ਰੱਖਣ ਅਤੇ ਇਸ ਨੂੰ ਪ੍ਰਫੁਲਿਤ ਕਰਨ ਦਾ ਸੇਹਰਾ ਸਤਵੰਤ ਦੇ ਸਿਰ 'ਤੇ ਸੋਸ਼ੁਭਿਤ ਹੈ।

ਜਿਥੇ ਉਸ ਦੇ ਪਰਿਵਾਰ, ਉਸ ਦੇ ਨਿਕਟਵਰਤੀ ਸਬੰਧੀਆਂ, ਸਹਿਚਾਰੀਆਂ, ਸਹਿਯੋਗੀਆਂ, ਸਹਿਕਰਮੀਆਂ ਅਤੇ ਸਾਥੀਆਂ ਨੂੰ ਉਸ ਤੇ ਬਹੁਤ ਹੀ ਮਾਨ ਮਹਿਸੂਸ ਹੋ ਰਿਹਾ ਹੈ ਉਥੇ ਉਸ ਦੇ ਕਾਲਜ ਦੇ ਦਿਨਾਂ ਦੇ ਇਕ ਅਧਿਆਪਕ ਨੂੰ ਵੀ ਅਪੂਰਣ ਗੌਰਵ ਦਾ ਅਨੁਭਵ ਹੋ ਰਿਹਾ ਹੈ। ਉਸ ਨੇ ਸਾਡੇ ਸਾਰਿਆਂ ਦਾ ਸਿਰ ਉੱਚਾ ਕਰ ਦਿੱਤਾ ਹੈ।

ਗੁਰਮਤਿ ਵਿਚਾਰਧਾਰਾ ਦੇ ਆਗਮਨ ਤੋਂ ਪਹਿਲਾਂ ਭਾਰਤ ਅੰਦਰ ਸ਼ਹੀਦੀ ਦਾ ਕੋਈ ਸੰਕਲਪ ਨਹੀਂ ਸੀ। ਸਗੋਂ ਭਾਰਤ ਵਾਸੀ ਆਪਣੀ ਨਿਜੀ ਕਾਰਜ ਸਿੱਧੀ, ਮੈਦਾਨੇ ਜੰਗ ਵਿਚ ਜਿਤ ਪ੍ਰਾਪਤ ਕਰਨ ਜਾਂ ਆਪਣੇ ਦੁਸ਼ਮਣ ਦਾ ਨੁਕਸਾਨ ਕਰਨ ਹਿਤ ਦੈਵੀ ਸ਼ਕਤੀਆਂ ਨੂੰ ਖ਼ੁਸ਼ ਕਰਨ ਹਿਤ ਪਸ਼ੂਆਂ ਤਥਾ ਜਾਨਵਰਾਂ ਦੀ ਬਲੀ ਦਿੰਦੇ ਸਨ ਜਾਂ ਫਿਰ ਸਤੀ ਪ੍ਰਥਾ ਅਨੁਸਾਰ ਪਤਨੀ ਨੂੰ ਆਪਣੇ ਮ੍ਰਿਤਕ ਪਤੀ ਨਾਲ ਮਰਨ ਲਈ ਮਜਬੂਰ ਕੀਤਾ ਜਾਂਦਾ ਸੀ। ਪਰੰਤੂ ਸ੍ਰੀ ਗੁਰੂ ਨਾਨਕ ਦੇਵੀ ਜੀ ਨੇ ਇਸ ਪ੍ਰਥਾ ਨੂੰ ਪ੍ਰਵਾਨ ਨਾ ਕੀਤਾ ਸਗੋਂ ਮਨੁੱਖ ਨੂੰ ਆਪਣੇ ਅੰਦਰਲੇ ਵੈਰੀਆਂ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਤੇ ਜਿੱਤ ਪ੍ਰਾਪਤ ਕਰਕੇ ਸ਼ਬਦ ਦੇ ਲੜ ਲਗਕੇ ਜੀਵਨ ਮੁਕਤ ਹੋਣ ਦਾ ਸੰਦੇਸ਼ ਦਿੱਤਾ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਲੁਕਾਈ ਦੇ ਮਨਾਂ ਵਿਚੋਂ ਮੌਤ ਦਾ ਭੈਅ ਖ਼ਤਮ ਕਰਨ ਲਈ ਇਕ ਨਵਾਂ ਸਿਧਾਂਤ ਪੇਸ਼ ਕੀਤਾ। ਗੁਰੂ ਸਾਹਿਬ ਦਾ ਵਿਚਾਰ ਹੈ ਕਿ ਮੌਤ ਅਤੇ ਜ਼ਿੰਦਗੀ ਦੋਵਾਂ ਨੂੰ ਵੱਖ ਨਹੀਂ ਕੀਤਾ ਜਾ ਸਕਦਾ। ਮੌਤ ਜ਼ਿੰਦਗੀ ਉਤੇ ਉਦੋਂ ਹੀ ਭਾਰੂ ਹੁੰਦੀ ਹੈ ਜਦੋਂ ਅਕਾਲ ਪੁਰਖ ਵੱਲੋਂ ਨਿਸ਼ਚਿਤ ਕੀਤਾ ਸਮਾਂ ਆ ਜਾਂਦਾ ਹੈ। ਪਰੰਤੂ ਫਿਰ ਵੀ ਮਨੁੱਖ ਜਨਮ ਤੋਂ ਹੀ ਮੌਤ ਦੇ ਭੈਅ ਵਿਚ ਵਿਚਰਦਾ ਹੈ।

ਗੁਰੂ ਫੁਰਮਾਨ ਹੈ:- ॥ਜਨਮਤ ਹੀ ਦੁਖੁ ਲਾਗੈ ਮਰਣਾ ਆਇ ਕੈ॥ ਜਨਮੁ ਮਰਣੁ ਪਰਵਾਣੁ ਹਰਿ ਗੁਣ ਗਾਇ ਕੈ॥ (752) ਤਥਾ॥ ਮਰਣੁ ਮੁਣਸਾ ਸੂਰਿਆ ਹਕੁ ਹੈ ਜੋ ਹੋਇ ਮਰਨਿ ਪਰਵਾਣੋ॥ ਸੂਰੇ ਸੇਈ ਆਗੈ ਆਖੀਅਹਿ ਦਰਗਹ ਪਾਵਹਿ ਸਾਚੀ ਮਾਣੋ॥ (579)




ਗੁਰਮਤਿ ਵਿਚ ਸ਼ਹੀਦੀ ਦਾ ਬਹੁਤ ਉੱਚਾ ਅਸਥਾਨ ਹੈ। ਗੁਰੂ ਸਾਹਿਬਾਨ ਤੋਂ ਬਾਅਦ ਸ਼ਹੀਦਾਂ ਨੂੰ ਸਤਿਕਾਰ ਦਿੱਤਾ ਜਾਂਦਾ ਹੈ ਅਤੇ ਰੋਜ਼ਾਨਾ ਹਰ ਗੁਰਸਿੱਖ ਅਰਦਾਸ ਸਮੇਂ ਗੁਰੂ ਸਾਹਿਬਾਨ ਨੂੰ ਯਾਦ ਕਰਨ ਉਪਰੰਤ ਸਮੂਹ ਸ਼ਹੀਦ ਸਿੰਘਾਂ ਸਿੰਘਣੀਆਂ, ਭੁੰਜਗੀਆਂ ਨੂੰ ਯਾਦ ਕਰਕੇ ਨਤਮਸਤਕ ਹੁੰਦਾ ਹੈ। ਇਕ ਇਸਲਾਮੀ ਸ਼ਾਇਰ ਨੇ ਸ਼ਹੀਦੀ ਬਾਰੇ ਇਉਂ ਬਿਆਨ ਕੀਤਾ ਹੈ:-

ਸ਼ਹੀਦੋਂ ਕੀ ਕਤਲਾਹ ਸੇ ਕਯਾ ਬੇਤਰ ਹੈ ਕਾਅਬਾ।
ਸ਼ਹੀਦੋਂ ਦੀ ਖਾਕ ਪੇ ਖ਼ੁਦਾ ਵੀ ਕੁਰਬਾਨ ਹੋਤਾ ਹੈ।

ਕਿਸੇ ਉਚੇ ਉਦੇਸ਼, ਨੇਕ ਕਾਰਜ, ਲੋਕ ਭਲਾਈ ਦੇ ਵਡੇਰੇ ਹਿਤ ਜਾਂ ਧਰਮ ਯੁੱਧ ਆਦਿ ਵਿਚ ਆਪਣੀ ਜਾਨ ਕੁਰਬਾਨ ਕਰ ਦੇਣ ਵਾਲੇ ਵਿਅਕਤੀ ਨੂੰ ਸ਼ਹੀਦ ਕਿਹਾ ਜਾਂਦਾ ਹੈ। ਸਾਮੀ ਧਰਮਾਂ ਵਿਚ ਵੀ ਸ਼ਹੀਦਾਂ ਦੀਆਂ ਮਿਸਾਲਾਂ ਮਿਲਦੀਆਂ ਹਨ। ਸਭ ਤੋਂ ਪਹਿਲਾਂ ਈਸਾ ਮਸੀਹ ਦੇ ਜਨਮ ਤੋਂ 339 ਸਾਲ ਪਹਿਲਾਂ ਯੂਨਾਨ ਦੇ ਸੁਕਰਾਤ ਦੀ ਸ਼ਹੀਦੀ, ਸੁਕਰਾਤ ਤੋਂ ਲਗਪਗ 372 ਸਾਲ ਬਾਅਦ ਹਰਜਤ ਈਸਾ ਨੂੰ ਸੂਲੀ ਉਪਰ ਟੰਗ ਕੇ ਸ਼ਹੀਦ ਕੀਤਾ ਗਿਆ। ਸਮੇਂ ਦੀ ਸਰਕਾਰ ਨੇ ਸਮਸ ਤਬਰੇਜ਼, ਜਿਸ ਦਾ ਪੂਰਾ ਨਾਂ ਮਖਦੂਮਸ਼ਾਹ ਸਮਸੁਦੀਨ ਸੀ, ਨੂੰ ਪੁੱਠੀ ਖੱਲ ਲਾਹ ਕੇ ਸ਼ਹੀਦ ਕਰਵਾ ਦਿੱਤਾ। ਇਸੇ ਤਰ੍ਹਾਂ ਸਮਸੁਦੀਨ ਅਹਿਮਦ ਨੂੰ ਸਮੇਂ ਦੇ ਹਾਕਮ ਅਲਾਊਦੀਨ ਮੁਹੰਮਦ ਨੇ ਪੁੱਠੀ ਖੱਲ ਲਹਾਕੇ ਸ਼ਹੀਦ ਕਰਵਾ ਦਿੱਤਾ ਸੀ ਅਤੇ ਬਾਦਸ਼ਾਹ ਦੇ ਹੁਕਮ ਨਾਲ ਮਨਸੂਰ ਨੂੰ ਵੱਟੇ ਮਾਰ-ਮਾਰ ਕੇ ਸ਼ਹੀਦ ਕੀਤਾ ਗਿਆ ਸੀ।

ਗੁਰੂ ਇਤਿਹਾਸ ਅਤੇ ਸਿੱਖ ਇਤਿਹਾਸ ਵਿਚ ਸ਼ਹੀਦਾਂ ਦੀ ਗਿਣਤੀ ਬੇਸ਼ਮਾਰ ਹੈ। ਉਹਨਾਂ ਦਾ ਇਕ ਲੇਖ ਵਿਚ ਵਰਣਨ ਕੀਤਾ ਜਾਣਾ ਅਸੰਭਵ ਹੈ। ਸਭ ਤੋਂ ਮਹੱਤਵਪੂਰਨ ਗੱਲ ਇਹ ਹੈ ਕਿ ਕਿਸੇ ਵੀ ਸਿੱਖ ਨੇ ਆਪਣੇ ਨਿਜੀ ਮੁਹਾਦ ਲਈ ਕਿਸੇ ਦਾ ਕਤਲ ਨਹੀਂ ਕੀਤਾ। ਅੱਲਾ ਯਾਰ ਖਾਂ ਯੋਗੀ ਜੋ ਮੁਗਲਾਂ ਅਤੇ ਸਿੱਖਾਂ ਦਰਮਿਆਨ ਖ਼ੂਨੀ ਸੰਘਰਸ਼ ਸਮੇਂ ਦਾ ਚਸ਼ਮਦੀਦ ਗਵਾਹ ਸੀ।

(ਚਲਦਾ)





ਸ੍ਰ. ਗੁਰਚਰਨਜੀਤ ਸਿੰਘ ਲਾਂਬਾ

ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਪੰਥਕ ਸਫ਼ਾਂ ਦੇ ਅੰਦਰ ਇਕ ਉਘੇ ਸਿੱਖ ਚਿੰਤਕ ਅਤੇ ਵਿਦਵਾਨ ਵਜੋਂ ਜਾਣੇ ਜਾਂਦੇ ਹਨ। ਆਪ ਨੇ ਪੰਥਕ ਤੇ ਧਾਰਮਿਕ ਸੂਝ-ਸਮਝ ਆਪਣੇ ਮਾਤਾ ਪਿਤਾ ਤੋਂ ਹੀ ਪ੍ਰਾਪਤ ਕੀਤੀ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਇੱਕ ਅੰਮ੍ਰਿਤਧਾਰੀ ਗੁਰੂ ਕੇ ਸਿੱਖ ਹਨ ਅਤੇ ਪੂਰੀ ਦੁਨੀਆ ਵਿੱਚ ਸਿੱਖ ਪੰਥ ਦੀ ਨਿਧੱੜਕ ਅਵਾਜ਼ ਹਨ। ਉਨ੍ਹਾਂ ਨੇ 1973 ਵਿਚ ਪਟਨਾ ਸਾਹਿਬ ਵਿਖੇ ਹੀ ਪਟਨਾ ਯੂਨੀਵਰਸਿਟੀ ਤੋਂ ਐਲ.ਐਲ.ਬੀ. ਦੀ ਡਿਗਰੀ ਹਾਸਲ ਕਰਕੇ ਵਕਾਲਤ ਦੇ ਨਾਲ ਨਾਲ ਟੀ.ਵੀ. ਪੱਤਰਕਾਰ ਦੇ ਪੇਸ਼ੇ ਨੂੰ ਅਪਣਾਇਆ। ਆਪ 2003 ਤੋਂ 2011 ਈ. ਤੱਕ ਸੰਤ ਸਿਪਾਹੀ ਰਸਾਲੇ ਦੇ ਐਡੀਟਰ ਰਹੇ। ਆਪ ਪੰਥਕ, ਧਾਰਮਿਕ ਤੇ ਕਾਨੂੰਨੀ ਮਸਲਿਆਂ, ਗੁਰਦੁਆਰਾ ਐਕਟ ਪੈਨਲ ਅਤੇ ਧਰਮਾਂ ਦੇ ਤੁਲਨਾਤਮਿਕ ਅਧਿਐਨ ਵਰਗੇ ਵਿਸ਼ਿਆਂ ਦੇ ਗਹਿਰ-ਗੰਭੀਰ ਖੋਜੀ ਬਣਕੇ ਪੰਥ ਦੇ ਵਡੇਰੇ ਹਿਤਾਂ ਲਈ ਯੋਗਦਾਨ ਪਾਉਂਦੇ ਰਹੇ। ਕਈ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਸੈਮੀਨਾਰਾਂ ਵਿਚ ਖੋਜ ਭਰਪੂਰ ਪਰਚੇ ਪੜ੍ਹੇ। "ਇਕ ਖਤ ਭਾਈ ਤਾਰੂ ਸਿੰਘ ਜੀ ਦੇ ਨਾਮ" ਅਤੇ "ਦਸਤਾਰ ਕਿ ਟੋਪੀ" ਆਪ ਦੀਆਂ ਇਨ੍ਹਾਂ ਪੁਸਤਕਾਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਧਰਮ ਪ੍ਰਚਾਰ ਲਈ ਛਾਪਿਆ। ਆਪ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ ਪੰਥਕ ਮਸਲਿਆਂ ਦੇ ਹੱਲ ਲਈ ਬਣਾਈਆਂ ਕਈ ਸਬ ਕਮੇਟੀਆਂ ਦੇ ਮੈਂਬਰ ਵਜੋਂ ਵੀ ਕਾਰਜਸ਼ੀਲ ਰਹੇ। ਆਪ ਦੀ ਲਿਖੀ ਇਹ ਹੱਥੀ ਪੁਸਤਕ "ਸਾਖੀ ਸਿੱਖ ਰਹਿਤ ਮਰਯਾਦਾ ਜੀ ਕੀ" ਸਿੱਖ ਰਹਿਤ ਮਰਯਾਦਾ ਦੀ ਜਾਣਕਾਰੀ ਦੇਣ ਦੇ ਨਾਲ ਨਾਲ ਪੰਥ ਵਿਚ ਇਸ ਦੀ ਅਹਿਮੀਅਤ ਨੂੰ ਵੀ ਬਿਆਨ ਕਰਦੀ ਹੈ। ਆਪਜੀ ਦੀ ਕਿਤਾਬ ਪੰਥਕ ਨਜ਼ਰ ਇੱਕ ਇਤਿਹਾਸਕ ਦਸਤਾਵੇਜ਼ ਹੈ ਜੋ ਸਮੇਂ-ਸਮੇਂ ਵਰਤੇ ਇਤਿਹਾਸ ਦੀ ਗਵਾਹੀ ਭਰਦਾ ਹੈ। ਆਪ ਸ੍ਰੀ ਅਕਾਲ ਤਖਤ ਸਾਹਿਬ ਅਤੇ ਇਥੋਂ ਪੰਥ ਲਈ ਜਾਰੀ ਸਿੱਖ ਰਹਿਤ ਮਰਯਾਦਾ ਨੂੰ ਸਮਰਪਿਤ ਹਨ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਕੌਮ ਨੂੰ ਆ ਰਹੀਆਂ ਦਰਪੇਸ਼ ਖਤਰਿਆਂ ਉਪਰ ਬੇਬਾਕੀ ਦੇ ਨਾਲ ਬੋਲਦੇ ਅਤੇ ਕੌਮ ਨੂੰ ਅਗਾਹ ਕਰਦੇ ਹਨ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਪਿਛਲੇ ਲੰਬੇ ਸਮੇ ਤੋਂ 'ਸਾਡੇ ਲੋਕ' ਅਖ਼ਬਾਰ ਲਈ ਪੰਥ ਅਤੇ ਪੰਜਾਬ ਦੇ ਭਲੇ ਲਈ ਲਗਾਤਾਰ ਲਿਖ ਰਹੇ ਹਨ। ਅਸੀਂ ਉਨ੍ਹਾਂ ਦੀ ਇਤਿਹਾਸਕ ਕਿਤਾਬ ਪੰਥਕ ਨਜ਼ਰ ਨੂੰ ਲਗਾਤਰ ਹਫਤਾਵਾਰੀ ਛਾਪ ਰਹੇ ਹਾਂ। ਇਸ ਹਫਤੇ ਤੋਂ ਉਨ੍ਹਾਂ ਦੀ ਕੌਮ ਨੂੰ ਵੱਡੀ ਦੇਣ 'ਸਾਖੀ ਸਿੱਖ ਰਹਿਤ ਮਰਿਆਦਾ ਜੀ ਕੀ' ਸ਼ੁਰੂ ਕਰ ਰਹੇ ਹਾਂ। ਇਥੇ ਇਹ ਜ਼ਿਕਰਯੋਗ ਹੈ ਕੀ ਇਸ ਕਿਤਾਬ ਨੂੰ ਲਿਖਣ ਲਈ ਦਹਾਕਿਆਂ ਦਾ ਸਮਾਂ ਲੱਗਾ ਹੈ ਅਤੇ ਆਸ ਹੈ ਕੀ ਪਾਠਕ ਇਸ ਇਤਿਹਾਸਕ ਦਸਤਾਵੇਜ਼ ਤੋਂ ਜ਼ਰੂਰ ਲਾਭ ਉਠਾਉਣਗੇ। ਅਸੀਂ 'ਸਾਖੀ ਸਿੱਖ ਰਹਿਤ ਮਰਿਆਦਾ ਜੀ ਕੀ' ਛਾਪਕੇ ਖ਼ੁਸ਼ੀ ਮਹਿਸੂਸ ਕਰ ਰਹੇ ਹਾਂ :- ਧੰਨਵਾਦ ਸਾਹਿਤ ਸਤਨਾਮ ਸਿੰਘ ਖਾਲਸਾ

ਇਤਿਹਾਸ ਦੇ ਝਰੋਖੇ ਵਿਚੋਂ

# ਸਿੱਖ ਰਹਿਤ ਮਰਯਾਦਾ ਦਾ ਖਰੜੇ ਤੋਂ ਪੰਥ ਪ੍ਰਵਾਨਤ ਹੋਣ ਦਾ ਸਫ਼ਰ

## ਪਹਿਲਾ ਪੜਾਅ ਸ਼੍ਰੋਮਣੀ ਗੁਰਦਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦੀ ਕਾਇਮੀ

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

ਜੋ ਨਿਰਜੋਤਿ ਭਯੋ ਜਗ ਜਾਨਤ ਤਾਹਿ ਕੇ ਆਗੇ ਲੈ ਜੋਤਿ ਜਗਾਈ॥
ਪਾਇ ਪਰੇ ਪਰਮੇਸਰ ਜਾਨਿ ਅਜਾਨਿ ਬਡੈ ਕਰਿਕੈ ਹਠਤਾਈ॥
ਚੇਤ ਅਚੇਤ ਸੁਚੇਤਨ ਕੋ ਚਿਤ ਕੀ ਤਜਿ ਕੈ ਚਟਦੈ ਦੁਚਿਤਾਈ॥ (ਚਰਿਤ੍ਰ ੨੬੬)

ਰਹਿਤਨਾਮੇ ਵੀ ਬਾਰ ਬਾਰ ਮੂਰਤੀ ਪੂਜਾ ਦੇ ਨਿਸ਼ੇਧ ਦਾ ਜ਼ਿਕਰ ਕਰਦੇ ਹਨ,

ਪਾਹਨ ਕੀ ਪੂਜਾ ਕਰੈ,
ਸਿਖ ਨਾ ਨਿਵਾਵਹਿ ਸੀਸ
ਸੋ ਸਾਕਤ ਨਿਗੁਰਾ ਸਦਾ,
ਮਾਰਿਆ ਸ੍ਰੀ ਜਗਦੀਸ਼॥ ੧੭।
(ਰਹਿਤਨਾਮਾ ਭਾਈ ਪ੍ਰਹਿਲਾਦ ਸਿੰਘ, ਪੰਨਾ ੬੬)

ਅਗਿਆਨਤਾ ਵਸ ਜਾਂ ਜਾਣ ਬੁਝ ਕੇ ਕਈ ਲੋਕ ਗੁਰੂ ਗ੍ਰੰਥ ਸਾਹਿਬ ਜੀ ਨੂੰ ਵੀ ਮੂਰਤੀ ਹੀ ਕਹਿ ਦਿੰਦੇ ਹਨ। ਇਹ ਸਹੀ ਨਹੀਂ ਹੈ। ਮੂਰਤੀ ਕਿਸੇ ਵਿਅਕਤੀ ਜਾਂ ਵਸਤੂ ਦੀ ਛਵੀ, ਪ੍ਰਤੀਰੂਪ ਜਾਂ ਉਸਦੀ ਨਕਲ ਨੂੰ ਕਿਹਾ ਜਾਂਦਾ ਹੈ। ਗੁਰੂ ਗ੍ਰੰਥ ਸਾਹਿਬ ਤਾਂ ਖ਼ੁਦ ਪ੍ਰਤੱਖ ਹਾਜ਼ਰ ਨਾਜ਼ਰ ਹਨ। ਇਹ ਕਿਸੇ ਦਾ ਰੈਪਲਿਕਾ ਜਾਂ ਪ੍ਰਤਿਰੂਪ ਨਹੀਂ।

**ਗੁਰਮਤਿ ਦੇ ਵਿਰੁੱਧ ਸੰਸਕਾਰ ਜਾਂ ਅਨਮਤ ਦਾ ਤਿਉਹਾਰ**

ਗੁਰਦੁਆਰੇ ਗੁਰਮਤਿ ਦੇ ਪ੍ਰਚਾਰ ਪ੍ਰਸਾਰ ਦੇ ਕੇਂਦਰ ਹਨ। ਇਥੇ ਕਿਸੇ ਵੀ ਗੁਰਮਤਿ ਵਿਰੁੱਧ ਕੋਈ ਵੀ ਰੀਤੀ ਜਾਂ ਸੰਸਕਾਰ ਨਹੀਂ ਕੀਤਾ ਜਾ ਸਕਦਾ ਅਤੇ ਨਾ ਹੀ ਗੁਰਦੁਆਰਾ ਸਾਹਿਬ ਨੂੰ ਕਿਸੇ ਅਨਮਤ ਦੇ ਤਿਉਹਾਰ ਦੇ ਮਨਾਉਣ ਲਈ ਹੀ ਵਰਤਿਆ ਜਾ ਸਕਦਾ ਹੈ। ਕੁਝ ਸਿੰਧੀ ਪਰਿਵਾਰ ਗੁਰਦੁਆਰਾ ਸਾਹਿਬ ਵਿਚ ਆ ਕੇ ਭਾਈ ਸਾਹਿਬ ਨੂੰ ਬੱਚੇ ਦੇ ਮੁੰਡਨ ਦੀ ਅਰਦਾਸ ਲਈ ਕਹਿੰਦੇ ਵੇਖੇ ਹਨ। ਇਸ ਦੇ ਨਾਲ ਹੀ ਗੁਰੂ ਕਾਲ ਤੋਂ ਹੀ ਕਿਸੇ ਵੀ ਮੌਕੇ ਨੂੰ ਗੁਰਮਤਿ ਦੇ ਪ੍ਰਚਾਰ ਲਈ ਵਰਤਣ ਦੀ ਪ੍ਰਕਥਾ ਚਲੀ ਆ ਰਹੀ ਹੈ। ਜਿਵੇਂ ਹੌਲੀ, ਦੀਵਾਲੀ, ਅਨਮਤ ਦੇ ਮੇਲੇ, ਸੰਗਰਾਂਦ ਆਦਿ। ਗੁਰੂ ਸਾਹਿਬ ਨੇ ਇਨ੍ਹਾਂ ਦਿਹਾੜਿਆਂ ਨੂੰ ਗੁਰਮਤਿ ਦੇ ਪ੍ਰਚਾਰ ਲਈ ਵਰਤਿਆ। ਬਿਹਾਰ ਵਿਚ ਵੀ ਹਰਿਹਰ ਖੇਤਰ ਦਾ ਮੇਲਾ ਮਸ਼ਹੂਰ ਸੀ ਪਰ ਇਥੇ ਵੀ ਗੁਰਮਤਿ ਪ੍ਰਚਾਰ ਦੇ ਕੈਂਪ ਲਾਏ ਜਾਂਦੇ ਹਨ। ਇਸੇ ਤਰ੍ਹਾਂ ਹਰ ਸਾਲ 31 ਦਸੰਬਰ ਨੂੰ ਜਿਥੇ ਸਾਰੀ ਦੁਨੀਆ ਕਲੱਬਾਂ ਆਦਿ ਵਿਚ ਇਕੱਠੀ ਹੁੰਦੀ ਹੈ ਹੁਣ ਸੰਸਾਰ ਭਰ ਵਿਚ ਇਸ ਦਿਨ ਨੂੰ ਉਚੇਚੇ ਦੀਵਾਨ ਸਜਾਏ ਜਾਂਦੇ ਹਨ।

ਇਸ ਦੇ ਨਾਲ ਹੀ ਧਾਰਮਿਕ ਸਲਹਕਾਰ ਕਮੇਟੀ ਦੇ ਸਾਹਮਣੇ ਇਹ ਪੁੱਛ ਆਈ ਕਿ ਕੀ ਬਾਬਾ ਸ੍ਰੀ ਚੰਦ ਜੀ ਦਾ ਜਨਮ ਉਤਸਵ ਗੁਰਦੁਆਰਾ ਸਾਹਿਬ ਵਿਚ ਮਨਾਇਆ ਜਾ ਸਕਦਾ ਹੈ, ਇਸ ਬਾਰੇ ਧਾਰਮਿਕ ਸਲਾਹਕਾਰ ਕਮੇਟੀ ਨੇ ਨਿਰਣਾ ਦਿੱਤਾ ਹੈ :

ਪਰਧਾਨ ਸਾਹਿਬ ਸ੍ਰੀ ਗੁਰੂ ਸਿੰਘ ਸਭਾ ਗੁਰਦਾਸਪੁਰ ਦੀ ਪੱਤ੍ਰਿਕਾ ਨੰ. 28 ਮਿਤੀ 4-9-40 ਪੇਸ਼ ਹੋ ਕੇ ਪ੍ਰਵਾਨ ਹੋਇਆ ਕਿ ਉਹ ਬਾਬਾ ਸ੍ਰੀ ਚੰਦ ਜੀ ਦਾ ਜਨਮ ਉਤਸਵ ਮਨਾ ਸਕਦੇ ਹਨ ਪ੍ਰੰਤੂ ਉਸ ਨੂੰ ਗੁਰਪੁਰਬ ਨਹੀਂ ਕਹਿਣਾ ਚਾਹੀਦਾ। (ਧਾਰਮਿਕ ਸਲਾਹਕਾਰ ਕਮੇਟੀ, ਮਤਾ ਨੰ. ੯, ਪੰਨਾ ੨੩)


(ਕ) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪੰਘੂੜੇ ਦੇ ਪਾਵਿਆਂ ਨੂੰ ਮੁੱਠੀਆਂ ਭਰਨੀਆਂ, ਕੰਧਾਂ ਜਾਂ ਥੜ੍ਹਿਆਂ 'ਤੇ ਨੱਕ ਰਗੜਨਾ ਜਾਂ ਮੁੱਠੀਆਂ ਭਰਨੀਅ, ਮੰਜੀ ਸਾਹਿਬ ਹੇਠਾਂ ਪਾਣੀ ਰੱਖਣਾ, ਗੁਰਦੁਆਰਿਆਂ ਵਿਚ ਮੂਰਤੀਆਂ (ਬੁੱਤ) ਬਣਾਉਣੀਆਂ ਜਾਂ ਰੱਖਣੀਆਂ, 'ਗੁਰੂ ਸਾਹਿਬਾਨ ਜਾਂ ਸਿੱਖ ਬਜ਼ੁਰਗਾਂ ਦੀਆਂ ਤਸਵਰਾਂ ਅੱਗੇ ਮੱਥੇ ਟੇਕਣੇ', ਇਹੋ ਜਿਹੇ ਕਰਮ ਮਨਮੱਤ ਹਨ। (ਸਿੱਖ ਰਹਿਤ ਮਰਯਾਦਾ, ਅਕਤੂਬਰ ੨੦੧੫, ਪੰਨਾ ੧੩)

ਸਿੱਖ ਰਹਿਤ ਮਰਯਾਦਾ ਦੀ 1936 ਵਾਲੀ ਛਾਪ ਵਿਚ ਇਹ ਮੱਦ ਇਸ ਤਰ੍ਹਾਂ ਦਰਜ ਸੀ :

(ਕ) ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਘੂੜੇ ਦੇ ਪਾਵਿਆਂ ਨੂੰ ਮੁਠੀਆਂ ਭਰਨੀਆਂ, ਕੰਧਾਂ ਜਾਂ ਥੜ੍ਹਿਆਂ ਤੇ ਨੱਕ ਰਗੜਨਾ ਜਾਂ ਮੁੱਠੀਆਂ ਭਰਨੀਆਂ, ਮੰਜੀ ਸਾਹਿਬ ਹੇਠ ਪਾਣੀ ਰੱਖਣਾ, ਗੁਰਦੁਆਰਿਆਂ ਵਿਚ ਮੂਰਤੀਆਂ (ਬੁੱਤ) ਬਣਾਣੀਆਂ ਜਾਂ ਰੱਖਣੀਆਂ - ਇਹੋ ਜਿਹੇ ਕਰਮ ਮਨਮਤ ਹਨ। (ਸਿੱਖ ਰਹਿਤ ਮਰਯਾਦਾ, ਛਾਪ ੧੯੩੬, ਪੰਨਾ ੪)

**ਤਬਦੀਲੀ**

1936 ਵਾਲੀ ਸਿੱਖ ਰਹਿਤ ਮਰਯਾਦਾ ਵਿਚ 'ਗੁਰੂ ਸਾਹਿਬਾਨ ਜਾਂ ਸਿੱਖ ਬਜ਼ੁਰਗਾਂ ਦੀਆਂ ਤਸਵੀਰਾਂ ਅੱਗੇ ਮੱਥੇ ਟੇਕਣੇ' ਲਫ਼ਜ਼ ਵਧਾਏ ਗਏ ਹਨ।




ਇਹ ਤਬਦੀਲੀ ਧਾਰਮਿਕ ਸਲਾਹਕਾਰ ਕਮੇਟੀ ਦੀ ਤੇਰ੍ਹਵੀਂ ਇਕੱਤਰਤਾ ਮਿਤੀ 7 ਜਨਵਰੀ, 1945 ਮਤਾ ਨੰਬਰ 3 ਰਾਹੀਂ ਕੀਤੀ ਗਈ। ਇਹ ਮਤਾ ਸੀ,

3. ਹੈਡਿੰਗ ਗੁਰਦੁਆਰੇ ਦੇ ਅੰਕ (ਕ) ਵਿਚ ਲ਼ਫ਼ਜ਼ 'ਬਨਾਣੀਆਂ ਜਾਂ ਰੱਖਣੀਆਂ ਅਤੇ 'ਇਹੋ ਜਿਹੇ ਕਰਮ' ਵਿਚ ਲਫ਼ਜ਼ ਗੁਰੂ ਸਾਹਿਬਾਨ ਜਾਂ ਸਿੱਖ ਬਜ਼ੁਰਗਾਂ ਦੀਆਂ ਤਸਵੀਰਾਂ ਅੱਗੇ ਮੱਥੇ ਟੇਕਣੇ ਵਧਾ ਦਿੱਤੇ ਜਾਣ।

ਪੰਘੂੜੇ ਦੇ ਪਾਵਿਆਂ ਨੂੰ ਮੁੱਠੀਆਂ ਕਰਨੀਆਂ ਗੁਰਦੁਆਰਾ ਸਾਹਿਬ ਮੰਦਿਰ ਦੀ ਤਰ੍ਹਾਂ ਨਹੀਂ ਹਨ ਕਿ ਕੇਵਲ ਮੂਰਤੀ ਦੇ ਦਰਸ਼ਨ ਕਰਕੇ ਚਲੇ ਜਾਣ। ਇਥੇ ਤਾਂ ਨਿਤਾਪ੍ਰਤਿ ਗੁਰਬਾਣੀ ਦੀ ਕਥਾ, ਕੀਰਤਨ ਅਤੇ ਵਖਿਆਨ ਦਾ ਪ੍ਰਵਾਹ ਹੁੰਦਾ ਹੈ।

ਜਨ ਨਾਨਕੁ ਬੋਲੇ ਬ੍ਰਹਮ ਬੀਚਾਰੁ॥
ਜੋ ਸੁਣੇ ਕਮਾਵੈ ਸੁ ਉਤਰੈ ਪਾਰਿ॥
ਜਨਮਿ ਨ ਮਰੈ ਨ ਆਵੈ ਨ ਜਾਇ॥
ਹਰਿ ਸੇਤੀ ਓਹੁ ਰਹੈ ਸਮਾਇ॥ ੪॥੨॥
(ਅੰਗ ੩੭੦)

**ਗੁਰਦੁਆਰਿਆਂ ਵਿਚ ਮੂਰਤੀਆਂ**

ਇਸ ਮੱਦੇ ਵਿਚ ਸਪਸ਼ਟ ਤੌਰ 'ਤੇ ਅੰਕਤ ਹੈ ਗੁਰਦੁਆਰਿਆਂ ਵਿਚ ਮੂਰਤੀਆਂ (ਬੁੱਤ) ਬਣਾਉਣੀਆਂ ਜਾਂ ਰੱਖਣੀਆਂ, 'ਗੁਰੂ ਸਾਹਿਬਾਨ ਜਾਂ ਸਿੱਖ ਬਜ਼ੁਰਗਾਂ ਦੀਆਂ ਤਸਵੀਰਾਂ ਅੱਗੇ ਮੱਥੇ ਟੇਕਣੇ', ਇਹੋ ਜਿਹੇ ਕਰਮ ਮਨਮੱਤ ਹਨ। ਇਥੇ 1945 ਤੋਂ ਪਹਿਲਾਂ ਕੇਵਲ ਮੂਰਤੀਆਂ ਬਾਰੇ ਹੀ ਅੰਕਤ ਸੀ, ਤਸਵੀਰਾਂ ਬਾਰੇ ਕੋਈ ਜ਼ਿਕਰ ਨਹੀਂ ਸੀ। ਇਸ ਮੱਦ ਨੂੰ ਦੋ ਹਿੱਸਿਆਂ ਵਿਚ ਵੰਡ ਕੇ ਵੇਖਣਾ ਚਾਹੀਦਾ ਹੈ, ਪਹਿਲਾਂ ਮੂਰਤੀਆਂ ਅਤੇ ਦੂਸਰਾ ਤਸਵੀਰਾਂ। ਜਿਥੇ ਤੱਕ ਸਵਾਲ ਗੁਰਦੁਆਰਿਆਂ ਵਿਚ ਕਿਸੇ ਵੀ ਕਿਸਮ ਦੀਆਂ ਮੂਰਤੀਆਂ ਬਣਾਣ ਦੀ ਮਨਾਹੀ ਹੈ। ਇਹ ਸਿੱਧੇ ਤੌਰ 'ਤੇ ਹੀ ਮੂਰਤੀ ਪੂਜਾ ਹੈ ਅਤੇ ਗੁਰੂ ਆਦੇਸ਼ ਦੀ ਉਲੰਘਣਾ। ਪਰ ਹੁਣ ਵੇਖਣ ਵਿਚ ਆ ਰਿਹਾ ਹੈ ਕਿ ਬੜੇ ਹੀ ਯੋਜਨਾਬੱਧ ਢੰਗ ਨਾਲ ਪੰਜਾਬ ਵਿਚ ਗੁਰੂ ਸਾਹਿਬਾਨ ਦੀਆਂ ਮੂਰਤੀਆਂ ਵੇਚੀਆਂ ਅਤੇ ਵਡੀਆਂ ਜਾ ਰਹੀਆਂ ਹਨ। ਹੋਰ ਤਾਂ ਹੋਰ ਇਹ ਕਈ ਗੁਰਸਿੱਖਾਂ ਦੇ ਘਰਾਂ ਵਿਚ ਵੀ ਪਹੁੰਚ ਰਹੀਆਂ ਹਨ ਜਿਨ੍ਹਾਂ ਨੂੰ ਬੜੇ ਸ਼ੌਕ ਨਾਲ ਸਜਾਇਆ ਜਾ ਰਿਹਾ ਹੈ।

ਮਹਾਤਮਾ ਬੁੱਧ ਦੇ ਉਪਦੇਸ਼ਾਂ ਵਿਚ ਸਖ਼ਤੀ ਨਾਲ ਰੱਬ ਦੀ ਹੋਂਦ ਬਾਰੇ ਕੋਈ ਵਿਚਾਰ ਨਾ ਕਰਨ ਅਤੇ ਮੂਰਤੀਆਂ ਦੇ ਖੰਡਨ ਦੇ ਬਾਵਜੂਦ ਮਹਾਤਮਾ ਬੁੱਧ ਦੀਆਂ ਅਣਗਿਣਤ ਮੂਰਤੀਆਂ ਬਣਾ ਕੇ ਇਨ੍ਹਾਂ ਨੂੰ ਭਗਵਾਨ ਬੁੱਧ ਦੀਆਂ ਮੂਰਤੀਆਂ ਕਹਿ ਕੇ ਥਾਂ ਥਾਂ ਸਥਾਪਤ ਕਰ ਦਿੱਤਾ ਗਿਆ। ਇਸ ਦੇ ਨਾਲ ਹੀ ਮਹਾਮਾਯਾ ਪੁਰਾਣ ਰਚ ਕੇ ਬੁੱਧ ਨੂੰ ਵਿਸ਼ਨੂ ਦਾ ਨੌਵਾਂ ਅਵਤਾਰ ਵੀ ਐਲਾਨ ਕਰ ਬੁਬੱਧ ਮਤ ਦੀ ਵੱਖਰੀ ਹੋਂਦ ਨੂੰ ਪੂਰੀ ਤਰ੍ਹਾਂ ਸਮਾਪਤ ਕਰ ਦਿੱਤਾ ਗਿਆ।

ਫ਼ਿਕਰ ਕਰਨ ਦੀ ਲੋੜ ਹੈ ਕਿ ਮੂਰਤੀਆਂ ਰਾਹੀਂ ਗੁਰਮਤ ਦੇ ਗੜ੍ਹ ਵਿਚ ਸੇਂਧ ਲਾਉਣ ਦੀ ਕਵਾਇਦ ਵਿਚ ਅਸੀਂ ਖ਼ੁਦ ਹੀ ਸ਼ਰੀਕ ਹੁੰਦੇ ਜਾ ਰਹੇ ਹਾਂ।

**ਤਸਵੀਰਾਂ ਅੱਗੇ ਮੱਥੇ ਟੇਕਣੇ**

ਸਿੱਖ ਰਹਿਤ ਮਰਯਾਦਾ ਦੀ ਇਸ ਮੱਦ ਵਿਚ ਅਗਲਾ ਨੁਕਤਾ ਹੈ ਤਸਵੀਰਾਂ ਅੱਗੇ ਮੱਥੇ ਟੇਕਣੇ। ਮੂਰਤ ਅਤੇ ਮੂਰਤੀ ਵਿਚ ਅੰਤਰ ਹੁੰਦਾ ਹੈ। ਮੂਰਤ ਤਸਵੀਰ ਹੈ ਅਤੇ ਮੂਰਤੀ ਬੁੱਤ।

(ਚਲਦਾ)

# ਹੁਣ ਹਰ ਕਿਸੇ ਨੂੰ ਸਿਰੋਪਾਓ ਨਹੀਂ ਦਿੱਤਾ ਜਾ ਸਕੇਗਾ

-ਜਤਿੰਦਰ ਸਿੰਘ ਪਮਾਲ

ਰਵਾਇਤ ਤੇ ਮਰਿਆਦਾ ਦੇ ਉਲਟ ਜਦੋਂ ਕਿਸੇ ਨੂੰ ਵੀ ਸਿਰੋਪਾਓ ਦੇ ਕੇ ਸਨਮਾਨਤ ਕੀਤਾ ਜਾਂਦਾ ਹੈ ਤਦ ਇਹ ਸਿੱਖ ਰਹਿਤ-ਮਰਿਆਦਾ ਦੀ ਘੋਰ ਉਲੰਘਣਾ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਇਸ ਸਬੰਧ ਵਿਚ ਬਹੁਤ ਸਾਰੀਆਂ ਸ਼ਿਕਾਇਤਾਂ ਮਿਲੀਆਂ ਸਨ। ਸਿਰੋਪਾਓ ਦੀ ਯੋਗ ਵਰਤੋਂ ਕਰਨ ਸਬੰਧੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਪ੍ਰਧਾਨਗੀ ਹੇਠ ਅੰਤਿ?ਗ ਕਮੇਟੀ ਦੀ ਹੋਈ ਮੀਟਿੰਗ ਵਿਚ ਸਿਰੋਪਾਓ ਦੇਣ ਸਬੰਧੀ ਵਿਸ਼ੇਸ਼ ਫ਼ੈਸਲਾ ਲਿਆ ਗਿਆ ਹੈ ਜਿਸ ਤਹਿਤ ਗੁਰਦੁਆਰਾ ਸਾਹਿਬਾਨ ਅੰਦਰ ਹਰ ਇਕ ਨੂੰ ਸਿਰੋਪਾਓ ਦੇਣ ਸਬੰਧੀ ਰਵਾਇਤ ਨੂੰ ਬੰਦ ਕੀਤਾ ਗਿਆ ਹੈ। ਇਸ ਫ਼ੈਸਲੇ ਤਹਿਤ ਪਾਬੰਦੀ ਲਗਾਉਂਦਿਆਂ ਕੇਵਲ ਧਾਰਮਿਕ ਸ਼ਖ਼ਸੀਅਤਾਂ, ਨਗਰ ਕੀਰਤਨਾਂ ਦੌਰਾਨ ਪੰਜ ਪਿਆਰਿਆਂ, ਰਾਗੀਆਂ ਤੇ ਧਰਮ ਪ੍ਰਚਾਰਕਾਂ ਨੂੰ ਸਿਰੋਪਾਓ ਦੇਣ ਤੱਕ ਸੀਮਤ ਕਰ ਦਿੱਤਾ ਗਿਆ ਹੈ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਹੁਣ ਹਰ ਇਕ ਨੂੰ ਸਿਰੋਪਾਓ ਨਹੀਂ ਦਿੱਤਾ ਜਾਵੇਗਾ ਤੇ ਵਿਚਾਰ ਕਰਨ ਤੋਂ ਪਹਿਲਾਂ ਸਿਰੋਪਾਓ ਦੇ ਇਤਿਹਾਸ ਅਤੇ ਇਸ ਦੀ ਮਹੱਤਤਾ ਬਾਰੇ ਜਾਣਨਾ ਅਤੀ ਜ਼ਰੂਰੀ ਹੈ। ਸਿਰੋਪਾਓ ਨੂੰ ਢਾਈ ਗਜ਼ ਦਾ ਕੱਪੜਾ ਸਮਝ ਕੇ ਖ਼ਰੀਦਣਾ ਤੇ ਰੋਲਣਾ ਨਹੀਂ ਚਾਹੀਦਾ। ਇਸੇ ਤਰ੍ਹਾਂ ਜ਼ਰੂਰੀ ਨਹੀਂ ਕਿ ਹਰ ਇਕ ਨੂੰ ਸਿਰੋਪਾਓ ਬਖ਼ਸ਼ਿਸ਼ ਕੀਤਾ ਜਾਵੇ ਸਗੋਂ ਰਾਜਨੀਤਕ ਲੀਡਰਾਂ ਦਾ ਸਨਮਾਨ ਸ਼ੀਲਡਾਂ ਤੇ ਹੋਰ ਵਸਤਾਂ ਨਾਲ ਕੀਤਾ ਜਾ ਸਕਦਾ ਹੈ।

ਛੇ ਜਨਵਰੀ ਨੂੰ ਵੱਖ-ਵੱਖ ਅਖ਼ਬਾਰਾਂ 'ਚ ਆਮ ਵੇਖਣ 'ਚ ਆਇਆ ਹੈ ਕਿ ਗੁਰਦੁਆਰਾ ਸਾਹਿਬਾਨ 'ਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ 'ਚ ਲੰਗਰ ਦੀ ਸੇਵਾ ਕਰਨ ਵਾਲੇ, ਜੋੜਿਆਂ ਦੀ ਸੇਵਾ ਕਰਨ ਵਾਲੇ, ਬਰਤਨ ਧੋਣ ਦੀ ਸੇਵਾ ਕਰਨ ਵਾਲੇ, ਰਸੀਦਾਂ ਕੱਟਣ ਵਾਲਿਆਂ ਨੂੰ, ਪ੍ਰਭਾਤ ਫੇਰੀਆਂ ਵਿਚ ਹਿੱਸਾ ਲੈਣ ਵਾਲਿਆਂ, ਰੋਟੀ ਪਕਾਉਣ ਵਾਲੀਆਂ ਬੀਬੀਆਂ, ਗੁਰਦੁਆਰਾ ਸਾਹਿਬਾਨ ਵਿਚ ਰੰਗ-ਰੋਗਨ ਕਰਨ ਵਾਲਿਆਂ ਨੂੰ, ਟੈਂਟ ਲਾਉਣ ਵਾਲਿਆਂ ਤੇ ਸਾਊਂਡ ਸਿਸਟਮ ਵਾਲਿਆਂ ਨੂੰ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਸਿਰੋਪਾਓ ਦਿੱਤੇ ਜਾ ਰਹੇ ਹਨ ਜੋ ਕਿ ਸਿਰੋਪਿਆਂ ਦਾ ਘੋਰ ਨਿਰਾਦਰ ਹੈ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਿਰੋਪਿਆਂ ਦੀ ਹੋ ਰਹੀ ਬੇਅਦਬੀ ਨੂੰ ਰੋਕਣ ਲਈ ਛਪੇ ਫੈਸਲ਼ਿਆਂ ਦਾ ਕੋਈ ਅਸਰ ਨਹੀਂ ਹੋਇਆ ਲੱਗਦਾ ਕਿਉਂਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ 17 ਜਨਵਰੀ ਦੇ ਪ੍ਰਕਾਸ਼ ਪੁਰਬ 'ਤੇ ਗੁਰਦੁਆਰਿਆਂ ਦੀਆਂ ਪ੍ਰਬੰਧਕ ਕਮੇਟੀਆਂ ਵੱਲੋਂ ਹਰ ਇਕ ਨੂੰ ਸਿਰੋਪਾਓ ਦੇ ਕੇ ਫ਼ੈਸਲੇ ਦੀ ਘੋਰ ਉਲੰਘਣਾ ਕੀਤੀ ਗਈ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਇਨ੍ਹਾਂ ਫ਼ੈਸਲਿਆਂ 'ਤੇ ਸਿੱਖ ਵਿਦਵਾਨਾਂ, ਸਿਆਸਤਦਾਨਾਂ ਤੇ ਧਾਰਮਿਕ ਮੁਖੀਆਂ ਨੂੰ ਖੁੱਲ੍ਹੇ ਦਿਲ ਨਾਲ ਵਿਚਾਰ ਕਰਨਾ ਚਾਹੀਦਾ ਹੈ। ਸਿਰੋਪਿਆਂ ਦੀ ਗਲਤ ਵਰਤੋਂ ਕਰਨ ਵਾਲਿਆਂ ਨੂੰ ਸਜ਼ਾ ਦੇਣ ਦਾ ਵਿਧਾਨ ਵੀ ਪੰਥ ਵੱਲੋਂ ਤਜਵੀਜ਼ ਕੀਤਾ ਜਾਵੇ।

# BASRA
## Heating & Air Conditioning

## ਗਰਮੀਆਂ ਵਿੱਚ ਠੰਡ ਤੇ ਸਰਦੀਆ ਵਿੱਚ ਨਿੱਘ ਦਾ ਦੂਜਾ ਨਾਮ ਹੈ

# ਬਸਰਾ ਹੀਟਿੰਗ ਅਤੇ ਏਅਰ ਕੰਡੀਸ਼ਨਿੰਗ

ਤੁਸੀ ਆਪਣੇ ਸੁਪਨਿਆ ਦੇ ਮਹਿਲ ਆਪਣੇ ਘਰ ਜਾ ਆਪਣੇ ਕਾਰੋਬਾਰ ਉਪਰ ਨਵਾਂ ਹੀਟਿੰਗ ਜਾ ਏਅਰ ਕੰਡੀਸ਼ਨਿੰਗ ਜਾ ਦੋਵੇ ਤਾ ਬਸ ਇਕੋ ਨਾਮ ਯਾਦ ਰੱਖੋ

ਤੁਸੀਂ ਸਾਨੂੰ ਇੱਕ ਕਾਲ ਕਰੋ ਇੱਕ ਕਾਲ ਹੀ ਬਚਾ ਸਕਦੀ ਹੈ

**ਤੁਹਾਡੇ ਢੇਰ ਸਾਰੇ ਪੈਸੇ**




**Reasonable price first class work ਅਤੇ**

**100% ਗਰੰਟੀ**

**Basra Heating & Air Conditioning has trained technicians and the right equipment to solve the problem fast and at a reasonable price.**

### AC REPAIR

**Common Air Conditioner Problems Requiring Repair**
**Low or Leaking Refrigerant**
**Broken Belt**
**Compressor Failure**
**Coil Issues**

### Thermostat Concerns

- Repair leaks
- Clean dirty coils or drain lines
- Replace filters
- Refresh refrigerant
- Seal ductwork
- Replace faulty belts, coils, or compressors
- •Secure electrical connections
- Provide general maintenance
- And more



### From Basra Heating & Air Conditioning

"Basra Heating and Air Conditioning have been providing, installing and servicing home and commercial heat systems, air conditioners & ducting and repair for both residential and commercial customers in the Bay Area since 2012. Our team of trained service professionals has extensive experience installing and servicing home and commercial heat systems, air conditioners, & ducting. Regardless of the project, Basra Heating and Air Conditioning have quickly and professionally served the needs of Bay Area & Central Valley. We pride ourselves in offering a unique combination of skilled service technicians and great customer service. Our team is ready to help you with your heating, air conditioning needs."


## ਹੋਰ ਜਾਣਕਾਰੀ ਲਈ ਕਾਲ ਕਰੋ

## ਸ. ਰਜਿੰਦਰ ਸਿੰਘ ਬਸਰਾ (209) 834-6188

## Address: 231 Portico Ln, Tracy, CA 95377

# ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੀ ਸਜ਼ਾ ਨਹੀਂ ਹੋਈ ਮੁਆਫ਼, 46 'ਚੋਂ 14 ਦੀ ਸਜ਼ਾ ਮੁਆਫ਼ੀ ਦੀ ਅਪੀਲ ਮਨਜ਼ੂਰ

ਨਵੀਂ ਦਿੱਲੀ : ਦਿੱਲੀ ਸਰਕਾਰ ਨੇ 1993 ਦੇ ਦਿੱਲੀ ਬੰਬ ਧਮਾਕੇ ਦੇ ਦੋਸ਼ੀ ਦਵਿੰਦਰਪਾਲ ਸਿੰਘ ਭੁੱਲਰ ਦੀ ਜੇਲ੍ਹ ਤੋਂ ਸਮੇਂ ਤੋਂ ਪਹਿਲਾਂ ਰਿਹਾਈ ਰੱਦ ਕਰ ਦਿੱਤੀ ਹੈ। ਦਿੱਲੀ ਸਰਕਾਰ ਦੇ ਸਜ਼ਾ ਸਮੀਖਿਆ ਬੋਰਡ (ਐਸਆਰਬੀ) ਦੀ 21 ਦਸੰਬਰ, 2023 ਨੂੰ ਹੋਈ ਮੀਟਿੰਗ ਦੀਆਂ ਸਿਫਾਰਸ਼ਾਂ ਸੋਮਵਾਰ ਨੂੰ ਜੇਲ੍ਹ ਵਿਭਾਗ ਦੀ ਵੈੱਬਸਾਈਟ 'ਤੇ ਅਪਲੋਡ ਕੀਤੀਆਂ ਗਈਆਂ। ਦਿੱਲੀ ਸਰਕਾਰ ਦੇ ਗ੍ਰਹਿ ਵਿਭਾਗ ਨੇ 19 ਜਨਵਰੀ ਨੂੰ ਇਸ ਬਾਰੇ ਜੇਲ੍ਹ ਅਤੇ ਹੋਰ ਅਧਿਕਾਰੀਆਂ ਨੂੰ ਪੱਤਰ ਵੀ ਭੇਜੇ ਸਨ।



46 ਮਾਮਲਿਆਂ 'ਤੇ ਵਿਚਾਰ ਕਰਨ ਤੋਂ ਬਾਅਦ, ਬੋਰਡ ਨੇ ਸਿਰਫ਼ 14 ਕੈਦੀਆਂ ਨੂੰ ਰਿਹਾਅ ਕਰਨ ਦੀ ਸਿਫਾਰਸ਼ ਕੀਤੀ। ਭੁੱਲਰ ਦਾ ਨਾਮ ਰੱਦ ਕੀਤੀਆਂ ਗਈਆਂ ਪਟੀਸ਼ਨਾਂ ਦੀ ਸੂਚੀ ਵਿਚ ਆਇਆ ਸੀ। ਮੀਟਿੰਗ ਦੇ ਵਿਸਥਾਰਤ ਵੇਰਵੇ, ਜੋ ਅਸਵੀਕਾਰ ਕਰਨ ਦਾ ਸਹੀ ਕਾਰਨ ਦੱਸਦੇ ਹਨ, ਅਜੇ ਤੱਕ ਜਨਤਕ ਨਹੀਂ ਕੀਤੇ ਗਏ ਹਨ।
14 ਦਸੰਬਰ, 2022 ਨੂੰ ਐਸਆਰਬੀ ਦੀ ਮੀਟਿੰਗ ਦੇ ਵੇਰਵਿਆਂ ਵਿੱਚ ਜ਼ਿਕਰ ਕੀਤਾ ਗਿਆ ਹੈ ਕਿ ਅੰਮ੍ਰਿਤਸਰ ਦੇ ਪੁਲਿਸ ਕਮਿਸ਼ਨਰ ਦੀ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਸਥਾਨਕ ਪੁਲਿਸ ਨੂੰ ਭੁੱਲਰ ਦੀ ਸਮੇਂ ਤੋਂ ਪਹਿਲਾਂ ਰਿਹਾਈ 'ਤੇ ਕੋਈ ਇਤਰਾਜ਼ ਨਹੀਂ ਹੈ, ਜਦੋਂ ਕਿ ਜ਼ਿਲ੍ਹਾ ਪ੍ਰੋਬੇਸ਼ਨ ਅਫਸਰ ਅੰਮ੍ਰਿਤਸਰ ਨੇ ਰਿਹਾਈ ਦੀ 'ਨਾ ਤਾਂ ਸਿਫਾਰਸ਼ ਕੀਤੀ ਅਤੇ ਨਾ ਹੀ ਵਿਰੋਧ' ਕੀਤਾ।

# ਅਕਾਲੀ ਦਲ ਨੇ ਕੇਜਰੀਵਾਲ ਸਰਕਾਰ ਵੱਲੋਂ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੀ ਰਿਹਾਈ ਦੀ ਅਪੀਲ ਰੱਦ ਕਰਨ ਦੀ ਕੀਤੀ ਨਿਖੇਧੀ

ਚੰਡੀਗੜ੍ਹ : ਸਾਬਕਾ ਮੰਤਰੀ ਤੇ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਬਿਕਰਮ ਸਿੰਘ ਮਜੀਠੀਆ ਨੇ ਅੱਜ ਬੰਦੀ ਸਿੰਘ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੀ ਰਿਹਾਈ ਦੀ ਅਪੀਲ ਦਿੱਲੀ ਦੀ ਆਪ ਸਰਕਾਰ ਵੱਲੋਂ ਰੱਦ ਕੀਤੇ ਜਾਣ ਦੀ ਨਿਖੇਧੀ ਕੀਤੀ ਅਤੇ ਮੰਗ ਕੀਤੀ ਕਿ ਇਹ ਅਪੀਲ ਰੱਦ ਕਰਨ ਦੇ ਕਾਰਣ ਜਨਤਕ ਕੀਤੇ ਜਾਣ।




ਇਥੇ ਇਕ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਅਕਾਲੀ ਦਲ ਦੇ ਆਗੂ ਨੇ ਪੰਜਾਬ ਦੀ ਆਪ ਸਰਕਾਰ ਤੇ ਭਗਵੰਤ ਮਾਨ ਨੂੰ ਵੀ ਆਖਿਆ ਕਿ ਉਹ ਵੀ ਇਹ ਸਪਸ਼ਟ ਕਰਨ ਕਿ ਉਹ ਤਕਰੀਬਨ ਦੋ ਸਾਲ ਪਹਿਲਾਂ ਗੁਰਮੀਤ ਰਾਮ ਰਹੀਮ ਖਿਲਾਫ ਧਾਰਾ 295 ਏ ਤਹਿਤ ਧਾਰਮਿਕ ਭਾਵਨਾਵਾਂ ਦਾ ਅਪਮਾਨ ਕਰਨ ਲਈ ਐੱਸਆਈਟੀ ਵੱਲੋਂ ਕੀਤੀ ਸਿਫਾਰਸ਼ ਨੂੰ ਦੱਬ ਕੇ ਕਿਉਂ ਬੈਠੇ ਹਨ ਤੇ ਉਸਦੇ ਖਿਲਾਫ ਕਾਰਵਾਈ ਕਿਉਂ ਨਹੀਂ ਕਰਦੇ।
ਬਿਕਰਮ ਸਿੰਘ ਮਜੀਠੀਆ ਨੇ ਕਿਹਾ ਕਿ ਇਹ ਸਪਸ਼ਟ ਹੈ ਕਿ ਕੇਜਰੀਵਾਲ ਅਤੇ ਭਗਵੰਤ ਮਾਨ ਹੁਣ ਰਲ ਕੇ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਜੋ ਪਿਛਲੇ 29 ਸਾਲਾਂ ਤੋਂ ਜੇਲ੍ਹ ਵਿਚ ਬੰਦ ਹਨ, ਦੀ ਰਿਹਾਈ ਨਹੀਂ ਹੋਣ ਦੇ ਰਹੇ ਜਦੋਂ ਕਿ ਗੁਰਮੀਤ ਰਾਮ ਰਹੀਮ ਖਿਲਾਫ ਕਾਰਵਾਈ ਇਸ ਕਰ ਕੇ ਨਹੀਂ ਕਰ ਰਹੇ ਕਿਉਂਕਿ ਹਰਿਆਣਾ ਵਿਧਾਨ ਸਭਾ ਚੋਣਾਂ ਮੌਕੇ ਉਹ ਉਸਨੂੰ ਨਾਰਾਜ਼ ਨਹੀਂ ਕਰਨਾ ਚਾਹੁੰਦੇ।
ਪ੍ਰੋ. ਦਵਿੰਦਰਪਾਲ ਲਈ ਨਿਆਂ ਦੀ ਮੰਗ ਕਰਦਿਆਂ ਅਕਾਲੀ ਆਗੂ ਨੇ ਕਿਹਾ ਕਿ ਪੰਜਾਬੀਆਂ ਨੂੰ ਇਹ ਜਾਨਣ ਦਾ ਪੂਰਾ ਹੱਕ ਹੈ ਕਿ ਉਹਨਾਂ ਦੀ ਰਿਹਾਈ ਦੀ ਅਪੀਲ ਪਿਛਲੇ ਪੰਜ ਸਾਲਾਂ ਤੋਂ ਪੈਂਡਿੰਗ ਰੱਖ ਕੇ ਹੁਣ ਰੱਦ ਕਿਉਂ ਕੀਤੀ ਗਈ ਹੈ। ਇਹ ਪ੍ਰੋ. ਭੁੱਲਰ ਦੇ ਮਨੁੱਖੀ ਅਧਿਕਾਰਾਂ ਦੀ ਵੀ ਉਲੰਘਣਾ ਹੈ।
ਮਜੀਠੀਆ ਨੇ ਕਿਹਾ ਕਿ ਆਪ ਦੋਗਲੇ ਮਾਪਦੰਡ ਅਪਣਾ ਰਹੀ ਹੈ। ਉਹਨਾਂ ਮੰਗ ਕੀਤੀ ਕਿ ਜਿਸ ਤਰੀਕੇ ਵਿਧਾਨ ਸਭਾ ਦੇ ਸਪੀਕਰ ਸਰਦਾਰ ਕੁਲਤਾਰ ਸਿੰਘ ਸੰਧਵਾਂ ਨੇ ਬਦਫੈਲੀ ਦੇ ਦੋਸ਼ੀ ਸਾਬਕਾ ਆਪ ਵਿਧਾਇਕ ਅਮਰਜੀਤ ਸਿੰਘ ਸੰਦੋਆ, ਜਿਸਨੂੰ ਕੈਨੇਡਾ ਤੋਂ ਵਾਪਸ ਭੇਜਿਆ ਜਾਣਾ ਸੀ, ਲਈ ਪੁਲਿਸ ਕਲੀਅਰੈਂਸ ਸਰਟੀਫਿਕੇਟ ਹਾਸਲ ਕੀਤਾ ਹੈ, ਉਸਦੀ ਜਾਂਚ ਕਰਵਾਈ ਜਾਵੇ।ਉਹਨਾਂ ਕਿਹਾ ਕਿ ਸ੍ਰੀ ਸੰਦੋਆ ਨੂੰ ਕੈਨੇਡੀਅਨ ਹਵਾਈ ਅੱਡੇ ਦੇ ਅਧਿਕਾਰੀਆਂ ਨੇ ਰੋਕਿਆ ਸੀ ਤੇ 7 ਘੰਟਿਆਂ ਤੱਕ ਬਦਫੈਲੀ ਦੇ ਮਾਮਲੇ ਵਿਚ ਪੁੱਛ-ਗਿੱਛ ਕੀਤੀ ਤੇ ਉਸ ਤੋਂ ਬਾਅਦ ਹੀ ਉਸਨੂੰ ਆਪ ਦੇ ਆਗੂ ਹਿੰਮਤ ਸਿੰਘ ਸ਼ੇਰਗਿੱਲ ਦੇ ਵਿਆਹ ਵਿਚ ਜਾਣ ਦਿੱਤਾ ਗਿਆ।
ਉਹਨਾਂ ਕਿਹਾ ਕਿ ਕਾਹਲੀ ਵਿਚ ਸੰਦੋਆ ਨੂੰ ਪੀੜਤ ਨਾਲ ਹੋਏ ਕਥਿਤ ਸਮਝੌਤੇ ਦੇ ਆਧਾਰ 'ਤੇ ਕਲੀਅਰੈਂਸ ਸਰਟੀਫਿਕੇਟ ਜਾਰੀ ਕੀਤਾ ਗਿਆ ਜਦੋਂ ਕਿ ਸੁਪਰੀਮ ਕੋਰਟ ਦੀਆਂ ਸਪੱਸ਼ਟ ਹਦਾਇਤਾਂ ਹਨ ਕਿ ਅਜਿਹੇ ਘਿਨੌਣੇ ਅਪਰਾਧਾਂ ਦੇ ਮਾਮਲੇ ਵਿਚ ਸਮਝੌਤਿਆਂ ਦੀ ਪਰਵਾਹ ਨਾ ਕਰਦਿਆਂ ਪੁਲਿਸ ਡੂੰਘਾਈ ਨਾਲ ਮਾਮਲੇ ਦੀ ਜਾਂਚ ਕਰੇ।
ਮਜੀਠੀਆ ਨੇ ਕਿਹਾ ਕਿ ਕੇਸ ਦੀ ਮੈਡੀਕੋ ਲੀਗਲ ਰਿਪੋਰਟ ਵਿਚ ਸਪੱਸ਼ਟ ਸਬੂਤ ਹਨ ਜਿਸ ਤੋਂ ਸਾਫ ਸਾਬਤ ਹੁੰਦਾ ਹੈ ਕਿ ਸੰਦੋਆ ਨੇ ਬਦਫੈਲੀਕੀਤੀ ਸੀ। ਉਹਨਾਂ ਕਿਹਾ ਕਿ ਸੰਦੋਆ ਦੇ ਦਬਾਅ ਕਾਰਨ ਸਮਝੌਤਾ ਕੀਤਾ ਗਿਆ ਪਰ ਉਸ ਵਿਚ ਵੀ ਉਹਨਾਂ ਨੂੰ ਦੋਸ਼ੀ ਮੰਨਿਆ ਤੇ ਉਸਦੇ ਖਿਲਾਫ ਸੁਪਰੀਮ ਕੋਰਟ ਵੱਲੋਂ ਅਜਿਹੇ ਕੇਸਾਂ ਵਿਚ ਦਿੱਤੀਆਂ ਹਦਾਇਤਾਂ ਮੁਤਾਬਕ ਕਾਰਵਾਈ ਹੋਣੀ ਚਾਹੀਦੀ ਹੈ।
ਅਕਾਲੀ ਆਗੂ ਨੇ ਇਹ ਵੀ ਮੰਗ ਕੀਤੀ ਕਿ ਜਿਸ ਤਰੀਕੇ ਗ੍ਰਹਿ ਮੰਤਰੀ ਭਗਵੰਤ ਮਾਨ ਨੇ ਕੈਨੇਡਾ ਸਰਕਾਰ ਨੂੰ ਕੇਸ ਵਿਚ ਗੁੰਮਰਾਹ ਕੀਤਾ, ਉਸ ਤਰੀਕੇ ਦੀ ਵੀ ਜਾਂਚ ਹੋਣੀ ਚਾਹੀਦੀ ਹੈ। ਉਹਨਾਂ ਕਿਹਾ ਕਿ ਜਿਸ ਤਰੀਕੇ ਗ੍ਰਹਿ ਮੰਤਰੀ ਨੇ ਸੰਦੋਆ ਨੂੰ ਕੇਸ ਵਿਚ ਕਲੀਨ ਚਿੱਟ ਦਿੱਤੀ ਉਹ ਇਹ ਦੱਸਦੀ ਹੈ ਕਿ ਸ੍ਰੀ ਭਗਵੰਤ ਮਾਨ ਕਿਸ ਤਰੀਕੇ ਨੈਤਿਕ ਹਨ ਤੇ ਇਹ ਬਹੁਤ ਹੀ ਨਿੰਦਣਯੋਗ ਗੱਲ ਹੈ।
ਉਹਨਾਂ ਪੁਲਿਸ ਕਲੀਅਰੰਸ ਸਰਟੀਫਿਕੇਟ ਤੁਰੰਤ ਵਾਪਸ ਲਏ ਜਾਣ ਅਤੇ ਸੰਦੋਆ ਖਿਲਾਫ ਬਦਫੈਲੀ ਦਾ ਕੇਸ ਦਰਜ ਕੀਤੇ ਜਾਣ ਦੀ ਮੰਗ ਕੀਤੀ।
ਸਰਦਾਰ ਮਜੀਠੀਆ ਨੇ ਕਿਹਾ ਕਿ ਅਕਾਲੀ ਦਲ ਕੈਨੇਡੀਅਨ ਅੰਬੈਸੀ ਕੋਲ ਪਹੁੰਚ ਕਰੇਗਾ ਤੇ ਉਸਨੂੰ ਕੇਸ ਦੇ ਸਾਰੇ ਤੱਕਾਂ ਤੋਂ ਜਾਣੂ ਕਰਵਾਏਗਾ ਤੇ ਨਾਲ ਹੀ ਕੇਸ ਦੀ ਮੈਡੀਕੋ ਲੀਗਲ ਰਿਪੋਰਟ ਦੀ ਕਾਪੀ ਵੀ ਅੰਬੈਸੀ ਨੂੰ ਸੌਂਪੀ ਜਾਵੇਗੀ।

# ਪੰਜ ਸਿੰਘਾਂ ਨੇ ਵਿਰਸਾ ਸਿੰਘ ਵਲਟੋਹਾ ਵਲੋਂ ਦੋਸ਼ ਲਗਾਏ ਜਾਣ ਤੋਂ ਬਾਅਦ ਕੀਤੀ ਸਵਾਲਾਂ ਨਾਲ ਘੇਰਾਬੰਦੀ

## ਪੰਥ ਵਿਰੋਧੀਆਂ ਦੇ ਇਸ਼ਾਰੇ 'ਤੇ ਧਾਰਮਕ ਸਖਸ਼ੀਅਤਾਂ ਦੀ ਕਿਰਦਾਰਕੁਸ਼ੀ ਕਰਨ ਦਾ ਦੋਸ਼ ਲਾਇਆ

ਅੰਮ੍ਰਿਤਸਰ: ਗੁਰਮੀਤ ਰਾਮ ਰਹੀਮ ਨੂੰ ਬਿਨ ਮੰਗੀ ਮੁਆਫ਼ੀ ਦਾ ਵਿਰੋਧ ਕਰਨ ਕਰ ਕੇ ਬਰਖਾਸਤ ਪੰਜ ਸਿੰਘਾਂ ਨੇ ਅਕਾਲੀ ਦਲ ਦੇ ਬੁਲਾਰੇ ਵਿਰਸਾ ਸਿੰਘ ਵਲਟੋਹਾ ਵਲੋਂ ਲਗਾਏ ਗਏ ਦੋਸ਼ਾਂ ਨੂੰ ਬੇਬੁਨਿਆਦ, ਬੇਤੁਕਾ ਅਤੇ ਥੋਥਾ ਦਸਦੇ ਹੋਏ ਇਨ੍ਹਾਂ ਦਾ ਖੰਡਨ ਕੀਤਾ ਹੈ। ਅੱਜ ਪ੍ਰੈਸ ਕਾਨਫਰੰਸ ਦੌਰਾਨ ਭਾਈ ਸਤਨਾਮ ਸਿੰਘ ਖੰਡਾ, ਭਾਈ ਸਤਨਾਮ ਸਿੰਘ ਝੰਝੀਆਂ, ਭਾਈ ਤਰਲੋਕ ਸਿੰਘ ਅਤੇ ਭਾਈ ਮੇਜਰ ਸਿੰਘ ਨੇ ਕਿਹਾ ਆਚਾਰ ਅਤੇ ਪੰਥਕ ਸਦਾਚਾਰ ਤੋਂ ਵਾਂਝੇ ਵਿਰਸਾ ਸਿੰਘ ਵਲਟੋਹਾ ਬੇਲਗਾਮ ਹੋ ਕੇ ਅਕਾਲੀ ਦਲ ਦਾ ਹੋਰ ਨੁਕਸਾਨ ਕਰਨ ਲਈ ਤੁਲਿਆ ਹੋਇਆ ਹੈ। ਉਨ੍ਹਾਂ ਕਿਹਾ, "ਵਲਟੋਹਾ ਸਾਡੇ 'ਤੇ ਇਲਜ਼ਾਮ ਲਗਾ ਰਹੇ ਹਨ ਅਸੀਂ ਬੰਦੀ ਸਿੰਘਾਂ ਦੀ ਰਿਹਾਈ ਵਾਸਤੇ ਆਵਾਜ਼ ਨਹੀਂ ਚੁੱਕੀ ਜੋ ਬਿਲਕੁਲ ਗ਼ਲਤ ਹੈ।"
ਉਨ੍ਹਾਂ ਕਿਹਾ, "2017 ਦੀ ਚੋਣਾਂ ਤੋਂ ਪਹਿਲਾਂ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਭਾਈ ਮੇਜਰ ਸਿੰਘ ਦੇ ਘਰ ਮਿਲਣ ਆਇਆ ਸੀ ਅਤੇ ਅਸੀ ਉਸ ਨੂੰ ਪ੍ਰੋਫੈਸਰ ਦਵਿੰਦਰ ਪਾਲ ਸਿੰਘ ਭੁੱਲਰ ਨੂੰ ਰਿਹਾਅ ਕਰਨ ਲਈ ਕਿਹਾ ਸੀ। ਅਸੀਂ ਕੇਜਰੀਵਾਲ ਦਾ ਕਦੀ ਵੀ ਸਮਰਥਨ ਨਹੀਂ ਕੀਤਾ ਅਤੇ ਨਾ ਹੀ ਕਦੀ ਕਰਾਂਗੇ ਕਿਉਂਕਿ ਉਹ ਪੰਥਕ ਹਿਤਾਂ ਦੀ ਰਾਖੀ ਨਹੀਂ ਕਰ ਸਕਦਾ। ਹਾਂ ਅਸੀਂ ਇਸ ਵਿਚਾਰਧਾਰਾ ਦੇ ਹਮੇਸ਼ਾ ਮੁੱਦਈ ਰਹੇ ਹਾਂ ਕਿ ਗੁਰਸਿੱਖਾਂ ਨੂੰ ਜਿਤਾਇਆ ਜਾਵੇ ਤਾਂ ਜੋ ਪੰਜਾਬ ਤੇ ਪੰਥ ਦਾ ਭਲਾ ਹੋ ਸਕੇ।"
ਉਨ੍ਹਾਂ ਕਿਹਾ ਕਿ ਕੇਜਰੀਵਾਲ ਦੀ ਪੰਜਾਬ ਵਿਚ ਸਿਆਸੀ ਪੈਰ ਧਰਾਈ ਪਿੱਛੇ ਵਿਰਸਾ ਸਿੰਘ ਦੇ ਆਕਾਵਾਂ ਵਲੋਂ ਕੀਤੇ ਪੰਥਕ ਗੁਨਾਹ ਅਤੇ ਆਰ.ਐਸ.ਐਸ. ਨਾਲ ਰਲ ਕੇ ਗੁਰਮਤਿ ਸਿਧਾਂਤਾਂ ਦੀ ਧੱਜੀਆਂ ਉਡਾਉਣਾ ਅਤੇ ਸਿੱਖ ਸੰਸਥਾਵਾਂ ਦਾ ਨਿੱਜੀ ਹਿਤਾਂ ਲਈ ਵਰਤਣਾ ਸ਼ਾਮਲ ਹੈ। ਉਨ੍ਹਾਂ ਕਿਹਾ, "ਅਸੀਂ ਬੰਦੀ ਸਿੰਘਾਂ ਦੀ ਰਿਹਾਈ ਲਈ ਹਰ ਪੰਥਕ ਮੰਚ 'ਚ ਸ਼ਾਮਲ ਹੋਏ ਹਾਂ ਚਾਹੇ ਉਹ ਬਰਗਾੜੀ ਮੋਰਚਾ, ਕੌਮੀ ਇਨਸਾਫ਼ ਮੋਰਚਾ, ਧਰਨੇ, ਮਾਰਚ ਜਾਂ ਗਵਾਲੀਅਰ ਵਿੱਖੇ ਬੰਦੀ ਛੋੜ ਦਾਤੇ ਦੇ ਚਰਣਾ ਵਿਚ ਅਰਦਾਸ ਸਮਾਗਮ ਹੋਵੇ।"
ਪੰਜਾਂ ਸਿੰਘਾਂ ਨੇ ਵਿਰਸਾ ਸਿੰਘ ਵਲਟੋਹਾ ਨੂੰ ਪਲਟ ਸਵਾਲ ਕਰਦਿਆਂ ਕਿਹਾ, "ਭਾਈ ਗੁਰਮੁਖ ਸਿੰਘ ਦੇ ਖੁਲਾਸੇ ਤੋਂ ਬਾਅਦ ਕਿ ਬਾਦਲਾਂ ਨੇ ਜਥੇਦਾਰਾਂ ਨੂੰ ਅਪਣੀ ਕੋਠੀ ਸੱਦ ਕੇ ਰਾਮ ਰਹੀਮ ਨੂੰ ਮੁਆਫ਼ ਕਰਨ ਲਈ ਕਿਹਾ ਸੀ ਉਦੋਂ ਉਹ ਕਿਉਂ ਨਹੀਂ ਬੋਲੇ? ਕੀ ਉਹ ਦੱਸ ਸਕਦੇ ਹਨ ਕਿ ਬਾਦਲਾਂ ਦੇ ਜਥੇਦਾਰਾਂ ਨੇ ਰਾਮ ਰਹੀਮ ਨੂੰ ਮੁਆਫ਼ੀ ਕਿਸ ਬੁਨਿਆਦ 'ਤੇ ਦਿਤੀ ਸੀ ਤੇ ਉਸ ਨੂੰ ਜਾਇਜ਼ ਸਾਬਿਤ ਕਰਨ ਲਈ ਗੁਰੂ ਦੀ ਗੋਲਕ 'ਚੋਂ 90 ਲੱਖ ਦਾ ਨਾਜਾਇਜ਼ ਖ਼ਰਚਾ ਇਸ਼ਤਿਹਾਰਾਂ 'ਤੇ ਕਿਉਂ ਖਰਚ ਕੀਤਾ ਸੀ? ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਅੰਮ੍ਰਿਤ ਸੰਚਾਰ ਦੀ ਸੇਵਾ ਨਿਭਾ ਰਹੇ ਪੰਜ ਸਿੰਘਾਂ ਨੂੰ ਪੰਥਕ ਮਰਿਯਾਦਾ ਦੀ ਪਹਿਰੇਦਾਰੀ ਕਰਦੇ ਹੋਏ ਜਦ ਬਾਦਲ ਪਰਵਾਰ ਦੇ ਹੁਕਮ ਨਾਲ ਨੌਕਰੀ ਤੋਂ ਕੱਢ ਦਿਤਾ ਗਿਆ ਸੀ ਉਸ ਵੇਲੇ ਵਿਰਸਾ ਸਿੰਘ ਅਕਾਲ ਤਖ਼ਤ ਸਾਹਿਬ ਨਾਲ ਖੜਾ ਸੀ ਜਾਂ ਬਾਦਲਾਂ ਦੇ ਪੈਰਾਂ 'ਚ ਬੈਠਾ ਸੀ?"



ਉਨ੍ਹਾਂ ਦੋਸ਼ ਲਗਾਇਆ ਕਿ ਵਿਰਸਾ ਸਿੰਘ ਪੰਥ ਵਿਰੋਧੀਆਂ ਦੇ ਇਸ਼ਾਰੇ 'ਤੇ ਧਾਰਮਕ ਸਖਸ਼ੀਅਤਾਂ ਦੀ ਕਿਰਦਾਰਕੁਸ਼ੀ ਕਰ ਕੇ ਸਿੱਖ ਭਾਈਚਾਰੇ ਦਾ ਨੁਕਸਾਨ ਕਰਨ ਦਾ ਵੱਡਾ ਗੁਨਾਹ ਕਰ ਰਿਹਾ ਹੈ ਅਤੇ ਉਸ ਦਾ ਮੰਤਵ ਅਪਣੇ ਨਜ਼ਦੀਕੀ ਰਹੇ ਸਵਰਨ ਸਿੰਘ ਘੋਟਣੇ ਵਲੋਂ ਜਥੇਦਾਰ ਗੁਰਦੇਵ ਸਿੰਘ ਕਾਉਂਕੇ ਨੂੰ ਕੋਹ ਕੋਹ ਕੇ ਸ਼ਹੀਦ ਕਰਨ ਦੇ ਮਸਲੇ ਤੋਂ ਲੋਕਾਂ ਦਾ ਧਿਆਨ ਹਟਾਇਆ ਜਾ ਸਕੇ।
ਪੰਜ ਸਿੰਘਾਂ ਨੇ ਸੰਗਤ ਦੀ ਆਵਾਜ਼ ਦਾ ਹਵਾਲਾ ਦਿੰਦੇ ਹੋਏ ਵਿਰਸਾ ਸਿੰਘ ਵਲਟੋਹਾ ਨੂੰ ਸਵਾਲ ਕੀਤਾ ਕਿ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਵਾਲਿਆਂ ਦੀ ਸੋਚ 'ਤੇ ਪਹਿਰਾ ਦੇਣ ਦਾ ਦਾਅਵਾ ਕਰਨ ਵਾਲਾ ਬਾਦਲਾਂ ਦੀ ਸੋਚ ਦਾ ਪਹਿਰੇਦਾਰ ਕਿਵੇਂ ਬਣ ਗਿਆ ਜਦਕਿ ਇਨ੍ਹਾਂ ਦੋਨਾਂ 'ਚ ਕੋਈ ਆਪਸੀ ਮੇਲ ਨਹੀਂ ਹੈ?
ਉਨ੍ਹਾਂ ਕਿਹਾ ਕਿ ਅਕਾਲੀ ਦਲ ਵਲੋਂ ਪੰਜਾਬ 'ਚ ਅਪਣਾ ਸਿਆਸੀ ਆਧਾਰ ਗਵਾਉਣ ਕਾਰਨ ਕੇਵਲ ਤਿੰਨ ਸੀਟਾਂ 'ਤੇ ਸੀਮਤ ਹੋਣ ਦੇ ਬਾਵਜੂਦ ਅਕਾਲੀ ਦਲ ਦਾ ਬੁਲਾਰਾ ਵਲਟੋਹਾ ਜ਼ਰੂਰਤ ਤੋਂ ਵੱਧ ਜ਼ੁਬਾਨ ਚਲਾ ਕੇ ਸਿੱਖ ਸਿਆਸਤ ਨੂੰ ਅੱਗੇ ਤੋਰਨ ਦੀ ਥਾਂ ਪਿੱਛੇ ਨੂੰ ਖਿੱਚ ਰਿਹਾ ਹੈ ਜਿਸ ਦੇ ਬਾਰੇ ਸੁਹਿਰਦ ਪੰਥਕ ਸਿਆਸਤਦਾਨਾਂ ਨੂੰ ਜ਼ਰੂਰ ਸੋਚਣਾ ਚਾਹੀਦਾ ਹੈ।
ਸਿੰਘਾਂ ਨੇ ਵਿਰਸਾ ਸਿੰਘ ਨੂੰ ਸਵਾਲ ਕੀਤਾ ਕਿ ਪ੍ਰੋਫੈਸਰ ਦਵਿੰਦਰ ਪਾਲ ਸਿੰਘ ਭੁੱਲਰ ਦੇ ਪਿਤਾ ਬਲਵੰਤ ਸਿੰਘ, ਮਾਸੜ ਮਨਜੀਤ ਸਿੰਘ ਅਤੇ ਪਾਣੀਆਂ ਦੇ ਰਾਖੇ ਭਾਈ ਬਲਵਿੰਦਰ ਸਿੰਘ ਜਟਾਣਾ ਦੇ ਪਰਵਾਰ ਅਤੇ ਹਜ਼ਾਰਾਂ ਸਿੱਖਾਂ ਦੇ ਕਾਤਲ ਸੁਮੇਧ ਸੈਣੀ ਅਤੇ ਭਾਈ ਅਨੋਖ ਸਿੰਘ ਬੱਬਰ ਦੇ ਕਾਤਲ ਅਜਹਾਰ ਆਲਮ ਨੂੰ ਬਾਦਲਾਂ ਨੇ ਤਰੱਕੀਆਂ ਕਿਉਂ ਦਿਤੀਆਂ ਸੀ? ਉਨ੍ਹਾਂ ਕਿਹਾ, "ਵਿਰਸਾ ਸਿੰਘ ਵਲਟੋਹਾ ਪੰਥ ਨੂੰ ਇਹ ਵੀ ਦੱਸੇ ਕਿ ਅੰਮ੍ਰਿਤਸਰ 'ਚ 1978 ਬਾਦਲ ਸਰਕਾਰ ਵੇਲੇ ਅਤੇ ਨਕੋਦਰ 1986 'ਚ ਬਰਨਾਲਾ ਸਰਕਾਰ ਵੇਲੇ ਕ੍ਰਮਵਾਰ 13 ਅਤੇ 4 ਸਿੰਘਾਂ ਨੂੰ ਸ਼ਹੀਦ ਕਰਨ ਲਈ ਜ਼ਿੰਮੇਵਾਰ ਕੌਣ ਸੀ? ਵਿਰਸਾ ਸਿੰਘ ਦਾ ਇਹ ਵੀ ਦਸਣਾ ਬਣਦਾ ਹੈ 1986 ਦੇ ਨਕੋਦਰ ਗੋਲੀਕਾਂਡ ਦੇ ਜ਼ੁੰਮੇਵਾਰ ਡੀ.ਸੀ. ਦਰਬਾਰਾ ਸਿੰਘ ਨੂੰ ਅਕਾਲੀ ਦਲ ਨੇ ਚੋਣ ਕਿਉਂ ਲੜਾਈ ਸੀ ਅਤੇ ਐਸ.ਐਸ.ਪੀ. ਅਜਹਾਰ ਆਲਮ ਦੀ ਪਤਨੀ ਨੂੰ ਅਕਾਲੀ ਦਲ 'ਚ ਅਹਿਮ ਅਹੁਦਾ ਕਿ ਦਿਤਾ ਸੀ?"
ਉਨ੍ਹਾਂ ਅੱਗੇ ਕਿਹਾ, "ਵਿਰਸਾ ਸਿੰਘ ਵਲਟੋਹਾ ਪੰਥ ਨੂੰ ਇਹ ਜ਼ਰੂਰ ਦੱਸੇ ਕਿ ਭਾਜਪਾ ਨਾਲ ਭਾਈਵਾਲੀ ਸਮੇਂ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਈ ਅਤੇ ਨਰਿੰਦਰ ਮੋਦੀ ਸਮੇਂ ਅਕਾਲੀ ਦਲ ਨੇ ਬੰਦੀ ਸਿੰਘਾਂ ਦੀ ਰਿਹਾਈ ਕਿਉਂ ਨਹੀਂ ਕਰਵਾਈ ਸੀ ਅਤੇ ਪੰਜਾਬ ਵਿਚ ਝੂਠੇ ਮੁਕਾਬਲਿਆਂ ਦੀ ਜਾਂਚ ਕਰਵਾ ਕੇ ਦੋਸ਼ੀ ਪੁਲਿਸ ਅਫ਼ਸਰਾਂ ਵਿਰੁਧ ਕਾਰਵਾਈ ਕਿਉਂ ਨਹੀਂ ਕੀਤੀ ਸੀ? ਦੋ ਵਾਰ ਵਿਧਾਇਕ ਰਹੇ ਵਿਰਸਾ ਸਿੰਘ ਇਹ ਵੀ ਦੱਸਣ ਕਿ ਉਸ ਨੇ ਵਿਧਾਨ ਸਭਾ ਵਿਚ ਬੰਦੀ ਸਿੰਘਾਂ ਦੀ ਰਿਹਾਈ ਦਾ ਮੁੱਦਾ ਕਿਉਂ ਨਹੀਂ ਸੀ ਉਠਾਇਆ?"
ਉਨ੍ਹਾਂ ਵਿਰਸਾ ਸਿੰਘ ਨੂੰ ਇਹ ਵੀ ਸਵਾਲ ਕੀਤਾ ਕਿ ਉਹ ਦੱਸੇ ਕਿ ਪੁਲਿਸ ਦੇ ਉੱਚ ਅਧਿਕਾਰੀ ਓ.ਪੀ. ਸ਼ਰਮਾ, ਇਕਬਾਲ ਸਿੰਘ ਲਾਲਪੁਰਾ, ਅਜਹਾਰ ਆਲਮ, ਸਵਰਨ ਘੋਟਣੇ ਨਾਲ ਉਸ ਦੇ ਗੁਪਤ ਸੰਬੰਧਾਂ ਕਿਹੋ ਜਹੇ ਸਨ? ਕੀ ਇਹ ਦੱਸ ਸਕਦਾ ਹੈ ਕਿ ਦਿੱਲੀ ਦੇ ਮਨਚੰਦਾ ਕਤਲ ਕੇਸ 'ਚ ਇਸ ਦੀ ਜ਼ਮਾਨਤ ਕਿਸਨੇ ਦਿਤੀ ਸੀ ਤੇ ਅੱਜ ਇਸ ਦੀ ਵਫਾਦਾਰੀ ਉਨ੍ਹਾਂ ਪ੍ਰਤੀ ਕਿਤਨੀ ਹੈ?"
ਪੰਜ ਸਿੰਘਾਂ ਨੇ ਕਿਹਾ, "ਅਸੀਂ ਭਰਾਮਾਰੂ ਸ਼ਬਦੀ ਜੰਗ ਦੀ ਸਿਆਸਤ ਵਿਚ ਵਿਸ਼ਵਾਸ ਨਹੀਂ ਰਖਦੇ ਪਰ ਜਦ ਹਾਰੇ ਅਤੇ ਨਕਾਰੇ ਸਿਆਸਤਦਾਨ ਬੇਲੋੜੀ ਕਿਰਦਾਰਕੁਸ਼ੀ ਦੇ ਯਤਨ ਕਰਨ ਤਾਂ ਪੰਥਕ ਹਿਤਾਂ ਦੀ ਰਾਖੀ ਕਰਨ ਲਈ ਜਵਾਬ ਦੇਣੇ ਮਜਬੂਰੀ ਬਣ ਜਾਂਦੀ ਹੈ।"

# ਪ੍ਰੋ. ਭੁੱਲਰ ਦੀ ਰਿਹਾਈ ਦੀ ਅਰਜ਼ੀ ਦਿੱਲੀ ਸਰਕਾਰ ਨੇ 7ਵੀਂ ਵਾਰ ਰੱਦ ਕਰਕੇ ਸਾਬਤ ਕੀਤਾ ਕਿ ਸਿੱਖਾਂ ਨਾਲ ਕੀਤਾ ਜਾ ਰਿਹੈ ਮਿੱਥ ਕੇ ਵਿਤਕਰਾ : ਗਿਆਨੀ ਰਘਬੀਰ ਸਿੰਘ

ਅੰਮ੍ਰਿਤਸਰ : ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਨੇ ਕਿਹਾ ਹੈ ਕਿ ਦਿੱਲੀ ਦੀ ਕੇਜਰੀਵਾਲ ਸਰਕਾਰ ਵਲੋਂ ਕੈਦੀਆਂ ਦੀ ਰਿਹਾਈ ਸੰਬੰਧੀ ਰੀਵਿਊ ਬੋਰਡ ਦੇ ਵਿਚ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੀ ਰਿਹਾਈ ਦੀ ਅਰਜ਼ੀ ਸੱਤਵੀਂ ਵਾਰ ਰੱਦ ਕਰਕੇ ਸਾਬਤ ਕਰ ਦਿੱਤਾ ਹੈ ਕਿ ਦਿੱਲੀ ਪ੍ਰਦੇਸ਼ ਸਰਕਾਰ ਮਿੱਥ ਕੇ ਸਿੱਖਾਂ ਨਾਲ ਵਿਤਕਰੇ ਵਾਲਾ ਰਵੱਈਆ ਰੱਖ ਰਹੀ ਹੈ। ਅੱਜ ਸ੍ਰੀ ਅਕਾਲ ਤਖ਼ਤ ਸਾਹਿਬ ਸਕੱਤਰੇਤ ਤੋਂ ਜਾਰੀ ਬਿਆਨ ਵਿਚ ਗਿਆਨੀ ਰਘਬੀਰ ਸਿੰਘ ਨੇ ਆਖਿਆ ਕਿ ਇਸ ਤੋਂ ਪਹਿਲਾਂ ਵੀ 6 ਵਾਰ ਦਿੱਲੀ ਦੀ ਪ੍ਰਦੇਸ਼ ਸਰਕਾਰ ਦਾ 'ਸਨਟੈਂਸ ਰੀਵਿਊ ਬੋਰਡ' ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ, ਜੋ ਕਿ ਪਿਛਲੇ 28 ਸਾਲਾ ਤੋਂ ਜੇਲ੍ਹ ਵਿਚ ਨਜ਼ਰਬੰਦ ਹਨ, ਦੀ ਰਿਹਾਈ ਦੀ ਅਰਜ਼ੀ ਨੂੰ ਰੱਦ ਕਰ ਚੁੱਕਾ ਹੈ। ਉਨ੍ਹਾਂ ਕਿਹਾ ਕਿ ਸਰਕਾਰਾਂ ਦਾ ਗ਼ੈਰ -ਜ਼ਿੰਮੇਵਾਰੀ ਅਤੇ ਵਿਤਕਰੇਬਾਜ਼ੀ ਵਾਲਾ ਰਵੱਈਆ ਜਿੱਥੇ ਸਿੱਖਾਂ ਵਿਚ ਬੇਵਸਾਹੀ ਤੇ ਅਲਹਿਦਗੀ ਦੀ ਭਾਵਨਾ ਪੈਦਾ ਕਰਦਾ ਹੈ, ਉੱਥੇ ਜਮਹੂਰੀਅਤ ਲਈ ਵੀ ਸ਼ਰਮਨਾਕ ਹੈ ।



# ਰਾਜਾ ਵੜਿੰਗ ਦੀ ਨਵਜੋਤ ਸਿੱਧੂ ਨੂੰ ਚਿਤਾਵਨੀ- ਸਿੱਧਾ ਬਾਹਰ ਦਾ ਰਾਹ ਦਿਖਾਇਆ ਜਾਵੇਗਾ



ਚੰਡੀਗੜ੍ਹ : ਪੰਜਾਬ ਕਾਂਗਰਸ ’ਚ ਅੰਦਰੂਨੀ ਕਲੇਸ਼ ਲਗਾਤਾਰ ਵੱਧ ਰਿਹਾ ਹੈ। ਹੁਣ ਸਾਬਕਾ ਕਾਂਗਰਸ ਪ੍ਰਧਾਨ ਨਵਜੋਤ ਸਿੰਘ ਸਿੱਧੂ ’ਤੇ ਫਿਰ ਮੌਜੂਦਾ ਪੰਜਾਬ ਕਾਂਗਰਸ ਪ੍ਰਧਾਨ ਰਾਜਾ ਵੜਿੰਗ ਨੇ ਨਿਸ਼ਾਨਾ ਸਾਧਿਆ ਹੈ। ਮੋਗਾ ਰੈਲੀ ਤੋਂ ਬਾਅਦ ਹੁਣ ਨਵਜੋਤ ਸਿੱਧੂ ਬਾਘਾਪੁਰਾਣਾ ’ਚ ਅਗਲੀ ਰੈਲੀ ਕੱਢਣ ਜਾ ਰਹੇ ਹਨ, ਜਿਸ ਦੇ ਚੱਲਦਿਆਂ ਰਾਜਾ ਵੜਿੰਗ ਨੇ ਉਨ੍ਹਾਂ ਨੂੰ ਚਿਤਾਵਨੀ ਦਿੱਤੀ ਹੈ। ਨਵਜੋਤ ਸਿੱਧੂ ਦੀ ਵੱਖਰੀ ਰੈਲੀ ’ਤੇ ਭੜਕੇ ਰਾਜਾ ਵੜਿੰਗ ਨੇ ਕਿਹਾ ਕਿ ਜੋ ਗਲਤੀ ਕਰ ਰਿਹਾ ਹੈ, ਉਸ ਨੂੰ ਪਾਰਟੀ ਤੋਂ ਕੱਢ ਕੇ ਬਾਹਰ ਮਾਰਾਂਗੇ।

ਪਾਰਟੀ ’ਚ ਖ਼ਰਾਬੀ ਕਰਨ ਵਾਲਿਆਂ ਨੂੰ ਨੋਟਿਸ ਨਹੀਂ ਦਿੱਤਾ ਜਾਵੇਗਾ, ਸਗੋਂ ਬਾਹਰ ਕੱਢਾਂਗੇ। ਕਾਂਗਰਸ ਪਾਰਟੀ ਤੋਂ ਕੋਈ ਵੱਡਾ ਨਹੀਂ ਹੈ। ਪਾਰਟੀ ਵਿਰੋਧੀ ਗਤੀਵਿਧੀਆਂ ਬਰਦਾਸ਼ਤ ਨਹੀਂ ਕੀਤੀ ਜਾਣਗੀਆਂ। ਨਿੱਜੀ ਵਿਚਾਰ ਰੱਖਣੇ ਹਨ ਤਾਂ ਪਾਰਟੀ ਤੋਂ ਵੱਖ ਹੋ ਕੇ ਰੱਖੋ। ਇਸ ਦੌਰਾਨ ਰਾਜਾ ਵੜਿੰਗ ਨੇ ਕਿਹਾ ਕਿ ਇਸ ਵਾਰ ਕੋਈ ਨੋਟਿਸ ਨਹੀਂ, ਸਿੱਧਾ ਬਾਹਰ ਕੱਢਿਆ ਜਾਵੇਗਾ।

ਉਨ੍ਹਾਂ ਕਿਹਾ ਕਿ ਮੈਂ ਵੀ ਪਾਰਟੀ ਪ੍ਰਧਾਨ ਹੋਣ ਦੇ ਨਾਤੇ ਆਪਣੇ ਨਿੱਜੀ ਵਿਚਾਰ ਸਿਰਫ ਪਾਰਟੀ ਹਾਈਕਮਾਨ ਅੱਗੇ ਹੀ ਰੱਖ ਸਕਦਾ ਹਾਂ। ਉਨ੍ਹਾਂ ਲੋਕ ਸਭਾ ਚੋਣਾਂ ਨੂੰ ਲੈ ਕੇ ਕਿਹਾ ਕਿ ਜੋ ਵੀ ਪਾਰਟੀ ਹਾਈਕਮਾਨ ਦਿਸ਼ਾ-ਨਿਰਦੇਸ਼ ਦੇਵੇਗੀ, ਇਸ ਦੇ ਮੁਤਾਬਕ ਹੀ ਕੰਮ ਕੀਤਾ ਜਾਵੇਗਾ ਅਤੇ ਇਸ ਲਈ ਦੇ ਲਗਾਤਾਰ ਮੀਟਿੰਗਾਂ ਦਾ ਦੌਰ ਜਾਰੀ ਹੈ।

# ਕੌਮਾਂਤਰੀ ਵਿਦਿਆਰਥੀਆਂ ਬਾਰੇ ਨੀਤੀ ਦਾ ਖਰੜਾ ਤਿਆਰ

## *ਹਰੇਕ ਸੂਬੇ ਦੀਆਂ ਵਿੱਦਿਅਕ ਸੰਸਥਾਵਾਂ ਅਨੁਸਾਰ ਦਿੱਤਾ ਜਾਵੇਗਾ ਕੋਟਾ*



ਵੈਨਕੂਵਰ : ਕੈਨੇਡਾ ਦੇ ਆਵਾਸ ਵਿਭਾਗ ਵਲੋਂ ਕੌਮਾਂਤਰੀ ਵਿਦਿਆਰਥੀਆਂ ਦੀ ਗਿਣਤੀ ਸੀਮਤ ਕਰਨ ਅਤੇ ਹਰੇਕ ਸੂਬੇ ਨੂੰ ਕੋਟਾ ਅਲਾਟ ਕੀਤੇ ਜਾਣ ਦੀ ਨੀਤੀ ਤਿਆਰ ਹੋ ਰਹੀ ਹੈ ਜਿਸ ਨੂੰ ਇਸ ਸਾਲ ਦੇ ਅੰਤ ਤੱਕ ਲਾਗੂ ਕਰ ਦਿੱਤਾ ਜਾਏਗਾ। ਆਵਾਸ ਮੰਤਰਾਲੇ ਵਲੋਂ ਤਿਆਰ ਕੀਤੇ ਜਾ ਰਹੇ ਖਰੜੇ ਅਨੁਸਾਰ ਹਰੇਕ ਸੂਬੇ ਲਈ ਅਲਾਟ ਕੀਤੀ ਗਿਣਤੀ ’ਚੋਂ ਉਥੋਂ ਦੀਆਂ ਸੂਬਾ ਸਰਕਾਰਾਂ ਯੂਨੀਵਰਸਿਟੀਆਂ ਅਤੇ ਵਿੱਦਿਅਕ ਅਦਾਰਿਆਂ ਵਿਚਲੀਆਂ ਸਹੂਲਤਾਂ ਦੀ ਸਮਰੱਥਾ ਅਨੁਸਾਰ ਵਿਦਿਅਰਥੀ ਦਾਖਲਾ ਤੈਅ ਕਰਕੇ ਸੂਚੀ ਆਵਾਸ ਵਿਭਾਗ ਨੂੰ ਸੌਂਪਣਗੀਆਂ ਤੇ ਉਸੇ ਅਨੁਸਾਰ ਵਿਦਿਅਕ ਵੀਜ਼ੇ ਜਾਰੀ ਹੋਣਗੇ। ਬੇਸ਼ੱਕ ਹਾਲੇ ਕੌਮਾਂਤਰੀ ਵਿੱਦਿਅਕ ਵੀਜ਼ਿਆਂ ਦੀ ਗਿਣਤੀ ਤੈਅ ਨਹੀਂ ਕੀਤੀ ਗਈ ਪਰ ਯੂਨੀਵਰਸਿਟੀਜ਼ ਕੈਨੇਡਾ ਗਰੁੱਪ ਦਾ ਮੰਨਣਾ ਹੈ ਕਿ ਦੋ ਸਾਲ ਪਹਿਲਾਂ ਵਾਲੀ ਗਿਣਤੀ ਨੂੰ ਆਧਾਰ ਬਣਾਇਆ ਜਾ ਸਕਦਾ ਹੈ। ਇਸ ਗਰੁੱਪ ਵਲੋਂ ਆਪਣੇ 96 ਮੈਂਬਰਾਂ ਨੂੰ ਕੱਲ੍ਹ ਸ਼ਾਮ ਭੇਜੇ ਪੱਤਰ ਦੀਆਂ ਜਾਣਕਾਰੀਆਂ ਜਨਤਕ ਹੋਣ ਮਗਰੋਂ ਆਵਾਸ ਵਿਭਾਗ ਵੱਲੋਂ ਇਸ ਬਾਰੇ ਵਿਸਥਾਰ ਦੇਣ ਤੋਂ ਟਾਲਾ ਵੱਟਿਆ ਜਾ ਰਿਹਾ ਹੈ। ਹਾਲਾਂਕਿ ਵਿਭਾਗ ਨੇ ਇਹ ਮੰਨਿਆ ਹੈ ਕਿ ਵੈਟਰਨਰੀ ਤੇ ਕੁਝ ਹੋਰ ਕੋਰਸਾਂ ਦੀ ਪ੍ਰਵਾਨਗੀ ਆਗਾਮੀ ਪੱਤਝੜ ਦੇ ਮੌਸਮ ਤੋਂ ਪਹਿਲਾਂ ਅਮਲ ’ਚ ਆ ਸਕਦੀ ਹੈ। ਜੇਕਰ ਕੌਮਾਂਤਰੀ ਵਿਦਿਆਰਥੀਆਂ ਬਾਰੇ ਨਵੀਂ ਨੀਤੀ ਲਾਗੂ ਹੋਈ ਤਾਂ ਵਿਦੇਸ਼ੀ ਵਿਦਿਆਰਥੀਆਂ ਦੀ ਗਿਣਤੀ ’ਚ 20-25 ਫ਼ੀਸਦ ਕਟੌਤੀ ਹੋਵੇਗੀ। ਲੰਘੇ ਸਾਲ 5,79,075 ਵੀਜ਼ੇ ਜਾਰੀ ਹੋਣ ਨਾਲ ਦੇਸ਼ ਵਿਚ ਕੌਮਾਂਤਰੀ ਵਿਦਿਆਰਥੀਆਂ ਦੀ ਗਿਣਤੀ 9 ਲੱਖ ਸੀ। ਦੂਜੇ ਪਾਸੇ ਆਵਾਸ ਮੰਤਰੀ ਮਾਈਕ ਮਿਲਰ ਨੇ ਸੰਕੇਤ ਦਿੱਤਾ ਸੀ ਕਿ ਰਿਹਾਇਸ਼ੀ ਘਾਟ ਕਾਰਨ ਸਰਕਾਰ ਨੂੰ ਅਸਥਾਈ ਨਾਗਰਿਕਾਂ ਪ੍ਰਤੀ ਸਖਤ ਹੋਣਾ ਪਏਗਾ।

# ਕੈਨੇਡਾ ’ਚ ਪੰਜਾਬੀ ਨੌਜਵਾਨ ਦੀ ਸੜਕ ਹਾਦਸੇ ’ਚ ਮੌਤ



ਐਬਟਸਫੋਰਡ : ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆ ਸੂਬੇ ਦੇ ਸ਼ਹਿਰ ਫਰਨੀ ਨੇੜੇ ਵਾਪਰੇ ਸੜਕ ਹਾਦਸੇ ’ਚ 27 ਸਾਲਾ ਪੰਜਾਬੀ ਨੌਜਵਾਨ ਗੁਰਜੰਟ ਸਿੰਘ ਦੀ ਮੌਤ ਹੋ ਗਈ, ਜਦ ਕਿ 2 ਹੋਰ ਨੌਜਵਾਨ ਵਾਲ-ਵਾਲ ਬਚ ਗਏ। ਗੁਰਜੰਟ ਸਿੰਘ ਦੇ ਚਚੇਰੇ ਭਰਾ ਨਿਰਮਲ ਸਿੰਘ ਨੇ ਦੱਸਿਆ ਕਿ ਗੁਰਜੰਟ ਆਪਣੇ 2 ਹੋਰ ਦੋਸਤਾਂ ਨਾਲ ਜਾ ਰਿਹਾ ਸੀ ਕਿ ਹਾਈਵੇ ਨੰਬਰ 3 ’ਤੇ ਕਰੇਨਬਰੁੱਕ ਤੇ ਫਰਨੀ ਨੇੜੇ ਕਿਸੇ ਵਾਹਨ ਨੇ ਉਨ੍ਹਾਂ ਨੂੰ ਟੱਕਰ ਮਾਰ ਦਿੱਤੀ। ਗੰਭੀਰ ਸੱਟ ਵੱਜਣ ਕਾਰਨ ਗੁਰਜੰਟ ਸਿੰਘ ਦੀ ਮੌਕੇ ’ਤੇ ਹੀ ਮੌਤ ਹੋ ਗਈ, ਜਦਕਿ ਦੂਸਰੇ ਦੋਵਾਂ ਨੌਜਵਾਨਾਂ ਦਾ ਬਚਾਅ ਹੋ ਗਿਆ। ਜ਼ਿਲ੍ਹਾ ਅੰਮ੍ਰਿਤਸਰ ਦੇ ਬਾਬਾ ਬਕਾਲਾ ਨੇੜਲੇ ਪਿੰਡ ਬੁਤਾਲਾ ਦਾ ਜੰਮਪਲ ਗੁਰਜੰਟ ਸਿੰਘ ਮਾਪਿਆਂ ਦਾ ਇਕਲੌਤਾ ਸਪੁੱਤਰ ਸੀ ਤੇ 7 ਮਹੀਨੇ ਪਹਿਲਾਂ ਹੀ ਵਰਕ ਪਰਮਿਟ ’ਤੇ ਕੈਨੇਡਾ ਆਇਆ ਸੀ। ਪੁਲਿਸ ਹਾਦਸੇ ਦੇ ਕਾਰਨਾਂ ਦੀ ਜਾਂਚ ਕਰ ਰਹੀ ਹੈ। ਗੁਰਜੰਟ ਸਿੰਘ ਦੇ ਮਾਤਾ-ਪਿਤਾ ਪਿੰਡ ਹੀ ਰਹਿੰਦੇ ਹਨ।

# 50 ਦਿਨਾਂ ਦੀ ਪੈਰੋਲ ’ਤੇ ਬਾਹਰ ਆਇਆ ਰਾਮ ਰਹੀਮ



ਬਿਨੌਲੀ : ਡੇਰਾ ਮੁਖੀ ਗੁਰਮੀਤ ਰਾਮ ਰਹੀਮ ਰੋਹਤਕ ਦੀ ਸੁਨਾਰੀਆ ਜੇਲ੍ਹ ਤੋਂ 50 ਦਿਨਾਂ ਦੀ ਪੈਰੋਲ ’ਤੇ ਸ਼ੁੱਕਰਵਾਰ ਰਾਤ ਬਰਨਾਵਾ ਆਸ਼ਰਮ ਪਹੁੰਚਿਆ। ਹਨੀਪ੍ਰੀਤ ਤੇ ਪਰਿਵਾਰਕ ਮੈਂਬਰ ਵੀ ਉਸ ਦੇ ਨਾਲ ਆਏ ਹਨ। ਡੇਰਾ ਮੁਖੀ ਨੇ ਲਾਈਵ ਹੋ ਕੇ ਪੈਰੋਕਾਰਾਂ ਨੂੰ ਅਪੀਲ ਕੀਤੀ ਤੇ ਕਿਹਾ ਕਿ ਰਾਮ ਜੀ ਦਾ ਪੁਰਬ ਮਨਾਇਆ ਜਾ ਰਿਹਾ ਹੈ। ਤੁਸੀਂ ਸਾਰੇ ਇਸ ਤਿਉਹਾਰ ’ਚ ਪੁਰਬ ’ਚ ਸ਼ਾਮਲ ਹੋਵੋ ਤੇ ਇਸ ਨੂੰ ਦੀਵਾਲੀ ਵਾਂਗ ਮਨਾਓ।

ਜਬਰ ਜਨਾਹ ਤੇ ਹੱਤਿਆ ਕੇਸ ’ਚ ਉਮਰਕੈਦ ਦੀ ਸਜ਼ਾ ਕੱਟ ਰਹੇ ਡੇਰਾ ਮੁਖੀ ਗੁਰਮੀਤ ਸਿੰਘ ਰਾਮ ਰਹੀਮ ਸ਼ਾਮ 5 ਵਜੇ ਸੁਰੱਖਿਆ ਹੇਠ ਰੋਹਤਕ ਦੀ ਸੁਨਾਰੀਆ ਜੇਲ੍ਹ ਤੋਂ ਰਵਾਨਾ ਹੋਇਆ।

ਗੁਰਮੀਤ ਸਿੰਘ ਨੂੰ ਪੁਲਿਸ ਦੀਆਂ ਚਾਰ ਗੱਡੀਆਂ ਦੀ ਸੁਰੱਖਿਆ ’ਚ ਲੈ ਕੇ ਇੰਸਪੈਕਟਰ ਬਿਨੌਲੀ ਸ਼ਾਹ ਸਤਨਾਮ ਸਿੰਘ ਆਸ਼ਰਮ ਬਰਵਾਨਾ ’ਚ ਦੇਰ ਸ਼ਾਮਲ 7.20 ਵਜੇ ਪੁੱਜੇ।

ਇੰਸਪੈਕਟਰ ਐਮਪੀ ਸਿੰਘ ਨੇ ਦੱਸਿਆ ਕਿ ਪੈਰੋਲ ਦੇ ਨਿਯਮਾਂ ਦੀ ਪਾਲਣਾ ਕਰਦਿਆਂ ਆਸ਼ਰਮ ’ਚ ਭੀੜ ਇਕੱਠੀ ਨਹੀਂ ਹੋਣ ਦਿੱਤੀ ਜਾਵੇਗੀ। ਡੇਰਾ ਮੁਖੀ ਗੁਰਮੀਤ ਸਿੰਘ ਨੂੰ ਪਹਿਲਾਂ 17 ਜੂਨ, 2022 ਨੂੰ 30 ਦਿਨਾਂ ਦੀ ਪੈਰੋਲ ਮਿਲੀ ਸੀ, ਜਿਸ ਤੋਂ ਬਾਅਦ ਉਹ ਬਰਨਾਵਾ ਆਸ਼ਰਮ ’ਚ ਰਿਹਾ। 18 ਜੁਲਾਈ ਨੂੰ ਵਾਪਸ ਸੁਨਾਰੀਆ ਜੇਲ੍ਹ ਗਿਆ। 88 ਦਿਨਾਂ ਬਾਅਦ ਉਸ ਨੂੰ 15 ਅਕਤੂਬਰ ਨੂੰ ਦੂਜੀ ਵਾਰ ਪੈਰੋਲ ਮਿਲੀ। 25 ਨਵੰਬਰ ਨੂੰ ਉਹ ਵਾਪਸ ਸੁਨਾਰੀਆ ਜੇਲ੍ਹ ਚਲਾ ਗਿਆ। 21 ਜਨਵਰੀ 2023 ਨੂੰ ਗੁਰਮੀਤ ਸਿੰਘ ਤੀਜੀ ਵਾਰ 40 ਦਿਨਾਂ ਦੀ ਪੈਰੋਲ ’ਤੇ ਬਰਨਾਵਾ ਆਸ਼ਰਮ ਆਇਆ ਸੀ।

3 ਮਾਰਚ ਨੂੰ ਪੈਰੋਲ ਪੂਰੀ ਕਰਨ ਤੋਂ ਬਾਅਦ ਉਹ ਵਾਪਸ ਸੁਨਾਰੀਆ ਜੇਲ੍ਹ ਚਲਾ ਗਿਆ। ਚੌਥੀ ਵਾਰ ਡੇਰਾ ਮੁਖੀ 30 ਦਿਨਾਂ ਦੀ ਪੈਰੋਲ ’ਤੇ 20 ਜੁਲਾਈ ਨੂੰ ਬਰਨਾਵਾ ਆਸ਼ਰਮ ਪਹੁੰਚਿਆ ਸੀ। ਫਿਰ ਉਹ 20 ਅਗਸਤ ਨੂੰ ਵਾਪਸ ਜੇਲ੍ਹ ਚਲਾ ਗਿਆ। 21 ਨਵੰਬਰ ਨੂੰ, ਬਰਨਾਵਾ 21 ਦਿਨਾਂ ਦੀ ਛੁੱਟੀ ’ਤੇ ਪੰਜਵੀਂ ਵਾਰ ਮੁੜ ਆਇਆ। 13 ਦਸੰਬਰ ਨੂੰ ਵਾਪਸ ਸੁਨਾਰੀਆ ਜੇਲ੍ਹ ਗਿਆ।





Gurdwara Nanak Darbar Sahib

126 South Cherry Street, Olathe, KS- 66061

ਵਿਖੇ ਇਕ ਗ੍ਰੰਥੀ ਸਿੰਘ ਦੀ ਜ਼ਰੂਰਤ ਹੈ

- ਤਬਲਾ ਵਜਾਉਣ ਵਿਚ ਮਾਹਿਰ
- ਕੀਰਤਨ ਕਰਨ ਵਿਚ ਮਾਹਿਰ
- ਸ਼ੁੱਧ ਪਾਠ ਕਰ ਸਕਦਾ ਹੋਵੇ
- ਅੰਗਰੇਜ਼ੀ (English) ਜਾਣਦਾ ਹੋਵੇ।
- ਕਿਸ ਜਗ੍ਹਾ ਤੋਂ ਵਿਦਿਆ ਪ੍ਰਾਪਤ ਕੀਤੀ
- ਕਿਸ ਜਗ੍ਹਾ ਤੋਂ ਸੰਥਿਆ ਅਤੇ ਕੀਰਤਨ ਸਿੱਖਿਆ
- ਕਿੰਨੇ ਸਾਲ ਦਾ ਤਜਰਬਾ 8. ਜੇਕਰ ਕੋਈ Video ਹੋਵੇ ਤਾਂ ਨਾਲ ਨੱਥੀ ਕਰ ਦਿੱਤੀ ਜਾਵੇ

(913) 256-9498

Submitted Copy

gnds@kcsikh.org

suchasingh60@gmail.com

# ਭੁੱਲਰ ਮਸਲੇ ’ਤੇ ਬੇਨਕਾਬ ਹੋਇਆ ਕੇਜਰੀਵਾਲ ਦਾ ਚਿਹਰਾ: ਧਾਮੀ



ਪਟਿਆਲਾ : ਪ੍ਰੋਫੈਸਰ ਦਵਿੰਦਰਪਾਲ ਭੁੱਲਰ ਦੀ ਰਿਹਾਈ ਮਸਲੇ ‘ਤੇ ਪ੍ਰਤੀਕਿਰਿਆ ਦਿੰਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਪੱਕੀ ਜ਼ਮਾਨਤ ਵਾਲੀ ਫਾਈਲ ਨੂੰ ਦਰਕਿਨਾਰ ਕਰਨ ਨਾਲ ਦਿੱਲੀ ਦੇ ਮੁੱਖ ਮੰਤਰੀ ਤੇ ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਦਾ ਚਿਹਰਾ ਬੇਨਕਾਬ ਹੋ ਗਿਆ ਹੈ। ਇਸ ਨਾਲ ਉਨ੍ਹਾਂ ਦੀ ਸਿੱਖ ਮਾਰੂ ਨੀਤੀ ਵੀ ਸਪੱਸ਼ਟ ਹੋ ਗਈ ਹੈ। ਅੱਜ ਇਥੇ ਗੁਰਦੁਆਰਾ ਦੂਖਨਿਵਾਰਨ ਸਾਹਿਬ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ ਦਿੱਲੀ ਅਤੇ ਕੇਂਦਰ ਸਰਕਾਰ ਵੱਲੋਂ ਸਿੱਖ ਮਸਲਿਆਂ ’ਤੇ ਲਏ ਯੂਟਰਨ ਸਪੱਸ਼ਟ ਕਰਦੇ ਹਨ ਕਿ ਇਹ ਲੋਕ ਸੌੜੇ ਸਿਆਸੀ ਹਿੱਤਾਂ ਖਾਤਰ ਸਿੱਖਾਂ ਦੀਆਂ ਧਾਰਮਿਕ ਭਾਵਨਾਵਾਂ ਨਾਲ ਖਿਲਵਾੜ ਕਰਦੇ ਆ ਹਨ। ਦੋਵਾਂ ਹਕੂਮਤਾਂ ਦਾ ਇਕੋ ਏਜੰਡਾ ਹੈ। ਗੁਰਦੁਆਰਾ ਅਕਾਲ ਬੁੰਗਾ ਸਾਹਿਬ ਸੁਲਤਾਨਪੁਰ ਲੋਧੀ ਦੇ ਮਸਲੇ ’ਤੇ 24 ਜਨਵਰੀ ਨੂੰ ਹੰਗਾਮੀ ਮੀਟਿੰਗ ਸੱਦੀ ਗਈ ਹੈ, ਜਿਸ ਵਿਚ ਅਗਲੇ ਪ੍ਰੋਗਰਾਮ ਦੀ ਰੂਪ ਰੇਖਾ ਉਲੀਕੀ ਜਾਵੇਗੀ। ਇਸ ਬਾਰੇ ਕਾਇਮ ਕਮੇਟੀ ਨੇ ਆਪਣੀ ਰਿਪੋਰਟ ਵਿਚ ਸਪੱਸ਼ਟ ਕਰ ਦਿੱਤਾ ਹੈ ਕਿ ਮੁੱਖ ਮੰਤਰੀ ਭਗਵੰਤ ਮਾਨ ਦੇ ਹੁਕਮਾਂ ’ਤੇ ਹੀ ਗੁਰਦੁਆਰੇ ’ਚ ਪੁਲੀਸ ਨੇ ਗੋਲੀਬਾਰੀ ਕਰਕੇ ਮਰਿਆਦਾ ਦੀਆਂ ਧੱਜੀਆਂ ਉਡਾਈਆਂ। ਪ੍ਰਧਾਨ ਨੇ ਇਹ ਵੀ ਕਿਹਾ ਕਿ ਇਸ ਮੰਦਭਾਗੀ ਘਟਨਾ ਲਈ ਅਕਾਲ ਤਖ਼ਤ ਵੱਲੋਂ ਮੁੱਖ ਮੰਤਰੀ ਨੂੰ ਜ਼ਿੰਮੇਵਾਰ ਮੰਨਿਆ ਗਿਆ ਅਤੇ ਅਗਲਾ ਫੈਸਲਾ ਭਲਕੇ ਸੱਦੀ ਮੀਟਿੰਗ ਵਿਚ ਕੀਤਾ ਜਾਵੇਗਾ। ਡੇਰਾ ਸਿਰਸਾ ਮੁਖੀ ਰਾਮ ਰਹੀਮ ਨੂੰ ਵਾਰ ਵਾਰ ਪੈਰੋਲ ਦਿੱਤੇ ਜਾਣ ਦਾ ਵੀ ਗੰਭੀਰ ਨੋਟਿਸ ਲੈਂਦਿਆਂ, ਉਨ੍ਹਾਂ ਕਿਹਾ ਕਿ ਇਹ ਸਿੱਖ ਹਿਰਦਿਆਂ ਨੂੰ ਵਲੂੰਧਰਨ ਵਾਲੀ ਕਾਰਵਾਈ ਹੈ, ਕਿਉਂਕਿ ਬੰਦੀ ਸਿੱਖਾਂ ਦੀ ਰਿਹਾਈ ਅਤੇ ਪੈਰੋਲ ਦਿੱਤੇ ਜਾਣ ਬਾਰੇ ਸਰਕਾਰਾਂ ਵੱਲੋਂ ਪਾਏ ਜਾ ਰਹੇ ਅੜਿੱਕਿਆਂ ਤੋਂ ਸਪੱਸ਼ਟ ਹੁੰਦਾ ਹੈ ਕਿ ਸਿੱਖਾਂ ਪ੍ਰਤੀ ਦੋਹਰੇ ਮਾਪਦੰਡ ਅਪਣਏ ਜਾ ਰਹੇ ਹਨ। ਇਸ ਮੌਕੇ ਸ਼੍ਰੋਮਣੀ ਕਮੇਟੀ ਮੈਂਬਰ ਸਤਵਿੰਦਰ ਟੌਹੜਾ, ਸਿੱਖਿਆ ਸਕੱਤਰ ਸੁਖਵਿੰਦਰ ਸਿੰਘ, ਹੈੱਡ ਗ੍ਰੰਥੀ ਭਾਈ ਪ੍ਰਨਾਮ ਸਿੰਘ ਤੇ ਮੀਤ ਮੈਨੇਜਰ ਜਰਨੈਲ ਸਿੰਘ ਮਕਰੌੜ ਸਾਹਿਬ ਵੀ ਸ਼ਾਮਲ ਸਨ।

# ਦਿੱਲੀ ਦੰਗੇ: ਸਾਬਕਾ ਕੌਂਸਲਰ ਇਸ਼ਰਤ ਜਹਾਂ ਤੇ ਖਾਲਿਦ ਸੈਫੀ ਸਣੇ 13 ਖ਼ਿਲਾਫ਼ ਦੋਸ਼ ਤੈਅ ਕਰਨ ਦੇ ਹੁਕਮ



ਨਵੀਂ ਦਿੱਲੀ : ਦਿੱਲੀ ਦੀ ਇਕ ਅਦਾਲਤ ਨੇ 2021 ਵਿੱਚ ਉੱਤਰ-ਪੂਰਬੀ ਦਿੱਲੀ ’ਚ ਹੋਏ ਦੰਗਿਆਂ ਦੇ ਮਾਮਲੇ ਵਿੱਚ ਕਾਂਗਰਸ ਦੀ ਸਾਬਕਾ ਕੌਂਸਲਰ ਇਸ਼ਰਤ ਜਹਾਂ, ‘ਯੂਨਾਈਟਿਡ ਅਗੇਂਸਟ ਹੇਟ’ ਦੇ ਸੰਸਥਾਪਕ ਖਾਲਿਦ ਸੈਫੀ ਅਤੇ 11 ਹੋਰਾਂ ਖ਼ਿਲਾਫ਼ ਦੋਸ਼ ਤੈਅ ਕਰਨ ਦਾ ਆਦੇਸ਼ ਤੈਅ ਕਰਨ ਦਾ ਹੁਕਮ ਦਿੱਤਾ ਹੈ।

ਇਨ੍ਹਾਂ ਦੋਸ਼ਾਂ ਵਿੱਚ ਹੱਤਿਆ ਦੀ ਕੋਸ਼ਿਸ਼ ਅਤੇ ਗੈਰ-ਕਾਨੂੰਨੀ ਤੌਰ ’ਤੇ ਇਕੱਤਰ ਹੋਣ ਨਾਲ ਸਬੰਧਤ ਦੋਸ਼ ਵੀ ਸ਼ਾਮਲ ਹਨ। ਅਦਾਲਤ ਨੇ ਹਾਲਾਂਕਿ, ਸਾਰੇ 13 ਵਿਅਕਤੀਆਂ ਨੂੰ ਅਪਰਾਧਿਕ ਸਾਜ਼ਿਸ਼, ਭੜਕਾਹਟ ਪੈਦਾ ਕਰਨ ਤੇ ਸਾਂਝੇ ਇਰਾਦੇ ਅਤੇ ਆਰਮਜ਼ ਐਕਟ ਦੇ ਦੋਸ਼ਾਂ ਤੋਂ ਮੁਕਤ ਕਰ ਦਿੱਤਾ ਹੈ। ਵਿਸ਼ੇਸ਼ ਜੱਜ ਅਮਿਤਾਭ ਰਾਵਤ ਨੇ ਅੱਜ ਜਾਰੀ ਹੁਕਮਾਂ ਵਿੱਚ ਕਿਹਾ, “ਇਹ ਮੰਨਣ ਦਾ ਆਧਾਰ ਹੈ ਕਿ ਮੁਲਜ਼ਮਾਂ ਨੇ ਆਈਪੀਸੀ ਦੀ ਧਾਰਾ 147, 148, 186, 188, 332 ਅਤੇ ਧਾਰਾ 353 ਤਹਿਤ ਅਪਰਾਧ ਕੀਤਾ।” ਜੱਜ ਨੇ ਇਹ ਵੀ ਕਿਹਾ ਕਿ ਮੁਲਜ਼ਮਾਂ ਨੂੰ ਆਈਪੀਸੀ ਦੀ ਧਾਰਾ 307 (ਹੱਤਿਆ ਦੀ ਕੋਸ਼ਿਸ਼) ਅਤੇ 149 (ਗੈਰ-ਕਾਨੂੰਨੀ ਤੌਰ ’ਤੇ ਇਕੱਤਰ ਹੋਣ) ਤਹਿਤ ਅਪਰਾਧ ਲਈ ਵੀ ਮੁਕੱਦਮੇ ਦਾ ਸਾਹਮਣਾ ਕਰਨਾ ਹੋਵੇਗਾ।

# ਰੋਜ਼-ਰੋਜ਼ ਮੀਆਂ-ਬੀਵੀ ’ਚ ਹੁੰਦੀ ਸੀ ਹੱਥੋਪਾਈ, ਗੁੱਸੇ ’ਚ ਆ ਕੇ ਔਰਤ ਨੇ ਕਟਰ ਦੇ ਬਲੇਡ ਨਾਲ ਕੀਤੀ ਪਤੀ ਦੀ ਹੱਤਿਆ

ਲੁਧਿਆਣਾ : ਤੁਸੀਂ ਕਈ ਘਰੇਲੂ ਝਗੜੇ ਦੇਖੇ ਹੋਣਗੇ, ਜਿਨ੍ਹਾਂ ਵਿਚ ਪਤੀ ਨੇ ਪਤਨੀ ਦਾ ਕਤਲ ਕੀਤਾ, ਸਹੁਰੇ ਨੇ ਦਾਜ ਲਈ ਨੂੰਹ ’ਤੇ ਤਸ਼ੱਦਦ ਕੀਤਾ ਹੋਵੇ, ਪਰ ਲੁਧਿਆਣਾ ਦੇ ਬਸੰਤ ਨਗਰ, ਨੂਰ ਵਾਲਾ ਰੋਡ ’ਤੇ ਘਰੇਲੂ ਝਗੜੇ ਕਾਰਨ ਪਤਨੀ ਨੇ ਆਪਣੇ ਪਤੀ ਦਾ ਕਤਲ ਕਰ ਦਿੱਤਾ। ਇਸ ਤੋਂ ਬਾਅਦ ਪਤੀ ਦੀ ਲਾਸ਼ ਨੂੰ ਸਿਵਲ ਹਸਪਤਾਲ ਦੇ ਮੁਰਦਾਘਰ ’ਚ ਰਖਵਾਇਆ ਗਿਆ ਹੈ। ਫਿਲਹਾਲ ਪੁਲਿਸ ਮਾਮਲੇ ਦੀ ਜਾਂਚ ਕਰ ਰਹੀ ਹੈ। ਜਾਣਕਾਰੀ ਮੁਤਾਬਕ ਗੌਰਵ ਕੁਮਾਰ ਨਾਂ ਦਾ ਵਿਅਕਤੀ ਬਸੰਤ ਨਗਰ ਇਲਾਕੇ ’ਚ ਹੌਜ਼ਰੀ ਦੀ ਦੁਕਾਨ ਚਲਾਉਂਦਾ ਹੈ। ਉਸਦਾ ਘਰ ਵੀ ਉਸਦੀ ਦੁਕਾਨ ਦੇ ਉੱਪਰ ਹੈ। ਉਸਦਾ ਅਕਸਰ ਪਤਨੀ ਸੋਨਮ ਨਾਲ ਝਗੜਾ ਹੁੰਦਾ ਰਹਿੰਦਾ ਸੀ। ਦੋਵਾਂ ਵਿਚਾਲੇ ਅਕਸਰ ਝਗੜਾ ਹੁੰਦਾ ਰਹਿੰਦਾ ਸੀ। ਅੱਜ ਸਵੇਰੇ ਵੀ ਉਨ੍ਹਾਂ ਦਾ ਝਗੜਾ ਹੋ ਗਿਆ ਤੇ ਇਸ ਦੌਰਾਨ ਪਤਨੀ ਨੇ ਹੌਜ਼ਰੀ ਲਈ ਵਰਤੇ ਜਾਂਦੇ ਕਟਰ ਦਾ ਬਲੇਡ ਪਤੀ



ਵੱਲ ਸੁੱਟ ਦਿੱਤਾ, ਜੋ ਉਸ ਦੀ ਗਰਦਨ ਦੇ ਪਿਛਲੇ ਹਿੱਸੇ ’ਚ ਵੱਜਿਆ। ਜ਼ਖ਼ਮੀ ਨੂੰ ਹਸਪਤਾਲ ਵੀ ਨਹੀਂ ਲਿਜਾਇਆ ਗਿਆ ਤੇ ਜ਼ਿਆਦਾ ਖ਼ੂਨ ਵਹਿਣ ਕਾਰਨ ਉਸ ਦੀ ਮੌਤ ਹੋ ਗਈ।

### ਬਾਬਾ ਬਲਬੀਰ ਸਿੰਘ ਮਿਲੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੂੰ

# ਅਕਾਲ ਬੁੰਗਾ ਸਬੰਧੀ ਸਬ-ਕਮੇਟੀ ਦਾ ਪੂਨਰ ਗਠਨ ਕਰਨ ਦੀ ਕੀਤੀ ਮੰਗ

ਅੰਮ੍ਰਿਤਸਰ: ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਗੁਰਦੁਆਰਾ ਅਕਾਲ ਬੁੰਗਾ ਸਾਹਿਬ, ਸੁਲਤਾਨਪੁਰ ਲੋਧੀ ਸਬੰਧੀ ਬਣੀ ਸਬ-ਕਮੇਟੀ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਦਿੱਤੀ ਗਈ ਰੀਪੋਰਟ ਇਕ ਪਾਸੜ ਤੇ ਤੱਥਾਂ ਤੋਂ ਵਿਹੂਣੀ ਹੈ। ਬੁੱਢਾ ਦਲ ਦੇ ਮੁਖੀ ਸਿੰਘ ਸਾਹਿਬ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਨੇ ਸ੍ਰੀ ਅਕਾਲ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਨੂੰ ਮਿਲ ਕਿ ਮੰਗ ਕੀਤੀ ਹੈ ਕਿ ਸਬ-ਕਮੇਟੀ ਦੀ ਰੀਪੋਰਟ ਵਿਚ ਬੁੱਢਾ ਦਲ ਵੱਲੋਂ ਦਿੱਤੇ ਗਏ ਬਿਆਨਾਂ ਨੂੰ ਕਿਸੇ ਪੱਖ ਤੋਂ ਵੀ ਛੂਹਿਆ ਤੱਕ ਨਹੀਂ ਗਿਆ ਅਤੇ ਨਾ ਹੀ ਸਪੱਸ਼ਟਤਾ ਨਾਲ ਦਰਜ ਕੀਤਾ ਗਿਆ ਹੈ।



ਉਨ੍ਹਾਂ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਅਪੀਲ ਕੀਤੀ ਹੈ ਕਿ ਸਬ-ਕਮੇਟੀ ਦਾ ਦੁਬਾਰਾ ਪੂਨਰ ਗਠਨ ਕੀਤਾ ਜਾਣਾ ਚਾਹੀਦਾ ਹੈ ਤਾਂ ਜੋ ਮਰਯਾਦਾ, ਧੱਕੇਸ਼ਾਹੀ ਤੇ ਕਾਨੂੰਨ ਦੀ ਉਲੰਘਣਾ ਬਾਰੇ ਜਿਹੜੇ ਦੋਸ਼ੀ ਵਿਅਕਤੀ ਹਨ ਉਨ੍ਹਾਂ ਦੇ ਨਿਕਾਬ ਵੀ ਉਤਰ ਸਕਣ ਤੇ ਅਸਲੀਅਤ ਸੰਗਤਾਂ ਸਾਹਮਣੇ ਆਉਣੀ ਚਾਹੀਦੀ ਹੈ। ਇਹ ਹਮਲਾ ਅਤੇ ਨਜਾਇਜ ਕਬਜਾ ਯੋਜਨਾਬੰਦ ਸੀ।

ਉਨ੍ਹਾਂ ਕਿਹਾ ਕਿ ਸਾਡੇ ਨਾਲ ਸਾਡੀਆਂ ਛਾਉਣੀਆਂ ਤੇ ਸਰਕਾਰ ਵੱਲੋਂ ਦਫਾ 145 ਲਾ ਕੇ ਧੱਕਾ ਕੀਤਾ ਗਿਆ ਹੈ। ਦੂਜੇ ਪਾਸੇ ਦੋਸ਼ੀਆਂ ਨੂੰ ਬਿਨ੍ਹਾਂ ਕਿਸੇ ਸਜਾ ਦੇ ਉਥੋਂ ਸਲਟਰ ਦੇ ਕੇ ਕੱਢ ਦਿੱਤਾ ਗਿਆ ਹੈ। ਜਿਨਾਂ ਲੋਕਾਂ ਨੇ ਮਰਯਾਦਾ ਦੀ ਉਲੰਘਣਾ ਕੀਤੀ ਹੈ ਉਨ੍ਹਾਂ ਨੂੰ ਰਾਜਨੀਤਕ ਲੋਕਾਂ ਵੱਲੋਂ ਹੀਰੋ ਬਣਾਉਣ ਦਾ ਯਤਨ ਕੀਤਾ ਜਾ ਰਿਹਾ ਹੈ। ਰੀਪੋਰਟ ਇਕਤਰਫੀ ਤੇ ਉਲਾਰਵਾਦੀ ਹੈ। ਇਸ ਦਾ ਮੁੜ ਰੀਵੀਊ ਕੀਤਾ ਜਾਣਾ ਲਾਜਮੀ ਹੈ। ਉਪਰੰਤ ਬਾਬਾ ਬਲਬੀਰ ਸਿੰਘ ਨੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਗੁਰਬਾਣੀ ਕੀਰਤਨ ਵੀ ਸਰਵਣ ਕੀਤਾ।

# ਸੁਲਤਾਨਪੁਰ ਲੋਧੀ ਸਬੰਧੀ ਬਣੀ ਸਬ-ਕਮੇਟੀ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਦਿੱਤੀ ਗਈ ਰਿਪੋਰਟ ਇਕਪਾਸੜ ਤੇ ਤੱਥਾਂ ਤੋਂ ਵਿਹੂਣੀ : ਬਾਬਾ ਬਲਬੀਰ ਸਿੰਘ

ਅੰਮ੍ਰਿਤਸਰ : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਗੁਰਦੁਆਰਾ ਅਕਾਲ ਬੁੰਗਾ ਸਾਹਿਬ, ਸੁਲਤਾਨਪੁਰ ਲੋਧੀ ਸਬੰਧੀ ਬਣੀ ਸਬ-ਕਮੇਟੀ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਦਿੱਤੀ ਗਈ ਰਿਪੋਰਟ ਇਕਪਾਸੜ ਤੇ ਤੱਥਾਂ ਤੋਂ ਵਿਹੂਣੀ ਹੈ। ਬੁੱਢਾ ਦਲ ਦੇ ਮੁਖੀ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਨੇ ਸ੍ਰੀ ਅਕਾਲ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਨੂੰ ਮਿਲ ਕੇ ਮੰਗ ਕੀਤੀ ਹੈ ਕਿ ਸਬ-ਕਮੇਟੀ ਦੀ ਰਿਪੋਰਟ ਵਿਚ ਬੁੱਢਾ ਦਲ ਵੱਲੋਂ ਦਿੱਤੇ ਗਏ ਬਿਆਨਾਂ ਨੂੰ ਕਿਸੇ ਪੱਖ ਤੋਂ ਵੀ ਛੂਹਿਆ ਤੱਕ ਨਹੀਂ ਗਿਆ ਅਤੇ ਨਾ ਹੀ ਸਪੱਸ਼ਟਤਾ ਨਾਲ ਦਰਜ ਕੀਤਾ ਗਿਆ ਹੈ। ਉਨ੍ਹਾਂ ਜਥੇਦਾਰ ਨੂੰ ਅਪੀਲ ਕੀਤੀ ਹੈ ਕਿ ਸਬ-ਕਮੇਟੀ ਦਾ ਪੁਨਰ ਗਠਨ ਕੀਤਾ ਜਾਣਾ ਚਾਹੀਦਾ ਹੈ ਤਾਂ ਜੋ ਮਰਿਆਦਾ, ਧੱਕੇਸ਼ਾਹੀ ਤੇ ਕਾਨੂੰਨ ਦੀ ਉਲੰਘਣਾ ਬਾਰੇ ਜਿਹੜੇ ਦੋਸ਼ੀ ਵਿਅਕਤੀ ਹਨ ਉਹਨਾਂ ਦੇ ਨਕਾਬ ਵੀ ਉਤਰ ਸਕਣ ਤੇ ਅਸਲੀਅਤ ਸੰਗਤਾਂ ਸਾਹਮਣੇ ਆਉਣੀ ਚਾਹੀਦੀ ਹੈ। ਇਹ ਹਮਲਾ ਤੇ ਨਾਜਾਇਜ਼ ਕਬਜ਼ਾ ਯੋਜਨਾਬੱਧ ਸੀ। ਉਨ੍ਹਾਂ ਕਿਹਾ ਕਿ ਸਾਡੇ ਨਾਲ ਸਾਡੀਆਂ ਛਾਉਣੀਆਂ ਤੇ ਸਰਕਾਰ ਵੱਲੋਂ ਦਫਾ 145 ਲਾ ਕੇ ਧੱਕਾ ਕੀਤਾ ਗਿਆ ਹੈ। ਦੂਜੇ ਪਾਸੇ ਦੋਸ਼ੀਆਂ ਨੂੰ ਬਿਨਾਂ ਕਿਸੇ ਸਜ਼ਾ ਦੇ ਉਥੋਂ ਸ਼ੈਲਟਰ ਦੇ ਕੇ ਕੱਢ ਦਿੱਤਾ ਗਿਆ। ਜਿਨ੍ਹਾਂ ਲੋਕਾਂ ਨੇ ਮਰਿਆਦਾ ਦੀ ਉਲੰਘਣਾ ਕੀਤੀ ਹੈ ਉਹਨਾਂ ਨੂੰ ਰਾਜਨੀਤਕ ਲੋਕਾਂ ਵੱਲੋਂ ਹੀਰੋ ਬਣਾਉਣ ਦਾ ਯਤਨ ਕੀਤਾ ਜਾ ਰਿਹਾ ਹੈ। ਰਿਪੋਰਟ ਇਕਤਰਫ਼ੀ ਤੇ ਉਲਾਰਵਾਦੀ ਹੈ। ਇਸ ਦਾ ਮੁੜ ਰੀਵਿਊ ਕੀਤਾ ਜਾਣਾ ਲਾਜ਼ਮੀ ਹੈ। ਉਪਰੰਤ ਬਾਬਾ ਬਲਬੀਰ ਸਿੰਘ ਨੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਗੁਰਬਾਣੀ ਕੀਰਤਨ ਵੀ ਸਰਵਣ ਕੀਤਾ।

# ਭਾਈ ਕਾਉਂਕੇ ਨੂੰ ਫ਼ਖ਼ਰ ਏ ਕੌਮ ਐਵਾਰਡ ਦੇਣ ਦੀ ਮੰਗ ਦਾ ਸਰਨਾ ਵਲੋਂ ਵਿਰੋਧ ਕਿਉਂ : ਕਾਲਕਾ

ਨਵੀਂ ਦਿੱਲੀ : ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸਰਦਾਰ ਹਰਮੀਤ ਸਿੰਘ ਕਾਲਕਾ ਨੇ ਸ਼੍ਰੋਮਣੀ ਅਕਾਲੀ ਦਲ ਦਿੱਲੀ ਦੇ ਪ੍ਰਧਾਨ ਸਰਦਾਰ ਪਰਮਜੀਤ ਸਿੰਘ ਸਰਨਾ ਨੂੰ ਸਵਾਲ ਕੀਤਾ ਹੈ ਕਿ ਦਿੱਲੀ ਗੁਰਦੁਆਰਾ ਕਮੇਟੀ ’ਤੇ ਉਹਨਾਂ ਅਤੇ ਉਹਨਾਂ ਦੇ ‘ਗੋਲਕ ਦੇ ਯਾਰ’ ਦਾ ਤਿੰਨ ਦਹਾਕੇ ਤੱਕ ਕਬਜ਼ਾ ਰਿਹਾ ਹੈ, ਇਸ ਸਮੇਂ ਦੌਰਾਨ ਉਹਨਾਂ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਸਿੰਘ ਸਾਹਿਬ ਭਾਈ ਗੁਰਦੇਵ ਸਿੰਘ ਕਾਉਂਕੇ ਚੇਤੇ ਕਿਉਂ ਨਹੀਂ ਆਏ? ਇਥੇ ਜਾਰੀ ਕੀਤੇ ਇਕ ਬਿਆਨ ਵਿਚ ਸਰਦਾਰ ਹਰਮੀਤ ਸਿੰਘ ਕਾਲਕਾ ਨੇ ਕਿਹਾ ਕਿ ਤੁਹਾਡੀ ਤੇ ਤੁਹਾਡੇ ‘ਗੋਲਕ ਦੇ ਯਾਰ’ ਦੀ ਅਸਲੀਅਤ ਤੋਂ ਸਾਰੀ ਸਿੱਖ ਕੌਮ ਵਾਕਫ ਹੈ। ਉਹਨਾਂ ਕਿਹਾ ਕਿ ਤਿੰਨ ਦਹਾਕਿਆਂ ਵਿਚ ਤੁਸੀਂ ਕਦੇ ਵੀ ਸੁਮੇਧ ਸਿੰਘ ਸੈਣੀ ਨੂੰ ਡੀ ਜੀ ਪੀ ਲਾਉਣ ਦਾ ਵਿਰੋਧ ਨਹੀਂ ਕੀਤਾ, ਨਾ ਤੁਸੀਂ ਕਦੇ ਬਰਗਾੜੀ ਮਾਮਲੇ ਦੇ ਇਨਸਾਫ ਦੀ ਗੱਲ ਕੀਤੀ ਤੇ ਨਾ ਹੀ ਕਦੇ 328



ਸਰੂਪ ਗਾਇਬ ਹੋਣ ਦੇ ਮਾਮਲੇ ਦੀ ਗੱਲ ਕੀਤੀ। ਉਹਨਾਂ ਕਿਹਾ ਕਿ ਹੁਣ ਜਦੋਂ ਅਸੀਂ ਪੰਥ ਦੇ ਨਿਮਾਣੇ ਸੇਵਾਦਾਰ ਹੋਣ ਦੇ ਨਾਅਤੇ, ਜੋ ਸੇਵਾ ਦੀ ਜ਼ਿੰਮੇਵਾਰੀ ਸਾਨੂੰ ਸੰਗਤ ਨੇ ਸੌਂਪੀ ਹੈ, ਬਰਗਾੜੀ ਅਤੇ ਭਾਈ ਕਾਉਂਕੇ ਦੇ ਇਨਸਾਫ ਦੀ ਗੱਲ ਚੁੱਕ ਰਹੇ ਹਾਂ ਤਾਂ ਤੁਹਾਨੂੰ ਇਹ ਬਹੁਤ ਰੜਕ ਰਹੀ ਹੈ। ਉਹਨਾਂ ਕਿਹਾ ਕਿ ਸਰਦਾਰ ਸਰਨਾ ਸੰਗਤ ਨੂੰ ਦੱਸਣ ਕਿ ਉਹ ਭਾਈ ਕਾਉਂਕੇ ਨੂੰ ਫ਼ਖ਼ਰ ਏ ਕੌਮ ਐਵਾਰਡ ਦੇਣ ਦੀ ਮੰਗ ਦਾ ਵਿਰੋਧ ਕਿਉਂ ਕਰ ਰਹੇ ਹਨ? ਕੀ ਭਾਈ ਕਾਉਂਕੇ ਕੌਮ ਦੀ ਖ਼ਾਤਰ ਸ਼ਹੀਦੀ ਪਾਉਣ ਵਾਲੇ ਸ੍ਰੀ ਅਕਾਲ ਤਖਤ ਸਾਹਿਬ ਦੇ ਇਕਲੌਤੇ ਕਾਰਜਕਾਰੀ ਜਥੇਦਾਰ ਨਹੀਂ ਸਨ? ਜੇਕਰ ਭਾਈ ਕਾਉਂਕੇ ਨੂੰ ਇਹ ਐਵਾਰਡ ਨਾ ਮਿਲੇ ਤਾਂ ਫਿਰ ਕਿਸਨੂੰ ਮਿਲੇ ਸਰਨਾ ਭਰਾਵਾਂ ਨੂੰ ਜਿਹਨਾਂ ਨੇ 1984 ਦੇ ਸਿੱਖ ਕਤਲੇਆਮ ਦੇ ਦੋਸ਼ੀਆਂ ਨੂੰ ਬੁਲਾ ਬੁਲਾ ਕੇ ਸਨਮਾਨਤ ਕੀਤਾ? ਸਰਦਾਰ ਕਾਲਕਾ ਨੇ ਕਿਹਾ ਕਿ ਤੁਹਾਡੀ ਅਸਲੀਅਤ ਤੋਂ ਸਾਰਾ ਪੰਥ ਵਾਕਫ ਹੈ। ਹੁਣ ਤੱਕ ਤੁਸੀਂ ਜਿਹਨਾਂ ਨੂੰ ਬਹੁਤ ਮੰਦੀ ਸ਼ਬਦਾਵਲੀ ਲੈ ਕੇ ਬੁਲਾਉਂਦੇ ਸੀ, ਅੱਜ ਉਹਨਾਂ ਨਾਲ ਗਲਵਕੜੀਆਂ ਪਾਈਆਂ ਹਨ ਤੇ ਸੰਗਤ ਸਭ ਸਮਝਦੀ ਹੈ। ਉਹਨਾਂ ਕਿਹਾ ਕਿ ਸਰਦਾਰ ਸਰਨਾ ਕਿਸੇ ਭੁਲੇਖੇ ਵਿਚ ਨਾ ਰਹਿਣ ਕਿਉਂਕਿ ਸੰਗਤ ਪਿਛਲੇ ਸਮੇਂ ਦੌਰਾਨ ਵਾਰ-ਵਾਰ ਉਹਨਾਂ ਨੂੰ ਨਕਾਰ ਕੇ ਦੱਸ ਚੁੱਕੀ ਹੈ ਕਿ ਤੁਸੀਂ ਉਹਨਾਂ ਲਈ ਕੀ ਹੋ।

# ਬੰਦੀ ਸਿੰਘਾਂ ਦੀ ਰਿਹਾਈ ਲਈ ਚੱਲ ਰਹੇ ਸੰਘਰਸ਼ ਨੂੰ ਤਾਰਪੀਡੋ ਕਰਣ ਵਾਲੀ ਦਿੱਲੀ ਕਮੇਟੀ ਜੱਥੇਦਾਰ ਕਾਉਂਕੇ ਦੇ ਨਾਮ ਤੇ ਰਾਜਨੀਤੀ ਨਾ ਕਰਨ: ਸਰਨਾ

ਨਵੀਂ ਦਿੱਲੀ : ਸ਼੍ਰੋਮਣੀ ਅਕਾਲੀ ਦਲ ਦੀ ਦਿੱਲੀ ਇਕਾਈ ਦੇ ਪ੍ਰਧਾਨ ਸ. ਪਰਮਜੀਤ ਸਿੰਘ ਸਰਨਾ ਨੇ ਪ੍ਰੈਸ ਨੂੰ ਜਾਰੀ ਇਕ ਬਿਆਨ ਰਾਹੀਂ ਕਿਹਾ ਕਿ ਗੁਰੂ ਸਾਹਿਬ ਦੇ ਸਮੇਂ ਤੋਂ ਲੈਕੇ ਹੁਣ ਤੱਕ ਕੌਮ ਵਿੱਚ ਬੇਅੰਤ ਸ਼ਹੀਦ ਹੋਏ ਹਨ, ਅਨੇਕ ਵਾਰੀ ਆਪਣੇ ਹੱਕਾਂ ਲਈ ਸਿੱਖ ਕੌਮ ਨੇ ਮੋਰਚੇ ਲਾਏ ਤੇ ਲਹਿਰਾਂ ਉੱਠੀਆਂ ਪਰ ਅੱਜ ਤੱਕ ਕੌਮ ਦੇ ਕਿਸੇ ਮਹਾਂਪੁਰਖ, ਵਿਦਵਾਨ ਕਿਸੇ ਸਿੱਖ ਜਥੇਬੰਦੀ, ਸੰਸਥਾ ਨੇ ਕਿਸੇ ਵੀ ਸ਼ਹੀਦ ਨੂੰ ਫ਼ਖ਼ਰ ਏ ਕੌਮ ਦਾ ਖ਼ਿਤਾਬ ਦੇਣ ਦੀ ਮੰਗ ਨਹੀਂ ਕੀਤੀ । ਇਹ ਖਿਆਲ ਅਚਾਨਕ ਹੀ ਹਰਮੀਤ ਸਿੰਘ ਕਾਲਕਾ ਦੇ ਦਿਮਾਗ਼ ‘ਚ ਕਿਸ ਤਰ੍ਹਾਂ ਆ ਗਿਆ ਤੇ ਉਹ ਹੁਣ ਸ਼ਹੀਦ ਜੱਥੇਦਾਰ ਗੁਰਦੇਵ ਸਿੰਘ ਕਾਉਂਕੇ ਜੀ ਨੂੰ ਫਖ਼ਰੇ ਕੌਮ ਦਾ ਖਿਤਾਬ ਦੇਣ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੇ ਜੱਥੇਦਾਰ ਜੀ ਨੂੰ ਉਚੇਚੇ ਮੰਗ ਪੱਤਰ ਦੇ ਰਹੇ ਜਦੋਂ ਕਿ ਭਾਈ ਕਾਉਂਕੇ ਜੀ ਨੂੰ ਸ਼ਹੀਦ ਹੋਇਆ ਨੂੰ ਵੀ ਤਿੰਨ ਦਹਾਕਿਆਂ ਤੋਂ



ਵੱਧ ਦਾ ਸਮਾ ਲੰਘ ਚੁੱਕਾ ਹੈ ਤੇ ਕਾਲਕਾ, ਸਿਰਸਾ ਦੇ ਮੂੰਹ ਵਿੱਚ ਪਹਿਲਾ ਜੱਥੇਦਾਰ ਕਾਉਂਕੇ ਜੀ ਨਾਮ ਤੱਕ ਵੀ ਨਹੀਂ ਆਇਆ। ਇਸਦਾ ਕਾਰਨ ਕਿਤੇ ਇਹ ਤਾਂ ਨਹੀਂ ਕਿ ਦਿੱਲੀ ਕਮੇਟੀ ਤੇ ਕਾਬਜ਼ ਹੋਣ ਤੋਂ ਬਾਅਦ ਜੋ ਹਾਲ ਇਨ੍ਹਾਂ ਨੇ ਗੁਰੂ ਹਰਿਕਿਸ਼ਨ ਪਬਲਿਕ ਸਕੂਲਾਂ ਦਾ ਕੀਤਾ, ਦਿੱਲੀ ਕਮੇਟੀ ਵਿੱਚ ਮਚਾਈ, ਬੰਦੀ ਸਿੰਘਾਂ ਦੀ ਰਿਹਾਈ ਲਈ ਚੱਲ ਰਹੇ ਸੰਘਰਸ਼ ਨੂੰ ਤਾਰਪੀਡੋ ਕਰਣ ਦੇ ਨਾਲ ਮਨਜਿੰਦਰ ਸਿਰਸਾ ਦੀ ਅਗਵਾਈ ਵਿੱਚ ਗੁਰੂ ਘਰਾਂ ਨੂੰ ਹਵਾਲੇ ਦੇ ਪੈਸੇ ਲਈ ਵਰਤਦੇ ਰਹੇ ਹਨ। ਹੁਣ ਇਹ ਗੁਰੂ ਹਰਿਕ੍ਰਿਸ਼ਨ ਪਾਤਸ਼ਾਹ ਜੀ ਦੇ ਪਾਵਨ ਅਸਥਾਨ ਨੂੰ ਗੁਰਮਤਿ ਦੇ ਉਲਟ ਬਹੁ ਗਿਣਤੀ ਭਾਰਤ ਦੇ ਤੀਰਥ ਸਥਾਨਾਂ ਦੇ ਬਰਾਬਰ ਇਕ ਤੀਰਥ ਦੱਸਕੇ ਗੁਰੂ ਪਾਤਸ਼ਾਹ ਸਫਾਈ ਅਭਿਆਨ ਚਲਾਉਣ ਦਾ ਝੂਠਾ ਪਾਖੰਡ ਕਰਕੇ ਗੁਰੂ ਪਾਤਸ਼ਾਹ ਜੀ ਦੀ ਤੌਹੀਨ ਕਰ ਰਹੇ ਹਨ, ਇਹ ਸਾਰੇ ਆਪਣੇ ਪਾਪ ਲੁਕਾਉਣ ਲਈ ਇਹ ਲੋਕ ਹੁਣ ਪੰਥ ਦੇ ਵੱਡੇ ਦਰਦੀ ਬਣ ਰਹੇ ਹਨ। ਅੰਤ ਵਿਚ ਉਨ੍ਹਾਂ ਕਿਹਾ ਕਿ ਹਰਮੀਤ ਸਿੰਘ ਕਾਲਕਾ ਤੇ ਉਨ੍ਹਾਂ ਦੇ ਸਾਥੀ ਉਹ ਹੁਣ ਚਾਹੇ ਜਿੰਨੇ ਮਰਜ਼ੀ ਮੁਖੌਟੇ ਪਾ ਲੈਣ ਪਰ ਸੰਗਤ ਇਹ ਭਲੀਭਾਂਤ ਜਾਣਦੀ ਹੈ ਕਿ ਹੁਣ ਭਾਈ ਗੁਰਦੇਵ ਸਿੰਘ ਕਾਉਂਕੇ ਦੇ ਨਾਮ ਨੂੰ ਵੀ ਵਰਤ ਰਿਹਾ ਹੈ ।

# ਪੰਜਾਬ ਦੀ ਜਵਾਨੀ ਨੂੰ ਨਸ਼ਿਆਂ ਤੋਂ ਬਚਾਉਣਾ ਬਹੁਤ ਜ਼ਰੂਰੀ: ਮਾਨ

ਦਿੜ੍ਹਬਾ ਮੰਡੀ/ਸੂਲਰ ਘਰਾਟ : ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਅਤੇ ਸੰਸਦ ਮੈਂਬਰ ਸਿਮਰਨਜੀਤ ਸਿੰਘ ਮਾਨ ਨੇ ਅੱਜ ਹਲਕਾ ਦਿੜ੍ਹਬਾ ਅਧੀਨ ਆਉਂਦੇ ਪਿੰਡਾਂ ਤੂਰਬੰਜਾਰਾ, ਜਨਾਲ, ਕੜਿਆਲ, ਢੰਡਿਆਲ ਅਤੇ ਦਿੜ੍ਹਬਾ ਸ਼ਹਿਰ ਵਿਖੇ ਸੰਗਤ ਦਰਸ਼ਨ ਮੌਕੇ ਇਕੱਠਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸੂਬੇ ਵਿੱਚ ਆਪ ਦੇ ਸੱਤਾ ’ਚ ਹੋਣ ਦੇ ਬਾਵਜੂਦ ਜ਼ਿਮਨੀ ਚੋਣ ਦੌਰਾਨ ਹਲਕੇ ਦੇ ਲੋਕਾਂ ਵੱਲੋਂ ਦਿੱਤੇ ਗਏ ਪਿਆਰ ਤੇ ਸਾਥ ਨੂੰ ਕਦੇ ਵੀ ਭੁਲਾਇਆ ਨਹੀਂ ਜਾ ਸਕਦਾ ਅਤੇ ਲੋਕਾਂ ਨੇ ਜੋ ਭਰੋਸਾ ਪ੍ਰਗਟਾਇਆ ਸੀ, ਉਸ ਨੂੰ ਬਰਕਰਾਰ ਰੱਖਣ ਲਈ ਉਨ੍ਹਾਂ ਨੇ ਆਪਣੇ ਪਿਛਲੇ ਕਰੀਬ ਡੇਢ ਸਾਲ ਦੇ ਕਾਰਜਕਾਲ ਦੌਰਾਨ ਬਤੌਰ ਮੈਂਬਰ ਪਾਰਲੀਮੈਂਟ ਆਪਣੇ ਹਲਕੇ ਦੀ ਬਿਹਤਰੀ ਲਈ ਜੋ ਵੀ ਕੰਮ ਕਰ ਸਕਦੇ ਸੀ, ਉਹ ਈਮਾਨਦਾਰੀ ਨਾਲ ਕੀਤਾ ਹੈ। ਜੇਕਰ ਹਲਕੇ ਦੇ ਲੋਕਾਂ ਦਾ ਫਿਰ ਸਾਥ ਰਿਹਾ ਤਾਂ ਜੋ ਕੰਮ ਬਾਕੀ ਰਹਿ ਗਏ ਹਨ ਉਹ ਵੀ ਪੂਰੇ ਕੀਤੇ ਜਾਣਗੇ। ਉਨ੍ਹਾਂ ਕਿਹਾ ਕਿ ਪੰਜਾਬ ਦੀ ਨੌਜਵਾਨੀ ਨੂੰ ਨਸ਼ਿਆਂ ਤੋਂ ਬਚਾਉਣਾ ਬੇਹੱਦ ਜ਼ਰੂਰੀ ਹੈ।

# ਦਲ ਖ਼ਾਲਸਾ ਤੇ ਅਕਾਲੀ ਦਲ (ਅ) ਵਲੋਂ 26 ਨੂੰ ਮੋਗਾ ਵਿਖੇ ਰੋਸ ਪ੍ਰਦਰਸ਼ਨ ਕਰਨ ਦਾ ਫ਼ੈਸਲਾ



ਮੋਗਾ : ਦਲ ਖ਼ਾਲਸਾ ਦੇ ਬੁਲਾਰੇ ਪਰਮਜੀਤ ਸਿੰਘ ਮੰਡ ਅਤੇ ਤੇਜਿੰਦਰ ਸਿੰਘ ਦਿਉਲ ਯੂਥ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਪ੍ਰੈੱਸ ਕਾਨਫ਼ਰੰਸ ਨੂੰ ਸੰਬੋਧਨ ਕਰਦਿਆਂ ਭਾਰਤ ਦੇ ਗਣਤੰਤਰ ਦਿਵਸ ਨੂੰ ਕਾਲਾ ਗਣਤੰਤਰ ਦਿਵਸ ਵਜੋਂ ਮਨਾਉਣ ਦਾ ਸੱਦਾ ਦਿੱਤਾ ਹੈ। ਉਨ੍ਹਾਂ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਦੇਸ਼ ਅੰਦਰ ਸੰਵਿਧਾਨ ਦੀ ਵਰਤੋਂ ਤੇ ਦੁਰਵਰਤੋਂ ਕਰਕੇ ਹੁਕਮਰਾਨਾਂ ਵਲੋਂ ਘੱਟ-ਗਿਣਤੀਆਂ ਅਤੇ ਸਿੱਖਾਂ ਨਾਲ ਕੀਤੇ ਜਾ ਰਹੇ ਅਨਿਆਂ ਅਤੇ ਅੱਤਿਆਚਾਰਾਂ ਵਿਰੁੱਧ ਦਲ ਖ਼ਾਲਸਾ ਅਤੇ ਅਕਾਲੀ ਦਲ ਅੰਮ੍ਰਿਤਸਰ ਨੇ ਸਾਂਝੇ ਤੌਰ ’ਤੇ 26 ਜਨਵਰੀ ਨੂੰ ਮੋਗਾ ਵਿਖੇ ਜ਼ਬਰਦਸਤ ਪ੍ਰਦਰਸ਼ਨ ਕਰਨ ਦਾ ਫ਼ੈਸਲਾ ਲਿਆ ਹੈ। ਉਨ੍ਹਾਂ ਦੱਸਿਆ ਕਿ ਮੋਗਾ ਵਿਚ ਗੁਰਦੁਆਰਾ ਬੀਬੀ ਕਾਹਨ ਕੌਰ ਤੋਂ ਰੋਸ ਮਾਰਚ ਕੀਤਾ ਜਾਵੇਗਾ ਜੋ ਬਾਜ਼ਾਰ ਵਿਚੋਂ ਹੁੰਦਾ ਹੋਇਆ ਮੇਨ ਪੁਲ, ਨੇੜੇ ਬੱਸ ਸਟੈਂਡ ਤੱਕ ਜਾਵੇਗਾ ਜਿੱਥੇ ਆਗੂ ਕਾਨਫ਼ਰੰਸ ਨੂੰ ਸੰਬੋਧਨ ਕਰਨਗੇ। ਇਸ ਮੌਕੇ ਬਲਰਾਜ ਸਿੰਘ ਖ਼ਾਲਸਾ ਜ਼ਿਲ੍ਹਾ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ, ਸੁਰਜੀਤ ਸਿੰਘ ਖ਼ਾਲਿਸਤਾਨੀ, ਜਗਜੀਤ ਸਿੰਘ ਖੋਸਾ, ਸਰਾਜ ਸਿੰਘ ਬ੍ਰਾਹਮਕੇ ਜ਼ਿਲ੍ਹਾ ਪ੍ਰਧਾਨ ਦਲ ਖ਼ਾਲਸਾ, ਲਖਵੀਰ ਸਿੰਘ ਅਟਾਰੀ, ਗੁਰਚਰਨ ਸਿੰਘ ਭੁੱਲਰ, ਪ੍ਰੀਤਮ ਸਿੰਘ ਧਰਮੀ ਫ਼ੌਜੀ, ਜਗਜੀਤ ਸਿੰਘ ਧਰਮਕੋਟ, ਬਲਬੀਰ ਸਿੰਘ ਬਦਨੀ, ਜਗਜੀਤ ਸਿੰਘ ਸ਼ੁਸ਼ਕ, ਬੀਰਇੰਦਰਜੀਤ ਸਿੰਘ, ਸਵਰਨ ਸਿੰਘ ਆਦਿ ਹਾਜ਼ਰ ਸਨ।

# ਰਵਿੰਦਰ ਸਿੰਘ ਠੰਡਲ ਯੂਥ ਵਿੰਗ ਸ਼੍ਰੋਮਣੀ ਅਕਾਲੀ ਦਲ ਕੋਰ ਕਮੇਟੀ ਦੇ ਮੈਂਬਰ ਚੁਣੇ ਗਏ

## ਸਾਬਕਾ ਕੈਬਨਿਟ ਮੰਤਰੀ ਸੋਹਣ ਸਿੰਘ ਠੰਡਲ ਹੋਰਾਂ ਵਲੋਂ ਰਵਿੰਦਰ ਸਿੰਘ ਠੰਡਲ ਦਾ ਘਰ ਪਹੁੰਚਣ ’ਤੇ ਕਰਵਾਇਆ ਮੂੰਹ ਮਿੱਠਾ

ਹੁਸ਼ਿਆਰਪੁਰ (ਦਲਜੀਤ ਅਜਨੋਹਾ) ਯੂਥ ਵਿੰਗ, ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸਰਬਜੀਤ ਸਿੰਘ ਝਿੰਜਰ ਨੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੇ ਆਦੇਸ਼ ਮੁਤਾਬਿਕ ਅਤੇ ਬਿਕਰਮ ਸਿੰਘ ਮਜੀਠੀਆ ਸਰਪ੍ਰਸਤ, ਯੂਥ ਵਿੰਗ, ਸ਼੍ਰੋਮਣੀ ਅਕਾਲੀ ਦਲ ਅਤੇ ਯੂਥ ਵਿੰਗ ਦੇ ਕੋਆਰਡੀਨੇਟਰ ਅਤੇ ਸਾਬਕਾ ਪ੍ਰਧਾਨ ਪਰਮਬੰਸ ਸਿੰਘ ਰੋਮਾਣਾ ਨਾਲ ਸਲਾਹ ਮਸ਼ਵਰਾ ਕਰਨ ਉਪਰੰਤ ਯੂਥ ਵਿੰਗ ਸ਼੍ਰੋਮਣੀ ਅਕਾਲੀ ਦਲ ਦੀ 26 ਮੈਂਬਰੀ ਕੋਰ ਕਮੇਟੀ ਦੀ ਪਹਿਲੀ ਸੂਚੀ ਜਾਰੀ ਕਰ ਦਿੱਤੀ ਹੈ ਇਸ ਕੋਰ ਕਮੇਟੀ ਵਿੱਚ ਹਲਕਾ ਚੱਬੇਵਾਲ ਤੋਂ ਰਵਿੰਦਰ ਸਿੰਘ ਚੱਬੇਵਾਲ ਨੂੰ ਮੈਂਬਰ ਚੁਣਿਆ ਗਿਆ ਇਸ ਮੌਕੇ ਸਾਬਕਾ ਕੈਬਨਿਟ ਮੰਤਰੀ ਸੋਹਣ ਸਿੰਘ ਠੰਡਲ ਵੱਲੋਂ ਰਵਿੰਦਰ ਸਿੰਘ ਠੰਡਲ ਦੇ ਨਿਯੁਕਤੀ ਤੋਂ ਬਾਅਦ ਘਰ ਪਹੁੰਚਣ ਤੇ ਉਨਾਂ ਦਾ ਮੂੰਹ ਮਿੱਠਾ ਕਰਵਾਇਆ ਮੌਕੇ ਰਵਿੰਦਰ ਸਿੰਘ ਠੰਡਲ ਨੇ ਕਿਹਾ ਕਿ ਪਾਰਟੀ ਵਲੋਂ ਸਮੇ ਸਮੇਂ ਤੇ ਉਨ੍ਹਾਂ ਨੂੰ ਜਿਹੜੀ ਵੀ ਡਿਊਟੀ ਦਿੱਤੀ ਉਸ ਨੂੰ ਬਾਖੂਬੀ ਨਿਭਾਇਆ ਤੇ ਅਗਾਂਹ ਤੋਂ ਵੀ ਉਹ ਆਪਣੀ ਡਿਊਟੀ ਪਾਰਟੀ ਪ੍ਰਤੀ ਸਮਰਪਿਤ ਹੋ ਕੇ ਨਿਭਾਉਣਗੇ।



# ਪੰਜਾਬ ਦੇ ਮੰਤਰੀ ਅਮਨ ਅਰੋੜਾ ਨੂੰ ਵੱਡੀ ਰਾਹਤ, ਸੈਸ਼ਨ ਅਦਾਲਤ ਨੇ 31 ਤੱਕ ਸਜ਼ਾ ’ਤੇ ਰੋਕ ਲਗਾਈ

ਸੰਗਰੂਰ : ਇਥੋਂ ਦੇ ਜ਼ਿਲ੍ਹਾ ਤੇ ਸੈਸ਼ਨ ਜੱਜ ਆਰਐੱਸ ਰਾਏ ਦੀ ਅਦਾਲਤ ਨੇ ਅੱਜ ਪੰਜਾਬ ਦੇ ਕੈਬਨਿਟ ਮੰਤਰੀ ਅਮਨ ਅਰੋੜਾ ਨੂੰ ਰਾਹਤ ਦਿੰਦਿਆਂ ਸੁਨਾਮ ਦੀ ਅਦਾਲਤ ਵੱਲੋਂ ਘਰੇਲੂ ਝਗੜੇ ਦੇ ਕੇਸ ਵਿੱਚ ਸੁਣਾਈ ਦੋ ਸਾਲ ਦੀ ਸਜ਼ਾ ’ਤੇ 31 ਜਨਵਰੀ ਤੱਕ ਅੰਤ੍ਰਿਮ ਰੋਕ ਲਗਾ ਦਿੱਤੀ ਹੈ। ਇਸ ਦੌਰਾਨ ਮੰਤਰੀ ਨੇ ਕਿਹਾ ਕਿ ਇਹ ਸੱਚ ਦੀ ਜਿੱਤ ਹੈ ਤੇ ਉਨ੍ਹਾਂ ਨੂੰ ਅਦਾਲਤ ’ਤੇ ਪੂਰਾ ਭਰੋਸਾ ਹੈ। ਜ਼ਿਕਰਯੋਗ ਹੈ ਕਿ ਸੁਨਾਮ ਅਦਾਲਤ ਵੱਲੋਂ 15 ਸਾਲ ਪੁਰਾਣੇ ਘਰੇਲੂ ਝਗੜੇ ਦੇ ਕੇਸ ਵਿੱਚ ਅਮਨ ਅਰੋੜਾ ਸਣੇ 9 ਵਿਅਕਤੀਆਂ ਨੂੰ ਦੋ-ਦੋ ਸਾਲ ਦੀ ਕੈਦ ਅਤੇ ਪੰਜ-ਪੰਜ ਹਜ਼ਾਰ ਰੁਪਏ ਜੁਰਮਾਨੇ ਦੀ ਸਜ਼ਾ ਸੁਣਾਈ ਗਈ ਸੀ। ਸੰਨ 2008 ਵਿਚ ਸ੍ਰੀ ਅਰੋੜਾ ਦੇ ਭਣੋਈਏ ਰਾਜਿੰਦਰ ਦੀਪਾ ਨੇ ਸ਼ਿਕਾਇਤ ਕੀਤੀ ਸੀ ਕਿ ਅਮਨ ਅਰੋੜਾ ਸਣੇ 9 ਵਿਅਕਤੀਆਂ ਨੇ ਉਸ ਦੇ ਘਰ ਵਿੱਚ ਦਾਖ਼ਲ ਹੋ ਕੇ ਹਮਲਾ ਕੀਤਾ ਸੀ।








ਤਰਲੋਚਨ ਸਿੰਘ 'ਦੁਪਾਲ ਪੁਰ'
001-408-915-1268

*26 ਜਨਵਰੀ ਨੂੰ ਦਿਲਬਰ ਜੀ ਦੀ ਸਾਲਾਨਾ ਬਰਸੀ 'ਤੇ ਵਿਸ਼ੇਸ਼!*

# ਦਿਲਬਰ ਦੇ ਫੁੱਲ !

ਹਰੇਕ ਸਾਲ 26 ਜਨਵਰੀ ਦੇ ਗਣਤੰਤਰ ਦਿਵਸ ਮੌਕੇ ਜਾਂ 15 ਅਗਸਤ ਵਾਲੇ ਦਿਨ ਮੁੱਖ ਰੂਪਵਿਚ ਰਾਜਧਾਨੀ ਦਿੱਲੀ ਵਿਚ ਜਸ਼ਨੇ-ਆਜ਼ਾਦੀ ਮਨਾਏ ਜਾਂਦੇ ਹਨ। ਹੋਰ ਕਈ ਤਰਾਂ ਦੇਪ੍ਰੋਗਰਾਮਾਂ ਦੇ ਨਾਲ-ਨਾਲ ਆਲ ਇੰਡੀਆ ਰੇਡੀਓ ਤੋਂ ਇਕ ਗੀਤ ਵਾਰ-ਵਾਰ ਸੁਣਾਇਆ ਜਾਂਦਾ ਹੈ-

**'ਸਾਬਰਮਤੀ ਕੇ ਸੰਤ ਤੂੰ ਨੇ ਕਰ ਦੀਆਂ ਕਮਾਲ।**
**ਲੇ ਦੀ ਹਮੇਂ ਆਜ਼ਾਦੀ, ਬਿਨਾ ਖੜਗ ਬਿਨਾਂ ਢਾਲ।'**

ਇਹ ਸਤਰਾਂ ਸੁਣ ਕੇ ਭਾਰਤੀ ਜੰਗੇ-ਆਜ਼ਾਦੀ ਇਤਿਹਾਸ ਦੀ ਚੱਲਵੀਂ ਜਿਹੀ ਜਾਣਕਾਰੀ ਰੱਖਣਵਾਲੇ ਕਿਸੇ ਵਿਅਕਤੀ ਦਾ ਵੀ ਸਿਰ ਚਕਰਾ ਜਾਂਦਾ ਹੈ। ਆਜ਼ਾਦੀ ਦੀ ਕੀਮਤ ਜਿਨ੍ਹਾਂ ਨੂੰ ਚੁਕਾਉਣੀਪਈ, ਇਹ ਤਾਂ ਉਹੀ ਦੱਸ ਸਕਦੇ ਹਨ ਜਿਨ੍ਹਾਂ ਫਾਂਸੀਆਂ ਦੇ ਰਸੇ ਚੁੰਮੇ, ਕਾਲੇ ਪਾਣੀਆਂ ਦੀਆਂ ਕੁੰਭੀ-ਨਰਕ ਵਰਗੀਆਂ ਸਜ਼ਾਵਾਂ ਭੋਗੀਆਂ, ਘਰ-ਘਾਟ ਜਾਇਦਾਦਾਂ ਕੁਰਕ ਕਰਵਾਈਆਂ ਅਤੇਅੰਗਰੇਜ਼ ਪੁਲਿਸ ਦੇ ਤਸੀਹੇ ਝੱਲੇ। ਲੇਕਿਨ ਬਹੁਗਿਣਤੀ ਵੱਲੋਂ ਹਿੱਕ ਦੇ ਜ਼ੋਰ ਨਾਲ ਹੀ ਇਤਿਹਾਸਨੂੰ ਪੁੱਠਾ ਗੇੜਾ ਦੇਣ ਦਾ ਬਦਨੀਤੀ ਭਰਿਆ ਯਤਨ ਕੀਤਾ ਗਿਆ ਅਤੇ ਕੀਤਾ ਜਾ ਰਿਹਾ ਹੈ। ਕਲਗ਼ੀਧਰ ਦੇ ਜਾਏ, ਜਿਨ੍ਹਾਂ ਨੂੰ ਗੁੜ੍ਹਤੀ ਹੀ ਅਣਖ ਤੇ ਆਜ਼ਾਦੀ ਵਾਲ਼ੀ ਦਿੱਤੀ ਗਈ, ਜਿਨ੍ਹਾਂ ਸਿਰਾਂ 'ਤੇ ਕ਼ਫ਼ਨ ਬੰਨ੍ਹ ਕੇ ਆਜ਼ਾਦੀ ਸੰਗਰਾਮ ਲੜਿਆ, ਉਨ੍ਹਾਂ ਸੂਰਮਿਆਂ ਦੇ ਇਤਿਹਾਸ, ਵੀਰ ਗਾਥਾਵਾਂਉੱਤੇ ਲਿੱਪਾ-ਪੋਚੀ ਕਰ ਕੇ, ਗੁਮਨਾਮ ਜਿਹੇ 'ਸੂਰਮਿਆਂ' ਦੀਆਂ ਫ਼ਿਲਮਾਂ ਬਣਾਈਆਂ ਜਾ ਰਹੀਆਂਹਨ। ਕੈਨੇਡਾ ਅਮਰੀਕਾ ਗਏ ਗੁਰੂ ਕੇ ਲਾਲ ਗ਼ਦਰੀ ਬਾਬੇ, ਜਿਨ੍ਹਾਂ ਨੇ ਪ੍ਰਵਾਸੀ ਸੁੱਖਾਂ ਨੂੰ ਲੱਤ ਮਾਰਦਿਆਂ ਦੇਸ਼ ਜਾ ਕੇ ਆਜ਼ਾਦੀ ਦੀ ਚਿੰਗਾੜੀ ਮਘਾਈ, ਅੱਜ ਉਨ੍ਹਾਂ ਨੂੰ ਦੇਸ਼ ਭਗਤਾਂ ਦੀ ਸੂਚੀ ਵਿਚ ਹੀ ਥਾਂ ਨਹੀਂ ਦਿੱਤਾ ਜਾ ਰਿਹਾ! ਭਾਰਤ ਦੀ ਬਹੁਗਿਣਤੀ ਵਲੋਂ ਸਿੱਖਾਂ ਪੰਜਾਬੀਆਂ ਨਾਲ ਕੀਤੀਆਂ ਗਈਆਂ ਕਮੀਨਗੀ ਭਰੀਆਂਘੋਰ ਬੇਇਨਸਾਫ਼ੀਆਂ ਅਤੇ ਜ਼ਿਆਦਤੀਆਂ ਦਾ ਸੱਚਾ ਬਿਰਤਾਂਤ ਦੁਹਰਾਉਣ ਦੀ ਥਾਂ ਅਜਿਹੀਆਂ ਬੇਇਨਸਾਫੀਆਂ ਦੀ ਤਰਜਮਾਨੀ ਕਰਦਾ ਇਕ ਸ਼ੇਅਰ ਹੀ ਕਾਫੀ ਹੈ;

**'ਯਕ ਚਾਕ ਹੋ ਤੋ ਸੀਂ ਲੂੰ ਗਿਰੇਬਾਂ ਹਮ ਦਮ ਅਪਨਾਂ।**
**ਜ਼ਾਲਮ ਨੇ ਫਾੜ ਡਾਲਾ ਹੈ ਤਾਰ ਤਾਰ ਕਰਕੇ!'**

ਛੱਬੀ ਜਨਵਰੀ ਜਾਂ ਪੰਦਰਾਂ ਅਗਸਤ ਨੂੰ ਆਯੋਜਿਤ ਕੀਤੇ ਜਾਂਦੇ ਦਿੱਲੀ ਵਾਲੇ ਸਮਾਗਮਾਂ ਦੀ ਗੱਲ ਪਹਿਲਾਂ ਲਿਖੀ ਜਾ ਚੁੱਕੀ ਹੈ। ਇਨ੍ਹਾਂ ਦਿਨਾਂ ਦੇ ਜਸ਼ਨਾਂ ਵਿਚ ਜਿੱਥੇ ਭਾਰਤੀ ਪ੍ਰਧਾਨ ਮੰਤਰੀ, ਰਾਸ਼ਟਰਪਤੀ ਸਮੇਤ ਹਾਜ਼ਰ ਹੁੰਦੇ ਹਨ, ਉੱਥੇ ਕਿਸੇ ਨਾ ਕਿਸੇ ਵਿਦੇਸ਼ੀ ਸਰਕਾਰ ਦੇ ਮੁਖੀਏ ਨੂੰ ਵੀ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਲ ਕੀਤਾ ਜਾਂਦਾ ਹੈ। ਉਸ ਵਿਦੇਸ਼ੀ ਮੁਖੀਏ ਨੂੰ ਮਹਾਤਮਾ ਗਾਂਧੀ ਦੀ 'ਸਮਾਧ' ਉੱਤੇ ਵੀ ਲਿਜਾਇਆ ਜਾਂਦਾ ਹੈ, ਜਿੱਥੇ ਉਹ ਆਪਣੇ ਵਲੋਂ ਕੁੱਝ ਫੁੱਲ ਰੱਖ ਕੇ ਹੱਥ ਜੋੜਦਾਹੈ। ਇਸ ਮੌਕੇ ਦੀ ਖਿੱਚੀ ਗਈ ਫ਼ੋਟੋ ਦੂਸਰੇ ਦਿਨ ਅਖ਼ਬਾਰਾਂ ਵਿਚ ਉਚੇਚੇ ਤੌਰ 'ਤੇ ਛਾਪੀ ਜਾਂਦੀ ਹੈ।

ਅਜਿਹੀ ਹੀ ਇਕ ਫ਼ੋਟੋ ਦੇਖ ਕੇ ਸ਼ਾਇਦ ਸੰਨ 76 ਜਾਂ 77 ਵਿਚ ਸਤਿਕਾਰਯੋਗ ਉਸਤਾਦ ਢਾਡੀਸਵਰਗਵਾਸੀ ਗਿਆਨੀ ਦਇਆ ਸਿੰਘ ਦਿਲਬਰ ਨੇ 'ਫੁੱਲ' ਸਿਰਲੇਖ ਵਾਲੀ ਲੰਬੀ ਕਵਿਤਾਲਿਖੀ। ਕਦੀ ਕਦੀ ਉਹ ਸਟੇਜ ਉੱਤੇ ਸਰੋਤਿਆਂ ਵਲੋਂ ਮੰਗ ਕਰਨ 'ਤੇ ਇਹ ਕਵਿਤਾ ਬੋਲਦੇ ਹੁੰਦੇਸਨ। ਉਨ੍ਹਾਂ ਦੀ ਜਾਦੂਮਈ ਅੰਦਾਜ਼ਿ-ਬਿਆਨੀ, ਇਸ ਕਵਿਤਾ ਦੇ ਸ਼ਬਦਾਂ ਉੱਤੇ ਸੋਨੇ 'ਤੇ ਸੁਹਾਗੇਦਾ ਕੰਮ ਕਰਦੀ ਸੀ।

ਇਹ ਵੀ ਕਵੀ ਦੀ ਮੌਜ ਹੈ ਕਿ ਉਸ ਨੇ ਕਿਸ ਵੇਲੇ, ਕਿਸ ਵਿਸ਼ੇ 'ਤੇ ਅਤੇ ਕਿੱਥੋਂ ਤੱਕ ਲਿਖਣਾ ਹੈ। ਉਸ ਦੀ ਮੌਜ ਵਿਚ ਖਲ੍ਹਲ ਨਹੀਂ ਪਾਇਆ ਜਾ ਸਕਦਾ। ਪਾਠਕ ਦੇਖਣਗੇ ਕਿ ਕਵਿਤਾ ਗੁਰੂ ਕੇਬਾਗ ਦੇ ਮੋਰਚੇ ਦੇ ਸ਼ਹੀਦਾਂ ਦੀ ਗੱਲ ਕਰਕੇ ਖ਼ਤਮ ਹੋ ਜਾਂਦੀ ਹੈ। ਦਿਲਬਰ ਜੀ ਨਾਲ ਮੇਰੇ ਪ੍ਰਵਾਰਦੇ ਬਹੁਤ ਗੂੜੇ ਸਬੰਧ ਰਹੇ ਹਨ। ਮੇਰੇ ਅਤੇ ਮੇਰੀਆਂ ਦੋ ਭੈਣਾ ਦੇ ਅਨੰਦ ਕਾਰਜਾਂ ਮੌਕੇ ਦਿਲਬਰਸਾਹਬ ਜਥੇ ਸਮੇਤ ਆਉਂਦੇ ਰਹੇ। ਮੈਂ ਅਕਸਰ ਉਨ੍ਹਾਂ ਨੂੰ ਬੇਨਤੀ ਕਰਨੀ ਕਿ ਪੰਜਾਬ ਵਿਚ ਝੁੱਲੀਕਾਲੀ ਬੋਲੀ ਹਨ੍ਹੇਰੀ ਨੂੰ ਵੀ 'ਫੁੱਲ' ਸਿਰਲੇਖ ਵਾਲੀ ਇਸ ਕਵਿਤਾ ਵਿਚ ਦਰਜ ਕਰੋ। ਪੰਜਾਬ ਦੇ ਇਸ ਦੌਰ ਬਾਰੇ ਉਨ੍ਹਾਂ ਹੋਰ ਬੜਾ ਕੁੱਝ ਗ਼ਜ਼ਬ ਦਾ ਲਿਖਿਆ,ਪਰ ਰੱਬ ਜਾਣੇ ਉਹ ਇਸਕਵਿਤਾ ਨੂੰ ਹੋਰ ਅੱਗੇ ਕਿਉਂ ਨਹੀਂ ਵਧਾ ਸਕੇ! ਅੱਜ ਦੇ ਦਿਨ 26 ਜਨਵਰੀ 2006 ਨੂੰ ਦਿਲਬਰਸਾਹਿਬ ਸਾਨੂੰ ਆਖਰੀ ਫਤਹਿ ਬੁਲਾ ਗਏ! ਖੈਰ, ਪਾਠਕਾਂ ਦੀ ਨਜ਼ਰ ਹੈ ਸ਼ਹੀਦਾਂ ਦੀ ਲੜੀ ਵਾਲੀ ਉਹ ਇਤਿਹਾਸਕ ਕਵਿਤਾ 'ਫੁੱਲ':-

'ਕਿਸੇ ਲੀਡਰ ਨੇ ਗਾਂਧੀ ਦੀ ਮੜ੍ਹੀ ਉੱਤੇ,
ਚਾੜ੍ਹੇ ਗਾਂਧੀ ਦੇ ਫੁੱਲਾਂ ਨੂੰ ਪਿਆਰ ਦੇ ਫੁੱਲ।
ਫ਼ਖਰ ਨਾਲ ਅਖ਼ਬਾਰਾਂ ਨੇ ਖ਼ਬਰ ਛਾਪੀ,
ਮੁੜ-ਮੁੜ ਪੜ੍ਹੇ ਮੈਂ ਓਸ ਅਖ਼ਬਾਰ ਦੇ ਫੁੱਲ।
ਇਹ ਅਜ਼ਾਦਾਂ ਨੂੰ ਸਦਾ ਨਸੀਬ ਹੁੰਦੇ,
ਆਦਰ-ਮਾਣ ਤੇ ਸ਼ਰਧਾ ਸਤਿਕਾਰ ਦੇ ਫੁੱਲ।
ਅੱਖਾਂ ਸਾਹਮਣੇ ਬਣ ਤਸਵੀਰ ਆ ਗਏ,
ਉਹ ਗ਼ੁਲਾਮਾਂ ਦੀ ਖਿੜੀ ਗੁਲਜ਼ਾਰ ਦੇ ਫੁੱਲ।
ਹਾਰੇ ਜੂਏ ਵਿਚ ਬੈਠੇ ਗ਼ੁਲਾਮ ਪਾਂਡੂ,
ਅੱਖਾਂ ਸਾਹਮਣੇ ਕੁਚਲੇ ਗਏ ਪਿਆਰ ਦੇ ਫੁੱਲ।
ਪਰ ਭਗਵਾਨ ਨੇ ਝੱਟ ਕਬੂਲ ਕਰ ਲਏ,
ਭੇਟਾਂ ਚਰਨਾਂ 'ਚ ਕੀਤੇ ਮੁਟਿਆਰ ਦੇ ਫੁੱਲ।
ਲੰਕਾ ਵਿਚ ਮੈਂ ਬਣੇ ਅੰਗਿਆਰ ਦੇਖੇ,
ਰਾਮ ਚੰਦਰ ਦੀ ਸੋਹਣੀ ਜਿਹੀ ਨਾਰ ਦੇ ਫੁੱਲ।
ਬਾਬਰ ਬਾਦਸ਼ਾਹ ਦੇ ਹੱਥੀਂ ਸੜੇ ਵੇਖੇ,
ਗੁਰੂ ਨਾਨਕ ਨੇ ਹਿੰਦੀ ਬਹਾਰ ਦੇ ਫੁੱਲ।
ਅੱਜ ਤੱਕ ਰਾਵੀ 'ਚੋਂ ਕਿਸੇ ਨੇ ਨਹੀਂ ਲੱਭੇ,
ਅਰਜਨ ਦੇਵ ਜਿਹੇ ਸ਼ਾਂਤੀ ਅਵਤਾਰ ਦੇ ਫੁੱਲ।
ਰੁਲੇ ਦਿੱਲੀ ਦੇ ਉੱਜੜੇ ਖੰਡਰਾਂ ਵਿਚ,
ਮਾਂ ਗੁਜਰੀ ਦੇ ਸਿਰ ਦੇ ਸ਼ਿੰਗਾਰ ਦੇ ਫੁੱਲ।
ਕਿਸੇ ਚੁਣੇ ਨਾ ਜਾ ਚਮਕੌਰ ਵਿਚੋਂ,
ਸੋਹਣੇ ਲਾਲ 'ਅਜੀਤ-ਜੁਝਾਰ' ਦੇ ਫੁੱਲ।
ਸਕਾ ਬਾਪ ਵੀ ਅੱਖੀਂ ਨਾ ਵੇਖ ਸਕਿਆ
'ਫਤਿਹ ਜ਼ੋਰਾਵਰ' ਜਿਹੇ ਬਰਖੁਰਦਾਰ ਦੇ ਫੁੱਲ।
ਲੱਖਾਂ ਲਾਲਾਂ ਤੋਂ ਕੀਮਤੀ ਲਾਲ ਰੁਲ ਗਏ,
ਮਾਤਾ ਗੁਜਰੀ ਦੇ ਸੋਹਣੇ ਪ੍ਰਵਾਰ ਦੇ ਫੁੱਲ।
ਰਹੇ ਚੁੰਮਦੇ ਦਿੱਲੀ ਵਿਚ ਕਾਂ-ਕੁੱਤੇ,
ਬੰਦਾ ਸਿੰਘ ਬਹਾਦਰ ਸਰਦਾਰ ਦੇ ਫੁੱਲ।
ਉਸਦੇ ਲਾਡਲੇ ਪੁੱਤਰ ਅਜੈ ਸਿੰਘ ਦੇ,
ਸੱਤ ਸੌ ਗੱਭਰੂ ਛੈਲ ਛਬੀਲੇ ਦੇ ਫੁੱਲ।
ਕਿਸੇ ਸਾਂਭੇ ਨਾ ਭਾਈ ਦਿਆਲੇ ਦੇ ਫੁੱਲ,
ਮਤੀ ਦਾਸ ਜਿਹੇ ਗੁਰੂ ਪਿਆਰੇ ਦੇ ਫੁੱਲ।
ਰੁਲਦੇ ਰਹੇ ਲਾਹੌਰ ਦੀ ਕਤਲਗਾਹ ਵਿਚ,
ਮਨੀ ਸਿੰਘ ਦਸਮੇਸ਼ ਦੁਲਾਰੇ ਦੇ ਫੁੱਲ।
ਮਾਂ ਦੇ ਲਾਡਲੇ ਧਰਮੀ ਹਕੀਕਤ ਦੇ ਫੁੱਲ,
ਤਾਰੂ ਸਿੰਘ ਜਿਹੇ ਅਰਸ਼ੀ ਸਿਤਾਰੇ ਦੇ ਫੁੱਲ।
ਸੁਬੇਗ ਸਿੰਘ ਤੇ ਸ਼ਾਹਬਾਜ਼ ਦੇ ਫੁੱਲ,
ਬੋਤਾ ਸਿੰਘ ਜਿਹੇ ਗੁਰੂ-ਸਵਾਰੇ ਦੇ ਫੁੱਲ।
ਮੀਰ ਮੰਨੂ ਨੇ ਟੰਗ ਕੇ ਨੇਜ਼ਿਆਂ 'ਤੇ,
ਕੁਚਲੇ ਮਾਵਾਂ ਦੇ ਸੋਹਣੇ ਗੁਲਾਬ ਦੇ ਫੁੱਲ।
ਪੀੜ ਵੇਲਣੇ ਵਿੱਚ ਤੋੜੇ ਜ਼ਾਲਮਾਂ ਨੇ,
ਮੀਰਾਂ ਕੋਟੀਏ ਸਿੰਘ ਮਹਿਤਾਬ ਦੇ ਫੁੱਲ।
ਕੋਈ ਮੈਦਾਨ 'ਚੋਂ ਨਾ ਸੰਭਾਲ ਸਕਿਆ,
ਬਾਬਾ ਦੀਪ ਸਿੰਘ ਜਿਹੇ ਅੰਮ੍ਰਿਤਧਾਰੀ ਦੇ ਫੁੱਲ।
ਜਿਸ ਆਜ਼ਾਦੀ ਲਈ ਜ਼ਿੰਦਗੀ ਭੇ।

# ਸ਼ਹੀਦ ਅਗਨੀਵੀਰ ਅਜੈ ਸਿੰਘ ਦਾ ਸਰਕਾਰੀ ਸਨਮਾਨਾਂ ਨਾਲ ਸਸਕਾਰ

*ਭਾਰਤੀ ਸੈਨਾ ਤੇ ਪੰਜਾਬ ਪੁਲਿਸ ਦੀਆਂ ਟੁਕੜੀਆਂ ਨੇ ਦਿੱਤੀ ਸਲਾਮੀ*



ਮੰਡੀ ਅਹਿਮਦਗੜ੍ਹ : ਪਿੰਡ ਰਾਮਗੜ੍ਹ ਸਰਦਾਰਾਂ ਦੇ ਸ਼ਹੀਦ ਅਗਨੀਵੀਰ ਅਜੈ ਸਿੰਘ ਨੂੰ ਅੱਜ ਪੂਰੇ ਸਰਕਾਰੀ ਸਨਮਾਨਾਂ ਨਾਲ ਅੰਤਿਮ ਵਿਦਾਈ ਦਿੱਤੀ ਗਈ। ਇਸ ਮੌਕੇ ਭਾਰਤੀ ਸੈਨਾ ਦੀ 17 ਸਿੱਖ ਲਾਈਟ ਇਨਫੈਂਟਰੀ ਦੇ 30 ਜਵਾਨਾਂ ਦੀ ਟੁਕੜੀ ਨੇ ਸ਼ਹੀਦ ਨੂੰ ਸਲਾਮੀ ਦਿੱਤੀ ਤੇ ਪੰਜਾਬ ਪੁਲੀਸ ਦੀ ਇੱਕ ਟੁਕੜੀ ਨੇ ਵੀ ਹਥਿਆਰ ਪੁੱਠੇ ਕਰਕੇ ਸਨਮਾਨ ਦਿੱਤਾ। ਇਸ ਤੋਂ ਪਹਿਲਾਂ ਸਿਵਲ, ਪੁਲੀਸ ਤੇ ਫੌਜ ਦੇ ਉੱਚ ਅਧਿਕਾਰੀਆਂ ਨੇ ਸ਼ਹੀਦ ਦੀ ਦੇਹ 'ਤੇ ਫੁੱਲ ਮਾਲਾਵਾਂ ਭੇਟ ਕੀਤੀਆਂ। ਅੱਜ ਸ਼ਹੀਦ ਅਗਨੀਵੀਰ ਅਜੈ ਸਿੰਘ ਦਾ ਸਸਕਾਰ ਸਰਕਾਰੀ ਸਨਮਾਨਾਂ ਨਾਲ ਹੋਣ ਮਗਰੋਂ ਉਨ੍ਹਾਂ ਸ਼ੰਕਿਆਂ 'ਤੇ ਵੀ ਰੋਕ ਲੱਗ ਗਈ ਹੈ ਜੋ ਕਰੀਬ ਤਿੰਨ ਮਹੀਨੇ ਪਹਿਲਾਂ ਅਗਨੀਵੀਰ ਅੰਮ੍ਰਿਤਪਾਲ ਸਿੰਘ ਦੇ ਸਸਕਾਰ ਮੌਕੇ ਭਾਰਤੀ ਫੌਜ ਵੱਲੋਂ ਸਰਕਾਰੀ ਸਨਮਾਨ ਨਾ ਦਿੱਤੇ ਜਾਣ ਮਗਰੋਂ ਖੜ੍ਹੇ ਹੋਏ ਸਨ।

ਜਾਣਕਾਰੀ ਅਨੁਸਾਰ ਅੱਜ ਤਿਰੰਗੇ ਵਿੱਚ ਲਿਪਟੀ ਸ਼ਹੀਦ ਅਗਨੀਵੀਰ ਅਜੈ ਸਿੰਘ ਦੀ ਦੇਹ ਲੁਧਿਆਣਾ-ਮਾਲੇਰਕੋਟਲਾ ਮਾਰਗ 'ਤੇ ਸਥਿਤ ਪਿੰਡ ਕੁੱਪ ਕਲਾਂ ਪਹੁੰਚੀ ਜਿਥੋਂ ਪੂਰੇ ਸਨਮਾਨ ਨਾਲ ਮ੍ਰਿਤਕ ਦੇਹ ਨੂੰ ਤਿਰੰਗਿਆਂ ਨਾਲ ਸਜਾਈ ਗੱਡੀ ਵਿੱਚ ਪਾ ਕੇ ਸ਼ਹੀਦ ਦੇ ਘਰ ਪਿੰਡ ਰਾਮਗੜ੍ਹ ਸਰਦਾਰਾਂ ਪਹੁੰਚਾਇਆ ਗਿਆ। ਇਥੋਂ ਅੰਤਿਮ ਯਾਤਰਾ ਪਰਿਵਾਰਕ ਮੈਂਬਰਾਂ, ਰਿਸ਼ਤੇਦਾਰਾਂ, ਪਿੰਡ ਵਾਸੀਆਂ, ਪ੍ਰਸ਼ਾਸਨਿਕ ਅਧਿਕਾਰੀਆਂ ਤੇ ਮਿਲਟਰੀ ਦੇ ਅਧਿਕਾਰੀਆਂ ਦੀ ਅਗਵਾਈ ਹੇਠ ਪਿੰਡ ਦੇ ਸ਼ਮਸ਼ਾਨਘਾਟ ਤੱਕ ਪਹੁੰਚੀ। ਇਸ ਮੌਕੇ ਸ਼ਹੀਦ ਦੇ ਪਿਤਾ ਚਰਨਜੀਤ ਸਿੰਘ, ਮਾਤਾ ਮਨਜੀਤ ਕੌਰ ਅਤੇ ਛੇ ਭੈਣਾਂ ਸਮੇਤ ਸਾਕ ਸਬੰਧੀਆਂ ਨੇ ਅੰਤਿਮ ਰਸਮਾਂ ਪੂਰੀਆਂ ਕੀਤੀਆਂ। ਡਿਪਟੀ ਕਮਿਸ਼ਨਰ ਸੁਰਭੀ ਮਲਿਕ, ਐੱਸਐੱਸਪੀ ਅਮਨੀਤ ਕੌਂਡਲ, ਐੱਸਡੀਐੱਮ ਡਾ. ਪੂਨਮਪ੍ਰੀਤ ਕੌਰ, ਡੀਐੱਸਪੀ ਨਿਖਲ ਗਰਗ, ਮੇਜਰ ਅਰਵਿੰਦ ਕੁਮਾਰ, ਸੂਬੇਦਾਰ ਰਵਿੰਦਰ ਸਿੰਘ ਤੇ ਵਿਧਾਇਕ ਮਨਵਿੰਦਰ ਸਿੰਘ ਗਿਆਸਪੁਰਾ ਨੇ ਮ੍ਰਿਤਕ ਦੇਹ 'ਤੇ ਫੁੱਲ ਮਾਲਾਵਾਂ ਭੇਟ ਕੀਤੀਆਂ।

ਮੇਜਰ ਅਰਵਿੰਦ ਕੁਮਾਰ ਨੇ ਕਿਹਾ ਕਿ ਉਹ ਪਾਇਲ ਪ੍ਰਸ਼ਾਸਨ ਦੇ ਸੱਦੇ 'ਤੇ ਇੱਕ-ਦੋ ਦਿਨ ਇੱਥੇ ਰੁਕ ਕੇ ਸ਼ਹੀਦ ਦੇ ਪਰਿਵਾਰ ਨੂੰ ਮਿਲਣ ਵਾਲੀਆਂ ਸਾਰੀਆਂ ਸਹੂਲਤਾਂ ਯਕੀਨੀ ਬਣਾਉਣ ਦਾ ਯਤਨ ਕਰਨਗੇ। ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਨੱਥੂਮਾਜਰਾ ਵਿੱਚ ਅਜੈ ਸਿੰਘ ਨੂੰ ਪੜ੍ਹਾਉਂਦੇ ਰਹੇ ਅਧਿਆਪਕ ਅਮਨਦੀਪ ਸਿੰਘ ਨੇ ਦੱਸਿਆ ਕਿ ਕੇਂਦਰ ਸਰਕਾਰ ਵੱਲੋਂ ਸ਼ੁਰੂ ਕੀਤੀ ਅਗਨੀਵੀਰ ਸਕੀਮ ਦੀ ਸਭ ਤੋਂ ਪਹਿਲੀ ਭਰਤੀ ਦੌਰਾਨ ਜਨਵਰੀ 2023 ਵਿੱਚ ਅਜੈ ਸਿੰਘ ਦੇਸ਼ ਦੀ ਸੇਵਾ ਲਈ ਚਲਾ ਗਿਆ ਸੀ।

# ਭਗਵੰਤ ਮਾਨ ਨੇ ਮੁੱਖ ਮੰਤਰੀ ਬਣਨ ਤੋਂ ਬਾਅਦ ਇਕ ਸਿੱਖ ਹੋਣ ਨਾਤੇ ਸਿੱਖਾਂ ਦਾ ਕੱਖ ਨਹੀਂ ਸੰਵਾਰਿਆ : ਸਿਮਰਨਜੀਤ ਸਿੰਘ ਮਾਨ

*ਸਿਆਸਤਦਾਨ ਵੋਟਾਂ ਲਈ ਸ਼ਹੀਦਾਂ ਨੂੰ ਨਾ ਵਰਤਣ, ਬਲਕਿ ਸ਼ਹੀਦਾਂ ਵਰਗੇ ਇਖ਼ਲਾਕ ਪੈਦਾ ਕਰਨ : ਪਰਮਿੰਦਰ ਸਿੰਘ ਢੀਂਡਸ*



ਮਹਿਲ ਕਲਾਂ : ਪਰਜਾ ਮੰਡਲ ਲਹਿਰ ਦੇ ਬਾਨੀ ਸਰਦਾਰ ਸੇਵਾ ਸਿੰਘ ਠੀਕਰੀਵਾਲ ਦੀ 90ਵੀਂ ਬਰਸੀ ਮੌਕੇ ਸ਼੍ਰੋਮਣੀ ਅਕਾਲੀ ਦਲ, ਕਾਂਗਰਸ, ਆਰ.ਐਮ.ਪੀ.ਆਈ., ਸ਼੍ਰੋਮਣੀ ਅਕਾਲੀ ਦਲ (ਅ) ਅਤੇ ਵੱਖ-ਵੱਖ ਕਿਸਾਨ ਜਥੇਬੰਦੀਆਂ ਦੇ ਨੁਮਾਇੰਦਿਆਂ ਨੇ ਉਨ੍ਹਾਂ ਨੂੰ ਸ਼ਰਧਾਂਜਲੀਆਂ ਭੇਟ ਕੀਤੀਆਂ। ਇਸ ਮੌਕੇ ਸ਼੍ਰੋਮਣੀ ਅਕਾਲੀ ਦਲ (ਅ) ਦੇ ਕੌਮੀ ਪ੍ਰਧਾਨ ਤੇ ਸੰਸਦ ਮੈਂਬਰ ਸਿਮਰਨਜੀਤ ਸਿੰਘ ਮਾਨ ਨੇ ਲੋਕਾਂ ਦੇ ਭਰਵਾਂ ਇਕੱਠ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸਾਰੀਆਂ ਕੌਮਾਂ ਦੀ ਸੰਪੂਰਨ ਆਜ਼ਾਦੀ ਅਤੇ ਬਰਾਬਰਤਾ ਦੇ ਰਾਜ ਨੂੰ ਸਥਾਪਿਤ ਕਰਨ ਲਈ ਅੱਜ ਸਾਨੂੰ ਸੇਵਾ ਸਿੰਘ ਠੀਕਰੀਵਾਲਾ ਵਰਗੇ ਮਹਾਨ ਯੋਧਿਆਂ ਦੀ ਲੋੜ ਹੈ, ਜਿਨ੍ਹਾਂ ਨੇ ਆਪਣਾ ਪੂਰਾ ਜੀਵਨ ਨਿੱਜੀ ਹਿਤਾਂ ਨੂੰ ਇਕ ਪਾਸੇ ਰੱਖ ਕੇ ਕੌਮੀ ਆਜ਼ਾਦੀ ਅਤੇ ਸਮਾਜ ਸੁਧਾਰ ਲਈ ਯਤਨ ਕੀਤੇ ਅਤੇ ਸਫਲ ਵੀ ਹੋਏ। ਸੂਬਾ ਸਰਕਾਰ 'ਤੇ ਵਰ੍ਹਦਿਆਂ ਮਾਨ ਨੇ ਕਿਹਾ ਕਿ ਅਫ਼ਸੋਸ ਕਿ ਭਗਵੰਤ ਮਾਨ ਨੇ ਮੁੱਖ ਮੰਤਰੀ ਬਣਨ ਤੋਂ ਬਾਅਦ ਇਕ ਸਿੱਖ ਹੋਣ ਦੇ ਨਾਤੇ ਸਿੱਖਾਂ ਦਾ ਕੱਖ ਨਹੀਂ ਸੰਵਾਰਿਆ। ਸ਼੍ਰੋਮਣੀ ਅਕਾਲੀ ਦਲ ਸੰਯੁਕਤ ਦੇ ਕੌਮੀ ਆਗੂ ਪਰਮਿੰਦਰ ਸਿੰਘ ਢੀਂਡਸਾ ਨੇ ਕਿਹਾ ਕਿ ਸੇਵਾ ਸਿੰਘ ਠੀਕਰੀਵਾਲਾ ਨੇ ਰਜਵਾੜਾਸ਼ਾਹੀ ਦੇ ਖ਼ਿਲਾਫ਼ ਵੱਡੀ ਲੜਾਈ ਲੜੀ ਅਤੇ ਸ਼ਹਾਦਤ ਦਿੱਤੀ। ਅੱਜ ਸ਼ਹੀਦਾਂ ਦੇ ਨਾਂਅ 'ਤੇ ਸਿਆਸਤ ਹੋ ਰਹੀ ਹੈ, ਵੋਟਾਂ ਲਈਆਂ ਜਾ ਰਹੀਆਂ ਹਨ, ਪਰ ਅਸਲ ਸ਼ਰਧਾਂਜਲੀ ਇਹੀ ਹੈ ਕਿ ਅਸੀਂ ਸ਼ਹੀਦਾਂ ਵਰਗੇ ਇਖ਼ਲਾਕ ਵੀ ਪੈਦਾ ਕਰੀਏ। ਸਾਨੂੰ ਚਾਹੀਦਾ ਹੈ ਕਿ ਅਸੀਂ ਸ਼ਹੀਦਾਂ ਦੇ ਸੁਪਨੇ ਸਾਕਾਰ ਕਰਨ 'ਚ ਜਿਨ੍ਹਾਂ ਵੀ ਯੋਗਦਾਨ ਪਾ ਸਕਦੇ ਹਨ ਪਾਈਏ। ਅੰਤ੍ਰਿੰਗ ਕਮੇਟੀ ਮੈਂਬਰ ਭਾਈ ਪਰਮਜੀਤ ਸਿੰਘ ਖ਼ਾਲਸਾ ਨੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਵਲੋਂ ਹਾਜ਼ਰੀ ਲਵਾਉਂਦਿਆਂ ਸ਼ੈੱਡ ਦੀ ਉਸਾਰੀ ਵਾਸਤੇ 2 ਲੱਖ ਰੁਪਏ ਦੀ ਗਰਾਂਟ ਦੇਣ ਦਾ ਐਲਾਨ ਕੀਤਾ। ਸੀਨੀਅਰ ਆਗੂ ਜਸਕਰਨ ਸਿੰਘ ਸਿੰਘ ਜਵਾਹਰ ਸਿੰਘ ਵਾਲਾ ਨੇ ਕਿਹਾ ਕਿ ਸੇਵਾ ਸਿੰਘ ਠੀਕਰੀਵਾਲ ਨੇ ਜੋ ਲੜਾਈ ਜ਼ਬਰ ਜ਼ੁਲਮ ਵਿਰੁੱਧ ਵਿੱਢੀ ਲੜਾਈ ਅੱਜ ਵੀ ਜਾਰੀ ਹੈ। ਇਸ ਲਈ ਉਨ੍ਹਾਂ ਦੇ ਅਧੂਰੇ ਮਿਸ਼ਨ ਨੂੰ ਪੂਰਾ ਕਰਨ ਲਈ ਸਭ ਨੂੰ ਲਾਮਬੰਦ ਹੋ ਕੇ ਸੰਘਰਸ਼ ਕਰਨ ਦੀ ਲੋੜ ਹੈ। ਸ਼੍ਰੋਮਣੀ ਅਕਾਲੀ ਦਲ ਦੇ ਹਲਕਾ ਇੰਚਾਰਜ ਨਾਥ ਸਿੰਘ ਹਮੀਦੀ ਨੇ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਵਲੋਂ ਠੀਕਰੀਵਾਲ ਨੂੰ ਸ਼ਰਧਾਂਜਲੀਆਂ ਭੇਟ ਕੀਤੀਆਂ। ਹਲਕਾ ਮਹਿਲ ਕਲਾਂ ਦੇ ਜਥੇਬੰਦਕ ਸਕੱਤਰ ਗੁਰਜੰਟ ਸਿੰਘ ਕੱਟੂ, ਭਾਰਤੀ ਜਨਤਾ ਪਾਰਟੀ ਦੇ ਮੀਤ ਪ੍ਰਧਾਨ ਅਰਵਿੰਦ ਖੰਨਾ, ਬੀਬੀ ਹਰਚੰਦ ਕੌਰ ਘਨੌਰੀ, ਕਾਂਗਰਸ ਦੇ ਜ਼ਿਲ੍ਹਾ ਪ੍ਰਧਾਨ ਕੁਲਦੀਪ ਸਿੰਘ ਕਾਲਾ ਢਿੱਲੋਂ ਨੇ ਵੀ ਸ਼ਰਧਾ ਦੇ ਫੁੱਲ ਭੇਟ ਕੀਤੇ। ਇਸ ਮੌਕੇ ਰਾਜਦੇਵ ਸਿੰਘ ਖ਼ਾਲਸਾ, ਅਕਾਲੀ ਦਲ ਦੇ ਬਚਿੱਤਰ ਸਿੰਘ ਰਾਏਸਰ, ਰੁਪਿੰਦਰ ਸਿੰਘ ਸੰਧੂ, ਜਥੇ: ਜਰਨੈਲ ਸਿੰਘ ਭੋਤਨਾ, ਭਾਜਪਾ ਦੇ ਯਾਦਵਿੰਦਰ ਸਿੰਘ ਸ਼ੰਟੀ, ਹੈਪੀ ਠੀਕਰੀਵਾਲ, ਮਾਨ ਦਲ ਦੇ ਜ਼ਿਲ੍ਹਾ ਪ੍ਰਧਾਨ ਦਰਸ਼ਨ ਸਿੰਘ ਮੰਡੇਰ, ਜ਼ਿਲ੍ਹਾ ਯੂਥ ਪ੍ਰਧਾਨ ਗੁਰਪ੍ਰੀਤ ਸਿੰਘ ਖੁੱਡੀ, ਓਕਾਂਰ ਸਿੰਘ ਬਰਾੜ, ਸੁਖਚੈਨ ਸਿੰਘ ਸੰਘੇੜਾ, ਬੀਬੀ ਮਨਵੀਰ ਕੌਰ ਰਾਹੀ, ਜੱਸਾ ਸਿੰਘ ਮਾਣਕੀ, ਜਗਰਾਜ ਸਿੰਘ ਮੂੰਮ, ਮੀਤ ਪ੍ਰਧਾਨ ਸੂਰਤ ਸਿੰਘ ਬਾਜਵਾ, ਗੁਰਮੇਲ ਮੌੜ, ਬਹੁਜਨ ਸਮਾਜ ਪਾਰਟੀ ਦੇ ਦਰਸ਼ਨ ਸਿੰਘ ਝਲੂਰ, ਸਰਪੰਚ ਕਿਰਨਜੀਤ ਸਿੰਘ ਹੈਪੀ,ਮਾਸਟਰ ਸੁਰਜੀਤ ਸਿੰਘ ਦਿਹੜ, ਸੁਰਜੀਤ ਸਿੰਘ ਮੈਨੇਜਰ, ਕੁਲਵੰਤ ਸਿੰਘ ਠੀਕਰੀਵਾਲਾ, ਅਮੀਤ ਸਿੰਘ ਔਜਲਾ, ਹਾਕਮ ਸਿੰਘ ਆਦਿ ਹਾਜ਼ਰ ਸਨ।

# ਹੁਡਾ ਰਿਫੰਡ ਘਪਲੇ ਮਾਮਲੇ 'ਚ ਈਡੀ ਵੱਲੋਂ ਪੰਜਾਬ, ਹਰਿਆਣਾ ਤੇ ਹਿਮਾਚਲ 'ਚ ਛਾਪੇ

ਚੰਡੀਗੜ੍ਹ : ਐਨਫੋਰਸਮੈਂਟ ਡਾਇਰੈਕਟੋਰੇਟ (ਈਡੀ) ਨੇ ਹਰਿਆਣਾ ਅਰਬਨ ਡਿਵੈਲਪਮੈਂਟ ਅਥਾਰਟੀ (ਹੁਡਾ) ਵਿਚ ਕਥਿਤ ਫਰਜ਼ੀ ਰਿਫੰਡ ਘਪਲੇ ਨਾਲ ਸਬੰਧਤ ਮਨੀ ਲਾਂਡਰਿੰਗ ਮਾਮਲੇ ਦੀ ਜਾਂਚ ਦੇ ਹਿੱਸੇ ਵਜੋਂ ਅੱਜ ਚੰਡੀਗੜ੍ਹ, ਮੁਹਾਲੀ, ਪੰਚਕੂਲਾ ਅਤੇ ਹਿਮਾਚਲ ਪ੍ਰਦੇਸ਼ 'ਚ ਛਾਪੇਮਾਰੀ ਕੀਤੀ। ਸੂਤਰਾਂ ਨੇ ਕਿਹਾ ਕਿ ਸੰਘੀ ਜਾਂਚ ਏਜੰਸੀ ਦੇ ਅਧਿਕਾਰੀ ਇਨ੍ਹਾਂ ਸ਼ਹਿਰਾਂ ਵਿੱਚ ਕਰੀਬ 18 ਟਿਕਾਣਿਆਂ ਦੀ ਤਲਾਸ਼ੀ ਲੈ ਰਹੇ ਹਨ। ਹਿਮਾਚਲ ਪ੍ਰਦੇਸ਼ ਦੇ ਸੋਲਨ ਜ਼ਿਲ੍ਹੇ ਦੇ ਇੱਕ ਸਥਾਨ 'ਤੇ ਵੀ ਛਾਪੇਮਾਰੀ ਕੀਤੀ ਜਾ ਰਹੀ ਹੈ। ਸੂਤਰਾਂ ਨੇ ਕਿਹਾ ਕਿ ਜਾਂਚ ਹੂਡਾ ਵਿੱਚ ਕਥਿਤ ਤੌਰ 'ਤੇ 70 ਕਰੋੜ ਰੁਪਏ ਦੇ ਫਰਜ਼ੀ ਰਿਫੰਡ ਘਪਲੇ ਨਾਲ ਸਬੰਧਤ ਮਨੀ ਲਾਂਡਰਿੰਗ ਰੋਕੂ ਕਾਨੂੰਨ (ਪੀਐੱਮਐੱਲਏ) ਦੇ ਤਹਿਤ ਦਰਜ ਕੀਤੇ ਗਏ ਈਡੀ ਕੇਸ ਨਾਲ ਸਬੰਧਤ ਹੈ।



ਸਰਦਾਰ ਮੱਲ ਸਿੰਘ ਜੀ ਸਿੱਖ ਪੰਥ ਵਿੱਚ ਇੱਕ ਜਾਣਿਆ ਪਹਿਚਾਣਿਆ ਨਾਮ ਹੈ। ਜਿਨ੍ਹਾਂ ਨੇ ਬਚਪਨ ਤੋਂ ਲੈਕੇ ਅੱਜ ਤੱਕ ਜਿਥੇ ਘਰਾਂ ਦੀ ਗਰੀਬੀ ਨਾਲ ਮੁਕਾਬਲਾ ਕੀਤਾ, ਉਥੇ ਸ਼ੁਰੂ ਤੋਂ ਹੀ ਸਿੱਖੀ ਜੀਵਨ ਅਤੇ ਸਿੱਖੀ ਕਦਰਾਂ ਕੀਮਤਾਂ ਲਈ ਲੜਾਈ ਜਾਰੀ ਰੱਖੀ। ਕਈ ਵਾਰ ਰਸਤੇ 'ਚ ਆਰਥਿਕ ਅਤੇ ਹੋਰ ਅੜਚਨਾਂ ਰੁਕਾਵਟਾਂ ਆਈਆਂ ਪਰ ਗੁਰੂ ਦੇ ਨਿਮਾਣੇ ਸਿੱਖ ਵਾਂਗ ਹੱਸਕੇ ਮੁਕਾਬਲਾ ਕੀਤਾ। ਭਾਵੇਂ ਬਚਪਨ 'ਚ ਅਤਿ ਗਰੀਬੀ ਕਾਰਨ ਸਤਵੀਂ ਦੀ ਪੜ੍ਹਾਈ ਵਿੱਚੇ ਛੱਡਕੇ ਕਾਰਖਾਨਿਆਂ 'ਚ ਮਜ਼ਦੂਰੀ ਕਰਨੀ ਪਈ ਪਰ ਹੌਸਲਾ ਨਾ ਛੱਡਿਆ। ਕਾਰਖਾਨੇ 'ਚ ਕੰਮ ਕਰਕੇ ਮੁੜ ਸਕੂਲ 'ਚ ਦਾਖਲਾ ਲੈ ਲਿਆ ਅਤੇ ਕੰਮਕਾਰ ਦੇ ਨਾਲ-ਨਾਲ ਪੜ੍ਹਾਈ ਜਾਰੀ ਰੱਖੀ ਅਤੇ ਸਿੱਖ ਇਤਿਹਾਸ ਦੀਆਂ ਕਿਤਾਬਾਂ ਪੜ੍ਹ ਪੜ੍ਹ ਕੇ ਸਿੱਖ ਇਤਿਹਾਸ ਤੋਂ ਹੋਰ ਜਾਣੂ ਅਤੇ ਸ਼ਰਧਾਲੂ ਹੁੰਦੇ ਗਏ। ਪਿਤਾ ਸ਼੍ਰੀ ਕਿਸ਼ਨ ਚੰਦ ਅਤੇ ਮਾਤਾ ਨਾਮ ਕੌਰ ਜੀ ਦੀ ਸਿੱਖੀ ਨਾਲ ਅਤਿ ਲਗਾਉ ਅਤੇ ਧਾਰਮਿਕ ਦ੍ਰਿੜਤਾ ਨੇ ਸਰਦਾਰ ਮੱਲ ਸਿੰਘ ਉਪਰ ਗਹਿਰਾ ਪ੍ਰਭਾਵ ਛੱਡਿਆ। ਡੀ.ਏ.ਵੀ. ਕਾਲਜ ਜਲੰਧਰ ਪ੍ਰੀ-ਯੂਨੀਵਰਸਿਟੀ ਪਾਸ ਕਰਨ ਉਪਰੰਤ 1970 ਵਿਚ Indian Posts And Telegraph Department ਜਲੰਧਰ ਉਨਾ ਨੂੰ ਸਰਕਾਰੀ ਨੌਕਰੀ ਮਿਲ ਗਈ ਅਤੇ 40 ਸਾਲ ਨੌਕਰੀ ਕਰਨ ਬਾਅਦ ਸ੍. ਮੱਲ ਸਿੰਘ ਜੀ 2010 'ਚ ਰਿਟਾਇਰ ਹੋ ਗਏ ਅਤੇ ਉਨ੍ਹਾਂ ਨੇ ਸਿੱਖੀ ਅਤੇ ਸਿੱਖ ਇਤਿਹਾਸ ਲਈ ਪੂਰਾ ਸਮਾਂ ਕੰਮ ਕਰਨਾ ਸ਼ੁਰੂ ਕਰ ਦਿੱਤਾ। ਸਰਦਾਰ ਸਾਹਿਬ ਵੱਖ-ਵੱਖ ਧਾਰਮਿਕ ਅਤੇ ਸਿਆਸੀ ਸੰਸਥਾਵਾਂ ਦੇ ਮੁੱਖ ਸੇਵਾਦਾਰਾਂ ਵਜੋਂ ਕੰਮ ਕਰਦੇ ਰਹੇ ਉਨ੍ਹਾਂ ਦੀ ਸ਼ਾਦੀ 1974 ਵਿੱਚ ਹੋਈ। ਹੁਣ ਤਿੰਨ ਪੁੱਤਰਾਂ ਦੇ ਬਾਪ ਹਨ ਉਨ੍ਹਾਂ ਨੇ ਸਿੱਖ ਇਤਿਹਾਸ ਉਪਰ ਡੂੰਘਾ ਅਧਿਐਨ ਕੀਤਾ ਅਤੇ ਉਨ੍ਹਾਂ ਨੇ ਇਤਿਹਾਸਕ ਕਿਤਾਬਾਂ ਲਿਖੀਆਂ। ਸਾਲ 2015-16 ਤੋਂ ਲੈ ਕੇ ਹੁਣ ਤੱਕ ਉਨ੍ਹਾ ਦੀਆਂ ਚਾਰ ਪੁਸਤਕਾਂ ਛਪ ਚੁੱਕੀਆਂ ਹਨ। ਜਿਨ੍ਹਾਂ ਵਿੱਚ 1. ਗੁਰੂ ਗੋਬਿੰਦ ਸਿੰਘ ਜੀ ਦਾ ਨਾਦੀ ਪੁੱਤਰ ਬਾਬਾ ਬੰਦਾ ਸਿੰਘ ਬਹਾਦਰ - ਪੰਨੇ 200, 2. 'ਮਨ ਕੀ ਕਟੀਐ ਮੈਲ' ਪੰਨੇ 80, 3. ਡਾ. ਭੀਮ ਰਾਓ ਅੰਬੇਡਕਰ ਸਿੱਖ ਕਿਉਂ ਨਾ ਬਣ ਸਕੇ (ਦੋਸ਼ੀ ਕੌਣ) ਪੰਨੇ 558, 4. ਸਿੱਖ ਮਿਸ਼ਨ ਤੇ ਡਾ. ਭੀਮ ਰਾਓ ਅੰਬੇਡਕਰ - ਪੰਨੇ 392, 5. ਇਸ ਤੋਂ ਇਲਾਵਾ ਪੰਜਵੀਂ ਪੁਸਤਕ 'ਪੰਥ ਪ੍ਰਕਾਸ਼' ਭਾਈ ਰਤਨ ਸਿੰਘ ਭੰਗੂ ਕਵਿਤਾ ਤੋਂ ਵਾਰਤਕ ਵਿਚ ਹੱਥ ਲਿਖਤ ਪਈ ਹੋਈ ਹੈ। ਉਪਰੋਕਤ ਪੁਸਤਕ ਜੋ ਲੜੀ ਨੰ. 3 ਅਤੇ 4 'ਤੇ ਹੈ, ਇਨ੍ਹਾਂ ਦੋਹਾਂ ਪੁਸਤਕਾਂ ਦਾ ਅੰਗਰੇਜ਼ੀ ਅਨੁਵਾਦ ਇਕੱਠੇ ਹੀ ਤਿਆਰ ਹੋ ਚੁੱਕਾ ਹੈ। ਉਨ੍ਹਾਂ ਨੇ ਇਹ ਸਿੱਧ ਕਰਕੇ ਕੀ ਸਿੱਖਾਂ ਨੇ ਡਾਕਟਰ ਅੰਬੇਦਕਰ ਨੂੰ ਸਿੱਖ ਨਹੀਂ ਬਣਨ ਦਿੱਤਾ। ਝੂਠ ਸਿੱਧ ਕਰਕੇ ਸਿੱਖਾਂ ਦੇ ਮੱਥੇ ਤੋਂ ਕਲੰਕ ਧੋਇਆ ਹੈ। ਉਨ੍ਹਾਂ ਨੇ ਸਬੂਤਾਂ ਸਾਹਿਤ ਦੱਸਿਆ ਕਿ ਕਿਵੇਂ ਗਾਂਧੀ ਨਹਿਰੂ ਅਤੇ ਉਸ ਸਮੇਂ ਦੇ ਹੋਰ ਹਿੰਦੂ ਲੀਡਰ ਨਹੀਂ ਸੀ ਚਹੁੰਦੇ ਕਿ ਡਾਕਟਰ ਅੰਬੇਕਰ ਸਿੱਖ ਅਤੇ ਉਸ ਨਾਲ ਉਸਦੇ ਪੈਰੋਕਾਰ ਸਿੱਖ ਬਣਨ ਤੇ ਸਿੱਖਾਂ ਦੀ ਗਿਣਤੀ ਵਧ ਜਾਵੇ ਜਿਸਨੂੰ ਉਸ ਸਮੇਂ ਦੇ ਹਾਕਮਾਂ ਨੇ ਬਹੁਤ ਚਤੁਰਾਈ ਨਾਲ ਖੇਡਿਆ। ਕਿਉਂਕਿ ਡਾਕਟਰ ਅੰਬੇਦਕਰ ਨੇ ਕਿਹਾ ਸੀ ਕਿ ਮੈਂ ਹਿੰਦੂ ਪੈਦਾ ਹੋਇਆ ਪਰ ਹਿੰਦੂ ਮਰਾਂਗਾ ਨਹੀਂ। ਇਸ ਲਈ ਡਾਕਟਰ ਅੰਬੇਦਕਰ ਨੇ ਕਈ ਕਾਰਨਾਂ ਕਰਕੇ ਬੁੱਧ ਧਰਮ ਗ੍ਰਹਿਣ ਕਰ ਲਿਆ ਪਰ ਸਰਦਾਰ ਮੱਲ ਸਿੰਘ ਨੇ ਸਿੱਖਾਂ ਖਿਲਾਫ ਸਾਜਿਸ਼ ਤਹਿਤ ਸਿਰਜੀ ਮਿੱਥ ਤੋੜਕੇ ਇਤਿਹਾਸ ਦੇ ਸੁਨਹਿਰੀ ਪੰਨਿਆਂ 'ਚ ਆਪਣਾ ਨਾਲ ਜੋੜ ਦਿੱਤਾ। ਇਹ ਇਤਿਹਾਸਕ ਦਸਤਾਵੇਜ਼ ਅਸੀਂ 'ਸਾਡੇ ਲੋਕ' ਦੇ ਪਾਠਕਾਂ ਲਈ ਸ਼ੁਰੂ ਕਰ ਰਹੇ ਹਾਂ। ਜਿਥੇ ਅਸੀਂ ਸਿੱਖ ਸਕਾਲਰ ਸ. ਮੱਲ ਸਿੰਘ ਜੀ ਦਾ ਤਹਿ ਦਿਲ ਤੋਂ ਧੰਨਵਾਦ ਕਰਦੇ ਹਾਂ ਉਥੇ ਸਾਨੂੰ ਆਸ ਹੈ ਕਿ ਪਾਠਕ ਪੜ੍ਹਕੇ ਜ਼ਰੂਰ ਲਾਭ ਲੈਣਗੇ -ਧੰਨਵਾਦ ਸਾਹਿਤ ਸਤਨਾਮ ਸਿੰਘ ਖਾਲਸਾ

# ਸਿੱਖ ਮਿਸ਼ਨ ਅਤੇ ਤੇ ਡਾ. ਭੀਮ ਰਾਓ ਅੰਬੇਡਕਰ

(ਪਿਛਲੇ ਅੰਕ ਦੀ ਬਾਕੀ)

ਯਿਓਲਾ (ਜ਼ਿਲ੍ਹਾ ਨਾਸਿਕ) ਕਾਨਫਰੰਸ, ਮਿਤੀ 12-13 ਅਕਤੂਬਰ 1935

ਬਾਬਾ ਸਾਹਿਬ ਭੀਮ ਰਾਓ ਅੰਬੇਡਕਰ ਜੀ ਨੇ ਉਪਰੋਕਤ ਸ਼ਬਦ ਯਿਓਲਾ ਕਾਨਫਰੰਸ ਵਿਚ 10000 ਹਜ਼ਰ ਅਛੂਤ ਲੋਕਾਂ ਦੀ ਕਾਨਫਰੰਸ ਦੇ ਇਕੱਠ ਵਿਚ ਕਹੇ। ਇਸ ਨੂੰ ਦੱਬੀਆਂ ਕੁਚਲੀਆਂ ਜਾਤਾਂ ਨੇ ਬਹੁਤ ਵੱਡਾ ਹੁੰਗਾਰਾ ਦਿੱਤਾ। ਉਪਰੋਕਤ ਸ਼ਬਦਾਂ ਨੂੰ Dr. BSA. W. & Sp. Vol-17 (Part-III) ਦੇ ਪੰਨਾ 94 ਤੋਂ 112 ਤੱਕ ਡਾ. ਅੰਬੇਡਕਰ ਜੀ ਦੇ ਭਾਸ਼ਣ ਵਿਚ ਦੇਖੇ ਜਾ ਸਕਦੇ ਹਨ।

ਸਿੱਖ ਸਭਾ ਬੰਬਈ ਦੇ ਪ੍ਰਧਾਨ ਸ੍. ਗੁਰਦਿੱਤ ਸਿੰਘ ਸੇਠੀ ਨੇ ਇਸੇ ਅਕਤੂਬਰ ਮਹੀਨੇ ਹੀ ਡਾ. ਅੰਬੇਡਕਰ ਜੀ ਨਾਲ ਸੰਪਰਕ ਕੀਤਾ।

ਮਿਤੀ 28 ਨਵੰਬਰ 1935 ਦਾ ਬਿਆਨ

ਡਾ. ਅੰਬੇਡਕਰ ਜੀ ਨੇ ਹੇਠ ਲਿਖਿਆ ਬਿਆਨ ਜਾਰੀ ਕੀਤਾ ਜੋ 30 ਨਵੰਬਰ 1935 ਦੇ "The Times of India" 'ਚ ਛਪਿਆ।

ਜੇਕਰ ਮੇਰੀ ਕੌਮ ਮੇਰੇ ਪਿਛੇ ਨਹੀਂ ਆਉਂਦੀ ਤਦ ਮੈਂ ਇਕੱਲਾ ਆਪਣਾ ਧਰਮ ਬਦਲੀ ਕਰਾਂਗਾ। ਸ਼ਾਇਦ ਇਹ ਲਗਪਗ ਚਾਰ ਜਾਂ ਪੰਜ ਸਾਲ ਦਾ ਸਮਾਂ ਲੱਗੇਗਾ ਅਤੇ ਤੁਸੀਂ ਇਸ ਸਮੇਂ ਵਿਚਾਰ ਜੋ ਕਰ ਸਕਦੇ ਹੋ ਤੁਹਾਨੂੰ ਕਰਨਾ ਪਵੇਗਾ।

ਇਸ ਬਿਆਨ ਦੀ ਪੁਸ਼ਟੀ ਲਈ ਹੇਠ ਲਿਖੇ ਦੋ ਹਵਾਲੇ ਹੇਠ ਦਿੱਤੇ ਗਏ ਹਨ ਜਿਨ੍ਹਾਂ ਨੂੰ ਮਹਾਰਾਸ਼ਟਰ ਸਰਕਾਰ ਦੁਆਰਾ ਜਾਰੀ ਕੀਤੀਆਂ ਡਾਕਟਰ ਅੰਬੇਡਕਰ ਜੀ ਦੀਆਂ ਆਪਣੀਆਂ ਲਿਖਤਾਂ ਵਿਚ ਦੇਖਿਆ ਜਾ ਸਕਦਾ ਹੈ।


1. Source Meterial Volume-One (Page No. 138
2. Dr. Baba Saheb Amebdkar Writings & Speechs Volume-117 (Part-One) Page No. 238

ੴ ਵਾਹਿਗੁਰੂ ਜੀ ਕੀ ਫ਼ਤਹਿ॥

ਖ਼ਾਲਸਾ ਸਮਾਚਾਰ ਅੰਮ੍ਰਿਤਸਰ

7 ਨਵੰਬਰ 1935, ਜਿਲਦ 37, ਅੰਕ 1, ਪੰਨਾ-22

**ਅਛੂਤਾਂ ਦੀ ਗੜਬੜ**




ਹਿੰਦੂਆਂ ਦਾ ਅਛੂਤਾਂ ਬਾਬਤ ਪੁਰਾਣਾ ਸਦੀਆਂ ਤੋਂ ਚਲਾ ਆ ਰਿਹਾ ਖ਼ਿਆਲ ਇਕਦਮ ਬਦਲਣਾ ਕਠਨ ਹੈ, ਇਸ ਵਿਚ ਸ਼ੱਕ ਨਹੀਂ ਕਿ ਗਾਂਧੀ ਮਾਲਵੀਆ ਜੀ ਆਦਿਕ ਮੁਖੀ ਜ਼ੋਰ ਨਲ ਇਸ ਗੱਲ ਦਾ ਪ੍ਰਚਾਰ ਕਰ ਰਹੇ ਹਨ ਕਿ ਅਛੂਤਾਂ ਨਾਲ ਹਮਦਰਦੀ ਭਰਿਆ ਵਰਤਾਓ ਕਰੋ ਪਰ ਕੱਟੜਪੰਥੀ ਹਿੰਦੂ ਕੋਈ ਨਹੀਂ ਸੁਣਦੇ। ਥੋੜ੍ਹੇ ਦਿਨ ਹੋਏ ਹਨ ਕਿ ਅਛੂਤਾਂ ਦੀ ਇਕ ਕਨਫਰੰਸ ਵਿਚ ਡਾਕਟਰ ਅੰਬੇਡਕਰ ਨੇ ਐਲਾਨ ਕੀਤਾ ਕਿ ਹਿੰਦੂ ਸਾਡੇ ਨਾਲ ਮਨੁੱਖਾਂ ਵਾਲਾ ਵਰਤਾਓ ਨਹੀਂ ਕਰਦੇ, ਮੈਂ ਜੰਮਿਆ ਹਿੰਦੂਆਂ ਦੇ ਘਰ ਹਾਂ ਪਰ ਮਰਨ ਤੋਂ ਪਹਿਲਾਂ ਹਿੰਦੂ ਨਹੀਂ ਰਹਾਂਗਾ।

ਅੰਬੇਡਕਰ ਦੇ ਇਸ ਐਲਾਨ ਨੇ ਸਾਰੇ ਦੇਸ਼ ਵਿਚ ਇਕ ਸਿਰੇ ਤੋਂ ਲੈ ਕੇ ਦੂਜੇ ਸਿਰੇ ਤੱਕ ਹਰਕਤ ਲਿਆ ਦਿੱਤੀ ਹੈ। ਗਾਂਧੀ ਤੇ ਮਾਲਵੀਆ ਜੀ ਦੇ ਬਿਆਨ ਛਪ ਰਹੇ ਹਨ ਕਿ ਹਿੰਦੂ ਰਹੋ। ਮੁਸਲਮਾਨ ਦਾਅਵਤਾਂ ਦੇ ਰਹੇ ਹਨ ਕਿ ਸਾਡੇ ਵਲ ਆਓ, ਈਸਾਈਆਂ ਵਲੋਂ ਵੀ ਨਿਮੰਤਰਨ ਦਿੱਤਾ ਗਿਆ ਹੈ, ਬੋਧੀਆਂ ਵੀ ਉਨ੍ਹਾਂ ਦੀ ਬਾਂਹ ਫੜਨ ਲਈ ਹੱਥ ਵਧਾਇਆ ਹੈ, ਸਿੱਖਾਂ ਵਲੋਂ ਵੀ ਸਿੱਖ ਧਰਮ ਦਾ ਮੁਤਾਲਿਆ ਕਰਨ ਦੀ ਪ੍ਰੇਰਨਾ ਕੀਤੀ ਹੈ ਤੇ ਨਾਸਤਿਕਾਂ ਵਲੋਂ ਇਹ ਵੀ ਮਸ਼ਵਰਾ ਦਿੱਤਾ ਗਿਆ ਹੈ ਕਿ ਬਿਨਾਂ ਮਜ਼ਬ ਵੀ ਜ਼ਿੰਦਾ ਰਹਿ ਸਕੀਦਾ ਹੈ। ਸੁਣੀਦਾ ਹੈ ਕਿ ਅੰਬੇਡਕਰ ਬੋਧੀ ਬਣਨਗੇ।

**ਖਾਲਸਾ ਸਮਾਚਾਰ, 12 ਦਸੰਬਰ 1935, ਜਿਲਦ 37, ਅੰਕ 6, ਪੰਨਾ-1**

**ਡਾ. ਅੰਬੇਡਕਰ**

ਮੁੱਖ ਤੋਂ ਬ੍ਰਾਹਮਣ, ਬਾਂਹਾਂ ਤੋਂ ਖੱਤਰੀ, ਪੱਟਾ ਤੋਂ ਵੈਸ਼ ਤੇ ਪੈਰਾਂ ਤੋਂ ਸ਼ੂਦਰ ਉਤਪੰਨ ਹੋਏ। ਇਹ ਯਜੁਰਵੇਦ ਦਾ ਮੰਤਰ ਹੈ।

ਸਿਮ੍ਰਿਤੀਆਂ ਨੇ ਇਸੇ ਮੰਤਰ ਦੀ ਆੜ ਨਾਲ ਸੁਸਾਇਟੀ ਵਿਚ ਬ੍ਰਾਹਮਣਾਂ ਨੂੰ ਸਭ ਤੋਂ ਉਚਾ ਦਰਜ ਦਿੱਤਾ ਹੈ ਤੇ ਸ਼ੂਦਰਾਂ ਨੂੰ ਸਭ ਤੋਂ ਨੀਵਾਂ, ਜੇ ਕਦੀ ਇਹ ਕਹਿ ਦਿੱਤਾ ਜਾਏ ਕਿ ਸਿਮ੍ਰਤੀਕਾਰਾਂ ਨੇ ਸ਼ੂਦਰਾਂ ਪਾਸੋਂ ਮਨੁੱਖਾਂ ਵਾਲੇ ਨਹੀਂ, ਸ਼ੂਦਰ ਤੇ ਪੰਛੀਆਂ ਵਾਲੇ ਹੱਕ ਵੀ ਖੋਹ ਲਏ ਸਨ ਤਦ ਇਹ ਗੱਲ ਸਚਾਈ ਤੋਂ ਦੂਰ ਦੀ ਨਹੀਂ ਹੋਵੇਗੀ।

ਪੰਜਾਬ ਵਿਚ ਗੁਰੂ ਦੀ ਮਿਹਰ ਹੈ। ਸਤਿਗੁਰਾਂ ਦੀ ਬਾਣੀ ਦੇ ਪ੍ਰਤਾਪ ਤੇ ਸਿੱਖੀ ਜੀਵਨ ਦੀ ਬਰਕਤ ਨਾਲ ਅਛੂਤ ਜਾਤੀਆਂ ਨੂੰ ਕੋਈ ਅਜਿਹਾ ਕਸ਼ਟ ਨਹੀਂ ਵਾਪਰ ਰਿਹਾ, ਜੇ ਕਈ ਹਿੰਦੂ ਅਛੂਤ ਨੂੰ ਅਸਲੀ ਸੂਰਤ ਵਿਚ ਵੇਖਣਾ ਹੋਵੇ ਤਦ ਮਦਰਾਸ ਵਿਚ ਵੇਖਣਾ ਚਾਹੀਦਾ ਹੈ, ਜਿਥੇ ਕਿ ਇਨ੍ਹਾਂ ਗਰੀਬਾਂ ਨੂੰ ਬੜੀਆਂ ਪਾਬੰਦੀਆਂ ਲੱਗੀਆਂ ਹੋਈਆਂ ਹਨ। ਉਹ ਸੜਕਾਂ ਜਿਨ੍ਹਾਂ 'ਤੇ ਕੁੱਤੇ ਬਿੱਲੀਆਂ ਤੇ ਚੂਹੇ ਜਾ ਸਕਦੇ ਹਨ ਇਨ੍ਹਾਂ ਇਨਸਾਨਾਂ ਨੂੰ ਫਿਰਨ ਦੀ ਆਗਿਆ ਨਹੀਂ। ਇਨ੍ਹਾਂ ਨਾਲ ਕਿਸੇ ਉਚ ਜਾਤ ਅਭਿਮਾਨੀ ਦਾ ਹੱਥ ਮਿਲਾਉਣਾ ਤਾਂ ਕਿਤੇ ਰਿਹਾ ਪਰਛਾਵੇਂ ਤੱਕ ਪੈ ਜਾਣ ਨਾਲ ਨਹਾਉਣ 'ਤੇ ਕੱਪੜੇ ਧੋਣ ਦੀ ਲੋੜ ਪੈ ਜਾਂਦੀ ਹੈ। ਅਜਿਹੀ ਹਾਲਤ ਵਿਚ ਇਹ ਰੱਬ ਦੀ ਮਖ਼ਲੂਕ ਇਨਸਾਨੀ ਸੂਰਤ ਵਿਚ ਹੁੰਦੀ ਹੋਈ ਵੀ ਪਸ਼ੂਆਂ ਨਾਲੋਂ ਵਧੀਕ ਤਕਲੀਫ਼ਾਂ ਉਠ ਤੇ ਦੁਖ ਪਾ ਰਹੀ ਹੈ।

(ਚਲਦਾ)





ਵਿਸ਼ਵ ਪ੍ਰਸਿੱਧ ਗੁਰਮਤਿ ਸੰਗੀਤ ਦੇ ਸ਼ੋਮਣੀ ਕੀਰਤਨੀਏ ਡਾ. ਗੁਰਨਾਮ ਸਿੰਘ ਨੇ ਗੁਰੂ ਸਾਹਿਬਾਨ ਦੁਆਰਾ ਸਥਾਪਿਤ ਗੁਰਮਤਿ ਸੰਗੀਤ ਪਰੰਪਰਾ ਨੂੰ ਵਰਤਮਾਨ ਸਮੇਂ ਪੁਨਰ ਸੁਰਜੀਤ ਕਰਨ ਵਿੱਚ ਵਿਲੱਖਣ ਯੋਗਦਾਨ ਪਾਇਆ ਹੈ। ਆਪ ਦੇਸ਼ ਵਿਦੇਸ਼ ਦੀਆਂ ਯੂਨੀਵਰਸਿਟੀਆਂ ਵਿੱਚ ਪਿਛਲੇ 40 ਵਰ੍ਹਿਆਂ ਤੋਂ ਬਤੌਰ ਡੀਨ ਤੇ ਪ੍ਰੋਫੈਸਰ ਕਾਰਜ ਕਰਦੇ ਆ ਰਹੇ ਹਨ। ਆਪਨੂੰ ਗੁਰਮਤਿ ਸੰਗੀਤ ਵਿੱਚ ਭਾਰਤ ਦਾ ਸਰਵੋਤਮ ਰਾਸ਼ਟਰਪਤੀ ਐਵਾਰਡ, ਸ਼੍ਰੋਮਣੀ ਰਾਗੀ ਐਵਾਰਡ ਅਤੇ ਗਲੋਬਲ ਪੱਧਰ ਉੱਤੇ ਬਹੁਤ ਸਾਰੀਆਂ ਸੰਸਥਾਵਾਂ ਵੱਲੋਂ ਸਨਮਾਨ ਦਿੱਤੇ ਜਾ ਚੁੱਕੇ ਹਨ। ਗੁਰੂ ਕਿਰਪਾ ਦੁਆਰਾ ਆਪਨੇ ਆਪਣੀ ਆਵਾਜ਼ ਵਿੱਚ ਸਿੱਖ ਇਤਿਹਾਸ ਵਿੱਚ ਪਹਿਲੀ ਵਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸੰਪੂਰਨ ਰਾਗਾਂ ਤੇ ਮਿਸ਼ਰਤ ਰਾਗਾਂ ਦਾ 1999 ਵਿੱਚ ਵਿਸ਼ਾਲ ਰਿਕਾਰਡਿੰਗ ਕਰਵਾਈ। ਵੱਖ ਵੱਖ ਆਡੀਓ ਵਿਜ਼ੂਅਲ ਕੰਪਨੀਆਂ ਤੇ ਯੂਟਿਊਬ ਉੱਤੇ ਆਪਦੀਆਂ ਅਨੇਕ ਕੀਰਤਨ ਰਿਕਾਰਡਿੰਗਜ਼ ਹਨ। ਯੂਨੀਵਰਸਿਟੀਆਂ, ਕਾਲਜਾਂ ਸਕੂਲਾਂ ਵਿੱਚ ਪੀ. ਐਚਡੀ ਤੱਕ ਗੁਰਮਤਿ ਸੰਗੀਤ ਸਬਜੈਕਟ ਵਜੋਂ ਲਾਗੂ ਕਰਵਾਇਆ, ਪੜ੍ਹਾਇਆ ਅਤੇ ਦੇਸ਼ ਵਿਦੇਸ਼ਾਂ ਦੀਆਂ ਯੂਨੀਵਰਸਿਟੀਆਂ ਵਿੱਚ ਕਈ ਗੁਰਮਤਿ ਸੰਗੀਤ ਵਿਭਾਗਾਂ ਦੀ ਸਥਾਪਨਾ ਕਰਵਾਈ। -ਨਾਰਥ ਅਮਰੀਕਾ ਵਿੱਚ ਆਪਨੇ ਰਾਗਾਤਮਕ ਕੀਰਤਨ ਦਰਬਾਰਾਂ ਤੇ ਗੁਰਮਤਿ ਸੰਗੀਤ ਸਿਖਲਾਈ ਕੈਂਪਾਂ ਦੁਆਰਾ ਵੱਡੀ ਸੇਵਾ ਨਿਭਾਈ ਹੈ। -21 ਪੁਸਤਕਾਂ 32 ਸੰਪਾਦਿਤ ਪੁਸਤਕਾਂ ਤੇ 200 ਤੋਂ ਵੱਧ ਖੋਜ ਲੇਖ ਲਿਖੇ ਹਨ। ਇਸ ਤੋਂ ਇਲਾਵਾ ਕਈ ਵਿਦਿਆਰਥੀਆਂ ਨੂੰ ਪੀਐਚ ਡੀ ਤੱਕ ਦਾ ਅਧਿਆਪਨ ਕਰਵਾਇਆ ਹੈ। -ਸ੍ਰੀ ਦਰਬਾਰ ਸਾਹਿਬ ਤੋਂ ਤੰਤੀ ਸਾਜ਼ ਲਾਗੂ ਕਰਵਾਉਣ ਵਿੱਚ ਆਪਦੀ ਪ੍ਰਮੁਖ ਭੂਮਿਕਾ ਰਹੀ ਹੈ। ਸਾਨੂੰ ਪ੍ਰਸੰਨਤਾ ਹੈ ਕਿ 'ਸਾਡੇ ਲੋਕ' ਅਦਾਰੇ ਲਈ ਡਾ. ਸਾਹਿਬ ਨੇ ਗੁਰਮਤਿ ਸੰਬੰਧੀ ਜਾਣਕਾਰੀ ਭਰਪੂਰ ਰਚਨਾ ਭੇਜੀ ਹੈ। ਇਸ ਹਫਤੇ ਤੋਂ ਅਸੀਂ ਸਿੱਖ ਪੰਥ ਦੀ ਮਹਾਨ ਸ਼ਖ਼ਸੀਅਤ ਡਾ. ਗੁਰਨਾਮ ਸਿੰਘ ਜੀ ਵਲੋਂ 'ਸਾਡੇ ਲੋਕ' ਦੇ ਪਾਠਕਾਂ ਲਈ ਲੜੀਵਾਰ ਆਰਟੀਕਲ ਛਾਪਕੇ ਮਾਣ ਹਾਸਲ ਕਰ ਰਹੇ ਹਾਂ : -ਧੰਨਵਾਦ ਸਾਹਿਤ ਸਤਨਾਮ ਸਿੰਘ ਖਾਲਸਾ

# ਗੁਰਮਤਿ ਸੰਗੀਤ ਦੀ ਸਿਧਾਂਤਕ ਤੇ ਸਰੂਪਗਤ ਪਛਾਣ

ਸਿੱਖ ਧਰਮ ਦੇ ਬਾਨੀ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਪੂਰਵ ਭਾਰਤੀ ਸੰਗੀਤ ਦੀ ਇਕ ਵਿਸ਼ਾਲ ਪ੍ਰੰਪਰਾ ਮੌਜੂਦ ਸੀ। ਇਸ ਦੇ ਨਾਲ ਹੀ ਵੱਖ ਵੱਖ ਧਾਰਮਿਕ ਸੰਪਰਦਾਵਾਂ ਅਤੇ ਸੰਤ ਭਗਤ ਕਵੀਆਂ ਦੁਆਰਾ ਧਾਰਮਿਕ ਸੰਗੀਤ ਦੀ ਇਕ ਅੱਡਰੀ ਪਰੰਪਰਾ ਵੀ ਹੋਂਦ ਵਿਚ ਸੀ। ਗੁਰੂ ਨਾਨਕ ਦੇਵ ਜੀ ਨੇ ਭਾਰਤੀ ਧਰਮ ਦਰਸ਼ਨ ਦੇ ਖੇਤਰ ਵਿਚ ਇਕ ਨਵੀਨ ਪੱਥ ਦੀ ਸਿਰਜਣਾ ਕੀਤੀ ਅਤੇ ਬਾਣੀ ਦੁਆਰਾ ਆਪਣਾ ਸੰਦੇਸ਼ ਸਰਬ ਲੋਕਾਈ ਤੱਕ ਸੰਚਰਿਤ ਕਰਨ ਲਈ ਸੰਗੀਤ ਦੀ ਇਕ ਨਵੀਨ ਪਰੰਪਰਾ ਚਲਾਈ ਜੋ ਵਰਤਮਾਨ ਤੱਕ ਸਿੱਖ ਧਰਮ ਵਿਚ ਸ਼ਬਦ ਕੀਰਤਨ ਦੇ ਰੂਪ ਵਿਚ ਨਿਰੰਤਰ ਗਤੀਸ਼ੀਲ ਹੈ।

ਗੁਰੂ ਸਾਹਿਬ ਦੁਆਰਾ ਪ੍ਰਚਲਿਤ ਤੇ ਵਿਕਸਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸੰਗੀਤ ਵਿਧਾਨ ਦੀ ਅਨੁਸਾਰੀ ਸ਼ਬਦ ਕੀਰਤਨ ਦੀ ਇਸ ਸੰਗੀਤ ਪਰੰਪਰਾ ਨੂੰ ਗੁਰਮਤਿ ਸੰਗੀਤ ਕਿਹਾ ਜਾਂਦਾ ਹੈ। ਇਸ ਪਰੰਪਰਾ ਵਿਚ ਸੰਗੀਤ ਦੇ ਵਿਭਿੰਨ ਤੱਤਾਂ ਨੂੰ ਮੌਲਿਕ ਪ੍ਰਯੋਗ ਦੇ ਧਾਰਣੀ ਬਣਾਉਂਦਿਆਂ ਨਵੀਨ ਅਰਥ ਦਿੱਤੇ ਗਏ ਹਨ। ਇਸ ਨਵੀਨਤਾ ਸਦਕਾ ਇਹ ਪਰੰਪਰਾ ਆਪਣੀਆਂ ਸਮਕਾਲੀਨ ਧਾਰਮਿਕ ਅਤੇ ਸੰਗੀਤ ਦੀਆਂ ਪ੍ਰੰਪਰਾਵਾਂ ਨਾਲੋਂ ਸਹਿਜੇ ਹੀ ਅਲੱਗ ਹੋ ਜਾਂਦੀ ਹੈ। ਇਸ ਸੰਗੀਤ ਪ੍ਰੰਪਰਾ ਅਧੀਨ ਪ੍ਰਯੋਗ ਵਿਚ ਆਉਣ ਵਾਲੇ ਵਿਭਿੰਨ ਸੰਗੀਤਕ ਤੱਤ ਰਾਗ, ਗਾਇਨ, ਸ਼ੈਲੀਆਂ, ਰਹਾਉ, ਅੰਕ ਅਤੇ ਸ਼ਬਦ ਕੀਰਤਨ ਹਿਤ ਬਾਣੀ ਫੁਰਮਾਨ ਇਸ ਦਾ ਮੌਲਿਕ ਤੇ ਵਿਲੱਖਣ ਰੂਪ ਪ੍ਰਗਟਾ ਰਹੇ ਹਨ, ਗੁਰਮਤਿ ਸੰਗੀਤ ਦੇ ਵਿਧਾਨ ਨੂੰ ਜਾਣਨ ਲਈ ਇਸ ਦੇ ਆਧਾਰ ਗ੍ਰੰਥ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਸੰਗੀਤ ਸਿਰਲੇਖਾਂ, ਸੰਕੇਤਾਂ, ਫੁਰਮਾਨਾਂ ਸਬੰਧੀ ਵਿਚਾਰ ਜ਼ਰੂਰੀ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪ੍ਰਥਮ ਸਿਰਲੇਖ ਰਾਗ ਹੈ ਜੋ ਕੀਰਤਨਕਾਰ ਲਈ ਸ਼ਬਦ ਨੂੰ ਨਿਰਧਾਰਿਤ ਰਾਗ ਅਧੀਨ ਗਾਇਨ ਕਰਨ ਦੇ ਨਿਰਦੇੱ ਵਜੋਂ ਜਾਣਿਆ ਜਾਂਦਾ ਹੈ। ਬਾਣੀ ਵਿਚ ਰਾਗ ਦੇ ਮਹੱਤਵ ਅਤੇ ਪ੍ਰਯੋਗ ਬਾਰੇ ਅਨੇਕ ਫੁਰਮਾਨ ਅੰਕਿਤ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਦਾ ਆਧਾਰ ਵੀ ਰਾਗਾਤਮਕ ਹੈ। ਬਾਣੀ ਨੂੰ ਵੱਖ-ਵੱਖ 31 ਰਾਗਾਂ ਅਧੀਨ ਵਰਗੀਕ੍ਰਿਤ ਕੀਤਾ ਗਿਆ ਹੈ। ਇਹ ਰਾਗ ਅੰਕਣ ਕੇਵਲ ਨਾਮ ਮਾਤਰ ਨਹੀਂ ਸਗੋਂ ਬਾਣੀ ਭਾਵ ਅਤੇ ਪ੍ਰਕ੍ਰਿਤੀ ਦੀ ਅਟੁੱਟ ਸਾਂਝ ਦਰਸਾਉਂਦੇ ਹਨ। ਇਸੇ ਲਈ ਸਨਾਤਨੀ, ਦੇਸੀ, ਰਿਤੂ ਕਾਲੀਨ, ਇਲਾਕਾਈ ਸੰਗੀਤ ਪਰੰਪਰਾਵਾਂ ਦੇ ਰਾਗਾਂ ਦਾ ਵਿਸ਼ਾਲ ਭੰਡਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਉਪਲਬਧ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਉਪਰ ਰਾਗਾਂ ਦੇ ਨਾਲ ਵੱਖ ਵੱਖ ਬਾਣੀ ਰੂਪਾਂ ਦੇ ਸਿਰਲੇਖ ਵੀ ਦਿੱਤੇ ਗਏ ਹਨ। ਸ਼ਾਸਤਰੀ ਅੰਗ ਦੀਆਂ ਗਾਇਨ ਸ਼ੈਲੀਆਂ, ਅਸ਼ਟਪਦੀ, ਪਦੇ ਅਤੇ ਪੜਤਾਲ ਆਦਿ ਹਨ ਅਤੇ ਲੋਕ ਅੰਗ ਦੀਆਂ ਗਾਇਨ ਸ਼ੈਲੀਆਂ ਵਾਰ, ਛੰਤੁ, ਘੋੜੀਆਂ, ਅਲਾਹੁਣੀਆਂ, ਆਦਿ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਵੱਖ ਵੱਖ ਰਾਗਾਂ ਅਧੀਨ ਅੰਕਿਤ ਵਿਭਿੰਨ ਵਾਰਾਂ ਨੂੰ ਲੋਕ ਵਾਰਾਂ ਦੀਆਂ ਪ੍ਰੰਪਰਾਗਤ ਵਾਰ ਧੁਨੀਆਂ ਦੇ ਸਿਰਲੇਖ ਗਾਇਨ ਹਿਤ ਅੰਕਤ ਕੀਤੇ ਗਏ ਹਨ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ਼ਬਦਾਂ ਨੂੰ ਵਿਭਿੰਨ ਅੰਕਾਂ ਦੁਆਰਾ ਵਿਭਾਜਿਤ ਕੀਤਾ ਗਿਆ ਹੈ। ਸ਼ਬਦ ਵਿਚ ਰਹਾਉ ਦੀ ਤੁਕ ਤੋਂ ਬਿਨਾਂ ਬਾਕੀ ਤੁਕਾਂ ਦੀ ਸਮਾਪਤੀ ਤੇ ੧, ੨, ੩, ੪ ਆਦਿ ਅੰਕ ਮਿਲਦੇ ਹਨ ਜੋ ਅੰਤਰਿਆਂ ਦੇ ਸੂਚਕ ਹਨ। ਇਹਨਾਂ ਅੰਕਾਂ ਤੋਂ ਸ਼ਬਦ ਦੀ ਸੰਬੰਧਿਤ ਕਾਵਿਸ਼ੈਲੀ ਅਤੇ ਗਾਇਨਸ਼ੈਲੀ ਦਾ ਵੀ ਗਿਆਨ ਹੁੰਦਾ ਹੈ। ਉਦਾਹਰਣ ਦੇ ਤੌਰ 'ਤੇ ਚਉਪਦੇ ਵਿਚ ਚਾਰ ਪਦੇ, ਦੁਪਦੇ ਵਿਚ ਦੋ ਪਦੇ ਅਤੇ ਅੱਟਪਦੀ ਵਿਚ ਅੱਠ ਪਦੇ ਹਨ। ਇਨ੍ਹਾਂ ਅੰਕਾਂ ਜਾਂ ਅੰਤਰਿਆਂ ਦੀਆਂ ਤੁਕਾਂ ਦਾ ਸੰਬੰਧ ਜੋ ਰਹਾਉ ਦੀ ਤੁਕ ਦੇ ਕੇਂਦਰੀ ਭਾਵ ਨੂੰ ਦ੍ਰਿੜ ਕਰਵਾਉਣ ਲਈ ਪ੍ਰਮਾਣਾਂ, ਦਲੀਲਾਂ, ਉਕਤੀਆਂ ਅਤੇ ਉਦਾਹਰਣਾਂ ਦੇ ਰੂਪ ਵਿਚ ਭਾਵ ਸੰਚਾਰ ਕਰਨਾ ਹੈ। ੱਬਦ ਵਿਚ ਹਰ ਅੰਤਰੇ ਤੋਂ ਬਾਅਦ ਰਹਾਉ ਦੀ ਤੁਕ ਤੇ ਆਉਣ ਦੀ ਪ੍ਰਕ੍ਰਿਆ ਸਰੋਤੇ ਦੇ ਮਨ ਤੇ ਸ਼ਬਦ ਦੇ ਅੰਤਰਨਿਹਿਤ ਭਾਵਾਂ ਦਾ ਬੋਧ ਦ੍ਰਿੜ੍ਹਾਉਣਾ ਹੈ।

ਗੁਰਬਾਣੀ ਵਿਚ ਕਾਵਿ ਅਤੇ ਸੰਗੀਤ ਦੇ ਪੱਖੋਂ ਰਹਾਉ ਇਕ ਮਹੱਤਵਪੂਰਨ ਇਕਾਈ ਹੈ। ਰਹਾਉ ਦੀ ਤੁਕ ਵਿਚ ੱਬਦ ਦਾ ਕੇਂਦਰੀ ਭਾਵ ਮੌਜੂਦ ਹੁੰਦਾ ਹੈ। ਸੰਗੀਤ ਦੀ ਧਰੁਪਦ ਗਾਇਕੀ ਵਿਚ ਧਰੁਵ ਪਦ ਸਥਾਈ ਜਾਂ ਰਹਾਉ ਵਾਗੂੰ ਹੀ ਸਥਿਰ ਰੂਪ ਵਿਚ ਕੇਂਦਰੀ ਧੁਰੇ ਵਜੋਂ ਕਾਰਜਸ਼ੀਲ ਰਹਿੰਦਾ ਹੈ। ਮੱਧਕਾਲੀਨ ਸੰਤ ਭਗਤ ਕਵੀਆਂ ਨੇ ਆਪਣੀਆਂ ਰਚਨਾਵਾਂ ਲਈ ਰਹਾਉ ਲਈ ਟੇਕ ੱਬਦ ਦਾ ਪ੍ਰਯੋਗ ਕੀਤਾ ਹੈ। ਗੁਰਬਾਣੀ ਵਿਚ ਇਕ ਤੋਂ ਵਧੀਕ ਚਾਰ ਤੱਕ ਰਹਾਉ ਪਦ ਪ੍ਰਯੋਗ ਕੀਤਾ ਗਿਆ ਹੈ ਜੋ ਸਬੰਧਿਤ ਰਚਨਾ ਵਿਚ ਰਹਾਉ ਪਰਿਵਰਤਨ ਕਰਨ ਦਾ ਸੰਕੇਤ ਹੈ।

ਉਕਤ ਸਿਰਲੇਖਾਂ ਤੋਂ ਬਿਨਾਂ ਧੁਨੀ, ਘਰ, ਜਤਿ, ਸੁਧੰਗ ਤੇ ਕਈ ਹੋਰ ਸੰਗੀਤਕ ਸਿਰਲੇਖ ਗੁਰਮਤਿ ਸੰਗੀਤ ਦੀ ਸ਼ਬਦ ਕੀਰਤਨ ਪ੍ਰੰਪਰਾ ਹਿਤ ਵੱਖ-ਵੱਖ ਨਿਰਦੇਸ਼ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚ ਆਏ ਹੋਏ ਸਮੂਹ ਸੰਗੀਤਕ ਸਿਰਲੇਖ ਸੰਕੇਤ ਰਾਗ ਗਾਇਨ ਰੂਪਾਂ ਆਦਿ ਸਹਿਤ ਸ਼ਬਦ ਕੀਰਤਨ ਪ੍ਰੰਪਰਾ ਲਈ ਵਿਸ਼ੇਸ਼ ਮਰਿਯਾਦਾ ਸਿਰਜਦੇ ਹਨ ਜੋ ਸਪੱਸ਼ਟ ਰੂਪ ਵਿਚ ਗੁਰੂ ਗ੍ਰੰਥ ਸਾਹਿਬ ਦੇ ਬਾਣੀ ਵਿਧਾਨ ਉਪਰ ਆਧਾਰਿਤ ਹੈ। ਜਦੋਂ ਅਸੀਂ ਗੁਰਮਤਿ ਸੰਗੀਤ ਮਰਿਆਦਾ ਅਨੁਸਾਰ ਗਾਇਨ ਕੀਤਾ ਜਾਵੇਗਾ ਤਾਂ ਸ਼ਬਦ ਵਿਚਲੇ ਸੰਦੇਸ਼ ਦੀਆਂ ਪਰਤਾਂ ਆਪ ਮੁਹਾਰੇ ਸੁਣਨ ਅਤੇ ਸੁਨਾਉਣ ਵਾਲੇ ਤਕ ਖੁਲਦੀਆਂ ਜਾਣਗੀਆਂ। ਇਸ ਪ੍ਰਕਾਰ ਬਾਣੀ ਤੇ ਸਬੰਧਿਤ ਸ਼ਬਦ ਰਚਨਾ ਦਾ ਸਹਿਜ ਰੂਪ ਵਿਚ ਹੀ ਸਵੈ-ਸੰਚਾਰ ਹੁੰਦਾ ਜਾਵੇਗਾ।

ਉਕਤ ਵਰਣਿਤ ਵਿਲੱਖਣਤਾਵਾਂ ਇਕ ਨਿਸਚਤ ਤੇ ਨਿਰਧਾਰਤ ਸੰਗੀਤ ਮਰਿਯਾਦਾ ਦੇ ਰੂਪ ਵਿਚ ਵਿਕਸਤ ਤੇ ਸਥਾਪਤ ਹੋਈਆਂ ਹਨ ਜਿਨ੍ਹਾਂ ਨੂੰ ਗੁਰਮਤਿ ਸੰਗੀਤ ਦੇ ਰੂਪ ਵਿਚ ਪਛਾਣਿਆ ਜਾਂਦਾ ਹੈ। ਭਾਰਤੀ ਸੰਗੀਤ ਨੂੰ ਇਤਿਹਾਸ ਦੇ ਪ੍ਰਸੰਗ ਵਿਚ ਵਾਚੀਏ ਤਾਂ ਸਮਰਾਟ ਅਕਬਰ ਦੇ ਕਾਲ ਨੂੰ ਭਾਰਤੀ ਸ਼ਾਸਤਰੀ ਸੰਗੀਤ ਦਾ ਸੁਨਹਿਰਾ ਯੁਗ ਸਵੀਕਾਰ ਕੀਤਾ ਜਾਂਦਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਬਾਬਰ ਦੇ ਸਮਕਾਲੀ ਸਨ ਅਤੇ ਉਨ੍ਹਾਂ ਨੇ ਪੂਰਵਕਾਲੀਨ ਅਤੇ ਸਮਕਾਲੀਨ ਸੰਗੀਤ ਪਰੰਪਰਾਵਾਂ ਦੀ ਤੁਲਨਾ ਵਿਚ ਧਰਮ ਪ੍ਰਚਾਰ ਲਈ ਮੌਲਿਕ ਤੇ ਨਿਵੇਕਲੀ ਗੁਰਮਤਿ ਇਸੇ ਸੰਗੀਤ ਪਰੰਪਰਾ ਦਾ ਆਰੰਭ ਕੀਤਾ।

ਇਹ ਪਰੰਪਰਾ ਭਾਰਤੀ ੱਸਤਰੀ ਸੰਗੀਤ ਦੇ ਸੁਨਹਿਰੇ ਯੁੱਗ ਦੇ ਸਮਾਨੰਤਰ ਸੁਦ੍ਰਿੜ੍ਹ ਅਤੇ ਸਥਾਪਿਤ ਰੂਪ ਵਿਚ ਉਜਾਗਰ ਹੁੰਦੀ ਹੈ ਜੋ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਰਾਗਾਤਮਕ ਸੰਪਾਦਨਾ ਅਤੇ ਗੁਰਮਤਿ ਸੰਗੀਤ ਦਾ ਆਧਾਰ ਗ੍ਰੰਥ ਤੋਂ ਪ੍ਰਤੱਖ ਹੈ। ਆਮ ਲੋਕਾਂ ਦੀ ਬੋਲੀ, ਲਿਪੀ ਤੇ ਸੰਗੀਤ ਵਿਚ ਨਿਬੱਧ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਉਪਰੰਤ ਗੁਰੂ ਵਜੋਂ ਮਾਨਤਾ ਤੋਂ ਬਾਅਦ ਇਹ ਸੰਗੀਤ ਪ੍ਰੰਪਰਾ ਅੱਜ ਵੀ ਵਿਵਹਾਰਕ ਰੂਪ ਵਿਚ ਗਤੀਸ਼ੀਲ ਹੈ। ਭਾਰਤੀ ਸੰਗੀਤ ਦੀ ਸਨਾਤਨੀ ਜਾਂ ਸ਼ਾਸਤਰੀ ਸੰਗੀਤਕ ਪ੍ਰੰਪਰਾਵਾਂ ਜੋ ਜਨ ਸਾਧਾਰਨ ਦੀ ਪਹੁੰਚ ਤੋਂ ਪਰੇ ਦੀ ਕਲਾ ਸੀ ਨੂੰ ਗੁਰੂ ਸਾਹਿਬਨ ਨੇ ਗੁਰਮਤਿ ਸੰਗੀਤ ਦੇ ਰੂਪ ਵਿਚ ਸਰਬਲੋਕਾਈ ਦੀ ਸਾਂਝੀ ਸੰਗੀਤ ਕਲਾ ਵਜੋਂ ਪ੍ਰਗਟ ਕੀਤਾ। ਸਮਕਾਲੀ ਗੁਰਮਤਿ ਸੰਗੀਤ ਪਰੰਪਰਾ ਗਾਇਨ ਤੇ ਵਾਦਨ ਦੇ ਰੂਪ ਵਿਚ ਵਿਸ਼ਾਲ ਸਰੂਪ ਗ੍ਰਹਿਣ ਕਰ ਚੁੱਕੀ ਹੈ।





Gurdwara Nanak Darbar Sahib

126 South Cherry Street, Olathe, KS- 66061

A Granthi Singh is needed

- Expert in playing tabla
- Expert in doing kirtan
- Can read pure Path
- Knows English.
- From where received Education
- From which place he learned Santhya and Kirtan
- How many years of experience
- If there is any video, it should be attached

(913) 256-9498

Submitted Copy

gnds@kcsikh.org

suchasingh60@gmail.com

# ਤਿੰਨ ਦਹਾਕਿਆਂ ਬਾਅਦ ਵੀ ਕਾਉਂਕੇ ਪਰਿਵਾਰ ਨੂੰ ਇਨਸਾਫ ਨਾ ਮਿਲਣਾ ਸ਼ਰਮਨਾਕ: ਖਹਿਰਾ

*ਹੁਣ ਤਕ ਦੀਆਂ ਸਰਕਾਰਾਂ ਦੀ ਕੀਤੀ ਆਲੋਚਨਾ; ਭਾਈ ਕਾਉਂਕੇ ਦੇ ਪਰਿਵਾਰ ਨਾਲ ਮੁਲਾਕਾਤ ਕੀਤੀ*



ਜਗਰਾਉਂ : ਕਾਂਗਰਸੀ ਵਿਧਾਇਕ ਸੁਖਪਾਲ ਸਿੰਘ ਖਹਿਰਾ ਅੱਜ ਪਿੰਡ ਕਾਉਂਕੇ ਕਲਾਂ ਵਿਚ ਜਥੇਦਾਰ ਗੁਰਦੇਵ ਸਿੰਘ ਕਾਉਂਕੇ ਦੇ ਘਰ ਪੁੱਜੇ। ਉਨ੍ਹਾਂ ਸ੍ਰੀ ਅਕਾਲ ਤਖ਼ਤ ਦੇ ਕਾਰਜਕਾਰੀ ਜਥੇਦਾਰ ਰਹੇ ਭਾਈ ਕਾਉਂਕੇ ਨੂੰ ਕੌਮੀ ਸ਼ਹੀਦ ਦੱਸਦਿਆਂ ਇਕੱਤੀ ਸਾਲਾਂ ਦੌਰਾਨ ਸੱਤਾ ਵਿਚ ਰਹੀਆਂ ਸਿਆਸੀ ਪਾਰਟੀਆਂ ਅਤੇ ਇਨ੍ਹਾਂ ਦੀਆਂ ਸਰਕਾਰਾਂ ਨੂੰ ਇਨਸਾਫ ਨਾ ਦੇਣ ’ਤੇ ਕੋਸਿਆ। ਸੁਖਪਾਲ ਖਹਿਰਾ ਨੇ ਭਾਈ ਕਾਉਂਕੇ ਦੀ ਪਤਨੀ ਬੀਬੀ ਗੁਰਮੇਲ ਕੌਰ ਅਤੇ ਪੁੱਤਰ ਹਰੀ ਸਿੰਘ ਨਾਲ ਮੁਲਾਕਾਤ ਮਗਰੋਂ ਮੀਡੀਆ ਨਾਲ ਗੱਲਬਾਤ ਦੌਰਾਨ ਕਿਹਾ ਕਿ ਤਿੰਨ ਦਹਾਕੇ ਬੀਤਣ ’ਤੇ ਵੀ ਭਾਈ ਕਾਉਂਕੇ ਮਾਮਲੇ ਵਿਚ ਸੱਚਾਈ ਸਾਹਮਣੇ ਲਿਆ ਕੇ ਬਣਦੀ ਕਾਨੂੰਨੀ ਕਾਰਵਾਈ ਨਾ ਕਰ ਸਕਣਾ ਅਤੇ ਪਰਿਵਾਰ ਨੂੰ ਇਨਸਾਫ਼ ਨਾ ਦਿਵਾ ਸਕਣਾ ਸ਼ਰਮਨਾਕ ਹੈ। ਭਾਈ ਕਾਉਂਕੇ ਸ੍ਰੀ ਅਕਾਲ ਤਖ਼ਤ ਦੇ ਕਾਰਜਕਾਰੀ ਜਥੇਦਾਰ ਸਨ ਜਿਸ ਨੂੰ ਪੰਥਕ ਕਹਾਉਣ ਵਾਲਾ ਸ਼੍ਰੋਮਣੀ ਅਕਾਲੀ ਦਲ ਅਤੇ ਇਸ ਦੀ ਸਰਕਾਰ ਵੀ ਇਨਸਾਫ਼ ਨਹੀਂ ਦਿਵਾ ਸਕੀ। ਇਸੇ ਤਰ੍ਹਾਂ ਕਾਂਗਰਸ ਸਰਕਾਰ ਸਮੇਂ ਵੀ ਇਹ ਕੁਤਾਹੀ ਹੋਈ। ਉਨ੍ਹਾਂ ਕਿਹਾ ਕਿ ਇਸ ’ਤੇ ਕਾਰਵਾਈ ਤਾਂ ਕੀ ਕਰਨੀ ਸੀ, ਉਲਟਾ ਹੁਣ ਤਕ ਦੀਆਂ ਸਰਕਾਰਾਂ ਨੇ ਤਿਵਾੜੀ ਰਿਪੋਰਟ ਵੀ ਦਬਾਈ ਰੱਖੀ। ਖਹਿਰਾ ਨੇ ਕਿਹਾ ਕਿ ਚੰਦ ਅਫ਼ਸਰਾਂ ਨੂੰ ਬਚਾਉਣ ਲਈ ਪਰਿਵਾਰ ਨਾਲ ਨਾਇਨਸਾਫ਼ੀ ਕੀਤੀ ਗਈ ਅਤੇ ਕਾਨੂੰਨ ਨੂੰ ਛਿੱਕੇ ਟੰਗਿਆ ਗਿਆ। ਸ਼ਹੀਦ ਭਗਤ ਸਿੰਘ ਅਤੇ ਡਾ. ਬੀ ਆਰ ਅੰਬੇਡਕਰ ਦੀਆਂ ਤਸਵੀਰਾਂ ਲਾਉਣ ਵਾਲੇ ਮੁੱਖ ਮੰਤਰੀ ਭਗਵੰਤ ਮਾਨ ਤੇ ਉਨ੍ਹਾਂ ਦੀ ਸਰਕਾਰ ਨੇ ਵੀ ਇਸ ਮਾਮਲੇ ’ਚ ਕੁਝ ਨਹੀਂ ਕੀਤਾ। ਉਨ੍ਹਾਂ ਰੋਸ ਜ਼ਾਹਿਰ ਕੀਤਾ ਕਿ ਤਿਵਾੜੀ ਰਿਪੋਰਟ ਜਨਤਕ ਹੋਣ ਮਗਰੋਂ ਅਤੇ ਰੌਲਾ ਪੈਣ ਦੇ ਬਾਵਜੂਦ ਹਾਲੇ ਤਕ ਕੋਈ ਸਰਕਾਰੀ ਨੁਮਾਇੰਦਾ ਜਾਂ ਮੰਤਰੀ ਜਥੇਦਾਰ ਕਾਉਂਕੇ ਦੇ ਪਰਿਵਾਰ ਕੋਲ ਨਹੀਂ ਪਹੁੰਚਿਆ। ਕਾਂਗਰਸੀ ਆਗੂ ਨੇ ਕਿਹਾ ਕਿ ਜੇਕਰ ਮੌਕਾ ਮਿਲਿਆ ਤਾਂ ਉਹ ਮਾਮਲਾ ਵਿਧਾਨ ਸਭਾ ’ਚ ਚੁੱਕਣਗੇ। ਉਨ੍ਹਾਂ ਕੈਪਟਨ ਅਮਰਿੰਦਰ ਸਿੰਘ ’ਤੇ ਵੀ ਦੋ ਵਾਰ ਮੁੱਖ ਮੰਤਰੀ ਬਣਨ ਦੇ ਬਾਵਜੂਦ ਭਾਈ ਕਾਉਂਕੇ ਦੇ ਮਾਮਲੇ ’ਚ ਇਨਸਾਫ਼ ਨਾ ਦਿਵਾਉਣ ਦੇ ਦੋਸ਼ ਲਾਏ। ਉਨ੍ਹਾਂ ਦੇਸ਼ ਅੰਦਰ ਲਿਆਂਦੇ ਜਾ ਰਹੇ ਕਾਲੇ ਕਾਨੂੰਨਾਂ ਦੀ ਤਿੱਖੀ ਆਲੋਚਨਾ ਕਰਦਿਆਂ ਇਨ੍ਹਾਂ ਨੂੰ ਘੱਟ ਗਿਣਤੀਆਂ ਲਈ ਘਾਤਕ ਦੱਸਿਆ। ਉਨ੍ਹਾਂ ਵਿਦੇਸ਼ਾਂ ’ਚ ਸਿੱਖ ਆਗੂਆਂ ਦੇ ਕਤਲਾਂ ਦਾ ਮੁੱਦਾ ਚੁੱਕਦਿਆਂ ਇਸ ਬਾਰੇ ਵੀ ਮੁੱਖ ਮੰਤਰੀ ਭਗਵੰਤ ਮਾਨ ਵਲੋਂ ਕੁਝ ਨਾ ਬੋਲਣ ਦੀ ਨਿਖੇਧੀ ਕੀਤੀ। ਇਸ ਮੌਕੇ ਹਲਕਾ ਇੰਚਾਰਜ ਜਗਤਾਰ ਸਿੰਘ ਜੱਗਾ ਹਿੱਸੋਵਾਲ, ਸਾਬਕਾ ਵਿਧਾਇਕ ਸੁਖਜੀਤ ਸਿੰਘ ਕਾਕਾ ਲੋਹਗੜ੍ਹ, ਬਲਾਕ ਪ੍ਰਧਾਨ ਹਰਪ੍ਰੀਤ ਸਿੰਘ ਧਾਲੀਵਾਲ, ਨਵਦੀਪ ਗਰੇਵਾਲ, ਬਿੰਦਰ ਮਨੀਲਾ, ਸਰਪ੍ਰੀਤ ਸਿੰਘ ਕਾਉਂਕੇ ਆਦਿ ਮੌਜੂਦ ਸਨ।

# ਭਗਵੰਤ ਮਾਨ ਖ਼ਿਲਾਫ਼ ਬੋਲਣ ਦੀ ਸਜ਼ਾ ਮੇਰੀ ਭੈਣ ਨੂੰ ਦਿੱਤੀ ਗਈ: ਖਹਿਰਾ

*ਖਹਿਰਾ ਦੀ ਰੈਲੀ ਵਿੱਚ ਸਤੌਜ ਤੇ ਭਵਾਨੀਗੜ੍ਹ ਤੋਂ ਵੀ ਪੁੱਜੇ ਲੋਕ; ਜਗੀਰ ਕੌਰ ਤੇ ਬਿਕਰਮ ਮਜੀਠੀਆ ਦੇ ਹੱਕ ’ਚ ਖੜ੍ਹਨ ਦਾ ਐਲਾਨ*

ਭੁਲੱਥ : ਵਿਧਾਇਕ ਸੁਖਪਾਲ ਸਿੰਘ ਖਹਿਰਾ ਨੇ ਅੱਜ ਆਪਣੇ ਪਿੰਡ ਰਾਮਗੜ੍ਹ ਦੀ ਦਾਣਾ ਮੰਡੀ ਵਿੱਚ ਇੱਕ ਰੈਲੀ ਨੂੰ ਸੰਬੋਧਨ ਕੀਤਾ। ਇਸ ਰੈਲੀ ਵਿੱਚ ਹਲਕਾ ਵਾਸੀਆਂ ਸਮੇਤ ਬਠਿੰਡਾ, ਅਟਾਰੀ, ਸਤੌਜ ਤੇ ਭਵਾਨੀਗੜ੍ਹ ਤੋਂ ਆਏ ਲੋਕਾਂ ਨਾਲ ਜਲੰਧਰ ਤੋਂ ਕਾਂਗਰਸੀ ਵਿਧਾਇਕ ਬਾਵਾ ਹੈਨਰੀ, ਆਦਮਪੁਰ ਦੇ ਵਿਧਾਇਕ ਸੁਖਵਿੰਦਰ ਕੋਟਲੀ ਤੇ ਨਵਤੇਜ ਸਿੰਘ ਚੀਮਾ ਵੀ ਸ਼ਾਮਲ ਹੋਏ। ਸ੍ਰੀ ਖਹਿਰਾ ਨੇ ਬਾਦਲ ਸਰਕਾਰ ਵੱਲੋਂ ਉਨ੍ਹਾਂ ਦੇ ਪਿਤਾ ਸੁਖਜਿੰਦਰ ਸਿੰਘ ਨਾਲ ਕੀਤੀਆਂ ਗਈਆਂ ਜ਼ਿਆਦਤੀਆਂ ਅਤੇ ਖੁਦ ਦੇ ਜੇਲ੍ਹ ਬਾਰੇ ਤਜਰਬੇ ਬਾਰੇ ਗੱਲਬਾਤ ਕਰਦਿਆਂ ਮਾਨ ਸਰਕਾਰ ’ਤੇ ਉਨ੍ਹਾਂ ਨਾਲ ਤੇ ਉਨ੍ਹਾਂ ਦੇ ਹਲਕਾ ਵਸੀਆਂ ਨਾਲ ਧੱਕਾ ਕਰਨ ਦਾ ਦੋਸ਼ ਲਾਇਆ ਹੈ।

ਉਨ੍ਹਾਂ ਕਿਹਾ ਕਿ ਭਗਵੰਤ ਮਾਨ ਦੇ ਪਰਿਵਾਰ ਖ਼ਿਲਾਫ਼ ਬੋਲਣ ਦੀ ਸਜ਼ਾ ਉਨ੍ਹਾਂ ਦੀ (ਮੇਰੀ) ਭੈਣ ਨੂੰ ਵੀ ਭੁਗਤਣੀ ਪਈ ਕਿਉਂਕਿ ਉਨ੍ਹਾਂ ’ਤੇ ਕੇਸ ਦਰਜ ਕੀਤਾ ਗਿਆ। ਉਨ੍ਹਾਂ ਬੀਬੀ ਜਗੀਰ ਕੌਰ, ਬਿਕਰਮ ਮਜੀਠੀਆ, ਸਿਮਰਨਜੀਤ ਸਿੰਘ ਮਾਨ, ਸੁਨੀਲ ਜਾਖੜ ਤੇ ਆਪਣੇ ਸੰਸਦ ਮੈਂਬਰਾਂ ਤੇ ਹਲਕਾ ਵਾਸੀਆਂ ਦਾ ਧੰਨਵਾਦ ਕੀਤਾ, ਜਿਨ੍ਹਾਂ ਉਨ੍ਹਾਂ ਦੇ ਹੱਕ ਵਿੱਚ ਹਾਅ ਦਾ ਨਾਅਰਾ ਮਾਰਿਆ ਹੈ। ਇਸ ਦੇ ਨਾਲ ਹੀ ਖਹਿਰਾ ਨੇ ਪਿਛਲੇ ਸਮੇਂ ਦੌਰਾਨ ਬੀਬੀ ਜਗੀਰ ਕੌਰ ਨਾਲ ਹੋਈਆਂ ਜ਼ਿਆਦਤੀਆਂ ਲਈ ਉਨ੍ਹਾਂ ਤੋਂ ਮੁਆਫ਼ੀ ਮੰਗਦਿਆਂ ਸ਼੍ਰੋਮਣੀ ਕਮੇਟੀ ਦੀ ਚੋਣ ਵਿੱਚ ਉਨ੍ਹਾਂ ਦੀ ਮਦਦ ਕਰਨ ਦਾ ਐਲਾਨ ਕੀਤਾ। ਖਹਿਰਾ ਨੇ ਕਿਹਾ ਕਿ ਜੇਕਰ ਮਾਨ ਸਰਕਾਰ ਮਜੀਠੀਆ ਵਿਰੁੱਧ ਕੋਈ ਪਰਚਾ ਦਰਜ ਕਰਦੀ ਹੈ ਤਾਂ ਉਹ ਡਟ ਕੇ ਮਜੀਠੀਆ ਦਾ ਸਾਥ ਦੇਣਗੇ।



## ਜੇਕਰ ਸਿੱਖਾਂ ਦੀ ਗੱਲ ਨਾ ਕੀਤੀ ਤਾਂ ਅਕਾਲੀ ਤੇ ਕਾਂਗਰਸੀ ਕਦੇ ਸੱਤਾ ’ਚ ਨਹੀਂ ਆਉਣਗੇ: ਖਹਿਰਾ

ਇਸ ਦੌਰਾਨ ਕਾਂਗਰਸ ਤੇ ਅਕਾਲੀ ਦਲ ਬਾਰੇ ਗੱਲ ਕਰਦਿਆਂ ਸੁਖਪਾਲ ਸਿੰਘ ਖਹਿਰਾ ਨੇ ਕਿਹਾ ਕਿ ਜੇਕਰ ਇਹ ਦੋਵੇਂ ਪਾਰਟੀਆਂ ਪੰਜਾਬ ਵਿੱਚ ਸਿੱਖ ਮਸਲਿਆਂ ਅਤੇ ਸਿੱਖ ਨੌਜਵਾਨਾਂ ਦੀਆਂ ਸਮੱਸਿਆਵਾਂ ਬਾਰੇ ਗੱਲ ਨਹੀਂ ਕਰਨਗੀਆਂ ਤਾਂ ਇਹ ਕਦੇ ਵੀ ਸੱਤਾਂ ਵਿੱਚ ਨਹੀਂ ਆ ਸਕਣਗੀਆਂ। ਸ੍ਰੀ ਖਹਿਰਾ ਨੇ ਇਸ ਮੌਕੇ ਪੰਜਾਬ ਸਰਕਾਰ ’ਤੇ ਦੋਸ਼ ਲਾਇਆ ਕਿ ਦੂਜੇ ਰਾਜਾਂ ਵਾਂਗ ਪੰਜਾਬ ਵਿੱਚ ਸੂਬੇ ਤੋਂ ਬਾਹਰਲੇ ਲੋਕਾਂ ਦੇ ਜ਼ਮੀਨ ਖਰੀਦਣ ’ਤੇ ਪਾਬੰਦੀ ਲਾਉਣ ਸਬੰਧੀ ਕੋਈ ਕਾਰਵਾਈ ਨਹੀਂ ਕੀਤੀ ਜਾ ਰਹੀ।

# ਰੁਜ਼ਗਾਰ ਮੰਗਣ ਵਾਲਿਆਂ ਨੂੰ ਮਿਲਦੀਆਂ ਨੇ ਡਾਗਾਂ: ਨਵਜੋਤ ਸਿੱਧੂ


*ਮੋਗਾ ਰੈਲੀ ਵਿੱਚ ਪੰਜਾਬ ਦੇ ਮੁੱਦਿਆਂ ’ਤੇ ਭਗਵੰਤ ਮਾਨ ਨੂੰ ਬਹਿਸ ਦੀ ਚੁਣੌਤੀ*


ਮੋਗਾ : ਪੰਜਾਬ ਕਾਂਗਰਸ ਦੇ ਸਾਬਕਾ ਸੂਬਾ ਪ੍ਰਧਾਨ ਨਵਜੋਤ ਸਿੱਧੂ ਵੱਲੋਂ ‘ਜਿੱਤੇਗਾ ਪੰਜਾਬ, ਜਿੱਤੇਗੀ ਕਾਂਗਰਸ’ ਤਹਿਤ ਮੋਗਾ ਵਿੱਚ ਰੈਲੀ ਕੀਤੀ ਗਈ ਜਿਸ ਵਿਚ ਉਨ੍ਹਾਂ ਮੁੱਖ ਮੰਤਰੀ ਭਗਵੰਤ ਮਾਨ ਤੇ ‘ਆਪ’ ਸੁਪਰੀਮੋ ਕੇਜਰੀਵਾਲ ’ਤੇ ਨਿਸ਼ਾਨੇ ਸਾਧੇ। ਸ੍ਰੀ ਸਿੱਧੂ ਨੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਸੂਬੇ ’ਚ ਅਮਨ-ਕਾਨੂੰਨ, ਬੇਰੁਜ਼ਗਾਰੀ ਅਤੇ ਰੇਤ ਮਾਫ਼ੀਆ ਦੇ ਮਾਮਲੇ ’ਤੇ ਘੇਰਿਆ।

ਉਨ੍ਹਾਂ ਪੰਜਾਬ ਦੇ ਮੁੱਦਿਆਂ ਉੱਤੇ ਮੁੱਖ ਮੰਤਰੀ ਨੂੰ ਖੁੱਲ੍ਹੀ ਬਹਿਸ ਦੀ ਚੁਣੌਤੀ ਦਿੱਤੀ। ਉਨ੍ਹਾਂ ਪੰਜਾਬ ਦੀ ਮੌਜੂਦਾ ਸਰਕਾਰ ਨੂੰ ਕਰੜੇ ਹੱਥੀ ਲੈਂਦਿਆਂ ਕਿਹਾ ਕਿ ਜਿਹੜੇ ਮੁੱਖ ਮੰਤਰੀ ਲੋਕ ਮੁੱਦਿਆਂ ਦੀ ਗੱਲ ਕਰਦੇ ਸਨ, ਉਹ ਅੱਜ ਖੁਦ 150 ਗੱਡੀਆਂ ਦੇ ਕਾਫਲੇ ਨਾਲ ਨਿਕਲਦੇ ਹਨ ਜਿਸ ਨਾਲ ਪੈਸੇ ਦੀ ਦੁਰਵਰਤੋਂ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਇਸ ਵੇਲੇ ਪੰਜਾਬ ਕੰਗਾਲ ਹੋ ਰਿਹਾ ਹੈ ਅਤੇ ਕਰਜ਼ੇ ਦੀ ਮਾਰ ਹੇਠ ਦੱਬਿਆ ਪਿਆ ਹੈ। ਸੂਬੇ ਦੀ ਹਾਲਤ ਇਹ ਹੈ ਕਿ ਰੁਜ਼ਗਾਰ ਮੰਗ ਰਹੇ ਨੌਜਵਾਨਾਂ ਉੱਤੇ ਡਾਂਗਾਂ ਵਰ੍ਹਾਈਆਂ ਜਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਅੱਜ ਪੰਜਾਬ ਨੂੰ ਬਚਾਉਣ ਲਈ ਮੌਜੂਦਾ ਪ੍ਰਣਾਲੀ ਨੂੰ ਬਦਲਣ ਦੀ ਲੋੜ ਹੈ ਕਿਉਂਕਿ ਪੰਜਾਬ ਦੇ ਹਾਲਾਤ ਮਾੜੇ ਹੁੰਦੇ ਜਾ ਰਹੇ ਹਨ। ਉਨ੍ਹਾਂ ‘ਆਪ’ ਸੁਪਰੀਮੋ ਕੇਜਰੀਵਾਲ ’ਤੇ ਈਡੀ ਸਾਹਮਣੇ ਪੇਸ਼ ਹੋਣ ਤੋਂ ਬਹਾਨੇਬਾਜ਼ੀ ਕਰਨ ਉੱਤੇ ਵੀ ਨਿਸ਼ਾਨਾ ਸੇਧਿਆ। ਉਨ੍ਹਾਂ ਆਪਣੇ ਅੰਦਾਜ਼ ’ਚ ਕੇਂਦਰ ਉੱਤੇ ਨਿਸ਼ਾਨਾ ਸੇਧਦਿਆਂ ਕਿਹਾ ਕਿ ਕਿਸੇ ਨੂੰ ਈਡੀ ਦਾ ਫੋਨ ਆਉਂਦਾ ਹੈ ਤਾਂ ਉਹ ਭਾਜਪਾ ’ਚ ਸ਼ਾਮਲ ਹੋਣ ਦੀ ਗੱਲ ਆਖ ਕੇ ਖਹਿੜਾ ਛੁਡਵਾ ਲੈਂਦਾ ਹੈ। ਉਨ੍ਹਾਂ ਆਪਣਾ ਵਿਰੋਧ ਕਰਨ ਵਾਲੇ ਆਗੂਆਂ ਦਾ ਨਾਂ ਲਏ ਬਿਨਾਂ ਕਿਹਾ ਕਿ ਕਾਂਗਰਸ ਨੂੰ ਬੱਬਰ ਸ਼ੇਰਾਂ ਦੀ ਲੋੜ ਹੈ। ਉਨ੍ਹਾਂ ਇਹ ਵੀ ਜ਼ੋਰ ਦੇ ਕੇ ਕਿਹਾ ਕਿ ਉਹ ਕਾਂਗਰਸੀ ਸਨ ਅਤੇ ਕਾਂਗਰਸੀ ਹੀ ਮਰਨਗੇ। ਉਨ੍ਹਾਂ ਆਪਣਾ ਵਿਰੋਧ ਕਰਨ ਵਾਲਿਆਂ ਨੂੰ ਇਥੇ ਹੋਏ ਇਕੱਠ ਬਾਰੇ ਵੀ ਅਹਿਸਾਸ ਕਰਵਾਇਆ। ਇਸ ਮੌਕੇ ਸਾਬਕਾ ਮੰਤਰੀ ਲਾਲ ਸਿੰਘ, ਨਾਜਰ ਸਿੰਘ ਮਾਨਸ਼ਾਹੀਆ, ਸੁਰਜੀਤ ਸਿੰਘ ਧੀਮਾਨ, ਕਾਕਾ ਰਾਜਿੰਦਰ ਸਿੰਘ, ਮਹੇਸ਼ਇੰਦਰ ਸਿੰਘ, ਜਗਦੇਵ ਸਿੰਘ ਕਮਾਲੂ (ਸਾਬਕਾ ਵਿਧਾਇਕ) ਤੇ ਹੋਰ ਕਾਂਗਰਸੀ ਆਗੂ ਮੌਜੂਦ ਸਨ।



# ਸੰਜੇ ਸਿੰਘ ਤੇ ਸਿਸੋਦੀਆ ਦੀ ਨਿਆਂਇਕ ਹਿਰਾਸਤ 3 ਫਰਵਰੀ ਤੱਕ ਵਧੀ





ਨਵੀਂ ਦਿੱਲੀ: ਦਿੱਲੀ ਆਬਕਾਰੀ ‘ਘੁਟਾਲੇ’ ਨਾਲ ਸਬੰਧਤ ਮਨੀ ਲਾਂਡਰਿੰਗ ਕੇਸ ਵਿਚ ਦਿੱਲੀ ਦੀ ਅਦਾਲਤ ਨੇ ਅੱਜ ‘ਆਪ’ ਆਗੂਆਂ ਸੰਜੇ ਸਿੰਘ ਤੇ ਮਨੀਸ਼ ਸਿਸੋਦੀਆ ਦੀ ਨਿਆਂਇਕ ਹਿਰਾਸਤ 3 ਫਰਵਰੀ ਤੱਕ ਵਧਾ ਦਿੱਤੀ ਹੈ। ਦੋਵੇਂ ਆਗੂ ਅੱਜ ਤਿਹਾੜ ਜੇਲ੍ਹ ਵਿਚੋਂ ਵੀਡੀਓ ਕਾਨਫਰੰਸਿੰਗ ਰਾਹੀਂ ਪੇਸ਼ ਹੋਏ। ਅਦਾਲਤ ਨੇ ਸੰਜੇ ਸਿੰਘ ਦੇ ਕਰੀਬੀ ਸਾਥੀ ਤੇ ਕੇਸ ਦੇ ਮੁਲਜ਼ਮ ਸਰਵੇਸ਼ ਮਿਸ਼ਰਾ ਦੀ ਜ਼ਮਾਨਤ ਅਰਜ਼ੀ ਉਤੇ ਫੈਸਲਾ ਰਾਖਵਾਂ ਰੱਖ ਲਿਆ। ਇਸ ਅਰਜ਼ੀ ਉਤੇ ਫੈਸਲਾ 24 ਜਨਵਰੀ ਨੂੰ ਸੁਣਾਇਆ ਜਾਵੇਗਾ। ਸੰਜੇ ਸਿੰਘ ਤੇ ਸਿਸੋਦੀਆ ਨੂੰ ਅੱਜ ਉਨ੍ਹਾਂ ਦੀ ਪਿਛਲੀ ਨਿਆਂਇਕ ਹਿਰਾਸਤ ਖ਼ਤਮ ਹੋਣ ’ਤੇ ਅਦਾਲਤ ਵਿਚ ਪੇਸ਼ ਕੀਤਾ ਗਿਆ ਸੀ। ਸਬੰਧਤ ਅਧਿਕਾਰੀਆਂ ਨੇ ਅਦਾਲਤ ਨੂੰ ਦੱਸਿਆ ਕਿ ਮੁਲਜ਼ਮਾਂ ਨੂੰ ਸੁਰੱਖਿਆ ਕਾਰਨਾਂ ਕਰ ਕੇ ਵਿਅਕਤੀਗਤ ਤੌਰ ਉਤੇ ਪੇਸ਼ ਨਹੀਂ ਕੀਤਾ ਜਾ ਸਕਦਾ।

# ਬੀਬੀ ਪਰਨੀਤ ਕੌਰ ਸਸਪੈਂਡ, ਰਾਜਾ ਵੜਿੰਗ ਨੇ ਕਿਹਾ- ਨਹੀਂ ਹੋਣਗੇ ਪਟਿਆਲਾ ਤੋਂ ਪਾਰਟੀ ਦੇ ਉਮੀਦਵਾਰ

ਪਟਿਆਲਾ : ਜਿੰਨੀ ਦੇਰ ਕੋਈ ਕਾਂਗਰਸ ’ਚ ਹੈ, ਜੇ ਨਿੱਜੀ ਵਿਚਾਰ ਰੱਖਣੇ ਹਨ ਤਾਂ ਪਾਰਟੀ ਨੂੰ ਇਕ ਪਾਸੇ ਰੱਖ ਕੇ ਕਿਸੇ ਵੀ ਮੰਚ ’ਤੇ ਰੱਖ ਸਕਦਾ ਹੈ। ਪਰਨੀਤ ਕੌਰ ਨੂੰ ਪਾਰਟੀ ’ਚੋਂ ਸਸਪੈਂਡ ਕੀਤਾ ਹੋਇਆ ਹੈ, ਸਸਪੈਂਡ ਤੇ ਪਾਰਟੀ ’ਚੋਂ ਕੱਢਣ ’ਚ ਕੋਈ ਫਰਕ ਨਹੀਂ ਹੁੰਦਾ। ਪਰਨੀਤ ਕੌਰ ਪਟਿਆਲਾ ਦੀ ਉਮੀਦਵਾਰ ਨਹੀਂ ਹੋਣਗੇ। ਇਹ ਗੱਲ ਕਾਂਗਰਸ ਪਾਰਟੀ ਸੂਬਾ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਪਟਿਆਲਾ ਵਿਖੇ ਵਰਕਰ ਮਿਲਣੀ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਕਹੀ। ਵੜਿੰਗ ਨੇ ਕਿਹਾ ਕਿ ਜਿਹੜਾ ਵੀ ਪਾਰਟੀ ’ਚ ਖਰਾਬੀ ਕਰੇਗਾ, ਉਸਨੂੰ ਸਿਰਫ਼ ਨੋਟਿਸ ਨਹੀਂ ਜਾਵੇਗਾ ਸਗੋਂ ਪਾਰਟੀ ’ਚੋਂ ਬਾਹਰ ਕੱਢਿਆ ਜਾਵੇਗਾ ਤੇ ਇਹ ਚਿਤਾਵਨੀ ਮੇਰੇ ਸਮੇਤ ਹਰ ਕਿਸੇ ਲਈ ਹੈ। ਰਾਜਾ ਵੜਿੰਗ ਨੇ ਕਿਹਾ ਕਿ ਪਾਰਟੀ ਤੋਂ ਵੱਡਾ ਕੋਈ ਨਹੀਂ ਹੈ, ਜਿਸ ਨੇ ਆਪਣਾ ਕੰਮ ਚਲਾਉਣਾ ਹੈ, ਉਹ ਪੰਜੇ ਦਾ ਨਿਸ਼ਾਨ ਲਗਾਏ ਬਿਨਾਂ ਆਪਣਾ ਕੰਮ ਚਲਾਵੇ।





# ਬਿਲਕੀਸ ਬਾਨੋ ਕੇਸ: ਸਾਰੇ ਦੋਸ਼ੀਆਂ ਵੱਲੋਂ ਗੋਧਰਾ ਜੇਲ੍ਹ ਵਿੱਚ ਸਮਰਪਣ

ਗੋਧਰਾ : ਬਿਲਕੀਸ ਬਾਨੋ ਕੇਸ ਦੇ ਸਾਰੇ 11 ਦੋਸ਼ੀਆਂ ਨੇ ਐਤਵਾਰ ਅੱਧੀ ਰਾਤ ਤੋਂ ਕੁਝ ਸਮਾਂ ਪਹਿਲਾਂ ਗੁਜਰਾਤ ਦੀ ਗੋਧਰਾ ਸਬ ਜੇਲ੍ਹ ਵਿਚ ਸਮਰਪਣ ਕਰ ਦਿੱਤਾ। ਦੱਸਣਯੋਗ ਹੈ ਕਿ ਸੁਪਰੀਮ ਕੋਰਟ ਨੇ ਦੋਸ਼ੀਆਂ ਨੂੰ ਜੇਲ੍ਹ ਪ੍ਰਸ਼ਾਸਨ ਅੱਗੇ ਪੇਸ਼ ਹੋਣ ਲਈ 21 ਜਨਵਰੀ ਤੱਕ ਦਾ ਸਮਾਂ ਦਿੱਤਾ ਸੀ। ਸਥਾਨਕ ਅਪਰਾਧ ਸ਼ਾਖਾ ਦੇ ਅਧਿਕਾਰੀਆਂ ਨੇ ਦੱਸਿਆ ਕਿ 11 ਦੋਸ਼ੀ ਐਤਵਾਰ ਦੇਰ ਰਾਤ ਜੇਲ੍ਹ ਪ੍ਰਸ਼ਾਸਨ ਅੱਗੇ ਸਮਰਪਣ ਲਈ ਪੇਸ਼ ਹੋਏ। ਜ਼ਿਕਰਯੋਗ ਹੈ ਕਿ ਸਿਖਰਲੀ ਅਦਾਲਤ ਨੇ 8 ਜਨਵਰੀ ਨੂੰ ਇਨ੍ਹਾਂ ਦੋਸ਼ੀਆਂ ਦੀ ਸਜ਼ਾ ਮੁਆਫੀ ਰੱਦ ਕਰ ਦਿੱਤੀ ਸੀ। ਇਨ੍ਹਾਂ ਦੀ ਸਜ਼ਾ ਗੁਜਰਾਤ ਸਰਕਾਰ ਵੱਲੋਂ ਮੁਆਫ ਕੀਤੀ ਗਈ ਸੀ। ਸਿਖਰਲੀ ਅਦਾਲਤ ਨੇ ਇਸ ਮਾਮਲੇ ਵਿਚ ਰਾਜ ਸਰਕਾਰ ਦੀ ਖਿਚਾਈ ਵੀ ਕੀਤੀ ਸੀ। ਸੁਪਰੀਮ ਕੋਰਟ ਨੇ ਹੁਕਮ ਦਿੱਤਾ ਸੀ ਕਿ 2022 ਵਿਚ ਆਜ਼ਾਦੀ ਦਿਹਾੜੇ 'ਤੇ ਸਜ਼ਾ ਪੂਰੀ ਹੋਣ ਤੋਂ ਪਹਿਲਾਂ ਛੱਡੇ ਗਏ ਦੋਸ਼ੀਆਂ ਨੂੰ ਦੋ ਹਫ਼ਤਿਆਂ ਦੇ ਅੰਦਰ ਮੁੜ ਜੇਲ੍ਹ ਭੇਜਿਆ ਜਾਵੇ। ਇਸ ਤੋਂ ਪਹਿਲਾਂ ਇਹ ਸਾਰੇ 14 ਸਾਲ ਜੇਲ੍ਹ ਵਿਚ ਬਿਤਾ ਚੁੱਕੇ ਸਨ। ਅਦਾਲਤ ਨੇ ਸ਼ੁੱਕਰਵਾਰ ਦੋਸ਼ੀਆਂ ਦੀ ਉਹ ਅਪੀਲ ਖਾਰਜ ਕਰ ਦਿੱਤੀ ਸੀ ਜਿਸ ਵਿਚ ਉਨ੍ਹਾਂ ਸਮਰਪਣ ਲਈ ਹੋਰ ਸਮਾਂ ਮੰਗਿਆ ਸੀ। ਬਿਲਕੀਸਉਸ ਵੇਲੇ 21 ਵਰ੍ਹਿਆਂ ਦੀ ਸੀ ਜਦੋਂ ਇਨ੍ਹਾਂ 11 ਜਣਿਆਂ ਨੇ ਉਸ ਨਾਲ ਸਮੂਹਿਕ ਜਬਰ-ਜਨਾਹ ਕੀਤਾ ਸੀ। ਬਾਨੋ ਦੇ ਪਰਿਵਾਰ ਦੇ ਸੱਤ ਮੈਂਬਰਾਂ ਦੀ 2002 ਦੇ ਗੁਜਰਾਤ ਦੰਗਿਆਂ ਦੌਰਾਨ ਹੱਤਿਆ ਵੀ ਕਰ ਦਿੱਤੀ ਗਈ ਸੀ। ਇਸ ਮਾਮਲੇ ਦੇ 11 ਦੋਸ਼ੀਆਂ 'ਚ ਬਾਕਾ ਭਾਈ ਵੋਹਾਨੀਆ, ਬਿਪਿਨ ਚੰਦਰ ਜੋਸ਼ੀ, ਕੇਸਰ ਭਾਈ ਵੋਹਾਨੀਆ, ਗੋਵਿੰਦ, ਜਸਵੰਤ, ਮਿਤੇਸ਼ ਭੱਟ, ਪ੍ਰਦੀਪ ਮੋਰਧੀਆ, ਰਾਧੇ ਸ਼ਿਆਮ ਸ਼ਾਹ, ਰਾਜੂ ਭਾਈ ਸੋਨੀ, ਰਮੇਸ਼ ਅਤੇ



ਸ਼ੈਲੇਸ਼ ਭੱਟ ਸ਼ਾਮਲ ਹਨ। 11 ਅਗਸਤ 2022 ਨੂੰ ਗੁਜਰਾਤ ਸਰਕਾਰ ਨੇ 1992 ਦੀ ਨੀਤੀ ਤਹਿਤ ਉਮਰ ਕੈਦ ਦੀ ਸਜ਼ਾਯਾਫਤਾ ਸਾਰੇ 11 ਦੋਸ਼ੀਆਂ ਨੂੰ ਸਮੇਂ ਤੋਂ ਪਹਿਲਾਂ ਜੇਲ੍ਹ ਤੋਂ ਰਿਹਾਅ ਕਰ ਦਿੱਤਾ ਸੀ। ਦੋਸ਼ੀਆਂ ਦੀ ਇਹ ਰਿਹਾਈ ਜੇਲ੍ਹ ਦੀ ਸਜ਼ਾ ਦੌਰਾਨ ਚੰਗਾ ਆਚਰਨ ਅਪਣਾਉਣ ਦੇ ਆਧਾਰ 'ਤੇ ਕੀਤੀ ਗਈ ਸੀ। ਇਹ ਸਾਰੇ ਦੋਸ਼ੀ ਦਹੋੜ ਜ਼ਿਲ੍ਹੇ ਦੇ ਸਿੰਗਵਾੜ ਤੇ ਰਣਧੀਕਪੁਰ ਪਿੰਡਾਂ ਦੇ ਰਹਿਣ ਵਾਲੇ ਹਨ। ਸਜ਼ਾ ਮੁਆਫੀ ਦੇ ਹੁਕਮ ਰੱਦ ਕਰਦਿਆਂ ਸੁਪਰੀਮ ਕੋਰਟ ਨੇ ਫ਼ੈਸਲਾ ਸੁਣਾਇਆ ਸੀ ਕਿ ਗੁਜਰਾਤ ਸਰਕਾਰ ਕੋਲ ਦੋਸ਼ੀਆਂ ਨੂੰ ਸਮੇਂ ਤੋਂ ਪਹਿਲਾਂ ਰਿਹਾਅ ਕਰਨ ਦਾ ਕੋਈ ਅਧਿਕਾਰ ਖੇਤਰ ਨਹੀਂ ਹੈ ਕਿਉਂਕਿ ਕੇਸ ਦੀ ਸੁਣਵਾਈ ਮਹਾਰਾਸ਼ਟਰ 'ਚ ਹੋਈ ਸੀ। ਸੁਪਰੀਮ ਕੋਰਟ ਦੇ ਹੁਕਮਾਂ ਤੋਂ ਬਾਅਦ ਮੁਲਜ਼ਮਾਂ ਨੇ ਸਿਖਰਲੀ ਅਦਾਲਤ ਕੋਲ ਪਹੁੰਚ ਕਰਕੇ ਆਤਮ-ਸਮਰਪਣ ਕਰਨ ਲਈ ਹੋਰ ਸਮੇਂ ਦੀ ਮੰਗ ਕੀਤੀ ਸੀ ਤੇ ਇਸ ਲਈ ਵੱਖ ਵੱਖ ਕਾਰਨਾਂ ਦਾ ਹਵਾਲਾ ਦਿੱਤਾ ਸੀ। ਸੁਪਰੀਮ ਕੋਰਟ ਨੇ ਹਾਲਾਂਕਿ ਇਹ ਕਹਿੰਦਿਆਂ ਦੋਸ਼ੀਆਂ ਦੀਆਂ ਅਰਜ਼ੀਆਂ ਰੱਦ ਕਰ ਦਿੱਤੀਆਂ ਕਿ ਉਨ੍ਹਾਂ ਦੇ ਕਾਰਨਾਂ ਵਿੱਚ ਦਮ ਨਹੀਂ ਹੈ।

# ਮਿਹਨਤ ਦਾ ਰੰਗ: ਕਿਉਂ ਜਾਈਏ ਪ੍ਰਦੇਸ ਸਾਡੀ ਘਰੇ ਨੌਕਰੀ

## 'ਸਟੱਡੀ ਵੀਜ਼ੇ' ਦੇ ਦੌਰ ਵਿੱਚ ਸਰਕਾਰੀ ਨੌਕਰੀਆਂ ਹਾਸਲ ਕਰਕੇ ਬਣੇ ਮਿਸਾਲ

ਚੰਡੀਗੜ੍ਹ : ਪੰਜਾਬ ਵਿੱਚ ਵਿਦੇਸ਼ ਉਡਾਰੀ ਮਾਰਨ ਦੇ ਇਸ ਦੌਰ ਵਿੱਚ ਕਈ ਨੌਜਵਾਨ ਅਜਿਹੇ ਵੀ ਹਨ, ਜੋ ਆਪਣੀ ਮਿਹਨਤ ਤੇ ਲਗਨ ਸਦਕਾ ਸਰਕਾਰੀ ਨੌਕਰੀਆਂ ਪ੍ਰਾਪਤ ਕਰਕੇ ਇਥੇ ਹੀ ਆਪਣਾ ਕੈਨੇਡਾ/ਅਮਰੀਕਾ ਸਿਰਜਣ ਵਿੱਚ ਕਾਮਯਾਬ ਹੋਏ ਹਨ। ਇਸ ਦੀ ਇੱਕ ਮਿਸਾਲ ਮਾਨਸਾ ਦਾ ਨੌਜਵਾਨ ਮਨਦੀਪ ਸਿੰਘ ਹੈ ਜਿਸ ਨੇ ਜਿਹੜੀ ਨੌਕਰੀ ਚਾਹੀ ਉਸ ਨੂੰ ਹਾਸਲ ਵੀ ਕੀਤਾ। ਮਨਦੀਪ ਸਿੰਘ ਇਸ ਵੇਲੇ ਲੌਂਗੋਵਾਲ ਦੀ ਸਬ-ਤਹਿਸੀਲ 'ਚ ਨਾਇਬ ਤਹਿਸੀਲਦਾਰ ਵਜੋਂ ਤਾਇਨਾਤ ਹੈ, ਜਦਕਿ ਇਸ ਤੋਂ ਪਹਿਲਾਂ ਉਸ ਨੂੰ ਇੱਕ ਹੀ ਦਿਨ ਵਿੱਚ ਸਹਿਕਾਰੀ ਬੈਂਕ 'ਚ ਮੈਨੇਜਰ ਤੇ ਵੇਅਰ ਹਾਊਸ 'ਚ ਮੰਡੀ ਇੰਸਪੈਕਟਰ ਦੀ ਨੌਕਰੀ ਦਾ ਨਿਯੁਕਤੀ ਪੱਤਰ ਵੀ ਮਿਲ ਚੁੱਕਿਆ ਹੈ।

ਮਨਦੀਪ ਨੇ ਪਹਿਲਾਂ ਆਬਕਾਰੀ ਇੰਸਪੈਕਟਰ ਵਜੋਂ ਜੁਆਇਨ ਕੀਤਾ ਸੀ। ਉਸ ਵੇਲੇ ਉਸ ਦੇ ਹੱਥ ਵਿੱਚ ਪਟਵਾਰੀ ਦੀ ਨੌਕਰੀ ਦਾ ਨਿਯੁਕਤੀ ਪੱਤਰ ਵੀ ਸੀ। ਸਹਿਕਾਰਤਾ ਵਿੱਚ ਕਲਰਕ ਦੀ ਅਸਾਮੀ 'ਤੇ ਉਸ ਨੇ ਜੁਆਇਨ ਹੀ ਨਹੀਂ ਕੀਤਾ। ਹੁਣ ਤੱਕ ਉਹ ਛੇ ਨੌਕਰੀਆਂ ਪ੍ਰਾਪਤ ਕਰ ਚੁੱਕਿਆ ਹੈ। ਉਸ ਦਾ ਆਖਣਾ ਹੈ ਕਿ ਹੁਣ ਰੈਗੂਲਰ ਅਸਾਮੀਆਂ ਪ੍ਰਕਾਸ਼ਿਤ ਹੋ ਰਹੀਆਂ ਹਨ ਤੇ ਨੌਜਵਾਨਾਂ ਨੂੰ ਵੱਧ ਮੌਕੇ ਮਿਲ ਰਹੇ ਹਨ। ਇਸ ਵੇਲੇ ਮਨਦੀਪ ਸਿਵਲ ਸਰਵਿਸਿਜ਼ ਦੀ ਤਿਆਰੀ ਕਰ ਰਿਹਾ ਹੈ।

ਮਾਨਸਾ ਦੇ ਹੀ ਨਵਦੀਪ ਸਿੰਘ ਨੇ ਵੀ ਜੋ ਪ੍ਰੀਖਿਆ ਦਿੱਤੀ, ਸਫ਼ਲਤਾ ਹਾਸਲ ਕੀਤੀ। ਨਵਦੀਪ ਹੁਣ ਆਬਕਾਰੀ ਇੰਸਪੈਕਟਰ ਹੈ। ਪਹਿਲਾਂ ਸਥਾਨਕ ਸਰਕਾਰਾਂ ਵਿਭਾਗ 'ਚ ਕਲਰਕ ਦੀ ਨੌਕਰੀ ਮਿਲੀ ਤੇ ਫਿਰ ਪਟਵਾਰੀ ਬਣ ਗਿਆ। ਸਾਈਬਰ ਕਰਾਈਮ 'ਚ ਸਬ-ਇੰਸਪੈਕਟਰ ਦੀ ਪ੍ਰੀਖਿਆ 'ਚ ਵੀ ਟੌਪ ਕੀਤਾ। ਇਸੇ ਤਰ੍ਹਾਂ ਪੁਲੀਸ




ਦੀ ਇੱਕ ਹੋਰ ਪ੍ਰੀਖਿਆ 'ਚ ਸਫ਼ਲਤਾ ਹਾਸਲ ਕੀਤੀ। ਉਹ ਆਖਦਾ ਹੈ ਕਿ ਉਸ ਨੇ ਤਾਂ ਬੱਸ ਮਿਹਨਤ ਕੀਤੀ ਤੇ ਕੁਦਰਤ ਫਲ ਝੋਲੀ ਪਾਉਂਦੀ ਗਈ।

ਗਿੱਦੜਬਾਹਾ ਦਾ ਲਵਪ੍ਰੀਤ ਸਿੰਘ ਹੁਣ ਪੁਲੀਸ 'ਚ ਸਬ-ਇੰਸਪੈਕਟਰ ਹੈ। ਪ੍ਰਾਈਵੇਟ ਨੌਕਰੀ ਦੌਰਾਨ ਹੁੰਦੀ ਖੱਜਲ-ਖੁਆਰੀ ਤੋਂ ਤੰਗ ਆ ਕੇ ਉਸ ਨੇ ਨਵਾਂ ਟੀਚਾ ਮਿੱਥਿਆ ਤੇ ਤਿਆਰੀ ਕਰਕੇ ਪ੍ਰੀਖਿਆ ਦਿੱਤੀ। ਲਵਪ੍ਰੀਤ ਪਟਵਾਰੀ ਭਰਤੀ ਹੋ ਗਿਆ। ਉਸ ਨੂੰ ਹੁਣ ਆਪਣਾ ਘਰ ਹੀ ਕੈਨੇਡਾ ਵਰਗਾ ਲੱਗਦਾ ਹੈ। ਸੰਗਰੂਰ ਜ਼ਿਲ੍ਹੇ ਦੇ ਪਿੰਡ ਚੀਮਾ ਦਾ ਕਰਨਵੀਰ ਸਿੰਘ ਵੀ ਇਸ ਵੇਲੇ ਚੌਥੀ ਨੌਕਰੀ ਕਰ ਰਿਹਾ ਹੈ। ਉਸ ਨੇ ਕਲਰਕੀ ਵੀ ਕੀਤੀ ਤੇ ਫਿਰ ਪਟਵਾਰੀ ਲੱਗਿਆ। ਪੁਲੀਸ ਵਿੱਚ ਸਬ-ਇੰਸਪੈਕਟਰ ਵੀ ਲੱਗਿਆ ਤੇ ਹੁਣ ਆਬਕਾਰੀ ਇੰਸਪੈਕਟਰ ਹੈ। ਮਾਨਸਾ ਦੇ ਗੁਲਸ਼ਨ ਗੋਇਲ ਦੀ ਵੀ ਹੁਣ ਚੌਥੀ ਨੌਕਰੀ ਹੈ। ਮੁੱਖ ਮੰਤਰੀ ਭਗਵੰਤ ਮਾਨ ਨਿਯੁਕਤੀ ਪੱਤਰ ਸਮਾਗਮਾਂ ਵਿੱਚ ਇਨ੍ਹਾਂ ਨਵ-ਨਿਯੁਕਤ ਮੁਲਾਜ਼ਮਾਂ ਨੂੰ ਹੱਲਾਸ਼ੇਰੀ ਵੀ ਦਿੰਦੇ ਹਨ। ਬੁਰਜ ਢਿੱਲਵਾਂ ਦਾ ਕਰਨਵੀਰ ਸਿੰਘ ਹੁਣ ਨਾਇਬ-ਤਹਿਸੀਲਦਾਰ ਹੈ। ਉਸ ਲਈ ਸਰਕਾਰੀ ਨੌਕਰੀ ਪ੍ਰਾਪਤ ਕਰਨਾ ਖੱਬੇ ਹੱਥ ਦੀ ਖੇਡ ਲੱਗਦੀ ਹੈ। ਪਾਵਰਕੌਮ 'ਚ ਕਲਰਕ ਦੀ ਨੌਕਰੀ ਮਿਲੀ ਅਤੇ ਫਿਰ ਪਟਵਾਰੀ ਦੀ। ਸਹਿਕਾਰਤਾ ਵਿਚ ਇੰਸਪੈਕਟਰ ਤੇ ਇਸੇ ਤਰ੍ਹਾਂ ਆਬਕਾਰੀ ਇੰਸਪੈਕਟਰ ਦੀ ਨੌਕਰੀ ਮਿਲੀ। ਕਰਨਵੀਰ ਦੀ ਸਬ-ਇੰਸਪੈਕਟਰ (ਇਟੈਲੀਜੈਂਸ) ਦੀ ਪ੍ਰੀਖਿਆ ਵੀ ਕਲੀਅਰ ਹੋਈ ਹੈ। ਇਨ੍ਹਾਂ ਨੌਜਵਾਨਾਂ ਦਾ ਇੱਕ ਹੀ ਗੁਰਮੰਤਰ ਹੈ- ਮਿਹਨਤ। ਹਾਲ ਹੀ ਵਿੱਚ ਸੱਤ ਕਲਰਕ ਨੌਕਰੀ ਤੋਂ ਅਸਤੀਫ਼ਾ ਦੇ ਕੇ ਹੁਣ ਜੇਈ ਬਣੇ ਹਨ। ਅੱਠ ਆਂਗਣਵਾੜੀ ਸੁਪਰਵਾਈਜ਼ਰਾਂ ਨੇ ਕਲਰਕ ਅਤੇ ਅਧਿਆਪਕ ਦੀ ਨੌਕਰੀ ਹਾਸਲ ਕੀਤੀ ਹੈ। ਇਸ ਤਰ੍ਹਾਂ ਕਰੀਬ 300 ਨੌਜਵਾਨ ਅਜਿਹੇ ਹਨ, ਜਿਨ੍ਹਾਂ ਦੇ ਘਰ ਹੁਣ ਹਰ ਮਹੀਨੇ ਖੁਸ਼ੀ ਆਉਂਦੀ ਹੈ। ਇਸੇ ਤਰ੍ਹਾਂ ਬਰਨਾਲਾ ਜ਼ਿਲ੍ਹੇ ਦੇ ਪਿੰਡ ਸੁਰਜੀਤਪੁਰਾ ਕੋਠੇ ਦੇ ਕਿਸਾਨ ਮਹਿੰਦਰ ਸਿੰਘ ਦੀਆਂ ਤਿੰਨ ਧੀਆਂ ਸੰਦੀਪ ਕੌਰ, ਵੀਰਪਾਲ ਕੌਰ ਅਤੇ ਜਸਪ੍ਰੀਤ ਕੌਰ ਨੇ ਮਿਹਨਤ ਦੇ ਬਲਬੂਤੇ ਛੇ ਮਹੀਨਿਆਂ 'ਚ ਸਰਕਾਰੀ ਨੌਕਰੀਆਂ ਜੁਆਇਨ ਕਰ ਲਈਆਂ।

### ਗੁਰਦਾਸ ਦੇ ਮੀਆਂ-ਬੀਵੀ ਨੇ ਨਵੇਂ ਰਾਹ ਬਣਾਏ

ਗੁਰਦਾਸਪੁਰ ਦੇ ਪਿੰਡ ਪਾਹੜਾ ਦੇ ਇੱਕ ਮੀਆਂ-ਬੀਵੀ ਨੇ ਨਵੇਂ ਰਾਹ ਬਣਾਏ ਹਨ। ਗਗਨਦੀਪ ਕੌਰ ਨੂੰ ਪਹਿਲਾਂ ਕਲਰਕ ਦੀ ਨੌਕਰੀ ਮਿਲੀ, ਪਰ ਉਸ ਨੇ ਜੁਆਇਨ ਨਾ ਕੀਤਾ, ਫਿਰ ਪਟਵਾਰੀ ਦੀ ਨੌਕਰੀ ਮਿਲ ਗਈ, ਜਿਸ ਤੋਂ ਅਸਤੀਫ਼ਾ ਦੇ ਦਿੱਤਾ। ਹੁਣ ਉਹ ਸਰਕਾਰੀ ਸਕੂਲ ਵਿੱਚ ਅੰਗਰੇਜ਼ੀ ਵਿਸ਼ੇ ਦੀ ਅਧਿਆਪਕਾ ਹੈ। ਉਸ ਦੇ ਪਤੀ ਗੁਰਬਿੰਦਰ ਸਿੰਘ ਕਾਹਲੋਂ ਨੇ ਸਹਿਕਾਰਤਾ ਵਿੱਚ ਕਲਰਕ ਦੀ ਨੌਕਰੀ ਜੁਆਇਨ ਨਹੀਂ ਕੀਤੀ ਤੇ ਫਿਰ ਇੱਕ ਹੋਰ ਕਲੈਰੀਕਲ ਜੌਬ ਛੱਡ ਦਿੱਤੀ। ਹੁਣ ਉਹ ਪਟਵਾਰੀ ਲੱਗਾ ਹੋਇਆ ਹੈ।

# ਬੰਦੀ ਸਿੰਘਾਂ ਦੀ ਰਿਹਾਈ ਦੀ ਮੰਗ ਲਈ ਪ੍ਰਦਰਸ਼ਨ

## ਦਿੱਲੀ-ਸੰਗਰੂਰ ਕੌਮੀ ਮੁੱਖ ਮਾਰਗ ਦਾ ਗੋਬਿੰਦਪੁਰਾ ਪੈਂਦ ਟੌਲ ਪਲਾਜ਼ਾ ਮੁਫ਼ਤ ਕੀਤਾ



ਪਾਤੜਾਂ : ਬੰਦੀ ਸਿੰਘਾਂ ਦੀ ਰਿਹਾਈ ਲਈ ਕੌਮੀ ਇਨਸਾਫ਼ ਮੋਰਚੇ ਦੀਆਂ ਮੰਗਾਂ ਦਾ ਸਮਰਥਨ ਕਰਦਿਆਂ ਕ੍ਰਾਂਤੀਕਾਰੀ ਕਿਸਾਨ ਯੂਨੀਅਨ ਵੱਲੋਂ ਦਿੱਤੇ ਗਏ ਸੱਦੇ ਤਹਿਤ ਦਿੱਲੀ-ਸੰਗਰੂਰ ਕੌਮੀ ਮੁੱਖ ਮਾਰਗ ਉੱਤੇ ਪਿੰਡ ਗੋਬਿੰਦਪੁਰਾ ਪੈਂਦ ਦੇ ਨਜ਼ਦੀਕ ਤਿੰਨ ਘੰਟੇ ਲਈ ਟੌਲ ਪਲਾਜ਼ਾ ਉੱਤੇ ਪ੍ਰਦਰਸ਼ਨ ਕੀਤਾ ਗਿਆ। ਇਸੇ ਦੌਰਾਨ ਨੈਸ਼ਨਲ ਹਾਈਵੇ ਤੋਂ ਲੰਘਣ ਵਾਲੇ ਵਾਹਨ ਟੌਲ ਮੁਕਤ ਰਹੇ।

ਕ੍ਰਾਂਤੀਕਾਰੀ ਕਿਸਾਨ ਯੂਨੀਅਨ ਦੇ ਸੂਬਾ ਮੀਤ ਪ੍ਰਧਾਨ ਹਰਭਜਨ ਸਿੰਘ ਬੁੱਟਰ ਅਤੇ ਕੁੱਲ ਹਿੰਦ ਕਿਸਾਨ ਸਭਾ ਦੇ ਸੂਬਾ ਮੀਤ ਪ੍ਰਧਾਨ ਕਾਮਰੇਡ ਕੁਲਵੰਤ ਸਿੰਘ ਮੌਲਵੀਵਾਲਾ ਨੇ ਕਿਹਾ ਕਿ ਸਜ਼ਾਵਾਂ ਪੂਰੀਆਂ ਕਰ ਚੁੱਕੇ ਬੰਦੀ ਸਿੰਘਾਂ ਦੀ ਰਿਹਾਈ ਸਰਕਾਰ ਜਾਣ-ਬੁੱਝ ਕੇ ਨਹੀਂ ਕਰ ਰਹੀ। ਉਨ੍ਹਾਂ ਕਿਹਾ ਕਿ ਦਿੱਲੀ ਦੇ ਕਿਸਾਨ ਮੋਰਚੇ ਦੌਰਾਨ ਕਿਸਾਨਾਂ ਦੀਆਂ ਮੰਗਾਂ ਮੰਨਣ ਦੇ ਕੀਤੇ ਗਏ ਵਾਅਦੇ ਦੇ ਬਾਵਜੂਦ ਕੇਂਦਰ ਸਰਕਾਰ ਨੇ ਵਾਅਦਾ ਪੂਰਾ ਨਹੀਂ ਕੀਤਾ। ?ਫ਼ਸਲਾਂ ਦੇ ਘੱਟੋ ਘੱਟ ਸਮਰਥਨ ਮੁੱਲ ਲਾਗੂ ਕਰਨ, ਸਵਾਮੀਨਾਥਨ ਕਮਿਸ਼ਨ ਦੀ ਰਿਪੋਰਟ ਲਾਗੂ ਕਰਨ ਤੇ ਲਖੀਮਪੁਰ ਖੀਰੀ ਦੇ ਦੋਸ਼ੀਆਂ ਨੂੰ ਸਜ਼ਾ ਦੇਣ ਦੇ ਵਾਅਦੇ ਕੀਤੇ ਗਏ ਸਨ ਉਨ੍ਹਾਂ ਕਿਹਾ ਹੈ ਕਿ ਕੇਂਦਰ ਸਰਕਾਰ ਦੀ ਵਾਅਦਾਖਿਲਾਫ਼ੀ ਵਿਰੁੱਧ ਕਿਸਾਨ ਸੰਘਰਸ਼ ਮੁੜ ਅੰਗੜਾਈ ਲੈ ਰਿਹਾ ਹੈ ਅਤੇ 26 ਜਨਵਰੀ ਨੂੰ ਦੇਸ਼ ਭਰ ਵਿੱਚ ਕੀਤੀ ਜਾਣ ਵਾਲੀ ਟਰੈਕਟਰ ਪਰੇਡ ਕੇਂਦਰ ਸਰਕਾਰ ਦੇ ਭਰਮ ਭੁਲੇਖੇ ਦੂਰ ਕਰ ਦੇਵੇਗੀ। ਇਸ ਮੌਕੇ ਜਥੇਬੰਦੀ ਦੇ ਜ਼ਿਲ੍ਹਾ ਆਗੂ ਹਰਭਜਨ ਸਿੰਘ ਧੂਹੜ, ਬਲਾਕ ਪ੍ਰਧਾਨ ਸੁਖਦੇਵ ਸਿੰਘ ਹਰਿਆਊ, ਰਘਵੀਰ ਸਿੰਘ ਨਿਆਲ, ਸਾਹਿਬ ਸਿੰਘ ਦੁਤਾਲ, ਕੁਲਦੀਪ ਸਿੰਘ ਦੁਤਾਲ ਅਤੇ ਰਾਮ ਚੰਦ ਚੁਨਾਗਰਾ ਆਦਿ ਹਾਜ਼ਰ ਸਨ।

# ਵਿਜੀਲੈਂਸ ਨੇ ਧਰਮਸੋਤ ਤੇ ਗਿਲਜ਼ੀਆਂ 'ਤੇ ਕਾਨੂੰਨੀ ਸ਼ਿਕੰਜਾ ਕੱਸਿਆ

## ਸਾਬਕਾ ਜੰਗਲਾਤ ਮੰਤਰੀ ਧਰਮਸੋਤ ਦੇ ਓਐਸਡੀ ਨੂੰ ਬਣਾਇਆ ਵਾਅਦਾ ਮੁਆਫ਼ ਗਵਾਹ

ਚੰਡੀਗੜ੍ਹ : ਪੰਜਾਬ ਵਿਜੀਲੈਂਸ ਬਿਊਰੋ ਨੇ ਸੂਬੇ ਦੇ ਸਾਬਕਾ ਜੰਗਲਾਤ ਮੰਤਰੀ ਅਤੇ ਸੀਨੀਅਰ ਕਾਂਗਰਸੀ ਆਗੂ ਸਾਧੂ ਸਿੰਘ ਧਰਮਸੋਤ ਖਿਲਾਫ਼ ਸ਼ਿਕੰਜਾ ਕੱਸਦਿਆਂ ਸਾਬਕਾ ਮੰਤਰੀ ਦੇ ਓਐੱਸਡੀ ਰਹੇ ਤੇ ਵਿਭਾਗ ਦੇ ਸੇਵਾਮੁਕਤ ਅਧਿਕਾਰੀ ਚਮਕੌਰ ਸਿੰਘ ਨੂੰ ਵਾਅਦਾ ਮੁਆਫ਼ ਗਵਾਹ ਬਣਾ ਲਿਆ ਹੈ। ਵਿਜੀਲੈਂਸ ਦੇ ਇੱਕ ਸੀਨੀਅਰ ਅਧਿਕਾਰੀ ਨੇ ਇਸ ਦੀ ਪੁਸ਼ਟੀ ਕਰਦਿਆਂ ਦੱਸਿਆ ਕਿ ਚਮਕੌਰ ਸਿੰਘ ਨੂੰ ਅਦਾਲਤੀ ਦੀ ਪ੍ਰਵਾਨਗੀ ਉਪਰੰਤ ਵਾਅਦਾ ਮੁਆਫ਼ ਗਵਾਹ ਬਣਾਇਆ ਗਿਆ ਹੈ ਤੇ ਉਸ ਦੇ ਬਿਆਨ ਵੀ ਅਦਾਲਤ ਵਿੱਚ ਦਰਜ ਕਰਵਾ ਦਿੱਤੇ ਹਨ। ਸਾਧੂ ਸਿੰਘ ਧਰਮਸੋਤ ਇਸ ਸਮੇਂ ਈਡੀ ਦੀ ਗ੍ਰਿਫਤਾਰੀ ਤੋਂ ਬਾਅਦ ਅਦਾਲਤੀ ਹਿਰਾਸਤ ਅਧੀਨ ਹੈ। ਇਸ ਤਰ੍ਹਾਂ ਵਿਜੀਲੈਂਸ ਅਤੇ ਈਡੀ ਵੱਲੋਂ ਕਾਨੂੰਨੀ ਘੇਰਾਬੰਦੀ ਕਰਨ ਕਰਕੇ ਸਾਬਕਾ ਮੰਤਰੀ ਦੀਆਂ ਮੁਸ਼ਕਲਾਂ ਵਧ ਗਈਆਂ ਹਨ। ਇਸ ਸਾਬਕਾ ਮੰਤਰੀ ਨੂੰ ਵਿਜੀਲੈਂਸ ਵੱਲੋਂ ਵੀ ਇੱਕ ਵਾਰ ਭ੍ਰਿਸ਼ਟਾਚਾਰ ਤੇ ਦੂਜੀ ਵਾਰੀ ਸਰੋਤਾਂ ਤੋਂ ਜ਼ਿਆਦਾ ਆਮਦਨ ਦੇ ਮਾਮਲੇ ਵਿੱਚ ਗ੍ਰਿਫਤਾਰ ਕੀਤਾ ਜਾ ਚੁੱਕਾ ਹੈ। ਈਡੀ ਦੀ ਕਾਰਵਾਈ ਚੱਲ ਰਹੀ ਹੈ ਤੇ ਈਡੀ ਵੱਲੋਂ ਵੀ ਸਾਬਕਾ ਮੰਤਰੀ 'ਤੇ ਭ੍ਰਿਸ਼ਟਾਚਾਰ ਦੇ ਦੋਸ਼ ਲਾਏ ਗਏ ਹਨ। ਵਿਜੀਲੈਂਸ ਨੇ ਇਸ ਮਾਮਲੇ ਵਿੱਚ ਕਾਂਗਰਸ ਦੇ ਹੀ ਇੱਕ ਹੋਰ ਆਗੂ ਅਤੇ ਸਾਬਕਾ ਜੰਗਲਾਤ ਮੰਤਰੀ ਸੰਗਤ ਸਿੰਘ ਗਿਲਜ਼ੀਆਂ ਅਤੇ ਇਸ ਕਾਂਗਰਸ ਆਗੂ ਦੇ ਭਤੀਜੇ ਨੂੰ ਵੀ ਨਾਮਜ਼ਦ ਕੀਤਾ ਸੀ। ਵਿਜੀਲੈਂਸ ਅਧਿਕਾਰੀਆਂ ਦਾ ਦਾਅਵਾ ਹੈ ਕਿ ਚਮਕੌਰ ਸਿੰਘ ਨੂੰ ਵਾਅਦਾ ਮੁਆਫ਼ ਗਵਾਹ ਬਣਾਏ ਜਾਣ ਕਾਰਨ ਭ੍ਰਿਸ਼ਟਾਚਾਰ ਦਾ ਕੇਸ ਮਜ਼ਬੂਤ ਹੋ ਗਿਆ ਹੈ ਤੇ ਗਿਲਜ਼ੀਆਂ ਤੇ ਉਨ੍ਹਾਂ ਦੇ ਭਤੀਜੇ ਦੀਆਂ ਮੁਸ਼ਕਿਲਾਂ ਵੀ ਵਧ ਸਕਦੀਆਂ ਹਨ। ਵਿਜੀਲੈਂਸ ਨੇ ਜੂਨ 2022 ਵਿੱਚ ਇਹ ਮਾਮਲਾ ਦਰਜ ਕੀਤਾ ਸੀ। ਵਿਜੀਲੈਂਸ ਨੇ ਧਰਮਸੋਤ 'ਤੇ ਖੈਰ ਦੇ ਦਰੱਖਤਾਂ ਦੀ ਕਟਾਈ ਲਈ ਪਰਮਿਟ ਜਾਰੀ ਕਰਨ, ਅਧਿਕਾਰੀਆਂ ਦੇ ਤਬਾਦਲੇ, ਖਰੀਦਦਾਰੀ ਅਤੇ ਐੱਨ.ਓ.ਸੀ. ਜਾਰੀ ਕਰਨ ਆਦਿ ਸਬੰਧੀ ਸੰਗਠਿਤ ਭ੍ਰਿਸ਼ਟਾਚਾਰ ਵਿੱਚ ਸ਼ਾਮਲ ਹੋਣ ਦੇ ਦੋਸ਼ ਲਾਏ ਸਨ। ਵਿਜੀਲੈਂਸ





ਮੁਤਾਬਕ ਹਰਮੋਹਿੰਦਰ ਸਿੰਘ ਉਰਫ ਹਮੀ ਨਾਮੀ ਠੇਕੇਦਾਰ ਆਪਣੀ ਫਰਮ ਗੁਰੂਹਰ ਐਸੋਸੀਏਟਸ ਦੇ ਨਾਮ 'ਤੇ ਜੰਗਲਾਤ ਵਿਭਾਗ ਤੋਂ ਕਟਾਈ ਲਈ ਲੋੜੀਂਦਾ ਪਰਮਿਟ ਪ੍ਰਾਪਤ ਕਰਕੇ ਰਾਜ ਵਿੱਚ ਖੈਰ ਦੇ ਦਰੱਖਤਾਂ ਨੂੰ ਕੱਟਣ ਅਤੇ ਵੇਚਣ ਦਾ ਕਾਰੋਬਾਰ ਕਰਦਾ ਸੀ। ਉਸ ਨੇ ਅਕਤੂਬਰ-ਮਾਰਚ ਸੀਜ਼ਨ ਲਈ ਲਗਭਗ 7000 ਦਰੱਖਤ ਕੱਟਣ ਲਈ ਪਰਮਿਟ ਲਏ ਸਨ ਜਿਸ ਲਈ ਉਸ ਨੂੰ 1000 ਰੁਪਏ ਪ੍ਰਤੀ ਰੁੱਖ ਰਿਸ਼ਵਤ ਦੇਣੀ ਪਈ ਜਿਸ ਵਿੱਚੋਂ ਸਾਧੂ ਸਿੰਘ ਧਰਮਸੋਤ, ਸਾਬਕਾ ਜੰਗਲਾਤ ਮੰਤਰੀ ਨੂੰ 500 ਰੁਪਏ ਪ੍ਰਤੀ ਰੁੱਖ, ਡਿਵੀਜ਼ਨਲ ਜੰਗਲਾਤ ਅਫਸਰ ਨੂੰ 200 ਅਤੇ ਰੇਂਜ ਅਫਸਰ, ਬਲਾਕ ਅਫਸਰ ਅਤੇ ਵਣ ਗਾਰਡ ਨੂੰ ਕ੍ਰਮਵਾਰ 100-100 ਰੁਪਏ ਪ੍ਰਤੀ ਰੁੱਖ ਰਿਸ਼ਵਤ ਦਿੱਤੀ। ਇਸ ਤਰਾਂ ਠੇਕੇਦਾਰ ਨੇ ਸੀਜ਼ਨ ਦੌਰਾਨ 7 ਲੱਖ ਰੁਪਏ ਦੀ ਰਿਸ਼ਵਤ ਦਿੱਤੀ ਸੀ। ਇਸ ਤੋਂ ਇਲਾਵਾ ਮੁਹਾਲੀ ਵਿੱਚ 15 ਹੋਰ ਠੇਕੇਦਾਰ ਸਨ, ਜਿਨ੍ਹਾਂ ਨੂੰ ਵੀ ਇਸ ਠੇਕੇਦਾਰ ਵਾਂਗ ਹੀ ਰਿਸ਼ਵਤ ਦੇਣੀ ਪਈ, ਅਜਿਹਾ ਨਾ ਕਰਨ 'ਤੇ ਉਨ੍ਹਾਂ ਨੂੰ ਪਰਮਿਟ ਦੇਣ ਤੋਂ ਇਨਕਾਰ ਕਰ ਦਿੱਤਾ ਗਿਆ ਜਾਂ ਭਾਰੀ ਜੁਰਮਾਨੇ ਦੀ ਧਮਕੀ ਦੇ ਕੇ ਪ੍ਰੇਸ਼ਾਨ ਕੀਤਾ ਜਾਂਦਾ ਰਿਹਾ। ਵਿਜੀਲੈਂਸ ਮੁਤਾਬਕ ਸਾਬਕਾ ਮੰਤਰੀ ਧਰਮਸੋਤ, ਉਨਾਂ ਦੇ ਓਐੱਸਡੀ ਚਮਕੌਰ ਸਿੰਘ ਅਤੇ ਉਪਰੋਕਤ ਮੁਲਜ਼ਮ ਕਮਲਜੀਤ ਸਿੰਘ ਰਾਹੀਂ ਡੀਐਫਓ ਦੇ ਤਬਾਦਲੇ ਲਈ 10 ਤੋਂ 20 ਲੱਖ ਰੁਪਏ, ਰੇਂਜਰ ਲਈ 5 ਤੋਂ 8 ਲੱਖ ਰੁਪਏ ਬਲਾਕ ਅਫਸਰ ਤੇ ਵਣ ਗਾਰਡ ਲਈ 2 ਤੋਂ 3 ਲੱਖ ਰੁਪਏ ਦੀ ਰਿਸ਼ਵਤ ਲੈਂਦਾ ਸੀ। ਵਿਜੀਲੈਂਸ ਦਾ ਦਾਅਵਾ ਹੈ ਕਿ ਹਰਮੋਹਿੰਦਰ ਸਿੰਘ ਠੇਕੇਦਾਰ ਨੇ ਗਿਲਜ਼ੀਆਂ ਨੂੰ ਮੁਹਾਲੀ ਜ਼ਿਲੇ ਦੇ ਪਿੰਡ ਨਾਡਾ ਵਿਖੇ ਖੈਰ ਦੇ ਦਰੱਖਤਾਂ ਦੀ ਕਟਾਈ ਦਾ ਪਰਮਿਟ ਜਾਰੀ ਕਰਵਾਉਣ ਲਈ ਕੁਲਵਿੰਦਰ ਸਿੰਘ ਰਾਹੀਂ 5 ਲੱਖ ਰੁਪਏ ਰਿਸ਼ਵਤ ਦਿੱਤੀ ਸੀ। ਗਿਲਜ਼ੀਆਂ ਨੇ ਹਰਮੋਹਿੰਦਰ ਠੇਕੇਦਾਰ ਦੀ ਪੰਜਾਬ ਦੇ ਡੀਐਫਓਜ਼ ਨਾਲ ਮੀਟਿੰਗ ਕਰਵਾਈ ਸੀ ਅਤੇ ਹਦਾਇਤ ਕੀਤੀ ਸੀ ਕਿ ਪੌਦਿਆਂ ਦੀ ਸੁਰੱਖਿਆ ਲਈ ਟਰੀ-ਗਾਰਡਾਂ ਦੀ ਖਰੀਦ ਸਿਰਫ ਸਚਿਨ ਕੁਮਾਰ ਤੋਂ ਹੀ ਕੀਤੀ ਜਾਵੇਗੀ। ਬਿਊਰੋ ਨੇ ਅਮਿਤ ਚੌਹਾਨ, ਆਈ.ਐਫ.ਐੱਸ., ਗੁਰਮਨਪ੍ਰੀਤ ਸਿੰਘ, ਡੀ.ਐਫ.ਓ., ਦਿਲਪ੍ਰੀਤ ਸਿੰਘ ਵਣ ਗਾਰਡ, ਐੱਸ.ਐੱਸ. ਧਰਮਸੋਤ, ਐੱਸ.ਐੱਸ. ਗਿਲਜੀਆਂ ਸਾਬਕਾ ਮੰਤਰੀ, ਧਰਮਸੋਤ ਦੇ ਓ.ਐੱਸ.ਡੀ ਰਹੇ ਚਮਕੌਰ ਸਿੰਘ, ਕੰਵਲਜੀਤ ਸਿੰਘ ਖੰਨਾ ਸ਼ਹਿਰ, ਐੱਸ.ਐੱਸ. ਗਿਲਜੀਆਂ ਦੇ ਪੀਏ ਕੁਲਵਿੰਦਰ ਸਿੰਘ ਸ਼ੇਰਗਿੱਲ ਤੇ ਸਚਿਨ ਕੁਮਾਰ ਵਿਰੁੱਧ ਮਾਮਲਾ ਦਰਜ ਕੀਤਾ ਸੀ।

# ਪ੍ਰਸ਼ਾਸਨ ਨੇ ਰਾਹੁਲ ਨੂੰ ਸ਼ੰਕਰਦੇਵ ਦੇ ਮੰਦਰ ਜਾਣ ਤੋਂ ਰੋਕਿਆ

## ਕੀ ਮੋਦੀ ਤੈਅ ਕਰਨਗੇ ਕਿ ਕੌਣ ਤੇ ਕਦੋਂ ਮੰਦਰ ਜਾਵੇਗਾ: ਰਾਹੁਲ ਗਾਂਧੀ













ਨਗਾਓਂ (ਅਸਾਮ) : ਕਾਂਗਰਸੀ ਆਗੂ ਰਾਹੁਲ ਗਾਂਧੀ ਨੇ ਕਿਹਾ ਕਿ ਕਾਨੂੰਨ ਤੇ ਵਿਵਸਥਾ ਦੇ ਸੰਕਟ ਦੌਰਾਨ ਹਰ ਕੋਈ ਵੈਸ਼ਨਵ ਸੰਤ ਸ੍ਰੀਮੰਤਾ ਸ਼ੰਕਰਦੇਵ ਦੇ ਜਨਮ ਸਥਾਨ ’ਤੇ ਜਾ ਸਕਦਾ ਹੈ, ਸਿਰਫ ਰਾਹੁਲ ਗਾਂਧੀ ਨਹੀਂ ਜਾ ਸਕਦਾ। ਕੀ ਹੁਣ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੈਅ ਕਰਨਗੇ ਕਿ ਕੌਣ ਮੰਦਰ ਜਾਵੇਗਾ ਤੇ ਕਦੋਂ ਜਾਵੇਗਾ। ਉਹ ਅੱਜ ਅਸਾਮ ਦੇ ਨਗਾਓਂ ਵਿੱਚ ਪ੍ਰਸ਼ਾਸਨ ਵੱਲੋਂ ਸ਼ੰਕਰਦੇਵ ਦੇ ਜਨਮ ਸਥਾਨ ਜਾਣ ਤੋਂ ਰੋਕਣ ਸਮੇਂ ਸੰਬੋਧਨ ਕਰ ਰਹੇ ਸਨ। ਸ਼ੰਕਰਦੇਵ ਦੇ ਜਨਮ ਸਥਾਨ ਸਤਰ ਜਾਂਦੇ ਹੋਏ ਰਸਤੇ ਵਿੱਚ ਪੈਂਦੇ ਹੈਬਰਗਾਓਂ ਵਿੱਚ ਅਧਿਕਾਰੀਆਂ ਨੇ ਰਾਹੁਲ ਗਾਂਧੀ ਨੂੰ ਰੋਕ ਲਿਆ। ਇਸ ’ਤੇ ਰਾਹੁਲ ਗਾਂਧੀ ਨੇ ਸੀਨੀਅਰ ਕਾਂਗਰਸੀ ਆਗੂਆਂ ਅਤੇ ਸਮਰਥਕਾਂ ਸਣੇ ਉੱਥੇ ਹੀ ਧਰਨਾ ਲਗਾ ਦਿੱਤਾ ਜਦਕਿ ਪਾਰਟੀ ਦੇ ਸੰਸਦ ਮੈਂਬਰ ਗੌਰਵ ਗੋਗੋਈ ਅਤੇ ਬਤਾਦ੍ਰਵਾ ਦੇ ਵਿਧਾਇਕ ਸ਼ਿਵਮਨੀ ਬੋਰਾ ਮਸਲੇ ਦਾ ਹੱਲ ਕਰਨ ਲਈ ਜਨਮ ਸਥਾਨ ਵੱਲ ਰਵਾਨਾ ਹੋ ਗਏ। ਉਨ੍ਹਾਂ ਦੇ ਪਰਤਣ ’ਤੇ ਗਾਂਧੀ ਨੇ ਪੁਲੀਸ ਨੂੰ ਸਵਾਲ ਕੀਤਾ ਕਿ ਉਨ੍ਹਾਂ ਨੂੰ ਸਤਰ ਜਾਣ ਤੋਂ ਕਿਉਂ ਰੋਕਿਆ ਗਿਆ। ਉਨ੍ਹਾਂ ਕਿਹਾ, “ਕੀ ਹੁਣ ਪ੍ਰਧਾਨ ਮੰਤਰੀ ਮੋਦੀ ਇਹ ਫੈਸਲਾ ਲੈਣਗੇ ਕਿ ਕੌਣ ਮੰਦਰ ਜਾਵੇਗਾ ਤੇ ਕਦੋਂ ਜਾਵੇਗਾ। ਅਸੀਂ ਕੋਈ ਸਮੱਸਿਆ ਪੈਦਾ ਨਹੀਂ ਕਰਨਾ ਚਾਹੁੰਦੇ, ਸਿਰਫ ਪ੍ਰਾਰਥਨਾ ਕਰਨਾ ਚਾਹੁੰਦੇ ਹਾਂ।” ਮੀਡੀਆ ਨਾਲ ਗੱਲਬਾਤ ਦੌਰਾਨ ਗਾਂਧੀ ਨੇ ਕਿਹਾ, “ਸ਼ੰਕਰਦੇਵ ਵਾਂਗ ਅਸੀਂ ਵੀ ਲੋਕਾਂ ਨੂੰ ਇਕਜੁੱਟ ਕਰਨ ਵਿੱਚ ਵਿਸ਼ਵਾਸ ਰੱਖਦੇ ਹਾਂ, ਨਾ ਕਿ ਨਫ਼ਰਤ ਫੈਲਾਉਣ ਵਿੱਚ। ਉਹ ਸਾਡੇ ਲਈ ਗੁਰੂ ਵਾਂਗ ਹਨ ਤੇ ਸਾਡਾ ਮਾਰਗ ਦਰਸ਼ਨ ਕਰਦੇ ਹਨ। ਮੈਂ ਸੋਚਿਆ ਹੋਇਆ ਸੀ ਕਿ ਜਦੋਂ ਕਦੇ ਅਸਾਮ ਆਵਾਂਗਾ ਤਾਂ ਮੈਂ ਸ਼ੰਕਰਦੇਵ ਦੇ ਜਨਮ ਸਥਾਨ ’ਤੇ ਜ਼ਰੂਰ ਜਾਵਾਂਗਾ।” ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ 11 ਜਨਵਰੀ ਨੂੰ ਸੱਦਾ ਮਿਲਿਆ ਸੀ ਪਰ ਐਤਵਾਰ ਨੂੰ ਉਨ੍ਹਾਂ ਨੂੰ ਦੱਸਿਆ ਗਿਆ ਕਿ ਉੱਥੇ ਕਾਨੂੰਨ ਵਿਵਸਥਾ ਖ਼ਰਾਬ ਹੈ। ਉਨ੍ਹਾਂ ਕਿਹਾ, “ਹੈਰਾਨੀ ਦੀ ਗੱਲ ਹੈ ਕਿ ਇਲਾਕੇ ਵਿੱਚ ਕਾਨੂੰਨ ਵਿਵਸਥਾ ਦਾ ਸੰਕਟ ਹੋਣ ਦੇ ਬਾਵਜੂਦ ਗੌਰਵ ਗੋਗੋਈ ਤੇ ਹੋਰ ਸਾਰੇ ਜਾ ਸਕਦੇ ਹਨ ਪਰ ਸਿਰਫ ਰਾਹੁਲ ਗਾਂਧੀ ਨਹੀਂ ਜਾ ਸਕਦਾ।” ਉਨ੍ਹਾਂ ਕਿਹਾ, “ਇਸ ਪਿੱਛੇ ਕੁਝ ਕਾਰਨ ਹੋ ਸਕਦੇ ਹਨ ਪਰ ਜਦੋਂ ਕਦੇ ਵੀ ਮੌਕਾ ਮਿਲੇਗਾ ਤਾਂ ਮੈਂ ਬਤਾਦ੍ਰਵਾ ਜਾਵਾਂਗਾ। ਇਹ ਮੇਰਾ ਵਿਸ਼ਵਾਸ ਹੈ ਕਿ ਅਸਾਮ ਤੇ ਸਮੁੱਚੇ ਦੇਸ਼ ਨੂੰ ਸ਼ੰਕਰਦੇਵ ਵੱਲੋਂ ਦਿਖਾਏ ਮਾਰਗ ’ਤੇ ਚੱਲਣਾ ਚਾਹੀਦਾ ਹੈ।” ਸ੍ਰੀ ਸ਼ੰਕਰਦੇਵ ਸਤਰ ਦੀ ਮੈਨੇਜਿੰਗ ਕਮੇਟੀ ਨੇ ਐਤਵਾਰ ਨੂੰ ਐਲਾਨ ਕੀਤਾ ਸੀ ਕਿ ਉਹ 22 ਜਨਵਰੀ ਨੂੰ 3 ਵਜੇ ਤੋਂ ਪਹਿਲਾਂ ਉਹ ਕਾਂਗਰਸੀ ਆਗੂ ਰਾਹੁਲ ਗਾਂਧੀ ਨੂੰ ਸਤਰ ਆਉਣ ਦੀ ਮਨਜ਼ੂਰੀ ਨਹੀਂ ਦੇਣਗੇ। ਇਸ ਤੋਂ ਪਹਿਲਾਂ ਮੁੱਖ ਮੰਤਰੀ ਹਿਮੰਤ ਬਿਸਵਾ ਸਰਮਾ ਨੇ ਇਕ ਪ੍ਰੈੱਸ ਕਾਨਫਰੰਸ ਕਰ ਕੇ ਕਿਹਾ ਸੀ ਕਿ ਉਨ੍ਹਾਂ ਨੇ ਰਾਹੁਲ ਗਾਂਧੀ ਨੂੰ ਅਪੀਲ ਕੀਤੀ ਹੈ ਕਿ ਅਯੁੱਧਿਆ ਵਿੱਚ ਹੋਣ ਵਾਲੇ ਪ੍ਰਾਣ ਪ੍ਰਤਿਸ਼ਠਾ ਸਮਾਰੋਹ ਤੋਂ ਪਹਿਲਾਂ ਸਤਰ ਨਾ ਜਾਣ। ਉਧਰ, ਬੋਰਾ ਦੇ ਨਾਲ ਸਤਰ ਗਏ ਗੋਗੋਈ ਨੇ ਕਿਹਾ ਕਿ ਸਤਰ ਵਿੱਚ ਕੋਈ ਭੀੜ ਨਹੀਂ ਸੀ ਅਤੇ ਇਹ ਬਿਲਕੁਲ ਖਾਲੀ ਪਿਆ ਸੀ। ਉਨ੍ਹਾਂ ਕਿਹਾ ਕਿ ਇਹ ਸਿਰਫ ਇਕ ਝੂਠ ਫੈਲਾਇਆ ਗਿਆ ਸੀ ਕਿ ਜੇਕਰ ਰਾਹੁਲ ਗਾਂਧੀ ਜਨਮ ਸਥਾਨ ’ਤੇ ਜਾਂਦੇ ਹਨ ਤਾਂ ਉੱਥੇ ਕਾਨੂੰਨ ਵਿਵਸਥਾ ਵਿਗੜ ਸਕਦੀ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਨੇ ਬਤਾਦ੍ਰਵਾ ਦੇ ਇਤਿਹਾਸ ਤੇ ਸ੍ਰੀ ਸ਼ੰਕਰਦੇਵ ਦੀ ਵਿਰਾਸਤ ਵਿੱਚ ਕਾਲਾ ਧੱਬਾ ਲਗਾ ਦਿੱਤਾ ਹੈ। ਉਨ੍ਹਾਂ ਕਿਹਾ, “ਅਸੀਂ ਰਾਹੁਲ ਵੱਲੋਂ ਸ਼ਾਂਤੀ ਤੇ ਸਦਭਾਵਨਾ ਲਈ ਪ੍ਰਾਰਥਨਾ ਕੀਤੀ ਹੈ ਅਤੇ ਉੱਥੇ ਸਾਰੇ ਪੁਜਾਰੀ ਰਾਹੁਲ ਨੂੰ ਆਸ਼ੀਰਵਾਦ ਦੇਣ ਲਈ ਮੌਜੂਦ ਸਨ।” ਗੋਗੋਈ ਨੇ ਕਿਹਾ, “ਪੁਜਾਰੀਆਂ ਨੇ ਦੱਸਿਆ ਕਿ ਉਨ੍ਹਾਂ ਨੂੰ ਕਿਹਾ ਗਿਆ ਸੀ ਕਿ ਪ੍ਰਾਣ ਪ੍ਰਤਿਸ਼ਠਾ ਸਮਾਰੋਹ ਦੇ ਮੱਦੇਨਜ਼ਰ ਕਈ ਸੰਸਥਾਵਾਂ ਦੀ ਜਨਮ ਸਥਾਨ ’ਤੇ ਪ੍ਰੋਗਰਾਮ ਕਰਨ ਦੀ ਯੋਜਨਾ ਹੈ, ਇਸ ਵਾਸਤੇ ਉਸ ਸਮੇਂ ’ਤੇ ਕਾਨੂੰਨ ਵਿਵਸਥਾ ਦਾ ਸੰਕਟ ਖੜ੍ਹਾ ਹੋ ਸਕਦਾ ਹੈ।” ਉੱਧਰ, ਜੈਰਾਮ ਰਮੇਸ਼ ਨੇ ਕਿਹਾ ਕਿ ਇਸ ਦਾ ਮਤਲਬ ਸਪੱਸ਼ਟ ਹੈ ਕਿ ਹੰਕਾਰੀ ਸ਼ਕਤੀਆਂ ਚਾਹੁੰਦੀਆਂ ਸਨ ਕਿ ਕੈਮਰੇ ਸਿਰਫ ਉਨ੍ਹਾਂ ’ਤੇ ਹੀ ਕੇਂਦਰਿਤ ਰਹਿਣ, ਜਿਸ ਕਰ ਕੇ ਉਨ੍ਹਾਂ ਵੱਲੋਂ ਅਸਾਮ ਸਰਕਾਰ ’ਤੇ ਅਜਿਹਾ ਕਦਮ ਉਠਾਉਣ ਲਈ ਦਬਾਅ ਬਣਾਇਆ ਗਿਆ।

## ਅਸਾਮ ਦੇ ਮੁੱਖ ਮੰਤਰੀ ਨੇ ਭੀੜ ਨੂੰ ਭੜਕਾਉਣ ਲਈ ਰਾਹੁਲ ਗਾਂਧੀ ਖ਼ਿਲਾਫ਼ ਕੇਸ ਦਰਜ ਕਰਨ ਦਾ ਹੁਕਮ ਦਿੱਤਾ



ਗੁਹਾਟੀ : ਅਸਾਮ ਦੇ ਮੁੱਖ ਮੰਤਰੀ ਹਿਮੰਤ ਵਿਸ਼ਵ ਸਰਮਾ ਨੇ ਰਾਜ ਦੇ ਪੁਲੀਸ ਡਾਇਰੈਕਟਰ ਜਨਰਲ ਨੂੰ ਕਾਂਗਰਸ ਨੇਤਾ ਰਾਹੁਲ ਗਾਂਧੀ ਵਿਰੁੱਧ ਭੀੜ ਨੂੰ ਭੜਕਾਉਣ ਲਈ ਕੇਸ ਦਰਜ ਕਰਨ ਦਾ ਨਿਰਦੇਸ਼ ਦਿੱਤਾ ਹੈ। ਯੂਥ ਕਾਂਗਰਸ ਦੇ ਸੂਬਾ ਪ੍ਰਧਾਨ ਸ੍ਰੀਨਿਵਾਸ ਬੀਵੀ ਦੀ ਪੋਸਟ ਦੇ ਜਵਾਬ ’ਚ ਸ੍ਰੀ ਸਰਮਾ ਦੀ ਸੋਸ਼ਲ ਮੀਡੀਆ ਪਲੇਟਫਾਰਮ ‘ਐਕਸ’ ‘ਤੇ ਕਿਹਾ, ‘ਮੈਂ ਅਸਾਮ ਪੁਲੀਸ ਦੇ ਡਾਇਰੈਕਟਰ ਜਨਰਲ ਨੂੰ ਭੀੜ ਨੂੰ ਭੜਕਾਉਣ ਲਈ ਤੁਹਾਡੇ ਨੇਤਾ ਰਾਹੁਲ ਗਾਂਧੀ ਵਿਰੁੱਧ ਕੇਸ ਦਰਜ ਕਰਨ ਦੇ ਨਿਰਦੇਸ਼ ਦਿੱਤੇ ਹਨ। ਸ੍ਰੀਨਿਵਾਸ ਨੇ ਜੋ ਵੀਡੀਓ ਉਸ ਦੇ ਆਪਣੇ ਅਕਾਊਂਟ ’ਚ ਪਾਇਆ ਹੈ ਉਸ ਨੂੰ ਸਬੂਤ ਵਜੋਂ ਵਰਤਿਆ ਜਾਵੇਗਾ।’

## ਪੰਜਾਬ ਅਤੇ ਹਰਿਆਣਾ ਹਾਈਕੋਰਟ ਦੇ ਜੱਜਾਂ ਨੇ ਪੰਜਾਬ ਅਤੇ ਹਰਿਆਣਾ ਹਾਈਕੋਰਟ ਬਾਰ ਐਸੋਸੀਏਸ਼ਨ ਦੇ ਨਾਲ ਲੋਹੜੀ ਦੇ ਜਸ਼ਨਾਂ ’ਚ ਕੀਤੀ ਸ਼ਿਰਕਤ



# ਪਟਿਆਲਾ ਜੇਲ੍ਹ ਦੀ ਕੋਠੜੀ ਵਿੱਚ ਲੱਗੀ ਹੈ ਸ਼ਹੀਦ ਠੀਕਰੀਵਾਲਾ ਦੀ ਤਸਵੀਰ



ਪਟਿਆਲਾ : ਸ਼ਹੀਦ ਸੇਵਾ ਸਿੰਘ ਠੀਕਰੀਵਾਲਾ ਦੀ ਇਕ ਪੇਂਟਿੰਗ ਪਟਿਆਲਾ ਜੇਲ੍ਹ ਦੇ ਘੁਮਿਆਰ ਹਾਤੇ ਦੀ ਇਕ ਕੋਠੜੀ ਵਿਚ ਅੱਜ ਵੀ ਮੌਜੂਦ ਹੈ। ਇਹ ਪੇਂਟਿੰਗ ਜੁਲਾਈ 1990 ਵਿਚ ਉਪ ਪ੍ਰਧਾਨ ਮੰਤਰੀ ਚੌਧਰੀ ਦੇਵੀ ਲਾਲ ਨੇ 65 ਸੰਸਦ ਮੈਂਬਰਾਂ ਨਾਲ ਪਟਿਆਲਾ ਜੇਲ੍ਹ ਵਿਚ ਪੁੱਜ ਕੇ ਉਸੇ ਕਾਲ ਕੋਠੜੀ ਵਿਚ ਲਗਾਈ ਸੀ ਜਿਸ ਵਿਚ ਸੇਵਾ ਸਿੰਘ ਠੀਕਰੀਵਾਲਾ ਨੇ ਆਪਣੀ 9 ਮਹੀਨਿਆਂ ਦੀ ਭੁੱਖ ਹੜਤਾਲ ਪੂਰੀ ਕਰਦਿਆਂ ਸ਼ਹਾਦਤ ਦਿੱਤੀ ਸੀ। ਉਸ ਵੇਲੇ ਪ੍ਰਧਾਨ ਮੰਤਰੀ ਵੀ. ਪੀ. ਸਿੰਘ ਸਨ। ਸੇਵਾ ਸਿੰਘ ਠੀਕਰੀਵਾਲਾ 19 ਜਨਵਰੀ, 1935 ਨੂੰ ਸ਼ਹੀਦ ਹੋ ਗਏ ਸਨ। ਪਟਿਆਲਾ ਜੇਲ੍ਹ ਦੀ ਇਸ ਕੋਠੜੀ ਵਿਚ ਸ਼ਹੀਦ ਠੀਕਰੀਵਾਲਾ ਦੀ ਫ਼ੋਟੋ ਲਾਉਣ ਵੇਲੇ ਖੱਬੇ ਪਾਸਿਓਂ ਨਜ਼ਰ ਆ ਰਹੇ ਹਨ ਡਿਪਟੀ ਪ੍ਰਧਾਨ ਮੰਤਰੀ ਚੌਧਰੀ ਦੇਵੀ ਲਾਲ, ਤਤਕਾਲੀ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ, ਬਾਅਦ ਵਿਚ ਪ੍ਰਧਾਨ ਮੰਤਰੀ ਬਣੇ ਚੰਦਰ ਸ਼ੇਖਰ ਤੇ ਹੋਰ ਪਤਵੰਤੇ ਵੀ ਨਜ਼ਰ ਆ ਰਹੇ ਹਨ।

# ਜਾਨ ਲੇਵਾ ਸਰਦੀ 'ਚ ਟੁੱਟੇ ਸ਼ੀਸ਼ੇ ਵਾਲੀਆਂ ਬੱਸਾਂ 'ਚ ਰਾਤਾਂ ਗੁਜ਼ਾਰਨ ਵਾਲੇ ਬਜ਼ੁਰਗ ਨੂੰ ਮਿਲੀ ਨਵੀਂ ਜ਼ਿੰਦਗੀ

15-16 ਜਨਵਰੀ 2024 ਦੀ ਰਾਤ ਦੌਰਾਨ ਜਦੋਂ ਸਾਰਾ ਪੰਜਾਬ ਜ਼ੀਰੋ ਡਿਗਰੀ ਤਾਪਮਾਨ ਹੋਣ ਕਾਰਨ ਕੜਾਕੇ ਦੀ ਸਰਦੀ ਨਾਲ ਕੰਬ ਰਿਹਾ ਸੀ, ਉਸ ਸਮੇਂ ਸਰਾਭਾ ਆਸ਼ਰਮ ਦੇ ਮੁੱਖ ਸੇਵਾਦਾਰ ਅਤੇ ਹੋਰ ਸੇਵਾਦਾਰਾਂ ਵੱਲੋਂ ਲੁਧਿਆਣਾ ਸ਼ਹਿਰ ਦੇ ਜਵਾਹਰ ਨਗਰ ਵਿੱਚ ਖੜ੍ਹੀਆਂ ਪੁਰਾਣੀਆਂ ਬੱਸਾਂ 'ਚ ਸੌਂਦੇ 71 ਸਾਲਾ ਰਮੇਸ਼ ਕੁਮਾਰ ਨੂੰ ਸਹਾਇਤਾ ਪ੍ਰਦਾਨ ਕਰਕੇ ਨਵਾਂ ਜੀਵਨ ਦਿੱਤਾ।

15 ਜਨਵਰੀ ਦੀ ਰਾਤ ਨੂੰ ਜਵਾਹਰ ਨਗਰ ਤੋਂ ਇੱਕ ਸ਼ੁਭਮ ਨਾਮ ਦੇ ਵਿਅਕਤੀ ਨੇ ਸਰਾਭਾ ਆਸ਼ਰਮ ਵਿੱਚ ਫੋਨ ਕਰਕੇ ਦੱਸਿਆ ਕਿ ਇੱਥੇ ਸੜਕ 'ਤੇ ਖੜ੍ਹੀਆਂ ਟੁੱਟੇ ਸ਼ੀਸ਼ੇ ਵਾਲੀਆਂ ਪੁਰਾਣੀਆਂ ਬੱਸਾਂ ਵਿੱਚ ਇੱਕ ਬਿਮਾਰ ਬਜ਼ੁਰਗ ਰਹਿੰਦਾ ਹੈ ਅਤੇ ਰਾਤ ਨੂੰ ਵੀ ਇਹਨਾਂ ਬੱਸਾਂ ਵਿੱਚ ਹੀ ਸੌਂਦਾ ਹੈ। ਉਸ ਨੇ ਦੱਸਿਆ ਕਿ ਉੱਠਣ-ਬੈਠਣ ਤੋਂ ਅਸਮਰੱਥ ਇਸ ਬਜ਼ੁਰਗ ਨੂੰ ਜੇ ਕਰ ਤੁਰੰਤ ਮੈਡੀਕਲ ਸਹਾਇਤਾ ਨਾ ਮਿਲੀ ਤਾਂ ਇਸ ਦੀ ਮੌਤ ਹੋ ਸਕਦੀ ਹੈ।

16 ਜਨਵਰੀ ਨੂੰ ਸਵੇਰੇ ਨੌਂ ਵਜੇ ਦੇ ਕਰੀਬ ਸਰਾਭਾ ਆਸ਼ਰਮ ਦੇ ਮੁੱਖ ਸੇਵਾਦਾਰ ਡਾ.ਨੌਰੰਗ ਸਿੰਘ ਮਾਂਗਟ, ਰਣਜੀਤ ਸਿੰਘ ਤੇ ਹਰਦੀਪ ਸਿੰਘ ਨੇ ਪਹੁੰਚ ਕੇ ਦੇਖਿਆ ਕਿ ਇਸ ਬਜ਼ੁਰਗ ਦੇ ਹੱਥ-ਪੈਰ ਸੁੱਜੇ ਹੋਏ ਸਨ, ਮਲ-ਮੂਤਰ ਆਦਿ ਕੱਪੜਿਆਂ ਵਿੱਚ ਹੀ ਕੀਤਾ ਹੋਇਆ ਸੀ ਅਤੇ ਹਾਲਤ ਬੇਹੱਦ ਚਿੰਤਾਜਨਕ ਸੀ । ਇਸਨੂੰ ਬੱਸ ਵਿੱਚੋਂ ਪਏ ਨੂੰ ਚੁੱਕ ਕੇ ਆਸ਼ਰਮ ਦੀ ਐਂਬੂਲੈਂਸ ਵਿੱਚ ਪਾ ਕੇ ਸਰਾਭਾ ਪਿੰਡ ਦੇ ਨਜ਼ਦੀਕ ਬਣੇ ਗੁਰੂ ਅਮਰ ਦਾਸ ਅਪਾਹਜ ਆਸ਼ਰਮ ਵਿੱਚ ਲੈ ਆਏ। ਆਸ਼ਰਮ ਵਿੱਚ ਇਸਨੂੰ ਲੋੜੀਂਦੀ ਮੈਡੀਕਲ ਸਹਾਇਤਾ ਦਿੱਤੀ ਗਈ, ਇਸ਼ਨਾਨ ਕਰਵਾਇਆ, ਪ੍ਰਸ਼ਾਦਾ ਛਕਾਇਆ ਅਤੇ ਜ਼ਰੂਰਤ ਦੀਆਂ ਵਸਤੂਆਂ ਦਿੱਤੀਆਂ ਗਈਆਂ। ਚਾਰ-ਪੰਜ ਘੰਟੇ ਬਾਅਦ ਇਸ ਨੇ ਕੁੱਝ ਸੁਰਤ ਸੰਭਾਲੀ ਤਾਂ ਬਜ਼ੁਰਗ ਨੇ ਆਪਣੇ ਬਾਰੇ ਦੱਸਿਆ ਕਿ ਮੇਰਾ ਨਾਮ ਰਮੇਸ਼ ਕੁਮਾਰ ਹੈ, ਮੈਂ ਜਵਾਹਰ ਨਗਰ ਵਿੱਚ ਸੜਕ ਕਿਨਾਰੇ ਬੈਠ ਕੇ ਕੱਪੜਿਆਂ ਦੀ ਮੁਰੰਮਤ ਦਾ ਛੋਟਾ-ਮੋਟਾ ਕੰਮ ਕਰਦਾ ਸੀ। ਰਹਿਣ ਲਈ ਕੋਈ ਘਰ-ਬਾਰ ਨਾ ਹੋਣ ਕਰਕੇ ਗਰਮੀਆਂ ਵਿੱਚ ਸੜਕ ਕਿਨਾਰੇ ਹੀ ਸੌਂ ਜਾਂਦਾ ਅਤੇ ਸਰਦੀਆਂ ਵਿੱਚ ਪੁਰਾਣੀਆਂ ਖੜ੍ਹੀਆਂ ਬੱਸਾਂ ਵਿੱਚ ਸੌਂ ਜਾਂਦਾ ਸੀ। ਹੁਣ ਬੁਢੇਪੇ 'ਚ ਬਿਮਾਰ ਹੋ



ਗਿਆ ਅਤੇ ਸਰਦੀ ਵੀ ਨਹੀਂ ਝੱਲੀ ਜਾਂਦੀ । ਆਸ਼ਰਮ ਦੇ ਮੈਡੀਕਲ ਸਟਾਫ ਨੇ ਦੱਸਿਆ ਕਿ ਉਮੀਦ ਹੈ ਇਹ ਬਜ਼ੁਰਗ ਆਸ਼ਰਮ ਵਿੱਚ ਲਗਾਤਾਰ ਮੈਡੀਕਲ ਸਹਾਇਤਾ ਮਿਲਣ ਨਾਲ ਅਤੇ ਚੰਗੀ ਸੇਵਾ-ਸੰਭਾਲ ਸਦਕਾ ਜਲਦੀ ਹੀ ਤੁਰਨ-ਫਿਰਨ ਲੱਗ ਜਾਵੇਗਾ।

ਇਸ ਸੰਸਥਾ ਦੇ ਬਾਨੀ ਡਾ. ਨੌਰੰਗ ਸਿੰਘ ਮਾਂਗਟ ਅਤੇ ਪ੍ਰਧਾਨ ਚਰਨ ਸਿੰਘ ਦੇ ਦੱਸਣ ਮੁਤਾਬਕ ਇਸ ਸੰਸਥਾ ਵੱਲੋਂ ਪਿਛਲੇ 19 ਸਾਲਾਂ ਦੌਰਾਨ ਸੈਂਕੜੇ ਹੀ ਅਜਿਹੇ ਬਿਮਾਰ ਲਾਵਾਰਸ ਵਿਅਕਤੀਆਂ ਨੂੰ ਸੜਕਾਂ ਤੋਂ ਚੁੱਕ ਕੇ ਨਵੀਂ ਜ਼ਿੰਦਗੀ ਪਰਦਾਨ ਕੀਤੀ ਗਈ ਹੈ। ਇਸ ਆਸ਼ਰਮ ਵਿੱਚ ਦਿਮਾਗੀ ਸੰਤੁਲਨ ਗੁਆ ਚੁੱਕੇ ਅਤੇ ਹੋਰ ਬਿਮਾਰੀਆ ਨਾਲ ਪੀੜਤ ਲਾਵਾਰਸ-ਬੇਘਰ ਦੋ ਸੌ (200) ਦੇ ਕਰੀਬ ਮਰੀਜ਼ ਹਮੇਸ਼ਾਂ ਹੀ ਰਹਿੰਦੇ ਹਨ । ਇਹਨਾਂ ਵਿੱਚ ਬਹੁਤ ਸਾਰੇ ਮਰੀਜ਼ ਪੂਰੀ ਤਰ੍ਹਾਂ ਸੁੱਧ-ਬੁੱਧ ਨਾ ਹੋਣ ਕਰਕੇ ਕੱਪੜਿਆਂ ਵਿੱਚ ਹੀ ਮਲ-ਮੂਤਰ ਕਰਦੇ ਹਨ। ਆਸ਼ਰਮ ਵੱਲੋਂ ਕੀਤੀ ਜਾ ਰਹੀ ਇਹ ਬੇਮਿਸਾਲ ਤੇ ਨਿਰਸਵਾਰਥ ਲੋਕ ਸੇਵਾ ਗੁਰੂ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਚੱਲ ਰਹੀ ਹੈ। ਆਸ਼ਰਮ ਵਾਰੇ ਹੋਰ ਜਾਣਕਾਰੀ ਲਈ ਸੰਪਰਕ (ਮੋਬਾਇਲ): 95018-42506; 95018-42505

# ਰਾਸ਼ਟਰਪਤੀ ਨੇ ਬਾਲ ਪੁਰਸਕਾਰ ਵੰਡੇ

ਨਵੀਂ ਦਿੱਲੀ : ਬੱਚਿਆਂ ਨੂੰ ਇਲੈਕਟ੍ਰੌਨਿਕ ਉਪਕਰਨਾਂ ਦਾ ਲੋੜੋਂ ਵੱਧ ਇਸਤੇਮਾਲ ਕਰਨ ਤੋਂ ਸਾਵਧਾਨ ਕਰਦਿਆਂ ਰਾਸ਼ਟਰਪਤੀ ਦਰੋਪਦੀ ਮੁਰਮੂ ਨੇ ਅੱਜ ਕਿਹਾ ਕਿ ਇਸ ਕਾਰਨ ਸਿਹਤ ਸਬੰਧੀ ਵੱਖ-ਵੱਖ ਤਰ੍ਹਾਂ ਦੀਆਂ ਸਮੱਸਿਆਵਾਂ ਪੇਸ਼ ਆ ਰਹੀਆਂ ਹਨ। ਉਨ੍ਹਾਂ ਬੱਚਿਆਂ ਨੂੰ ਘੱਟੋ-ਘੱਟ ਕੋਈ ਇਕ ਖੇਡ ਅਪਨਾਉਣ ਲਈ ਪ੍ਰੇਰਿਆ। ਉਹ ਇੱਥੇ ਪ੍ਰਧਾਨ ਮੰਤਰੀ ਰਾਸ਼ਟਰੀ ਬਾਲ ਪੁਰਸਕਾਰ ਸਮਾਗਮ ਨੂੰ ਸੰਬੋਧਨ ਕਰ ਰਹੇ ਸਨ।





ਇਸ ਦੌਰਾਨ ਰਾਸ਼ਟਰਪਤੀ ਨੇ 18 ਸੂਬਿਆਂ ਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਦੇ 19 ਬੱਚਿਆਂ ਨੂੰ ਪੁਰਸਕਾਰ ਦਿੱਤੇ। ਪੁਰਸਕਾਰ ਹਾਸਲ ਕਰਨ ਵਾਲੇ ਬੱਚਿਆਂ ਵਿੱਚ ਨੌਂ ਲੜਕੇ ਤੇ 10 ਲੜਕੀਆਂ ਸ਼ਾਮਲ ਸਨ, ਜਿਨ੍ਹਾਂ ਵਿੱਚ ਹਰਿਆਣਾ ਦੀ ਗਰਿਮਾ ਤੋਂ ਇਲਾਵਾ ਮਹਾਰਾਸ਼ਟਰ ਦਾ ਆਦਿੱਤਿਆ ਵਿਜੈ ਬ੍ਰਾਹਮਣ, ਰਾਜਸਥਾਨ ਦਾ ਆਰੀਅਨ ਸਿੰਘ, ਛੱਤੀਸਗੜ੍ਹ ਦਾ ਅਰਮਾਨ ਉਭਰਾਨੀ, ਉੱਤਰ ਪ੍ਰਦੇਸ਼ ਦੀ ਅਨੁਸ਼ਕਾ ਪਾਠਕ, ਪੱਛਮੀ ਬੰਗਾਲ ਤੋਂ ਅਰਿਜੀਤ ਬੈਨਰਜੀ, ਗੁਜਰਾਤ ਤੋਂ ਹੈਤਵੀ ਕਾਂਤੀਭਾਈ ਖਿਮਸੂਰੀਆ, ਜੰਮੂ ਕਸ਼ਮੀਰ ਦਾ ਇਸ਼ਫਾਕ ਹਾਮਿਦ, ਬਿਹਾਰ ਦਾ ਮੁਹੰਮਦ ਹੁਸੈਨ, ਤਿਲੰਗਾਨਾ ਦੀ ਪੈਂਡਲਿਆ ਲਕਸ਼ਮੀ ਪ੍ਰਿਆ, ਦਿੱਲੀ ਤੋਂ ਸੁਹਾਨੀ ਚੌਹਾਨ, ਮੱਧ ਪ੍ਰਦੇਸ਼ ਤੋਂ ਅਵਨੀਸ਼ ਤਿਵਾੜੀ, ਤ੍ਰਿਪੁਰਾ ਤੋਂ ਜਯੋਤਸਨਾ ਅਖਤਰ, ਅਸਾਮ ਤੋਂ ਸੰਯਮ ਮਜ਼ੂਮਦਰ, ਉੱਤਰ ਪ੍ਰਦੇਸ਼ ਤੋਂ ਆਦਿੱਤਿਆ ਯਾਦਵ, ਕਰਨਾਟਕ ਤੋਂ ਚਾਰਵੀ, ਅਰੁਣਾਚਲ ਪ੍ਰਦੇਸ਼ ਤੋਂ ਜੈਸਿਕਾ ਨੈਯੀ, ਮਨੀਪੁਰ ਤੋਂ ਲਿੰਥੋਈ ਚਨਾਂਬਮ ਅਤੇ ਆਂਧਰਾ ਪ੍ਰਦੇਸ਼ ਤੋਂ ਆਰ ਸੂਰਿਆ ਸ਼ਾਮਲ ਹਨ। ਰਾਸ਼ਟਰਪਤੀ ਨੇ ਤਕਨਾਲੋਜੀ ਦੇ ਜ਼ਿੰਮੇਵਾਰੀ ਨਾਲ ਇਸਤੇਮਾਲ ਦੀ ਅਹਿਮੀਅਤ 'ਤੇ ਵੀ ਜ਼ੋਰ ਦਿੱਤਾ। ਉਨ੍ਹਾਂ ਬੱਚਿਆਂ ਵੱਲੋਂ ਸਿੱਖਿਆ ਤੇ ਨਿੱਜੀ ਵਿਕਾਸ ਲਈ ਤਕਨਾਲੋਜੀ ਦੇ ਇਸਤੇਮਾਲ ਦੀ ਸ਼ਲਾਘਾ ਕੀਤੀ।

# ਅੰਮ੍ਰਿਤਸਰ ਵਿਚ ਅਲੋਪ ਹੋਇਆ ਬਾਬਾ ਗੁਰਦਿੱਤ ਸਿੰਘ ਕਾਮਾਗਾਟਾ ਮਾਰੂ ਦਾ ਘਰ

ਅੰਮ੍ਰਿਤਸਰ : ਅੰਮ੍ਰਿਤਸਰ ਦੇ ਕੱਟੜਾ ਦਲ ਸਿੰਘ ਦੀਆਂ ਗਲੀਆਂ ਵਿਚ ਇਕ ਜ਼ਿਕਰ ਅਕਸਰ ਸੁਣੀਂਦਾ ਹੈ ਕਿ ਇਥੇ ਬਾਬਾ ਗੁਰਦਿੱਤ ਸਿੰਘ ਕਾਮਾਗਾਟਾ ਮਾਰੂ ਅਪਣੇ ਆਖ਼ਰੀ ਸਾਲਾਂ ਵਿਚ ਰਹਿੰਦੇ ਰਹੇ ਹਨ। ਉਹ ਫੌਤ ਵੀ ਇਥੇ ਹੋਏ ਅਤੇ ਉਨ੍ਹਾਂ ਦੀ ਦੇਹ ਨੂੰ ਸਸਕਾਰ ਲਈ ਉਨ੍ਹਾਂ ਦੇ ਪਿੰਡ ਸਰਹਾਲੀ ਵਿਖੇ ਲਿਜਾਇਆ ਗਿਆ। ਗੁਰਦੁਆਰਾ ਕੌਲਸਰ ਸਾਹਿਬ ਦੇ ਸਾਹਮਣੇ ਇਸ ਵੇਲੇ ਨਗਰ ਨਿਗਮ ਦਾ ਪਾਣੀ ਸਪਲਾਈ ਕਰਨ ਵਾਲਾ ਕੋਠਾ ਹੈ। ਇਥੇ ਸ. ਕਰਮ ਸਿੰਘ ਦਾ ਘਰ ਸੀ ਜਿਨ੍ਹਾਂ ਦਾ ਪਿਛੋਕੜ ਸਰਹਾਲੀ ਦਾ ਸੀ।

ਬਾਬਾ ਗੁਰਦਿੱਤ ਸਿੰਘ ਕਾਮਾਗਾਟਾ ਮਾਰੂ ਆਖ਼ਰੀ ਸਾਲਾਂ ਵਿਚ ਇਥੇ ਅਪਣੇ ਪਿੰਡ ਵਾਲੇ ਕਰਮ ਸਿੰਘ ਦੇ ਘਰ ਰਹਿੰਦੇ ਰਹੇ ਹਨ ਅਤੇ ਇਥੇ ਹੀ ਉਹ ਅਕਾਲ ਚਲਾਣਾ ਕਰ ਗਏ। ਕੱਟੜਾ ਦਲ ਸਿੰਘ ਵਿਖੇ ਮਾਤਾ ਸੁਰਜੀਤ ਕੌਰ ਜਿਨ੍ਹਾਂ ਦੀ ਉਮਰ 108 ਸਾਲ ਸੀ ਕਹਿੰਦੇ ਹਨ ਕਿ ਉਨ੍ਹਾਂ ਦੇ ਘਰ ਬਾਰੇ ਨਗਰ ਨਿਗਮ ਦਾ ਰਿਕਾਰਡ ਕੀ ਕਹਿੰਦਾ ਹੈ ਇਸ ਬਾਰੇ ਤਾਂ ਨਹੀਂ ਪਤਾ ਪਰ ਦਰਬਾਰ ਸਾਹਿਬ ਦੇ ਨਾਲ ਲਗਦੀ ਕੱਟੜਾ ਦਲ ਸਿੰਘ ਦੀ ਇਹ ਗਲੀ ਬਾਬਾ ਗੁਰਦਿੱਤ ਸਿੰਘ ਮਾਰਗ ਹੀ ਵੱਜਦੀ ਹੈ। ਉਮੀਦ ਭਰੀ ਰੌਸ਼ਨੀ ਅੱਖਾਂ ਵਿਚ ਲੈ ਮਾਤਾ ਸੁਰਜੀਤ ਕੌਰ ਦੀਆਂ ਅੱਖਾਂ ਵਿਚ ਹਮੇਸ਼ਾ ਹੀ ਵਤਨ ਅਤੇ ਮਿੱਟੀ ਦੀ ਗੱਲ ਕਰਦੇ ਹੋਏ ਕਹਿੰਦੇ ਹੁੰਦੇ ਸਨ ਕਿ ਦੇਸ਼ ਲਈ ਕੁੱਝ ਕਰੋ। ਉਨ੍ਹਾਂ ਦੀਆਂ ਯਾਦਾਂ ਵਿਚ ਬਾਬਾ ਗੁਰਦਿੱਤ ਸਿੰਘ ਕਾਮਾਗਾਟਾ ਮਾਰੂ ਦਾ ਜ਼ਿਕਰ ਹੈ। ਕਹਿੰਦੇ ਹਨ ਕਿ ਸੱਭ ਤੋਂ ਪਹਿਲਾਂ ਉਹ ਜਦੋਂ ਬਾਬਾ ਗੁਰਦਿੱਤ ਸਿੰਘ ਨੂੰ ਮਿਲੇ ਸੀ ਤਾਂ ਉਹ ਗੁਰਦੁਆਰਾ ਕੌਲਸਰ ਵਾਲੇ ਪਾਸਿਉਂ ਆ ਰਹੀ ਸੀ। ਮੈਂ ਸਿਲਾਈ ਕਢਾਈ ਦਾ ਕੰਮ ਕਰਦੀ ਸਾਂ ਅਤੇ ਉਨ੍ਹਾਂ ਦੇ ਕਛਹਿਰੇ ਮੈਂ ਸਿਉਂਦੀ ਰਹੀ ਹਾਂ। ਉਨ੍ਹਾਂ ਮੁਤਾਬਕ ਬਾਬਾ ਗੁਰਦਿੱਤ ਸਿੰਘ ਚੜ੍ਹਦੀ ਕਲਾ ਵਾਲੇ ਬੰਦੇ ਸਨ ਅਤੇ ਉਨ੍ਹਾਂ ਨੂੰ ਮੈਂ ਆਖ਼ਰੀ ਛੇ-ਸੱਤ ਸਾਲ ਦੇਖਦੀ ਰਹੀ ਹਾਂ। ਮੇਰੇ ਪਤੀ ਵੀਰ ਸਿੰਘ ਵੀਰ ਵੀ ਉਨ੍ਹਾਂ ਨੂੰ ਮਿਲਦੇ ਸਨ। ਉਨ੍ਹਾਂ ਦੇ ਆਖ਼ਰੀ ਸਵਾਸ ਛੱਡਣ ਵੇਲੇ ਵੀ ਅਸੀਂ ਉਨ੍ਹਾਂ ਕੋਲ ਸਾਂ। ਉਸ ਸਮੇਂ ਉਨ੍ਹਾਂ ਦੇ ਪਤੀ ਤੋਂ ਇਲਾਵਾ ਗਿਆਨੀ ਗੁਰਮੁਖ ਸਿੰਘ ਮੁਸਾਫ਼ਰ, ਕੇਹਰ ਸਿੰਘ (ਘਰ ਦੇ ਮਾਲਕ), ਰਾਧਾ ਕ੍ਰਿਸ਼ਨ (ਨਗਰ ਨਿਗਮ ਅੰਮ੍ਰਿਤਸਰ ਦੇ ਪ੍ਰਧਾਨ ਰਹੇ ਹਨ), ਦਰਸ਼ਨ ਸਿੰਘ ਫੇਰੂਮਾਨ ਵੀ ਹਾਜ਼ਰ ਸਨ।

ਉਨ੍ਹਾਂ ਦੀ ਮ੍ਰਿਤਕ ਦੇਹ ਨੂੰ ਇਥੋਂ ਪਿੰਡ ਸਰਹਾਲੀ ਲਿਜਾਇਆ ਗਿਆ ਸੀ ਜਿਥੇ ਉਨ੍ਹਾਂ ਦਾ ਸਸਕਾਰ ਹੋਇਆ। ਪੰਜਾਬ ਸਰਕਾਰ ਨੇ 2014 ਵਿਚ ਕਾਮਾਗਾਟਾ ਮਾਰੂ ਦੀ ਵਰ੍ਹੇਗੰਢ ਮੌਕੇ ਬਾਬਾ ਗੁਰਦਿੱਤ ਸਿੰਘ ਦਾ ਘਰ ਬਣਾਉਣ ਦਾ ਐਲਾਨ ਕੀਤਾ ਸੀ ਪਰ ਅੱਜ ਦੀ ਤਰੀਕ ਤਕ ਉਨ੍ਹਾਂ ਦਾ ਘਰ ਯਾਦਗਰ ਵਜੋਂ ਨਹੀਂ ਬਣਾਇਆ ਗਿਆ।



ਮਾਤਾ ਸੁਰਜੀਤ ਕੌਰ ਕਹਿੰਦੇ ਹਨ ਕਿ ਇਹੋ ਨਹੀਂ ਗਿਆਨੀ ਜ਼ੈਲ ਸਿੰਘ ਹੁਣਾਂ ਵੀ ਕਿਹਾ ਸੀ ਕਿ ਅੰਮ੍ਰਿਤਸਰ ਉਨ੍ਹਾਂ ਦੀ ਯਾਦ ਨੂੰ ਸਮਰਪਿਤ ਘਰ ਬਣਾਵਾਂਗੇ ਪਰ ਨਹੀਂ ਬਣਿਆ।

ਕਹਿੰਦੇ ਹਨ ਕਿ ਬਾਬਾ ਗੁਰਦਿੱਤ ਸਿੰਘ ਨੇ ਜਿਹੜੀ ਹੱਡਬੀਤੀ ਲਿਖੀ ਅਤੇ ਜਿਵੇਂ ਉਹ ਕੇਸ ਲੜਦੇ ਰਹੇ ਉਨ੍ਹਾਂ ਵਿਚ ਜ਼ਿਕਰ ਸੀ। ਗੁਰੂ ਨਾਨਕ ਜਹਾਜ਼ ਅਤੇ ਗੁਰੂ ਨਾਨਕ ਸਟੀਮਸ਼ਿਪ ਕੰਪਨੀ ਦਾ ਅਤੇ ਉਹ ਚਾਹੁੰਦੇ ਸਨ ਕਿ ਦੁਨੀਆਂ ਉਨ੍ਹਾਂ ਦੇ ਜਹਾਜ਼ ਨੂੰ ਇਸ ਨਾਮ ਨਾਲ ਹੀ ਜਾਣੇ। ਅਖ਼ੀਰ ਬਾਬਾ ਗੁਰਦਿੱਤ ਸਿੰਘ ਦਾ ਜਹਾਜ਼ ਕਾਮਾਗਾਟਾ ਮਾਰੂ ਹੀ ਰਿਹਾ। ਬਾਬਾ ਗੁਰਦਿੱਤ ਸਿੰਘ ਕਾਮਾਗਾਟਾ ਮਾਰੂ (1861-1954) ਦਾ ਜਨਮ ਜ਼ਿਲ੍ਹਾ ਅੰਮ੍ਰਿਤਸਰ ਦੇ ਪਿੰਡ ਸਰਹਾਲੀ 'ਚ ਹੋਇਆ ਸੀ। ਇਨ੍ਹਾਂ ਦੇ ਦਾਦਾ ਸਿੱਖ ਫ਼ੌਜ ਵਿਚ ਸਨ ਅਤੇ ਪਿਤਾ ਕਿਸਾਨ ਸਨ। 1870 'ਚ ਗੁਰਦਿੱਤ ਸਿੰਘ ਮਲੇਸ਼ੀਆ ਚਲੇ ਗਏ। 1885 ਵਿਚ ਇਨ੍ਹਾਂ ਦਾ ਪਹਿਲਾ ਵਿਆਹ ਹੋਇਆ। ਪਹਿਲੇ ਵਿਆਹ ਵਿਚੋਂ ਦੋ ਕੁੜੀਆਂ ਅਤੇ ਇਕ ਮੁੰਡਾ ਸੀ। ਤਿੰਨਾਂ ਦੀ ਹੀ ਮੌਤ ਹੋ ਗਈ ਸੀ।

ਇਨ੍ਹਾਂ ਦੀ ਦੂਜੀ ਪਤਨੀ ਵਿਚੋਂ ਬਲਵੰਤ ਸਿੰਘ ਇਨ੍ਹਾਂ ਦਾ ਪੁੱਤਰ ਸੀ ਜੋ ਇਨ੍ਹਾਂ ਦਾ ਵਾਰਸ ਬਣਿਆ। ਬਾਬਾ ਗੁਰਦਿੱਤ ਸਿੰਘ ਨੇ ਗੁਰੂ ਨਾਨਕ ਸਟੀਮਸ਼ਿਪ ਕੰਪਨੀ ਬਣਾਈ ਸੀ। ਇਸੇ ਤਹਿਤ ਇਨ੍ਹਾਂ ਜਪਾਨੀਆਂ ਤੋਂ ਕਾਮਾਗਾਟਾ ਮਾਰੂ ਜਹਾਜ਼ ਖ਼ਰੀਦਿਆ ਸੀ ਜਿਸ ਦਾ ਬਾਅਦ ਵਿਚ ਨਾਮ ਗੁਰੂ ਨਾਨਕ ਜਹਾਜ਼ ਰਖਿਆ ਗਿਆ। 1914 ਵਿਚ ਹਾਂਗਕਾਂਗ ਤੋਂ ਕੈਨੇਡਾ ਭਾਰਤੀ ਯਾਤਰੂਆਂ ਨਾਲ ਜਹਾਜ਼ ਪਹੁੰਚਿਆ ਸੀ। ਇਸੇ ਤਹਿਤ ਇਨ੍ਹਾਂ ਕੈਨੇਡੀਅਨ ਪ੍ਰਵਾਸੀ ਕਾਨੂੰਨ ਨੂੰ ਵੰਗਾਰਿਆ ਸੀ ਕਿਉਂਕਿ ਇਸ ਕਾਨੂੰਨ ਅਧੀਨ ਭਾਰਤੀਆਂ ਦੇ ਆਗਮਨ ਨੂੰ ਬੰਦ ਕਰਨ ਦਾ ਬੰਦੋਬਸਤ ਸੀ। ਇਹੋ ਜਹਾਜ਼ ਇਨ੍ਹਾਂ ਵਿਰੋਧੀ ਹਾਲਾਤ ਵਿਚੋਂ ਲੰਘਦਾ 29 ਸਤੰਬਰ 1914 ਨੂੰ ਕਲਕੱਤਾ ਦੇ ਬੱਜਬੱਜ ਘਾਟ 'ਤੇ ਪਹੁੰਚਿਆ ਜਿਥੋਂ ਜਹਾਜ਼ ਵਿਚ ਸ਼ਾਮਲ ਸਾਰੇ ਸਰਕਾਰ ਦੇ ਵਿਦਰੋਹੀ ਸਨ ਅਤੇ ਇਨ੍ਹਾਂ ਸੱਭ ਨੂੰ ਗ੍ਰਿਫ਼ਤਾਰ ਕਰ ਕੇ ਪੰਜਾਬ ਵਿਚ ਉਨ੍ਹਾਂ ਦੇ ਘਰੋਂ ਘਰੀਂ ਵਾਪਸ ਭੇਜਿਆ ਗਿਆ। ਇਸੇ ਦੌਰਾਨ ਸਿੱਖ ਮੁਸਾਫ਼ਰਾਂ ਨੇ ਵਾਪਸ ਜਾਣ ਤੋਂ ਮਨ੍ਹਾਂ ਕੀਤਾ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਨੂੰ ਅਪਣੇ ਸਿਰ ਉਪਰ ਚੁਕ ਕੇ ਸ਼ਹਿਰ ਵਿਚ ਸਰਕਾਰ ਵਿਰੁਧ ਜਲੂਸ ਕੱਢਿਆ।

ਇਸ ਦੌਰਾਨ 18 ਸਿੱਖ ਮਾਰੇ ਗਏ, 25 ਜ਼ਖ਼ਮੀ ਹੋਏ ਅਤੇ ਬਾਬਾ ਗੁਰਦਿੱਤ ਸਿੰਘ ਬਚ ਨਿਕਲੇ ਅਤੇ ਸੱਤ ਸਾਲ ਅੰਗਰੇਜ਼ ਸਰਕਾਰ ਤੋਂ ਗ੍ਰਿਫ਼ਤਾਰੀ ਲਈ ਲੁਕਣ ਮੀਟੀ ਖੇਡਦੇ ਰਹੇ। 15 ਨਵੰਬਰ 1921 ਨੂੰ ਨਨਕਾਣਾ ਸਾਹਿਬ ਵਿਖੇ ਗੁਰਪੁਰਬ ਮੌਕੇ ਬਾਬਾ ਗੁਰਦਿੱਤ ਸਿੰਘ ਨੇ ਅਪਣੀ ਗ੍ਰਿਫ਼ਤਾਰੀ ਦਿਤੀ। ਇਸ ਤੋਂ ਬਾਅਦ ਕਈ ਵਾਰ ਭੜਕਾਊ ਭਾਸ਼ਨ ਦੇਣ ਤੋਂ ਲੈ ਕੇ ਸਰਕਾਰ ਵਿਰੋਧੀ ਕਾਰਵਾਈਆਂ ਕਰ ਕੇ ਵੱਖ ਵੱਖ ਸਮੇਂ ਵਿਚ ਗ੍ਰਿਫ਼ਤਾਰੀਆਂ ਹੁੰਦੀਆਂ ਰਹੀਆਂ। 1937 ਵਿਚ ਇਨ੍ਹਾਂ ਇੰਡੀਅਨ ਨੈਸ਼ਨਲ ਕਾਂਗਰਸ ਦੇ ਉਮੀਦਵਾਰ ਵਜੋਂ ਪੰਜਾਬ ਵਿਧਾਨ ਸਭ ਦੀ ਚੋਣ ਲੜੀ ਪਰ ਅਕਾਲੀ ਉਮੀਦਵਾਰ ਪ੍ਰਤਾਪ ਸਿੰਘ ਕੈਰੋਂ ਤੋਂ ਹਾਰ ਗਏ। ਬਾਬਾ ਗੁਰਦਿੱਤ ਸਿੰਘ ਨੇ 1934 ਵਿਚ ਅਕਾਲੀਆਂ ਵਲੋਂ ਸਰਬ-ਸੰਪਰਦਾਏ ਕਾਨਫ਼ਰੰਸ ਵਿਚ ਵੀ ਹਿੱਸਾ ਲਿਆ ਸੀ। 24 ਜੁਲਾਈ 1954 ਨੂੰ ਬਾਬਾ ਗੁਰਦਿੱਤ ਸਿੰਘ ਅਕਾਲ ਚਲਾਣਾ ਕਰ ਗਏ।


ਖੁਸ਼ਖਬਰੀ ਖੁਸ਼ਖਬਰੀ ਖੁਸ਼ਖਬਰੀ
Coming Soon!
Fresno California
ਵਿਚ ਖੁੱਲ੍ਹ ਰਿਹਾ ਨਵਾਂ ਦਫ਼ਤਰ
ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਇਕ ਛੱਤ ਥੱਲੇ
• ਪੋਲੀਟੀਕਲ ਅਸਾਈਲਮ • ਡਿਪ੍ਰੋਟੇਸ਼ਨ ਡਿਫੈਂਸ • BIA ਅਪੀਲ
• 9 Circuit ਅਪੀਲ • ਸਿਟੀਜਨਸ਼ਿਪ • ਗਰੀਨਕਾਰਡ
ਇਮੀਗ੍ਰੇਸ਼ਨ ਦੀਆਂ ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਹੱਲ ਇਕੋ ਛੱਤ ਥੱਲੇ
Law office of Anthony Nwosu
239 West Yosemite Ave Manteca CA 95336
ਸਾਡਾ ਆਫ਼ਿਸ਼ Oakland ਅਤੇ Sacramento ਵਿਚ ਵੀ ਹੈ।
ਅਸੀਂ ਇਮੀਗ੍ਰੇਸ਼ਨ ਨਾਲ ਸਬੰਧਤ ਹਰ ਤਰ੍ਹਾਂ
ਦੀਆਂ ਸੇਵਾਵਾਂ ਪ੍ਰਦਾਨ ਕਰਦੇ ਹਾਂ।
209-481-7750
510-472-0608
PH. : 209-624-3919
ਸ੍ਰ. ਹਰਮਿੰਦਰ ਸਿੰਘ ਸਮਾਣਾ
ਆਫ਼ਿਸ ਮੈਨੇਜਰ
Anthony Nwosu
Attorney at Law

# ਅਯੁੱਧਿਆ ’ਚ ਰਾਮ ਲੱਲਾ ਦੀ ਪ੍ਰਾਣ ਪ੍ਰਤਿਸ਼ਠਾ ਰਸਮ ਸੰਪੂਰਨ, ਮੰਦਰ ’ਤੇ ਹੈਲੀਕਾਪਟਰਾਂ ਨੇ ਫੁੱਲ ਦੀ ਵਰਖਾ ਕੀਤੀ

- *ਪ੍ਰਧਾਨ ਮੰਤਰੀ ਮੋਦੀ ਨੇ 84 ਸਕਿੰਟਾਂ ਦੇ ਵਿਸ਼ੇਸ਼ ਮਹੂਰਤ ’ਚ ਕੀਤੀ ਪ੍ਰਾਣ ਪ੍ਰਤਿਸ਼ਠਾ*
- *ਰਾਮ ਲੱਲਾ ਦੀ ਪ੍ਰਾਣ ਪ੍ਰਤਿਸ਼ਠਾ ਨਾਲ ਨਵੇਂ ਯੁੱਗ ਦਾ ਆਗਾਜ਼: ਮੋਦੀ*










ਅਯੁੱਧਿਆ : ਪਵਿੱਤਰ ਨਗਰੀ ਅਯੁੱਧਿਆ ’ਚ ਵਿਸ਼ਾਲ ਰਾਮ ਮੰਦਰ ਦੇ ਗਰਭ ਗ੍ਰਹਿ ’ਚ ਰਾਮ ਲੱਲਾ ਦੇ ਨਵੇਂ ਸਰੂਪ ਦੀ ਅੱਜ ਲੱਖਾਂ ਸ਼ਰਧਾਲੂਆਂ ਦੀ ਹਾਜ਼ਰੀ ’ਚ ਪ੍ਰਾਣ ਪ੍ਰਤਿਸ਼ਠਾ ਹੋਈ ਜਿਸ ਦੀ ਉਹ ਲੰਮੇ ਸਮੇਂ ਤੋਂ ਉਡੀਕ ਕਰ ਰਹੇ ਸਨ। ਇਸ ਪਲ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੀ ਗਵਾਹ ਬਣੇ। ਪ੍ਰਾਣ ਪ੍ਰਤਿਸ਼ਠਾ ਸਮਾਗਮ ਦੌਰਾਨ ਫ਼ੌਜ ਦੇ ਹੈਲੀਕਾਪਟਰਾਂ ਨੇ ਨਵੇਂ ਬਣੇ ਰਾਮ ਜਨਮਭੂਮੀ ਮੰਦਰ ’ਤੇ ਫੁੱਲਾਂ ਦੀ ਵਰਖਾ ਕੀਤੀ। ਉੱਤਰ ਪ੍ਰਦੇਸ਼ ਦੀ ਇਸ ਮੰਦਰ ਨਗਰੀ ’ਚ ਉਤਸ਼ਾਹ ਅਤੇ ਭਗਤੀ ਦਾ ਅਜਿਹਾ ਸੁਮੇਲ ਨਜ਼ਰ ਆਇਆ ਕਿ ਲੋਕਾਂ ਨੇ ਨੱਚ-ਗਾ ਕੇ ਆਪਣੀ ਖ਼ੁਸ਼ੀ ਦਾ ਇਜ਼ਹਾਰ ਕੀਤਾ। ਲੱਖਾਂ ਹੀ ਲੋਕਾਂ ਨੇ ਆਪਣੇ ਘਰਾਂ ’ਚ ਟੀਵੀ ’ਤੇ ਸਿੱਧਾ ਪ੍ਰਸਾਰਣ ਦੇਖਿਆ ਅਤੇ ਉਹ ਇਸ ਇਤਿਹਾਸਕ ਸਮਾਗਮ ਦਾ ਹਿੱਸਾ ਬਣੇ ਜੋ ਲੋਕ ਸਭਾ ਚੋਣਾਂ ਤੋਂ ਕੁਝ ਮਹੀਨੇ ਪਹਿਲਾਂ ਹੋਇਆ ਹੈ। ਜੰਮੂ ਕਸ਼ਮੀਰ ਨੂੰ ਵਿਸ਼ੇਸ਼ ਦਰਜਾ ਦੇਣ ਵਾਲੀ ਧਾਰਾ 370 ਮਨਸੂਖ ਕਰਨ ਦੇ ਨਾਲ ਨਾਲ ਸਾਂਝਾ ਸਿਵਲ ਕੋਡ ਲਾਗੂ ਕਰਨ ਅਤੇ ਅਯੁੱਧਿਆ ’ਚ ਵਿਸ਼ਾਲ ਰਾਮ ਮੰਦਰ ਦੀ ਉਸਾਰੀ ਜਿਹੇ ਮੁੱਦੇ ਕਈ ਦਹਾਕਿਆਂ ਤੋਂ ਭਾਜਪਾ ਦੇ ਏਜੰਡੇ ’ਤੇ ਰਹੇ ਹਨ। ਪ੍ਰਾਣ ਪ੍ਰਤਿਸ਼ਠਾ ਦੇ ਨਾਲ ਹੀ ਮੰਦਰ ਦਾ ਉਦਘਾਟਨ ਹੋ ਗਿਆ ਹੈ ਅਤੇ ਇਸ ਦੇ ਮੰਗਲਵਾਰ ਤੋਂ ਆਮ ਲੋਕਾਂ ਲਈ ਖੁੱਲ੍ਹਣ ਦੀ ਸੰਭਾਵਨਾ ਹੈ।

ਪ੍ਰਧਾਨ ਮੰਤਰੀ ਮੋਦੀ ਨੇ ਗਰਭ ਗ੍ਰਹਿ ’ਚ 84 ਸੈਕਿੰਡ ਦੇ ਮਹੂਰਤ ਦੌਰਾਨ ਹੋਈ ਪ੍ਰਾਣ ਪ੍ਰਤਿਸ਼ਠਾ ਨਾਲ ਮੰਦਰ ’ਚ ਕਈ ਧਾਰਮਿਕ ਰਸਮਾਂ ਕੀਤੀਆਂ। ਬਾਅਦ ’ਚ ਉਨ੍ਹਾਂ ਭਗਵਾਨ ਰਾਮ ਦੇ ਬਾਲ ਰੂਪ ਵਾਲੀ 51 ਇੰਚ ਦੀ ਮੂਰਤੀ ਅੱਗੇ ਦੰਡਵਤ ਪ੍ਰਣਾਮ ਕੀਤਾ। ਸਮਾਗਮ ਮੌਕੇ ਉੱਤਰ ਪ੍ਰਦੇਸ਼ ਦੀ ਰਾਜਪਾਲ ਆਨੰਦੀਬੇਨ ਪਟੇਲ, ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਅਤੇ ਸੰਘ ਮੁਖੀ ਮੋਹਨ ਭਾਗਵਤ ਵੀ ਹਾਜ਼ਰ ਸਨ। ਸ੍ਰੀ ਮੋਦੀ ਵੱਲੋਂ ਸਮਾਗਮ ’ਚ ਹਾਜ਼ਰ ਅੱਠ ਹਜ਼ਾਰ ਦੇ ਕਰੀਬ ਸਾਧੂ-ਸੰਤਾਂ, ਫਿਲਮੀ ਸਿਤਾਰਿਆਂ ਅਤੇ ਵਪਾਰ ਜਗਤ ਨਾਲ ਜੁੜੀਆਂ ਹਸਤੀਆਂ ਨੂੰ ਸੰਬੋਧਨ ਕੀਤਾ ਗਿਆ ਜਿਸ ਦੀ ਸਮਾਪਤੀ ’ਤੇ ਸੈਂਕੜੇ ਲੋਕ ਗਰਭ ਗ੍ਰਹਿ ਵਾਲੇ ਅਸਥਾਨ ਵੱਲ ਚਲੇ ਗਏ ਅਤੇ ਉਥੇ ਹਫ਼ੜਾ-ਦਫ਼ੜੀ ਦਾ ਮਾਹੌਲ ਬਣ ਗਿਆ। ਭਾਜਪਾ ਪ੍ਰਧਾਨ ਜੇ ਪੀ ਨੱਢਾ ਅਤੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਸਮੇਤ ਭਾਜਪਾ ਦੇ ਹੋਰ ਆਗੂਆਂ ਨੇ ਸਮਾਗਮ ਦਾ ਸਿੱਧਾ ਪ੍ਰਸਾਰਣ ਦੇਖਿਆ। ਵਿਰੋਧੀ ਧਿਰ ਦੇ ਆਗੂ ਸਮਾਗਮ ਨੂੰ ਸੰਘ ਅਤੇ ਭਾਜਪਾ ਦਾ ਪ੍ਰੋਗਰਾਮ ਦੱਸ ਕੇ ਇਸ ਤੋਂ ਲਾਂਭੇ ਰਹੇ। ਉਂਜ ਹਿਮਾਚਲ ਪ੍ਰਦੇਸ਼ ਦੇ ਮੰਤਰੀ ਵਿਕਰਮਾਦਿੱਤਿਆ ਸਿੰਘ, ਜੋ ਪ੍ਰਦੇਸ਼ ਕਾਂਗਰਸ ਪ੍ਰਧਾਨ ਪ੍ਰਤਿਭਾ ਸਿੰਘ ਦੇ ਪੁੱਤਰ ਹਨ, ਵੀ ਇਸ ਸਮਾਗਮ ’ਚ ਹਾਜ਼ਰ ਸਨ। ਮੈਸੂਰ ਆਧਾਰਿਤ ਬੁੱਤਘਾੜੇ ਅਰੁਣ ਯੋਗੀਰਾਜ ਨੇ ਸ਼ਿਆਮ ਰੰਗੇ ਪੱਥਰ ਨਾਲ ਭਗਵਾਨ ਰਾਮ ਦੇ ਪੰਜ ਵਰ੍ ?ਆਂ ਦੇ ਬਾਲ ਰੂਪ ਨੂੰ ਨਵੀਂ ਮੂਰਤੀ ’ਚ ਦਰਸਾਇਆ ਹੈ। ਮੂਰਤੀ ਨੂੰ ਪੀਲੇ ਰੰਗ ਦੇ ਵਸਤਰ ਅਤੇ ਨਗਾਂ ਨਾਲ ਜੜੇ ਜ਼ੇਵਰਾਤਾਂ ਤੇ ਵੱਖ ਵੱਖ ਰੰਗਾਂ ਦੇ ਫੁੱਲਾਂ ਨਾਲ ਸਜਾਇਆ ਹੋਇਆ ਹੈ। ਸਮਾਗਮ ਦੌਰਾਨ ਵਜਾਈ ਗਈ ‘ਮੰਗਲ ਧਵਨੀ’ ’ਚ ਦੇਸ਼ ਦੇ ਵੱਖ ਵੱਖ ਹਿੱਸਿਆਂ ਦੇ 50 ਰਵਾਇਤੀ ਸਾਜ਼ਾਂ ਦੀ ਵਰਤੋਂ ਕੀਤੀ ਗਈ। ਅਯੁੱਧਿਆ ਦੇ ਮਸ਼ਹੂਰ ਕਵੀ ਯਤਿੰਦਰ ਮਿਸ਼ਰ ਵੱਲੋਂ ਸੰਚਾਲਿਤ ਇਸ ਸੰਗੀਤਮਈ ਪੇਸ਼ਕਾਰੀ ਨੂੰ ਨਵੀਂ ਦਿੱਲੀ ਦੀ ਸੰਗੀਤ ਨਾਟਕ ਅਕਾਦਮੀ ਦੇ ਸਹਿਯੋਗ ਨਾਲ ਨੇਪਰੇ ਚਾੜ੍ਹਿਆ ਗਿਆ। ਇਸ ਪ੍ਰੋਗਰਾਮ ’ਚ ਯੂਪੀ ਤੋਂ ਬੰਸਰੀ, ਕਰਨਾਟਕ ਤੋਂ ਵੀਣਾ, ਮਹਾਰਾਸ਼ਟਰ ਤੋਂ ਸੁੰਦਰੀ, ਪੰਜਾਬ ਤੋਂ ਅਲਗੋਜ਼ਾ, ਉੜੀਸਾ ਤੋਂ ਮਰਦਲਾ, ਮੱਧ ਪ੍ਰਦੇਸ਼ ਤੋਂ ਸੰਤੂਰ, ਮਨੀਪੁਰ ਤੋਂ ਪੁੰਗ, ਅਸਾਮ ਤੋਂ ਨਗਾੜਾ ਤੇ ਕਾਲੀ, ਛੱਤੀਸਗੜ੍ਹ ਤੋਂ ਤੰਬੂਰਾ, ਬਿਹਾਰ ਤੋਂ ਪਖਾਵਜ਼, ਦਿੱਲੀ ਤੋਂ ਸ਼ਹਿਨਾਈ ਅਤੇ ਰਾਜਸਥਾਨ ਤੋਂ ਰਾਵਣਹੱਥਾ ਵਜਾਉਣ ਵਾਲੇ ਕਲਾਕਾਰ ਸ਼ਾਮਲ ਹੋਏ। ਇਸ ਦੌਰਾਨ ਅਯੁੱਧਿਆ ਜ਼ਿਲ੍ਹੇ ’ਚ ਸੁਰੱਖਿਆ ਦਾ ਸਖ਼ਤ ਪਹਿਰਾ ਰਿਹਾ ਅਤੇ ਸਵੇਰ ਤੋਂ ਹੀ ਸੜਕਾਂ ’ਤੇ ਰਾਮਧੁਨ ਵਜਣੀ ਸ਼ੁਰੂ ਹੋ ਗਈ ਸੀ।

# ਮੋਦੀ ਵੱਲੋਂ ਮੰਦਰ ਦੀ ਉਸਾਰੀ ਦੇ ਕੰਮ ’ਚ ਲੱਗੇ ਵਰਕਰਾਂ ਦਾ ਸਨਮਾਨ



ਅਯੁੱਧਿਆ : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅਯੁਧਿਆ ’ਚ ਰਾਮ ਮੰਦਰ ਦੀ ਉਸਾਰੀ ਨਾਲ ਜੁੜੇ ਵਰਕਰਾਂ ਨਾਲ ਗੱਲਬਾਤ ਕੀਤੀ। ਇਸ ਦੌਰਾਨ ਸ੍ਰੀ ਮੋਦੀ ਨੇ ਉਨ੍ਹਾਂ ’ਤੇ ਫੁੱਲਾਂ ਦੀ ਵਰਖਾ ਕਰ ਕੇ ਉਨ੍ਹਾਂ ਦਾ ਸਨਮਾਨ ਕੀਤਾ। ਉੱਧਰ ਉੱਤਰੀ ਮਹਾਰਾਸ਼ਟਰ ਦੇ 60 ਸਾਲਾ ਵਿਲਾਸ ਭਾਵਸਰ ਨੇ ਰਾਮ ਮੰਦਰ ਬਣਨ ’ਤੇ 32 ਸਾਲ ਪੈਰਾਂ ’ਚ ਚੱਪਲ ਪਹਿਨੀ ਹੈ। ਉਸ ਨੇ 1992 ’ਚ ਸਹੁੰ ਖਾਧੀ ਸੀ ਕਿ ਜਦੋਂ ਤੱਕ ਅਯੁੱਧਿਆ ’ਚ ਵੱਡੇ ਰਾਮ ਮੰਦਰ ਦਾ ਨਿਰਮਾਣ ਨਹੀਂ ਹੋ ਜਾਂਦਾ, ਉਹ ਨੰਗੇ ਪੈਰੀਂ ਰਹੇਗਾ। ਅੱਜ ਉਸ ਦਾ ਸੁਫਨਾ ਪੂਰਾ ਹੋਣ ’ਤੇ ਉਸ ਨੇ ਜਲਗਾਓਂ ਜ਼ਿਲ੍ਹੇ ਦੇ ਜਾਮਨੇਰ ’ਚ ਕਰਵਾਏ ਗਏ ਸਮਾਗਮ ਦੌਰਾਨ ਮਹਾਰਾਸ਼ਟਰ ਸਰਕਾਰ ਦੇ ਮੰਤਰੀ ਗਿਰੀਸ਼ ਮਹਾਜਨ ਨੇ ਭਾਵਸਰ ਨੂੰ ਚੱਪਲ ਦਾ ਜੋੜਾ ਭੇਟ ਕੀਤਾ ਜੋ ਬਾਅਦ ਵਿੱਚ ਉਸ ਨੇ ਪਹਿਨ ਲਿਆ।

# ਅਡਾਨੀ, ਅੰਬਾਨੀ, ਬਿਰਲਾ, ਮਿੱਤਲ ਅਤੇ ਹੋਰ ਕਾਰੋਬਾਰੀ ਵੀ ਅਯੁੱਧਿਆ ਪੁੱਜੇ

ਨਵੀਂ ਦਿੱਲੀ : ਅਯੁੱਧਿਆ ਵਿੱਚ ਹੋਏ ਪ੍ਰਾਣ ਪ੍ਰਤਿਸ਼ਠਾ ਸਮਾਗਮ ਵਿੱਚ ਅੱਜ ਕਈ ਵੱਡੇ ਕਾਰੋਬਾਰੀਆਂ ਨੇ ਸ਼ਿਰਕਤ ਕੀਤੀ ਅਤੇ ਕਈ ਕੰਪਨੀਆਂ ਨੇ ਆਪਣੇ ਕਰਮਚਾਰੀਆਂ ਨੂੰ ਛੁੱਟੀ ਵੀ ਦਿੱਤੀ। ਸਨਅਤਕਾਰ ਮੁਕੇਸ਼ ਅੰਬਾਨੀ, ਲਕਸ਼ਮੀ ਐੱਨ ਮਿੱਤਲ, ਭਾਰਤੀ ਏਅਰਟੈੱਲ ਦੇ ਮੁਖੀ ਸੁਨੀਲ ਭਾਰਤੀ ਮਿੱਤਲ, ਰਿਲਾਇੰਸ ਗਰੁੱਪ ਦੇ ਹੈੱਡ ਅਨਿਲ ਅੰਬਾਨੀ ਅਤੇ ਆਦਿਤਿਆ ਬਿਰਲਾ ਗਰੁੱਪ ਦੇ ਚੇਅਰਮੈਨ ਕੁਮਾਰ ਮੰਗਲਮ ਬਿਰਲਾ ਤੇ ਉਨ੍ਹਾਂ ਦੀ ਬੇਟੀ ਅਨੰਨਿਆ ਬਿਰਲਾ ਇਸ ਪਵਿੱਤਰ ਸਮਾਗਮ ਵਿੱਚ ਸ਼ਾਮਲ ਹੋਏ। ਅੰਬਾਨੀ ਦੀ ਅਗਵਾਈ ਵਾਲੀ ਰਿਲਾਇੰਸ ਇੰਡਸਟਰੀਜ਼ ਨੇ ਇਸ ਮੌਕੇ ਆਪਣੇ ਸਾਰੇ ਕਰਮਚਾਰੀਆਂ ਨੂੰ ਛੁੱਟੀ ਦਿੱਤੀ। ਇਸ ਤੋਂ ਇਲਾਵਾ ਕੰਪਨੀ ਨੇ ਆਪਣੇ ਕੈਂਪਸ ਵਿੱਚ ਸਥਿਤ ਦਰਜਨ ਤੋਂ ਵੱਧ ਮੰਦਰਾਂ ਵਿੱਚ ਵਿਸ਼ੇਸ਼ ਪੂਜਾ ਕਰਵਾਈ ਤੇ ਆਪਣੇ ਜੀਓਟੀਵੀ ਪਲੇਟਫਾਰਮ ’ਤੇ ਮੰਦਰ ਦੇ 360 ਡਿਗਰੀ ਵਰਚੁਅਲ ਟੂਰ ਦੀ ਪੇਸ਼ਕਸ਼ ਵੀ ਕੀਤੀ। ਅਡਾਨੀ ਗਰੁੱਪ ਦੇ ਚੇਅਰਮੈਨ ਗੌਤਮ ਅਡਾਨੀ ਨੇ ‘ਐਕਸ’ ’ਤੇ ਕਿਹਾ, “ਅਯੁੱਧਿਆ ਮੰਦਰ ਦੇ ਕਿਵਾੜ ਖੁੱਲ੍ਹਣ ਦੇ ਨਾਲ ਹੀ ਇਸ ਨੂੰ ਗਿਆਨ ਅਤੇ ਸ਼ਾਂਤੀ ਦਾ ਪ੍ਰਵੇਸ਼ ਦੁਆਰ ਬਣਨ ਦਿਓ,



ਜੋ ਭਾਰਤ ਦੀ ਅਧਿਆਤਮਕ ਅਤੇ ਸੱਭਿਆਚਾਰਕ ਸਦਭਾਵਨਾ ਦੇ ਸਦੀਵੀ ਧਾਗੇ ਨਾਲ ਭਾਈਚਾਰਿਆਂ ਨੂੰ ਇਕਜੁੱਟ ਕਰੇ।” ਇਸ ਦੇ ਨਾਲ ਹੀ ਉਨ੍ਹਾਂ ਨੇ ਭਾਰਤੀ ਸੱਭਿਆਚਾਰ ਅਤੇ ਸਾਹਿਤ ਬਾਰੇ ਖੋਜ ਕਰ ਰਹੇ 14 ਵਿਦਿਆਰਥੀਆਂ ਨੂੰ ਵਜ਼ੀਫ਼ਾ ਦੇਣ ਦਾ ਵੀ ਐਲਾਨ ਕੀਤਾ। ਐਸਾਰ ਕੈਪੀਟਲ ਦੇ ਡਾਇਰੈਕਟਰ ਪ੍ਰਸ਼ਾਂਤ ਰੁਈਆ ਨੇ ਵੀ ਪਵਿੱਤਰ ਸਮਾਗਮ ਵਿੱਚ ਸ਼ਮੂਲੀਅਤ ਕੀਤੀ। ਇਸੇ ਤਰ੍ਹਾਂ ‘ਜ਼ੋਹੋ’ ਦੇ ਮੁੱਖ ਕਾਰਜਕਾਰੀ ਅਧਿਕਾਰੀ (ਸੀਈਓ) ਸ੍ਰੀਧਰ ਵੇਂਬੂ , ਈਜ਼ ਮਾਈ ਟਰਿੱਪ ਦੇ ਸਹਿ-ਸੰਸਥਾਪਕ ਅਤੇ ਸੀਈਓ ਨਿਸ਼ਾਂਤੀ ਪਿੱਟੀ ਤੇ ਓਯੋ ਰੂਮਜ਼ ਦੇ ਸੰਸਥਾਪਕ ਅਤੇ ਸੀਈਓ ਰਿਤੇਸ਼ ਅਗਰਵਾਲ ਵੀ ਸਮਾਗਮ ਵਿੱਚ ਸ਼ਾਮਲ ਹੋਏ।

# ਫਿਲਮੀ ਸਿਤਾਰਿਆਂ ਨੇ ‘ਪ੍ਰਾਣ ਪ੍ਰਤਿਸ਼ਠਾ’ ਸਮਾਗਮ ’ਚ ਲਗਵਾਈ ਭਰਵੀਂ ਹਾਜ਼ਰੀ


ਅਯੁੱਧਿਆ : ਰਾਮ ਮੰਦਰ ਦੇ ਪ੍ਰਾਣ ਪ੍ਰਤਿਸ਼ਠਾ ਸਮਾਗਮ ਵਿੱਚ ਅੱਜ ਫਿਲਮ ਜਗਤ ਦੀਆਂ ਕਈ ਹਸਤੀਆਂ ਨੇ ਸ਼ਿਰਕਤ ਕੀਤੀ। ਅਦਾਕਾਰਾ ਮਾਧੁਰੀ ਦੀਕਸ਼ਿਤ, ਵਿੱਕੀ ਕੌਸ਼ਲ, ਕੈਟਰੀਨਾ ਕੈਫ਼, ਆਯੁਸ਼ਮਾਨ ਖੁਰਾਣਾ, ਰਣਬੀਰ ਕਪੂਰ, ਆਲੀਆ ਭੱਟ, ਰਾਜਕੁਮਾਰ ਹਿਰਾਨੀ ਤੇ ਸੁਨੀਲ ਸ਼ੈੱਟੀ ਇਸ ਵਿਸ਼ਾਲ ਸਮਾਗਮ ਵਿੱਚ ਸ਼ਾਮਲ ਹੋਏ। ਇਸ ਮੌਕੇ ਸੀਨੀਅਰ ਅਦਾਕਾਰ ਅਮਿਤਾਭ ਬੱਚਨ, ਅਭਿਸ਼ੇਕ ਬੱਚਨ, ਕੰਗਨਾ ਰਣੌਤ, ਮਧੁਰ ਭੰਡਾਰਕਰ ਤੇ ਅਨੁਪਮ ਖੇਰ ਨੇ ਵੀ ਮੰਦਰ ਦੇ ਦਰਸ਼ਨ ਕੀਤੇ।

ਫਿਲਮ ਜਗਤ ਦੀਆਂ ਹਸਤੀਆਂ ਤੋਂ ਬਿਨਾਂ ਖੇਡ ਜਗਤ, ਸੰਤ ਸਮਾਜ ਤੇ ਹੋਰ ਸਮਾਜਕ, ਧਾਰਮਿਕ ਅਦਾਰਿਆਂ ਦੇ ਨੁਮਾਇੰਦਿਆਂ ਨੇ ਵੀ ਸ਼ਮੂਲੀਅਤ ਕੀਤੀ। ਸਮਾਗਮ ਵਿੱਚ ਪਹੁੰਚੇ ਬੱਚਨ ਪਿਓ-ਪੁੱਤਰ ਦੀ ਜੋੜੀ ਨੇ ਕਰੀਮ ਰੰਗ ਦੇ ਕੁੜਤੇ ਪਜਾਮੇ ਨਾਲ ਸ਼ਾਲ ਲਏ ਹੋਏ ਸਨ। ਇਸ ਤੋਂ ਬਿਨਾਂ ਅਦਾਕਾਰ ਮਹੇਸ਼ ਬਾਬੂ ਨੇ ਵੀ ਸਾਰਿਆਂ ਨੂੰ ਭਗਵਾਨ ਰਾਮ ਦੇ ਪ੍ਰਾਣ ਪ੍ਰਤਿਸ਼ਠਾ ਸਮਾਗਮ ਦੀਆਂ ਵਧਾਈਆਂ ਦਿੱਤੀਆਂ। ਕਈ ਫਿਲਮੀ ਸਿਤਾਰਿਆਂ ਨੇ ਮੰਦਰ ਦੇ ਦਰਸ਼ਨ ਕਰਨ ਸਬੰਧੀ ਆਪਣੀਆਂ ਤਸਵੀਰਾਂ ਸਾਂਝੀਆਂ ਕੀਤੀਆਂ ਜਦੋਂ ਕਿ ਕਈ ਫਿਲਮੀ ਹਸਤੀਆਂ ਮੰਦਰ ਦੇ ਦਰਸ਼ਨ ਕਰਕੇ ਹੋਏ ਭਾਵੁਕ ਵੀ ਹੋਏ। ਅਯੁੱਧਿਆ ਵਿੱਚ ਨਵੇਂ ਬਣੇ ਰਾਮ ਜਨਮ ਭੂਮੀ ਮੰਦਰ ਵਿੱਚ ਰਾਮ ਲੱਲਾ ਦੇ ਪ੍ਰਾਣ ਪ੍ਰਤਿਸ਼ਠਾ ਸਮਾਗਮ ਮੌਕੇ ਗਾਇਕ ਸੋਨੂ ਨਿਗਮ ਭਾਵੁਕ ਹੋ ਗਿਆ। ਉਸ ਨੇ ਏਜੰਸੀ ਨਾਲ ਗੱਲਬਾਤ ਕਰਦਿਆਂ ਕਿਹਾ, ‘ਅਭੀ ਕੁਛ ਬੋਲਨੇ ਕੋ ਹੈ ਨਹੀਂ, ਬਸ ਯਹੀ (ਹੰਝੂ) ਬੋਲਨੇ ਕੋ ਹੈਂ।’ ਦੱਸਣਾ ਬਣਦਾ ਹੈ ਕਿ ਸੋਨੂ ਨੇ ਪ੍ਰਾਣ ਪ੍ਰਤਿਸ਼ਠਾ ਸਮਾਗਮ ਤੋਂ ਪਹਿਲਾਂ ‘ਰਾਮ ਸੀਆ ਰਾਮ’ ਭਜਨ ਗਾਇਆ ਸੀ। ਇਸ ਸਮਾਗਮ ਵਿੱਚ ਅਦਾਕਾਰ











ਰਜਨੀਕਾਂਤ, ਵਿਵੇਕ ਓਬਰਾਏ, ਕੇ ਚਿਰੰਜੀਵੀ ਤੇ ਰਾਮ ਚਰਨ ਨੇ ਵੀ ਸ਼ਿਰਕਤ ਕੀਤੀ। ਅਦਾਕਾਰਾ ਦੀਪਿਕਾ ਪਾਦੂਕੋਨ ਨੇ ਸੋਸ਼ਲ ਮੀਡੀਆ ’ਤੇ ਸਮਾਗਮ ਦੀਆਂ ਕੁਝ ਤਸਵੀਰਾਂ ਸਾਂਝੀਆਂ ਕੀਤੀਆਂ ਹਨ। ਖੇਡ ਜਗਤ ਵਿੱਚੋਂ ਸਾਬਕਾ ਕ੍ਰਿਕਟ ਖਿਡਾਰੀ ਸਚਿਨ ਤੇਂਦੁਲਕਰ, ਸਾਬਕਾ ਖਿਡਾਰਨ ਮਿਥਾਲੀ ਰਾਜ, ਬੈਡਮਿੰਟਨ ਖਿਡਾਰਨ ਸਾਇਨਾ ਨੇਹਵਾਲ ਤੇ ਸਾਬਕਾ ਅਥਲੀਟ ਪੀਟੀ ਊਸ਼ਾ ਨੇ ਵੀ ਸਮਾਗਮ ’ਚ ਸ਼ਿਰਕਤ ਕੀਤੀ।

ਬੌਲੀਵੁੱਡ ਦੀ ਉੱਘੀ ਅਦਾਕਾਰਾ ਹੇਮਾ ਮਾਲਿਨੀ ਨੇ ਅਯੁੱਧਿਆ ਵਿੱਚ ਰਾਮ ਮੰਦਰ ਪ੍ਰਾਣ ਪ੍ਰਤਿਸ਼ਠਾ ਮੌਕੇ ਦੀਆਂ ਤਸਵੀਰਾਂ ਸ਼ੇਅਰ ਕੀਤੀਆਂ ਹਨ। ਇਸ ਅਦਾਕਾਰਾ ਨੇ ਐਕਸ ’ਤੇ ਇਸ ਸਮਾਗਮ ਵਿਚ ਹਿੱਸਾ ਲੈਂਦਿਆਂ ਦੀਆਂ ਕਈ ਤਸਵੀਰਾਂ ਅਪਲੋਡ ਕੀਤੀਆਂ ਹਨ। ਉਸ ਨੇ ਕਿਹਾ,‘ਮੈਂ ਰਾਮ ਲੱਲਾ ਦੇ ਇਤਿਹਾਸਕ ਅਤੇ ਅਧਿਆਤਮਿਕ ਤੌਰ ’ਤੇ ਪਰ੍ਫੁੱਲਤ ਕਰਨ ਵਾਲੇ ਪ੍ਰਾਣ ਪ੍ਰਤਿਸ਼ਠਾ ਸਮਾਗਮ ਵਿੱਚ ਸ਼ਾਮਲ ਹੋ ਕੇ ਆਪਣੇ ਆਪ ਨੂੰ ਖੁਸ਼ਕਿਸਮਤ ਮਹਿਸੂਸ ਕਰ ਰਹੀ ਹਾਂ, ਇਹ ਅਜਿਹਾ ਸਮਾਗਮ ਹੈ ਜਿਸ ਦੀ ਦੇਸ਼ ਵਾਸੀ 500 ਸਾਲਾਂ ਤੋਂ ਉਡੀਕ ਕਰ ਰਹੇ ਹਨ। ਤਸਵੀਰਾਂ ’ਚ ਹੇਮਾ ਮਾਲਿਨੀ ਨੇ ਗੁਲਾਬੀ ਰੰਗ ਦਾ ਬਲਾਊਜ਼, ਪੀਲੇ ਰੰਗ ਦੀ ਸਾੜ੍ਹੀ ਤੇ ਲਾਲ ਸ਼ਾਲ ਲਈ ਹੋਈ ਹੈ।

## ਰਾਮ ਲੱਲਾ ਦੀ ਮੂਰਤੀ ਬਣਾਉਣ ਵਾਲੇ ਮੂਰਤੀਕਾਰ ਅਰੁਣ ਯੋਗੀਰਾਜ ਆਪਣੇ ਆਪ ਨੂੰ ਮੰਨਦੇ ਨੇ ਦੁਨੀਆ ਦਾ ਸਭ ਤੋਂ ਖੁਸ਼ਨਸੀਬ

ਅਯੁੱਧਿਆ : ਅਯੁੱਧਿਆ ਦੇ ਰਾਮ ਮੰਦਰ ਵਿੱਚ ਰਾਮ ਲੱਲਾ ਦੀ ਪ੍ਰਾਣ ਪ੍ਰਤਿਸ਼ਠਾ ਸਮਾਰੋਹ ਤੋਂ ਪਹਿਲਾਂ ਰਾਮ ਲੱਲਾ ਦੀ ਮੂਰਤੀ ਬਣਾਉਣ ਵਾਲੇ ਮੂਰਤੀਕਾਰ ਅਰੁਣ ਯੋਗੀਰਾਜ ਆਪਣੇ ਆਪ ਨੂੰ ਦੁਨੀਆ ਦਾ ਸਭ ਤੋਂ ਖੁ ਸ਼ਨਸੀਬ ਵਿਅਕਤੀ ਮੰਨਦੇ ਹਨ। ਉਨ੍ਹਾਂ ਕਿਹਾ,‘ਮੈਂ ਧਰਤੀ ਦਾ ਸਭ ਤੋਂ ਖੁਸ਼ਕਿਸਮਤ ਵਿਅਕਤੀ ਹਾਂ। ਮੇਰੇ ਪੁਰਖਿਆਂ, ਪਰਿਵਾਰਕ ਮੈਂਬਰਾਂ ਤੇ ਭਗਵਾਨ ਰਾਮ ਲੱਲਾ ਦਾ ਆਸ਼ੀਰਵਾਦ ਹਮੇਸ਼ਾ ਮੇਰੇ ਨਾਲ ਰਿਹਾ ਹੈ। ਕਈ ਵਾਰ ਮੈਨੂੰ ਲੱਗਦਾ ਹੈ ਕਿ ਮੈਂ ਸੁਫ਼ਨਮਈ ਸੰਸਾਰ ਵਿੱਚ ਹਾਂ। ਇਹ ਮੇਰੇ ਲਈ ਸਭ ਤੋਂ ਵੱਡਾ ਦਿਨ ਹੈ।’




## ਅਯੁੱਧਿਆ ’ਚ ਰਾਮ ਮੰਦਰ ਦੇ ਕਪਾਟ ਸ਼ਰਧਾਲੂਆਂ ਲਈ ਖੁੱਲ੍ਹੇ

ਅਯੁੱਧਿਆ ਵਿਚ ਰਾਮ ਮੰਦਰ ਦੇ ਕਪਾਟ ਅੱਜ ਆਮ ਜਨਤਾ ਲਈ ਖੋਲ੍ਹ ਦਿੱਤੇ ਗਏ। ਇਸ ਤੋਂ ਇੱਕ ਦਿਨ ਪਹਿਲਾਂ ਇਸ ਨਵੇਂ ਬਣੇ ਮੰਦਰ ਵਿੱਚ ਰਾਮਲੱਲਾ ਦੀ ਨਵੀਂ ਮੂਰਤੀ ਦੀ ਪ੍ਰਾਣ ਪ੍ਰਤਿਸ਼ਠਾ ਕੀਤੀ ਗਈ ਸੀ। ਸੋਮਵਾਰ ਦੇਰ ਰਾਤ ਮੰਦਰ ਕੰਪਲੈਕਸ ਵੱਲ ਜਾਣ ਵਾਲੇ ਰਾਮ ਮਾਰਗ ’ਤੇ ਮੁੱਖ ਗੇਟ ਨੇੜੇ ਸਥਾਨਕ ਲੋਕਾਂ ਅਤੇ ਹੋਰ ਰਾਜਾਂ ਦੇ ਲੋਕਾਂ ਸਮੇਤ ਵੱਡੀ ਗਿਣਤੀ ’ਚ ਸ਼ਰਧਾਲੂ ਇਕੱਠੇ ਹੋਏ।



# ਸ਼ਰਧਾ ਦੇ ਰੰਗ ਵਿੱਚ ਰੰਗਿਆ ਦਿੱਲੀ

## ਨੱਢਾ, ਸਚਦੇਵਾ ਨੇ ਦਿੱਲੀ ਦੇ ਝੰਡੇਵਾਲਾ ਮੰਦਿਰ ਦੇ ਦਰਸ਼ਨ ਕੀਤੇ; ਅਮਿਤ ਸ਼ਾਹ, ਮੀਨਾਕਸ਼ੀ ਲੇਖੀ ਬਿਰਲਾ ਮੰਦਰ ਪੁੱਜੇ



ਨਵੀਂ ਦਿੱਲੀ : ਪਾਰਟੀ ਦੇ ਮੁਖੀ ਜੇਪੀ ਨੱਢਾ ਅਤੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਸਮੇਤ ਭਾਜਪਾ ਦੇ ਚੋਟੀ ਦੇ ਨੇਤਾਵਾਂ ਨੇ ਅਯੁੱਧਿਆ ਦੇ ਰਾਮ ਮੰਦਿਰ ਵਿੱਚ ਪਵਿੱਤਰ ਸੰਸਕਾਰ ਸਮਾਗਮ ਦੀ ਲਾਈਵ ਸਟਰੀਮਿੰਗ ਦੇਖੀ ਅਤੇ ਸੋਮਵਾਰ ਸਵੇਰੇ ਕੌਮੀ ਰਾਜਧਾਨੀ ਵਿੱਚ ਵੱਖ-ਵੱਖ ਸਮਾਗਮਾਂ ਵਿੱਚ ਸ਼ਾਮਲ ਹੋਏ।

ਭਾਜਪਾ ਦੇ ਕੌਮੀ ਪ੍ਰਧਾਨ ਜੇਪੀ ਨੱਢਾ ਨੇ 22 ਜਨਵਰੀ ਨੂੰ ਦਿੱਲੀ ਦੇ ਝੰਡੇਵਾਲਾ ਮੰਦਿਰ ਦਾ ਦੌਰਾ ਕੀਤਾ ਅਤੇ ਭਗਵਾਨ ਸ੍ਰੀ ਰਾਮ ਦੀ ਪੂਜਾ ਕੀਤੀ। ਅਯੁੱਧਿਆ 'ਚ ਰਾਮ ਲੱਲਾ ਦੀ 'ਪ੍ਰਾਣ ਪ੍ਰਤਿਸ਼ਠਾ' ਦੇ ਮੌਕੇ 'ਤੇ ਦਿੱਲੀ ਭਾਜਪਾ ਦੇ ਪ੍ਰਧਾਨ ਵਰਿੰਦਰ ਸਚਦੇਵਾ ਵੀ ਉਨ੍ਹਾਂ ਦੇ ਨਾਲ ਸਨ। ਰਾਮ ਮੰਦਿਰ ਦੇ ਇਤਿਹਾਸਕ ਉਦਘਾਟਨ ਮੌਕੇ ਭਾਜਪਾ ਦੇ ਚੋਟੀ ਦੇ ਆਗੂਆਂ ਨੇ ਵੱਖ ਵੱਖ ਇਲਾਕਿਆਂ ਵਿੱਚ ਹੋਏ ਸਮਾਗਮਾਂ 'ਚ ਸ਼ਿਰਕਤ ਕੀਤੀ ਤੇ ਅਰਦਾਸ ਕਰ ਰਹੇ ਸਨ। ਦਿੱਲੀ 'ਚ ਥਾਂ-ਥਾਂ ਭਗਵੇ ਝੰਡੇ ਲੱਗੇ ਦੇਖੇ ਗਏ। ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ, ਕੇਂਦਰੀ ਮੰਤਰੀ ਮੀਨਾਕਸ਼ੀ ਲੇਖੀ ਅਤੇ ਹੋਰ ਭਾਜਪਾ ਨੇਤਾ ਤੇ ਧਾਰਮਿਕ ਸ਼ਰਧਾਲੂਆਂ ਦੇ ਨਾਲ ਬਿਰਲਾ ਮੰਦਰ ਪਹੁੰਚੇ ਤੇ ਪੂਜਾ 'ਚ ਸ਼ਾਮਲ ਹੋਏ।

ਝੰਡੇਵਾਲ ਮੰਦਿਰ, ਨਵੀਂ ਦਿੱਲੀ ਵਿੱਚ ਸ੍ਰੀ ਰਾਮ ਜੀ ਦੇ ਸਵਾਗਤ ਦੀਆਂ ਤਿਆਰੀਆਂ ਕੀਤੀਆਂ ਗਈਆਂ ਤੇ ਭਾਜਪਾ ਪ੍ਰਧਾਨ ਜਗਤ ਪ੍ਰਕਾਸ਼ ਨੱਡਾ ਹੋਰ ਭਾਜਪਾ ਆਗੂਆਂ ਨਾਲ ਇੱਥੇ ਆਏ। ਭਾਜਪਾ ਦੇ ਮੀਡੀਆ ਮੁਖੀ ਅਨਿਲ ਬਲੂਨੀ ਤੇ ਦਿੱਲੀ ਭਾਜਪਾ ਦੇ ਪ੍ਰਧਾਨ ਵਰਿੰਦਰ ਸਚਦੇਵਾ ਵੀ ਸਮਾਗਮ 'ਚ ਸ਼ਾਮਲ ਹੋਏ। ਖਾਰੀ ਬਾਬਲੀ, ਫਤਿਹਪੁਰੀ ਮਸਜਿਦ ਚੌਕ ਵਿੱਚ ਵਿਸ਼ਾਲ ਸਕਰੀਨ ਲਗਾ ਕੇ ਸਮਾਗਮ ਦੇਖਿਆ ਗਿਆ। ਦਿੱਲੀ ਭਾਜਪਾ ਦਫ਼ਤਰ ਵਿੱਚ ਸ੍ਰੀ ਰਾਮ ਉਤਸਵ ਦਾ ਆਨੰਦ ਮਾਣ ਪਾਰਟੀ ਵਰਕਰਾਂ ਨੇ ਮਾਣਿਆ। ਦਿੱਲੀ ਦੇ ਚਾਵੜੀ ਬਾਜ਼ਾਰ ਵਿੱਚ ਭਾਜਪਾ ਵਰਕਰਾਂ ਵੱਲੋਂ ਆਤਿਸ਼ਬਾਜ਼ੀ ਕੀਤੀ ਗਈ। ਹੌਜ਼ ਕਾਜ਼ੀ ਚੌਕ, ਲਾਲ ਕੂਆਂ ਇਲਾਕੇ ਵਿੱਚ ਲੋਕਾਂ ਦੇ ਉਤਸ਼ਾਹ ਨੂੰ ਦੇਖਿਆ ਜਾ ਸਕਦਾ ਸੀ। ਇਸ ਮੌਕੇ ਉਨ੍ਹਾਂ ਮੰਦਿਰਾਂ ਵਿੱਚ ਪੂਜਾ ਅਰਚਨਾ ਕੀਤੀ। ਨੱਢਾ ਨੇ ਪੱਤਰਕਾਰਾਂ ਨੂੰ ਕਿਹਾ,"ਇਹ ਇਕ ਵੱਡਾ ਇਤਿਹਾਸਕ ਦਿਨ ਹੈ ਜੋ 500 ਸਾਲਾਂ ਦੀ ਉਡੀਕ ਤੋਂ ਬਾਅਦ ਆਇਆ ਹੈ। ਇਹ ਸਾਡੇ ਸਾਰਿਆਂ ਲਈ ਬਹੁਤ ਸ਼ੁਭ ਦਿਨ ਹੈ।" ਹਰਦੀਪ ਸਿੰਘ ਪੁਰੀ ਸਮੇਤ ਕਈ ਹੋਰ ਕੇਂਦਰੀ ਮੰਤਰੀਆਂ ਨੇ ਵੀ ਸਮਾਗਮ ਦੀ ਲਾਈਵ ਸਟ ?ੀਮਿੰਗ ਦੇਖੀ ਅਤੇ ਸ਼ਹਿਰ ਦੇ ਵੱਖ-ਵੱਖ ਹਿੱਸਿਆਂ ਵਿੱਚ ਆਯੋਜਿਤ ਵਿਸ਼ੇਸ਼ ਪ੍ਰਾਰਥਨਾਵਾਂ ਵਿੱਚ ਹਿੱਸਾ ਲਿਆ। ਅਯੁੱਧਿਆ 'ਚ ਨਵੇਂ ਬਣੇ ਮੰਦਰ 'ਚ ਰਾਮ ਲੱਲਾ ਦੀ ਮੂਰਤੀ ਦੀ ਪਵਿੱਤਰ ਰਸਮ ਧਾਰਮਿਕ ਉਤਸ਼ਾਹ ਨਾਲ ਕੀਤੀ ਗਈ।

# ਬਾਜ਼ਾਰਾਂ ਅਤੇ ਮੰਦਰਾਂ ਵਿੱਚ ਅਯੁੱਧਿਆ ਤੋਂ ਸਿੱਧਾ ਪ੍ਰਸਾਰਨ ਵੱਡੀਆਂ ਸਕਰੀਨਾਂ 'ਤੇ ਦਿਖਾਇਆ

## ਵੱਖ-ਵੱਖ ਥਾਈਂ ਸ਼ੋਭਾ ਯਾਤਰਾਵਾਂ ਕੱਢੀਆਂ



ਪਟਿਆਲਾ : ਅਯੁੱਧਿਆ 'ਚ ਭਗਵਾਨ ਰਾਮ ਚੰਦਰ ਦੀ ਮੂਰਤੀ ਦੀ ਪ੍ਰਾਣ ਪ੍ਰਤਿਸ਼ਠਾ ਤਹਿਤ ਸ਼ਾਹੀ ਸ਼ਹਿਰ ਪਟਿਆਲਾ ਭਗਵੇ ਰੰਗ ਵਿੱਚ ਰੰਗਿਆ ਗਿਆ। ਇਸ ਮੌਕੇ ਸ਼ਹਿਰ 'ਚ ਦੁਕਾਨਾ ਅਤੇ ਹੋਰ ਕਾਰੋਬਾਰੀ ਸਥਾਨਾਂ ਸਣੇ ਘਰਾਂ ਆਦਿ 'ਤੇ ਵੀ ਭਗਵੇ ਰੰਗ ਦੇ ਝੰਡੇ ਅਤੇ ਝੰਡੀਆਂ ਲਾਈਆਂ ਗਈਆਂ। ਬਾਜ਼ਾਰਾਂ 'ਚ ਸ਼ੋਭਾ ਯਾਤਰਾਵਾਂ ਵੀ ਕੱਢੀਆਂ ਗਈਆਂ ਅਤੇ ਲੰਗਰ ਲਾਏ ਗਏ। ਲੋਕਾਂ ਨੇ ਆਤਿਸ਼ਬਾਜੀ ਕਰਕੇ ਖੁਸ਼ੀ ਦਾ ਇਜਹਾਰ ਕੀਤਾ। ਇਸ ਮੌਕੇ ਆਪ ਦੇ ਵਿਧਾਇਕ ਅਜੀਤਪਾਲ ਕੋਹਲੀ, ਭਾਜਪਾ ਦੇ ਸ਼ਹਿਰੀ ਪ੍ਰਧਾਨ ਸੰਜੀਵ ਬਿੱਟੂ, ਇੰਪਰੂਵਮੈਂਟ ਟਰੱਸਟ ਦੇ ਚੇਅਰਮੈਨ ਮੇਘਚੰਦ ਸ਼ੇਰਮਾਜਰਾ ਨੇ ਸਮਾਗਮਾਂ 'ਚ ਸ਼ਿਰਕਤ ਕੀਤੀ।

# ਘੜਾਮ ਵਿੱਚ ਮਾਤਾ ਕੌਸ਼ੱਲਿਆ ਮੰਦਿਰ ਦੇ ਨਿਰਮਾਣ ਦਾ ਐਲਾਨ

## ਵਿਧਾਇਕ ਪਠਾਣਮਾਜਰਾ ਨੇ ਇੱਕ ਲੱਖ ਰੁਪਏ ਦਾ ਯੋਗਦਾਨ ਪਾ ਕੇ ਕੀਤੀ ਸ਼ੁਰੂਆਤ; ਦਸ ਲੱਖ ਰੁਪਏ ਹੋਏ ਇਕੱਠੇ

ਦੇਵੀਗੜ੍ਹ : ਸਨੌਰ ਦੇ ਵਿਧਾਇਕ ਹਰਮੀਤ ਸਿੰਘ ਪਠਾਣਮਾਜਰਾ ਨੇ ਹਲਕਾ ਸਨੌਰ ਦੇ ਪਿੰਡ ਘੜਾਮ ਵਿਖੇ ਸੰਗਤ ਦੇ ਸਹਿਯੋਗ ਨਾਲ ਕਰੋੜਾਂ ਰੁਪਏ ਦੇ ਨਿਵੇਸ਼ ਨਾਲ ਭਗਵਾਨ ਸ੍ਰੀ ਰਾਮ ਦੀ ਮਾਤਾ ਦੀ ਯਾਦ 'ਚ ਮਾਤਾ ਕੌਸ਼ੱਲਿਆ ਮੰਦਿਰ ਦਾ ਨਿਰਮਾਣ ਕਰਵਾਉਣ ਦਾ ਐਲਾਨ ਕੀਤਾ। ਅੱਜ ਇੱਥੇ ਪ੍ਰੈੱਸ ਕਾਨਫਰੰਸ ਦੌਰਾਨ ਉਨ੍ਹਾਂ ਦੱਸਿਆ ਕਿ ਮਾਤਾ ਕੌਸ਼ੱਲਿਆ ਟਰੱਸਟ ਬਣਾ ਕੇ ਇਸ ਮੰਦਿਰ ਦਾ ਨਿਰਮਾਣ ਕੀਤਾ ਜਾਵੇਗਾ। ਉਨ੍ਹਾਂ ਪਰਿਵਾਰ ਵੱਲੋਂ ਇੱਕ ਲੱਖ ਰੁਪਏ ਦੇ ਕੇ ਦਾਨ ਦੀ ਸ਼ੁਰੂਆਤ ਕੀਤੀ, ਤਾਂ ਮੌਕੇ 'ਤੇ ਹੀ ਦਸ ਲੱਖ ਰੁਪਏ ਇਕੱਤਰ ਹੋ ਗਏ। ਇਸ ਦੌਰਾਨ ਮੰਦਿਰ ਦੀ ਸੇਵਾ ਸ੍ਰੀ ਪਾਤਾਲੇਸ਼ਵਰ ਮੰਦਿਰ, ਬਾਬਾ ਸ੍ਰੀ ਸ਼ੰਕਰ ਗਿਰ ਔਲੀਆ ਘੜਾਮ ਦੇ ਬਾਬਾ ਪ੍ਰੇਮਾ ਨੰਦ ਗਿਰੀ ਨੂੰ ਸੌਂਪੀ ਗਈ।



ਸ੍ਰੀ ਪਠਾਣਮਾਜਰਾ ਨੇ ਕਿਹਾ ਕਿ ਘੜਾਮ ਦੇ ਵਿਕਾਸ ਲਈ ਕੇਂਦਰ ਸਰਕਾਰ ਤੋਂ 200 ਕਰੋੜ ਦੇ ਪ੍ਰਾਜੈਕਟ ਦੀ ਮੰਗ ਵੀ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਘੜਾਮ ਦੇ ਵਿਕਾਸ ਲਈ ਪਹਿਲਾਂ ਹੀ ਕਈ ਤਰ੍ਹਾਂ ਦੀਆਂ ਤਜਵੀਜਾਂ ਉਲੀਕੀਆਂ ਜਾ ਚੁੱਕੀਆਂ ਹਨ, ਇਸ ਲਈ ਕੇਂਦਰ ਸਰਕਾਰ ਪਟਿਆਲਾ ਤੋਂ ਘੜਾਮ ਤੱਕ ਸੜਕ ਨੂੰ ਚਾਰ ਮਾਰਗੀ ਬਣਾਉਣ ਸਮੇਤ ਪਟਿਆਲਾ ਵਿਖੇ ਮਾਤਾ ਕੌਸ਼ੱਲਿਆ ਦੀ ਯਾਦ ਵਿੱਚ ਕੌਮਾਂਤਰੀ ਹਵਾਈ ਅੱਡੇ ਦਾ ਨਿਰਮਾਣ ਕਰਵਾਏ ਤਾਂ ਕਿ ਇਸ ਇਤਿਹਾਸਕ ਮਹੱਤਤਾ ਵਾਲੇ ਨਗਰ ਨੂੰ ਕੌਮਾਂਤਰੀ ਨਕਸ਼ੇ 'ਤੇ ਉਭਾਰਿਆ ਜਾ ਸਕੇ। ਵਿਧਾਇਕ ਨੇ ਦੱਸਿਆ ਕਿ ਕਿਸੇ ਸਮੇਂ ਇਸ ਥੇਹ ਦੀ ਖੁਦਾਈ ਸ਼ੁਰੂ ਹੋਈ ਸੀ ਪਰੰਤੂ ਉਸ ਤੋਂ ਬਾਅਦ ਇਸ ਦੀ ਕੋਈ ਹੋਰ ਖੋਜ ਨਹੀਂ ਹੋਈ ਇਸ ਲਈ ਕੇਂਦਰ ਸਰਕਾਰ ਸ੍ਰੀ ਰਾਮ ਦੇ ਨਾਨਕੇ ਪਿੰਡ ਦੇ ਵਿਕਾਸ ਵੱਲ ਵਿਸ਼ੇਸ਼ ਧਿਆਨ ਦੇਵੇ। ਮਾਤਾ ਕੌਸ਼ੱਲਿਆ ਦੇ ਨਾਮ 'ਤੇ ਟਰੱਸਟ ਬਣਾ ਕੇ ਇਸ ਰਾਹੀਂ ਸੁੰਦਰ ਮੰਦਿਰ ਦੇ ਨਿਰਮਾਣ ਦਾ ਕਾਰਜ ਬਹੁਤ ਜਲਦ ਸ਼ੁਰੂ ਕੀਤਾ ਜਾਵੇਗਾ। ਇਸ ਅਸਥਾਨ ਦੇ ਇਤਿਹਾਸ ਬਾਰੇ ਪਟਿਆਲਾ ਦੇ ਰੇਲਵੇ ਸਟੇਸ਼ਨ ਵਿਖੇ ਵੀ ਇਬਾਰਤ ਲਿਖੀ ਜਾਵੇਗੀ। ਸ੍ਰੀ ਠਾਣਮਾਜਰਾ ਨੇ ਕਿਹਾ ਕਿ ਭਗਵਾਨ ਸ੍ਰੀ ਰਾਮ ਦੇ ਪਿਤਾ ਸ੍ਰੀ ਦਸ਼ਰਥ ਘੜਾਮ ਵਿਖੇ ਆਪਣੀ ਬਰਾਤ ਲੈਕੇ ਜਿੱਥੇ ਆਏ ਸਨ, ਉਥੇ ਬਾਉਲੀ ਸੀ ਤੇ ਇੱਥੇ ਹੁਣ ਗੁਰਦੁਆਰਾ ਮਿਲਾਪ ਸਰ ਸਾਹਿਬ ਸ਼ੁਸੋਭਿਤ ਹੈ। ਇੱਥੇ ਹੀ ਪੀਰ ਭੀਖਮ ਸ਼ਾਹ ਦਾ ਅਸਥਾਨ ਵੀ ਮੌਜੂਦ ਹੈ। ਇਸ ਲਈ ਇਹ ਅਸਥਾਨ, ਜੋ ਕਿ ਭਗਵਾਨ ਰਾਮ ਦਾ ਨਾਨਕਾ ਪਿੰਡ ਹੈ, ਇਸ ਨੂੰ ਕੇਂਦਰ ਸਰਕਾਰ ਵੱਲੋਂ ਅਯੁੱਧਿਆ ਵਿਖੇ ਭਗਵਾਨ ਸ੍ਰੀ ਰਾਮ ਮੰਦਿਰ ਦੇ ਨਿਰਮਾਣ ਸਮੇਂ ਅੱਖੋਂ ਪਰੋਖੇ ਨਹੀਂ ਕਰਨਾ ਚਾਹੀਦਾ।

# ਮਮਤਾ ਬੈਨਰਜੀ ਵੱਲੋਂ ਸਰਬ-ਧਰਮ ਸਦਭਾਵਨਾ ਰੈਲੀ

## ਮੁੱਖ ਮੰਤਰੀ ਨੇ ਵੱਖ-ਵੱਖ ਧਾਰਮਿਕ ਥਾਵਾਂ 'ਤੇ ਮੱਥਾ ਟੇਕਿਆ; ਕਈ ਧਰਮਾਂ ਦੇ ਆਗੂ ਰੈਲੀ 'ਚ ਹੋਏ ਸ਼ਾਮਲ



ਕੋਲਕਾਤਾ : ਅਯੁੱਧਿਆ ਦੇ ਰਾਮ ਮੰਦਰ 'ਚ ਰਾਮ ਲੱਲਾ ਦੀ ਪ੍ਰਾਣ ਪ੍ਰਤਿਸ਼ਠਾ ਸਮਾਗਮ ਵਾਲੇ ਦਿਨ ਅੱਜ ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਇੱਥੇ ਮੰਦਰ, ਮਜਸਿਦ, ਗਿਰਜਾਘਰ ਤੇ ਗੁਰਦੁਆਰੇ ਜਿਹੇ ਵੱਖ ਵੱਖ ਧਾਰਮਿਕ ਸਥਾਨਾਂ 'ਤੇ ਮੱਥਾ ਟੇਕਿਆ ਤੇ ਸਰਬ-ਧਰਮ ਰੈਲੀ ਦੀ ਅਗਵਾਈ ਕਰਦਿਆਂ ਧਾਰਮਿਕ ਸਦਭਾਵਨਾ ਲਈ ਸੰਕੇਤਕ ਯਾਤਰਾ ਕੀਤੀ। ਪੱਛਮੀ ਬੰਗਾਲ 'ਚ ਹਾਕਮ ਪਾਰਟੀ ਤ੍ਰਿਣਾਮੂਲ ਕਾਂਗਰਸ (ਟੀਐੱਮਸੀ) ਦੇ ਪ੍ਰਮੁੱਖ ਮੈਂਬਰਾਂ ਤੇ ਵੱਖ ਵੱਖ ਧਾਰਮਿਕ ਆਗੂਆਂ ਨਾਲ ਟੀਐੱਮਸੀ ਸੁਪਰੀਮੋ ਮਮਤਾ ਬੈਨਰਜੀ ਨੇ ਇੱਥੇ ਹਾਜ਼ਰਾ ਮੋੜ ਤੋਂ 'ਸੰਗਤ ਮਾਰਚ' ਸ਼ੁਰੂ ਕੀਤਾ। ਉਨ੍ਹਾਂ ਨਾਲ ਉਨ੍ਹਾਂ ਦੇ ਭਤੀਜੇ ਤੇ ਪਾਰਟੀ ਦੇ ਜਨਰਲ ਸਕੱਤਰ ਅਭਿਸ਼ੇਕ ਬੈਨਰਜੀ ਵੀ ਸਨ। ਰੈਲੀ ਸ਼ੁਰੂ ਕਰਨ ਤੋਂ ਪਹਿਲਾਂ ਮਮਤਾ ਨੇ ਦੱਖਣੀ ਕੋਲਕਾਤਾ 'ਚ ਇਤਿਹਾਸਕ ਕਾਲੀਘਾਟ ਮੰਤਰ 'ਚ ਪੂਜਾ ਕੀਤੀ ਅਤੇ ਨਾਲ ਹੀ ਆਪਣੇ ਦਿਨ ਦੀ ਸ਼ੁਰੂਆਤ ਕੀਤੀ। ਉਸ ਤੋਂ ਬਾਅਦ ਹਾਜ਼ਰਾ ਮੋੜ ਤੋਂ ਸਰਬ-ਧਰਮ ਸਦਭਾਵ ਰੈਲੀ ਸ਼ੁਰੂ ਕੀਤੀ ਜੋ ਪਾਰਕ ਸਰਕਰ ਮੈਦਾਨ ਵੱਲ ਗਈ। ਰਸਤੇ 'ਚ ਵੱਡੀ ਗਿਣਤੀ 'ਚ ਇਕੱਠੇ ਹੋਏ ਲੋਕਾਂ ਨੇ ਮਮਤਾ ਬੈਨਰਜੀ ਦਾ ਸਵਾਗਤ ਕੀਤਾ। ਇਹ ਰੈਲੀ ਪਾਰਕ ਸਰਕਸ ਮੈਦਾਨ ਪਹੁੰਚ ਕੇ ਸਮਾਪਤ ਹੋਈ ਜਿੱਥੇ ਵੱਡੀ ਗਿਣਤੀ 'ਚ ਲੋਕ ਇਕੱਠੇ ਹੋਏ। ਮਾਰਚ ਦੌਰਾਨ ਬੈਨਰਜੀ ਨੇ ਗੁਰਦੁਆਰੇ, ਗਿਰਜਾਘਰ ਤੇ ਪਾਰਕ ਸਰਕਸ ਮੈਦਾਨ ਨੇੜੇ ਇੱਕ ਮਸਜਿਦ 'ਚ ਵੀ ਮੱਥਾ ਟੇਕਿਆ। ਉਨ੍ਹਾਂ ਦੇ ਇਸ ਮਾਰਚ ਦਾ ਮਕਸਦ ਸੂਬੇ 'ਚ ਫਿਰਕੂ ਸਦਭਾਵਨਾ ਨੂੰ ਹੁਲਾਰਾ ਦੇਣਾ ਹੈ।

# 'ਆਪ' ਨੇ ਹਰ ਵਿਧਾਨ ਸਭਾ ਹਲਕੇ 'ਚ ਸ਼ੋਭਾ ਯਾਤਰਾਵਾਂ ਕੱਢੀਆਂ

ਨਵੀਂ ਦਿੱਲੀ : ਅਯੁੱਧਿਆ 'ਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਰਾਮ ਮੰਦਰ 'ਚ ਪ੍ਰਾਣ ਪ੍ਰਤਿਸ਼ਠਾ ਸਮਾਗਮ ਦੇ ਸਮਾਨਅੰਤਰ ਦਿੱਲੀ ਤੇ ਐੱਨਸੀਆਰ ਵਿੱਚ ਵੀ ਵੱਡੀ ਪੱਧਰ ਉੱਪਰ ਧਾਰਮਿਕ ਸਮਾਗਮ ਕਰਵਾਏ ਗਏ। ਦਿੱਲੀ ਦੀ ਸੱਤਾਧਾਰੀ ਆਮ ਆਦਮੀ ਪਾਰਟੀ ਵੱਲੋਂ ਪਹਿਲਾਂ ਤੋਂ ਉਲੀਕੇ ਪ੍ਰੋਗਰਾਮ ਤਹਿਤ ਹਰ ਵਿਧਾਨ ਸਭਾ ਹਲਕੇ 'ਚ ਸ਼ੋਭਾ ਯਾਤਰਾਵਾਂ ਕੱਢੀਆਂ ਗਈਆਂ ਤੇ ਲੰਗਰ ਲਾਏ ਗਏ। ਇਨ੍ਹਾਂ ਸਮਾਗਮਾਂ ਵਿੱਚ 'ਆਪ' ਦੇ ਮੰਤਰੀਆਂ, ਵਿਧਾਇਕਾਂ ਤੇ ਕੌਂਸਲਰਾਂ ਸਮੇਤ ਕਾਰਕੁਨਾਂ ਤੇ ਆਗੂਆਂ ਨੇ ਸ਼ਿਰਕਤ ਕੀਤੀ। ਪਾਰਟੀ ਵੱਲੋਂ ਸੁੰਦਰਕਾਂਡ ਦੇ ਪਾਠ ਵੀ ਕਰਵਾਏ ਗਏ। ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਵੀ ਅੱਜ ਇਨ੍ਹਾਂ ਸਮਾਗਮਾਂ ਵਿੱਚ ਸ਼ਾਮਲ ਹੋਏ ਤੇ ਇਸ ਸਬੰਧੀ ਉਨ੍ਹਾਂ ਐਕਸ ਉਪਰ ਜਾਣਕਾਰੀ ਵੀ ਦਿੱਤੀ ਤੇ ਤਸਵੀਰਾਂ ਵੀ ਸਾਂਝੀਆਂ ਕੀਤੀਆਂ।



ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਸੋਸ਼ਲ ਮੀਡੀਆ 'ਤੇ ਲਿਖਿਆ ਕਿ ਉਨ੍ਹਾਂ ਨੇ ਦਿੱਲੀ ਦੇ ਵੱਖ-ਵੱਖ ਇਲਾਕਿਆਂ 'ਚ ਆਯੋਜਿਤ ਭੰਡਾਰਿਆਂ 'ਚ ਹਿੱਸਾ ਲਿਆ। ਇਸ ਮੌਕੇ ਦਿੱਲੀ ਦੇ ਮੰਤਰੀ ਆਤਿਸ਼ੀ ਨੇ ਵੀ ਪੂਜਾ ਅਤੇ ਹਵਨ ਵਿੱਚ ਸ਼ਿਰਕਤ ਕੀਤੀ। ਸੋਮਵਾਰ ਨੂੰ ਅਯੁੱਧਿਆ 'ਚ ਭਗਵਾਨ ਰਾਮਲਲਾ ਮੂਰਤੀ ਸਥਾਪਨਾ ਮੌਕੇ ਦਿੱਲੀ 'ਚ ਵੀ ਰਾਮ ਰਸ ਨਾਲ ਭਰਿਆ ਮਾਹੌਲ ਦੇਖਣ ਨੂੰ ਮਿਲਿਆ। ਥਾਂ-ਥਾਂ ਭੰਡਾਰੇ ਅਤੇ ਭਜਨ-ਕੀਰਤਨ ਕਰਵਾਏ ਗਏ। ਇੱਕ ਹੋਰ ਪੋਸਟ ਵਿੱਚ ਅਰਵਿੰਦ ਕੇਜਰੀਵਾਲ ਨੇ ਕਿਹਾ," ਮਰਿਆਦਾ ਪੁਰਸ਼ੋਤਮ ਭਗਵਾਨ ਸ੍ਰੀ ਰਾਮ ਦੇ ਮਹਾਨ ਮੰਦਰ ਦੀ ਸਥਾਪਨਾ ਦੇ ਇਸ ਪਵਿੱਤਰ ਮੌਕੇ 'ਤੇ ਤੁਹਾਨੂੰ ਸਾਰਿਆਂ ਨੂੰ ਦਿਲੋਂ ਵਧਾਈਆਂ ਅਤੇ ਸ਼ੁੱਭਕਾਮਨਾਵਾਂ ਦਿੱਤੀਆ, ਸੀਯਾ ਰਾਮ ਦੀ ਜੈ।" ਦਿੱਲੀ ਸਰਕਾਰ ਦੇ ਮੰਤਰੀ ਸੌਰਭ ਭਾਰਦਵਾਜ ਨੇ ਸ਼ੇਖ ਸਰਾਏ ਵਿੱਚ ਸੁੰਦਰ ਕਾਂਡ ਦੇ ਪਾਠ ਵਿੱਚ ਹਿੱਸਾ ਲਿਆ। ਮੰਤਰੀ ਆਤਿਸ਼ੀ ਨੇ ਕਾਲਕਾ ਜੀ ਵਿੱਚ ਪੁਰਾਣੀ ਲੇਬਰ ਕੋਰਟ ਦੇ ਨੇੜੇ, ਗਿਰੀ ਨਗਰ, ਵਿਧਾਇਕ ਦਿਲੀਪ ਪਾਂਡੇ ਨੇ ਤਿਮਾਰਪੁਰ ਦੇ ਬੀ-31, ਸਿੰਗਲ ਸਟੋਰੀ, ਵਿਜੇ ਨਗਰ, ਮੁਖਰਜੀ ਨਗਰ ਵਾਰਡ ਆਫਿਸ, ਵਿਧਾਇਕ ਦੁਰਗੇਸ਼ ਪਾਠਕ ਨੇ ਰਾਜਿੰਦਰ ਨਗਰ, ਇੰਦਰਪੁਰੀ, ਕ੍ਰਿਸ਼ਨ ਕੁੰਜ ਲਾਲ ਬੱਤੀ ਦੇ ਨੇੜੇ, ਵਿਧਾਇਕ ਮਹਿੰਦਰ ਗੋਇਲ ਨੇ ਸ੍ਰੀ ਰਾਮ ਮੰਦਰ ਸੈਕਟਰ-11, ਰੋਹਿਣੀ ਵਿਖੇ ਪੂਜਾ 'ਚ ਸ਼ਮੂਲੀਅਤ ਕੀਤੀ।

# ਪ੍ਰਾਣ ਪ੍ਰਤਿਸ਼ਠਾ ਸਮਾਰੋਹ 'ਚ ਸ਼ਾਮਲ ਹੋਏ ਮਹਿਮਾਨਾਂ ਨੂੰ ਮੈਟਲ ਦੇ ਦੀਵੇ ਸਣੇ ਮਿਲੇ ਇਹ ਖ਼ਾਸ ਤੋਹਫ਼ੇ

ਅਯੁੱਧਿਆ : ਅਯੁੱਧਿਆ 'ਤੇ ਇਕ ਕਿਤਾਬ, ਇਕ ਧਾਤੂ ਦਾ 'ਦੀਵਾ', ਇਕ ਵਿਸ਼ੇਸ਼ 'ਮਾਲਾ' ਅਤੇ ਭਗਵਾਨ ਰਾਮ ਦੇ ਨਾਮ ਵਾਲਾ ਸਕਾਰਫ਼ ਉਨ੍ਹਾਂ ਵਸਤੂਆਂ ਵਿਚ ਸ਼ਾਮਲ ਹਨ, ਜੋ ਕਿ ਅਯੁੱਧਿਆ ਵਿਖੇ ਰਾਮਲੱਲਾ ਦੀ ਪ੍ਰਾਣ ਪ੍ਰਤਿਸ਼ਠਾ ਸਮਾਰੋਹ ਵਿਚ ਸ਼ਾਮਲ ਹੋਣ ਵਾਲੇ ਮਹਿਮਾਨਾਂ ਨੂੰ ਤੋਹਫੇ ਵਜੋਂ ਦਿੱਤੇ ਗਏ ਹਨ। ਤੋਹਫ਼ੇ ਇੱਕ ਥੈਲੇ ਵਿੱਚ ਸਨ, ਜਿਸ ਵਿੱਚ ਨਵੇਂ ਮੰਦਰ ਅਤੇ ਇੱਕ ਬਹੁਤ ਹੀ ਛੋਟੇ ਅਵਤਾਰ ਵਿੱਚ ਭਗਵਾਨ ਰਾਮ ਦਾ ਇੱਕ ਸ਼ਾਨਦਾਰ ਗ੍ਰਾਫਿਕ ਚਿੱਤਰ ਸੀ। ਕਸਬੇ ਵਿੱਚ ਸ਼ਾਨਦਾਰ ਜਸ਼ਨਾਂ ਦੌਰਾਨ ਇੱਥੇ ਨਵੇਂ ਬਣੇ ਮੰਦਿਰ ਵਿੱਚ ਰਾਮ ਲੱਲਾ ਦੀ ਨਵੀਂ ਮੂਰਤੀ ਦੀ ਪ੍ਰਾਣ ਪ੍ਰਤਿਸ਼ਠਾ ਕੀਤੀ ਗਈ, ਜਿਸ ਦੀਆਂ ਰਸਮਾਂ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਹਿੱਸਾ ਲਿਆ। ਸ਼੍ਰੀ ਰਾਮ ਜਨਮ ਭੂਮੀ ਤੀਰਥ ਖੇਤਰ ਨੇ ਪਹਿਲਾਂ ਕਿਹਾ ਸੀ ਕਿ ਮੈਗਾ ਸਮਾਰੋਹ ਲਈ 7,000 ਤੋਂ ਵੱਧ ਮਹਿਮਾਨਾਂ ਨੂੰ









ਸੱਦਾ ਦਿੱਤਾ ਗਿਆ ਸੀ।

ਇਸ ਸਮਾਗਮ ਵਿੱਚ ਆਰ.ਐੱਸ.ਐੱਸ. ਮੁਖੀ ਮੋਹਨ ਭਾਗਵਤ, ਉੱਤਰ ਪ੍ਰਦੇਸ਼ ਦੇ ਰਾਜਪਾਲ ਆਨੰਦੀਬੇਨ ਪਟੇਲ, ਮੁੱਖ ਮੰਤਰੀ ਯੋਗੀ ਆਦਿਤਿਆਨਾਥ, ਅਦਾਕਾਰ ਅਮਿਤਾਭ ਬੱਚਨ, ਅਭਿਸ਼ੇਕ ਬੱਚਨ, ਵਿੱਕੀ ਕੌਸ਼ਲ, ਕੈਟਰੀਨਾ ਕੈਫ, ਅਰੁਣ ਗੋਵਿਲ, ਸਾਬਕਾ ਕ੍ਰਿਕਟਰ ਸਚਿਨ ਤੇਂਦੁਲਕਰ, ਰਵੀਸ਼ੰਕਰ ਪ੍ਰਸਾਦ ਅਤੇ ਉਦਯੋਗਪਤੀ ਅਨਿਲ ਅੰਬਾਨੀ ਸਮੇਤ ਹੋਰਨਾਂ ਨੇ ਸ਼ਿਰਕਤ ਕੀਤੀ। ਅਭਿਨੇਤਾ ਅਨੁਪਮ ਖੇਰ ਅਤੇ ਮਨੋਜ ਜੋਸ਼ੀ, ਗਾਇਕ ਕੈਲਾਸ਼ ਖੇਰ ਅਤੇ ਜੁਬਿਨ ਨੌਟਿਆਲ, ਗੀਤਕਾਰ ਪ੍ਰਸੂਨ ਜੋਸ਼ੀ ਵੀ ਇੱਥੇ ਜਲਦੀ ਪਹੁੰਚੇ ਮਹਿਮਾਨਾਂ ਵਿੱਚ ਸ਼ਾਮਲ ਸਨ। ਹੇਮਾ ਮਾਲਿਨੀ, ਕੰਗਨਾ ਰਣੌਤ, ਸ਼੍ਰੀ ਸ਼੍ਰੀ ਰਵੀਸ਼ੰਕਰ, ਮੋਰਾਰੀ ਬਾਪੂ, ਰਜਨੀਕਾਂਤ, ਪਵਨ ਕਲਿਆਣ, ਮਧੁਰ ਭੰਡਾਰਕਰ, ਸੁਭਾਸ਼ ਘਈ, ਸ਼ੈਫਾਲੀ ਸ਼ਾਹ ਅਤੇ ਸੋਨੂੰ ਨਿਗਮ ਐਤਵਾਰ ਨੂੰ ਅਯੁੱਧਿਆ ਪਹੁੰਚੇ ਸਨ।

ਮਹਿਮਾਨਾਂ ਦਾ ਸਵਾਗਤ ਮੰਦਰ ਕੰਪਲੈਕਸ 'ਤੇ ਫੁੱਲਾਂ ਦੀ ਸਜਾਵਟ ਨਾਲ ਕੀਤਾ ਗਿਆ। ਸੂਤਰਾਂ ਮੁਤਾਬਕ ਮਹਿਮਾਨਾਂ ਨੂੰ ਚੀਜ਼ਾਂ ਦਾ ਇੱਕ ਵਿਸ਼ੇਸ਼ ਸੈੱਟ ਤੋਹਫ਼ੇ ਵਿੱਚ ਦਿੱਤਾ ਗਿਆ ਹੈ ਜਿਸ ਵਿੱਚ ਅਯੁੱਧਿਆ ਬਾਰੇ ਇੱਕ ਕਿਤਾਬ, ਇੱਕ ਧਾਤੂ ਦਾ 'ਦੀਵਾ', ਇੱਕ ਤੁਲਸੀ 'ਮਾਲਾ' ਅਤੇ ਭਗਵਾਨ ਰਾਮ ਦੇ ਨਾਮ ਵਾਲਾ ਇੱਕ ਸਕਾਰਫ਼ ਸ਼ਾਮਲ ਹੈ। ਕਿਤਾਬ ਦਾ ਸਿਰਲੇਖ 'ਅਯੁੱਧਿਆ ਧਾਮ – ਦਿ ਲਾਰਡਜ਼ ਅਬੋਡ' ਹੈ, ਜਿਸ ਦੇ ਕਵਰ 'ਤੇ ਰਾਮ ਲੱਲਾ ਦੀ ਪੁਰਾਣੀ ਮੂਰਤੀ ਦੀ ਤਸਵੀਰ ਵੀ ਹੈ। 'ਮਾਲਾ' ਇੱਕ ਕੱਪੜੇ ਦੀ ਥੈਲੀ ਵਿਚ ਹੈ ਜਿਸ ਵਿੱਚ 'ਉੱਤਰ ਪ੍ਰਦੇਸ਼ ਟੂਰਿਜ਼ਮ' ਅਤੇ ਇਸਦੀ ਟੈਗਲਾਈਨ ਹੈ। ਮਹਿਮਾਨਾਂ ਨੂੰ ਚਾਰ ਲੱਡੂ, ਚਿਪਸ, ਰਿਉੜੀ, ਕਾਜੂ ਅਤੇ ਸੌਂਗੀ ਦਾ ਇੱਕ ਡੱਬਾ ਵੀ ਮਿਲਿਆ। ਰਾਮ ਲੱਲਾ ਦੀ ਨਵੀਂ ਮੂਰਤੀ ਮੰਦਰ ਦੀ ਹੇਠਲੀ ਮੰਜ਼ਿਲ 'ਤੇ ਗਰਭ ਗ੍ਰਹਿ 'ਚ ਰੱਖੀ ਗਈ ਹੈ।

# 'ਮੁਖ ਪਰ ਰਾਮ, ਦਿਲ ਮੇਂ ਰਾਮ, ਹਰ ਪਾਸੇ ਗੂੰਜਿਆ ਜੈ ਸ਼੍ਰੀ ਰਾਮ'

ਜਲੰਧਰ : ਕਰੀਬ 500 ਸਾਲਾਂ ਦੇ ਲੰਮੇ ਸੰਘਰਸ਼ ਤੋਂ ਬਾਅਦ ਅਯੁੱਧਿਆ ਵਿਚ ਹੋ ਰਹੀ ਰਾਮ ਲੱਲਾ ਦੀ ਪ੍ਰਾਣ-ਪ੍ਰਤਿਸ਼ਠਾ ਨੂੰ ਲੈ ਕੇ ਦੇਸ਼-ਵਿਦੇਸ਼ ਵਿਚ ਖ਼ੁਸ਼ੀ ਦੀ ਲਹਿਰ ਹੈ। ਹਰ ਪਾਸੇ 'ਜੈ ਸ਼੍ਰੀ ਰਾਮ' ਦੀ ਧੁਨ ਸੁਣਾਈ ਦੇ ਰਹੀ ਹੈ, ਜਿਸ ਨਾਲ ਮਾਹੌਲ ਰਾਮਮਈ ਬਣ ਚੁੱਕਾ ਹੈ। ਭਗਤਾਂ ਦੇ ਮੁਖ ਪਰ ਰਾਮ, ਦਿਲ ਮੇਂ ਰਾਮ, ਚਾਰੇ ਪਾਸੇ ਗੂੰਜਿਆ ਜੈ ਸ਼੍ਰੀ ਰਾਮ। ਹਰ ਸ਼ਹਿਰ ਅਤੇ ਪਿੰਡ ਦੀ ਗਲੀ-ਗਲੀ ਤੋਂ ਲੈ ਕੇ ਮੁਹੱਲੇ-ਮੁਹੱਲੇ ਵਿਚ ਤਿਉਹਾਰ ਮਨਾਇਆ ਜਾ ਰਿਹਾ ਹੈ ਅਤੇ ਭਗਵਾ ਝੰਡਿਆਂ ਨਾਲ ਹਰ ਥਾਂ ਰਾਮ ਨਾਮ ਬਿਰਾਜਮਾਨ ਹੋ ਚੁੱਕਾ ਹੈ। ਭਗਤਾਂ ਦੇ ਮੁੱਖ ਅਤੇ ਦਿਲ ਵਿਚੋਂ ਰਾਮ ਨਾਮ ਦੀ ਗੂੰਜ ਸੁਣਾਈ ਦੇ ਰਹੀ ਹੈ।

ਬਾਜ਼ਾਰਾਂ ਅਤੇ ਗਲੀਆਂ ਵਿਚ ਕੀਤੀ ਗਈ ਰੌਸ਼ਨੀ ਅਤੇ ਭਗਵਾ ਝੰਡਿਆਂ ਨਾਲ ਮਾਹੌਲ ਪੂਰੀ ਤਰ੍ਹਾਂ ਭਗਤੀਮਈ ਬਣਿਆ ਹੋਇਆ ਹੈ। ਭਗਤਾਂ ਨੇ ਆਪਣੇ ਘਰਾਂ ਨੂੰ ਝੰਡਿਆਂ ਅਤੇ ਰੰਗੋਲੀਆਂ ਨਾਲ




ਸਜਾਇਆ ਹੈ। ਸੋਮਵਾਰ ਨੂੰ ਹੋਣ ਵਾਲੇ ਸਮਾਗਮ ਇਤਿਹਾਸ ਅੰਦਰ ਸੁਨਹਿਰੀ ਅੱਖਰਾਂ ਵਿਚ ਲਿਖੇ ਜਾਣਗੇ। ਸੋਮਵਾਰ ਦਾ ਦਿਨ ਛੁੱਟੀ ਤੋਂ ਬਾਅਦ ਆਉਂਦਾ ਹੈ, ਜਿਸ ਕਾਰਨ ਲੋਕ ਐਤਵਾਰ ਨੂੰ ਤਰਜੀਹ ਦਿੰਦੇ ਹਨ। ਇਹ ਪਹਿਲਾ ਐਤਵਾਰ ਰਿਹਾ ਜਦੋਂ ਲੋਕਾਂ ਨੂੰ ਸੋਮਵਾਰ ਦਾ ਇੰਤਜ਼ਾਰ ਰਿਹਾ। ਸੋਮਵਾਰ ਲਾਈਵ ਪ੍ਰਸਾਰਣ ਵੇਖਣ ਵਾਲੇ ਲੋਕਾਂ ਦੀ ਗਿਣਤੀ ਦਾ ਇਕ ਵਿਸ਼ਵ ਰਿਕਾਰਡ ਬਣੇਗਾ।

# ਲੋਕਾਂ ਨੇ ਦੇਖਿਆ ਅਯੁੱਧਿਆ ਦੇ ਧਾਰਮਿਕ ਸਮਾਗਮ ਦੀਆਂ ਰਸਮਾਂ ਦਾ ਸਿੱਧਾ ਪ੍ਰਸਾਰਣ



ਬਨੂੜ : ਸ਼ਹਿਰ ਅਤੇ ਸਮੁੱਚਾ ਖੇਤਰ ਅੱਜ ਭਗਵਾਨ ਸ੍ਰੀ ਰਾਮ ਦੇ ਰੰਗ ਵਿੱਚ ਰੰਗਿਆ ਨਜ਼ਰ ਆਇਆ। ਸ੍ਰੀ ਰਾਮ ਲੱਲਾ ਪ੍ਰਾਣ ਪ੍ਰਤਿਸ਼ਠਾ ਸਮਾਗਮ ਦਾ ਸ਼ਹਿਰ ਵਿੱਚ ਵੱਡੀਆਂ ਸਕਰੀਨਾਂ ਰਾਹੀਂ ਸੈਂਕੜੇ ਦਰਸ਼ਕਾਂ ਨੇ ਅਯੁੱਧਿਆ ਤੋਂ ਸਿੱਧਾ ਪ੍ਰਸਾਰਣ ਵੇਖਿਆ। ਸਮੁੱਚੇ ਮੰਦਰਾਂ ਵਿੱਚ ਦੀਪਮਾਲਾ ਕੀਤੀ ਗਈ। ਵੱਖ-ਵੱਖ ਮਾਰਕੀਟਾਂ ਅਤੇ ਪਿੰਡਾਂ ਵਿੱਚ ਲੰਗਰ ਲਗਾਏ ਗਏ। ਥਾਂ-ਥਾਂ ਲੋਕਾਂ ਨੇ ਮਠਿਆਈਆਂ ਵੰਡੀਆਂ, ਪਟਾਕੇ ਚਲਾਏ ਅਤੇ ਆਪਣੇ ਘਰਾਂ 'ਤੇ ਦੀਪਮਾਲਾ ਕੀਤੀ। ਵਾਹਨਾਂ 'ਤੇ ਵੀ ਅੱਜ ਰਾਮਲੱਲਾ ਪ੍ਰਾਣ ਪ੍ਰਤਿਸ਼ਠਾ ਦੇ ਵੱਡੇ-ਵੱਡੇ ਝੰਡੇ ਲੱਗੇ ਨਜ਼ਰ ਆਏ। ਇਸ ਦੌਰਾਨ ਬਨੂੜ ਵਿਖੇ ਵਿਸ਼ਾਲ ਸੋਭਾ ਯਾਤਰਾ ਵੀ ਕੱਢੀ ਗਈ ਜੋ ਪ੍ਰਾਚੀਨ ਹਨੂਮਾਨ ਮੰਦਰ ਤੋਂ ਸ਼ੁਰੂ ਹੋ ਕੇ ਸ਼ਹਿਰ ਦੇ ਸਮੁੱਚੇ ਮੰਦਰਾਂ ਅਤੇ ਬਾਜ਼ਾਰਾਂ ਤੋਂ ਹੁੰਦੀ ਹੋਈ ਮੁੜ ਬਸੰਤੀ ਮਾਈ ਦੇ ਮੰਦਰ ਵਿੱਚ ਆ ਕੇ ਸਮਾਪਤ ਹੋਈ। ਇਸ ਸ਼ੋਭਾ ਯਾਤਰਾ ਵਿੱਚ ਸਮੁੱਚੇ ਸ਼ਹਿਰ ਵਿੱਚੋਂ ਸੈਂਕੜੇ ਮਰਦ-ਔਰਤਾਂ, ਨੌਜਵਾਨ ਅਤੇ ਬੱਚਿਆਂ ਨੇ ਭਾਰੀ ਠੰਢ ਦੇ ਬਾਵਜੂਦ ਹੱਥਾਂ ਵਿੱਚ ਝੰਡੇ ਚੁੱਕ ਕੇ ਸ਼ਮੂਲੀਅਤ ਕੀਤੀ ਅਤੇ ਜੈ ਸ੍ਰੀਰਾਮ ਦੇ ਨਾਅਰੇ ਲਗਾਏ।

ਇਸੇ ਦੌਰਾਨ ਅਯੁੱਧਿਆ ਸ੍ਰੀ ਰਾਮ ਚੰਦਰ ਦੇ ਪ੍ਰਾਣ ਪ੍ਰਤਿਸਠਾ ਪ੍ਰੋਗਰਾਮ ਦਾ ਖਰੜ ਵਿੱਚ ਸ੍ਰੀ ਰਾਮ ਮੰਦਰ ਅਜ ਸਰੋਵਰ ਵਿਕਾਸ ਸੰਮਤੀ ਵੱਲੋਂ ਵੱਡੀ ਸਕਰੀਨ 'ਤੇ ਸਿੱਧਾਂ ਪ੍ਰਸਾਰਣ ਦਿਖਾਇਆ ਗਿਆ। ਇਸ ਮੌਕੇ ਵੱਡੀ ਗਿਣਤੀ ਵਿੱਚ ਸ਼ਰਧਾਲੂ ਖਰੜ ਅਤੇ ਲਾਗਲੇ ਇਲਾਕਿਆ ਤੋਂ ਆਪਣੀ ਹਾਜ਼ਰੀ ਲਗਾਉਣ ਆਏ ਸਨ।

# ਅਯੁੱਧਿਆ ਰਾਮ ਮੰਦਿਰ ਅੰਦੋਲਨ ਦੇ ਕਾਰ ਸੇਵਕਾਂ ਦਾ ਸਨਮਾਨ

## ਪਿਹੋਵਾ ਵਿੱਚ ਮਹਾਰਿਸ਼ੀ ਵਾਲਮੀਕਿ ਗੇਟ ਦਾ ਨੀਂਹ ਪੱਥਰ ਰੱਖਿਆ

ਪਿਹੋਵਾ : ਅਯੁੱਧਿਆ 'ਚ ਭਗਵਾਨ ਰਾਮ ਦੇ ਮੰਦਿਰ ਦੇ ਪ੍ਰਾਣ ਪ੍ਰਤਿਸ਼ਠਾ ਪ੍ਰੋਗਰਾਮ ਨੂੰ ਲੈ ਕੇ ਪੂਰੇ ਇਲਾਕੇ 'ਚ ਖ਼ੁਸ਼ੀ ਦਾ ਮਾਹੌਲ ਰਿਹਾ। ਇਸ ਦੌਰਾਨ ਕੈਬਿਨੇਟ ਮੰਤਰੀ ਸਰਦਾਰ ਸੰਦੀਪ ਸਿੰਘ ਨੇ ਇਲਾਕੇ ਨੂੰ ਮਹਾਰਿਸ਼ੀ ਵਾਲਮੀਕਿ ਗੇਟ ਦੀ ਸੌਗਾਤ ਦਿੰਦੇ ਹੋਏ ਇਸ ਕੰਮ ਦਾ ਨੀਂਹ ਪੱਥਰ ਵੀ ਰੱਖਿਆ। ਕੈਬਿਨੇਟ ਮੰਤਰੀ ਸੰਦੀਪ ਸਿੰਘ ਨੇ ਦੱਸਿਆ ਕਿ ਇਹ ਗੇਟ ਕਰੀਬ 15 ਲੱਖ ਰੁਪਏ ਦੀ ਲਾਗਤ ਨਾਲ ਵਾਲਮੀਕਿ ਕਲੋਨੀ ਮੋੜ 'ਤੇ ਤਿਆਰ ਹੋਵੇਗਾ। ਉਨ੍ਹਾਂ ਕਿਹਾ ਕਿ ਭਗਵਾਨ ਸ੍ਰੀ ਰਾਮ ਅਯੁੱਧਿਆ ਆ ਰਹੇ ਹਨ, ਜੋ ਕਿ ਬੜੀ ਖ਼ੁਸ਼ੀ ਵਾਲੀ ਗੱਲ ਹੈ। ਇਸ ਮਹਾਨ ਦਿਨ ਤੇ ਰਾਮਾਯਣ ਦੇ ਰਚਿਤਾ ਮਹਾਰਿਸ਼ੀ ਵਾਲਮੀਕਿ ਨੂੰ ਸਮਰਪਿਤ ਇਕ ਸੌਗਾਤ ਪਿਹੋਵਾ ਵਾਸੀਆਂ ਨੂੰ ਦਿੱਤੀ ਗਈ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਰਾਮ ਮੰਦਰ ਦਾ ਸੁਫਨਾ ਸਾਕਾਰ ਹੁੰਦਾ ਦੇਖ ਕੇ ਇੱਥੇ ਲੋਕਾਂ



ਲਈ ਮਹਾਰਿਸ਼ੀ ਵਾਲਮੀਕਿ ਗੇਟ ਨੂੰ ਸ਼ਾਨਦਾਰ ਅਤੇ ਆਧੁਨਿਕ ਤਰੀਕੇ ਨਾਲ ਬਣਾਇਆ ਜਾਵੇਗਾ। ਇਸ ਮੌਕੇ ਰਾਜ ਮੰਤਰੀ ਨੂੰ 36 ਬਿਰਾਦਰੀ ਸਮਾਜ ਵੱਲੋਂ ਨਿੱਘੀ ਵਧਾਈ ਦਿੱਤੀ ਗਈ। ਇਸ ਦੌਰਾਨ ਰਾਜ ਮੰਤਰੀ ਸਰਦਾਰ ਸੰਦੀਪ ਸਿੰਘ ਨੇ ਅਯੁੱਧਿਆ ਵਿੱਚ ਕਰਵਾਏ ਰਾਮ ਮੰਦਿਰ ਦੇ ਵਿਸ਼ਾਲ ਪ੍ਰੋਗਰਾਮ ਸਬੰਧੀ ਵੱਖ-ਵੱਖ ਧਾਰਮਿਕ ਪ੍ਰੋਗਰਾਮਾਂ ਵਿੱਚ ਵੀ ਸ਼ਿਰਕਤ ਕੀਤੀ। ਕੈਬਿਨੇਟ ਮੰਤਰੀ ਨੇ ਮੇਨ ਚੌਕ ਵਿੱਚ ਸੈਂਕੜੇ ਰਾਮ ਭਗਤਾਂ ਨਾਲ ਪ੍ਰਧਾਨ ਮੰਤਰੀ ਦਾ ਲਾਈਵ ਪ੍ਰੋਗਰਾਮ ਦੇਖਿਆ।

# ਪ੍ਰਾਣ ਪ੍ਰਤਿਸ਼ਠਾ ਮੌਕੇ ਵੱਖ ਵੱਖ ਥਾਈਂ ਧਾਰਮਿਕ ਸਮਾਗਮ




# ਜੰਗੀ ਕੈਦੀਆਂ ਨੂੰ ਲਿਜਾ ਰਹੇ ਰੂਸੀ ਜਹਾਜ਼ 'ਤੇ ਹਮਲਾ, 74 ਹਲਾਕ

ਮਾਸਕੋ : ਰੂਸੀ ਰੱਖਿਆ ਮੰਤਰਾਲੇ ਨੇ ਯੂਕਰੇਨੀ ਫ਼ੌਜ 'ਤੇ ਫ਼ੌਜੀ ਮਾਲਵਾਹਕ ਜਹਾਜ਼ ਉਪਰ ਹਮਲੇ ਦਾ ਦੋਸ਼ ਲਾਇਆ ਹੈ ਜਿਸ ਦੇ ਡਿੱਗਣ ਕਾਰਨ ਯੂਕਰੇਨ ਦੇ 65 ਜੰਗੀ ਕੈਦੀਆਂ ਸਮੇਤ 74 ਮੁਸਾਫ਼ਰ ਮਾਰੇ ਗਏ ਹਨ। ਯੂਕਰੇਨ ਦੇ ਅਧਿਕਾਰੀਆਂ ਨੇ ਰੂਸ ਦੇ ਦਾਅਵਿਆਂ ਨੂੰ ਨਾ ਨਕਾਰਿਆ ਹੈ ਅਤੇ ਨਾ ਹੀ ਇਸ ਦੀ ਪੁਸ਼ਟੀ ਕੀਤੀ ਹੈ। ਜਹਾਜ਼ ਦੇ ਬੇਲਗ੍ਰਾਦ 'ਚ ਡਿੱਗਣ ਦਾ ਵੀਡੀਓ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਰਿਹਾ ਹੈ। ਰੂਸ ਅਤੇ ਯੂਕਰੇਨ ਵਿਚਕਾਰ ਜੰਗ ਨੂੰ 700 ਦਿਨ ਪੂਰੇ ਹੋ ਗਏ ਹਨ ਅਤੇ ਦੋਵੇਂ ਮੁਲਕ ਇਕ-ਦੂਜੇ ਉਪਰ ਹਮਲਿਆਂ ਦੇ ਦੋਸ਼ ਲਾਉਂਦੇ ਆ ਰਹੇ ਹਨ। ਰੂਸੀ ਫ਼ੌਜ ਨੇ ਕਿਹਾ ਕਿ ਜਹਾਜ਼ 'ਚ 65 ਜੰਗੀ ਕੈਦੀਆਂ ਤੋਂ ਇਲਾਵਾ ਅਮਲੇ ਦੇ ਛੇ ਮੈਂਬਰ ਅਤੇ ਤਿੰਨ ਹੋਰ ਮੁਸਾਫ਼ਰ ਸਵਾਰ ਸਨ। ਬਿਆਨ ਮੁਤਾਬਕ ਰੂਸੀ ਰਡਾਰ 'ਚ ਯੂਕਰੇਨ ਦੇ ਖਾਰਕੀਵ ਖ਼ਿੱਤੇ ਤੋਂ ਦੋ ਮਿਜ਼ਾਈਲਾਂ ਦਾਗੇ ਜਾਣ ਦੀ ਪੁਸ਼ਟੀ ਹੋਈ ਹੈ। ਉਂਜ ਮੰਤਰਾਲੇ ਨੇ ਇਸ ਦਾਅਵੇ ਦਾ ਕੋਈ ਸਬੂਤ ਨਹੀਂ ਦਿੱਤਾ ਹੈ। ਰੂਸੀ ਫ਼ੌਜ ਨੇ ਕਿਹਾ ਕਿ ਜੰਗੀ ਕੈਦੀਆਂ ਨੂੰ ਅਦਲਾ-ਬਦਲੀ ਨੀਤੀ ਤਹਿਤ ਖ਼ਿੱਤੇ 'ਚ ਲਿਆਂਦਾ ਜਾ ਰਿਹਾ ਸੀ। ਯੂਕਰੇਨੀ ਫ਼ੌਜੀ ਇੰਟੈਲੀਜੈਂਸ ਦੇ ਤਰਜਮਾਨ ਆਂਦਰੀ ਯੂਸੋਵ ਨੇ ਕਿਹਾ ਕਿ ਕੈਦੀਆਂ ਦੀ ਅਦਲਾ-ਬਦਲੀ ਹੋਣੀ ਸੀ ਪਰ ਹੁਣ ਇਸ ਨੂੰ ਟਾਲ ਦਿੱਤਾ ਗਿਆ ਹੈ। ਜਹਾਜ਼ ਡਿੱਗਣ ਤੋਂ ਕੁਝ ਸਮਾਂ ਪਹਿਲਾਂ ਬੇਲਗ੍ਰਾਦ ਦੇ ਗਵਰਨਰ ਵਯਾਚੇਸਲਾਵ ਗਲੈਡਕੋਵ ਨੇ ਖ਼ਿੱਤੇ 'ਚ ਮਿਜ਼ਾਈਲ ਅਲਰਟ ਦੀ ਜਾਣਕਾਰੀ ਦਿੰਦਿਆਂ ਲੋਕਾਂ ਨੂੰ ਸੁਰੱਖਿਅਤ ਥਾਂ 'ਤੇ ਪਨਾਹ ਲੈਣ ਦੀ ਅਪੀਲ ਕੀਤੀ ਸੀ। ਰੂਸੀ ਰੱਖਿਆ ਮੰਤਰਾਲੇ ਨੇ ਕਿਹਾ ਕਿ ਵਿਸ਼ੇਸ਼ ਫ਼ੌਜੀ ਕਮਿਸ਼ਨ ਜਹਾਜ਼ ਡਿੱਗਣ ਵਾਲੀ ਥਾਂ ਵੱਲ ਰਵਾਨਾ ਹੋ ਗਿਆ ਹੈ।



# ਰਾਕੇਸ਼ ਟਿਕੈਤ ਸਲਾਨਾ ਮਾਘ ਮੇਲਾ ਸਮਾਗਮ ਵਿੱਚ ਹੋਏ ਸ਼ਾਮਲ



ਪ੍ਰਯਾਗਰਾਜ, ਭਾਰਤੀ ਕਿਸਾਨ ਯੂਨੀਅਨ (ਬੀਕੇਯੂ) ਦੇ ਰਾਸ਼ਟਰੀ ਬੁਲਾਰੇ ਰਾਕੇਸ਼ ਟਿਕੈਤ ਬੁੱਧਵਾਰ ਨੂੰ ਪ੍ਰਯਾਗਰਾਜ ਦੇ ਸੰਗਮ ਵਿਖੇ ਸਾਲਾਨਾ ਮਾਘ ਮੇਲੇ ਦੌਰਾਨ ਪਾਰਟੀ ਵਰਕਰਾਂ ਨੂੰ ਸੰਬੋਧਨ ਕਰਦੇ ਹੋਏ।

# ਗਣਤੰਤਰ ਦਿਵਸ: ਫੁੱਲ ਡਰੈੱਸ ਰਿਹਰਸਲ 'ਚ ਫੌਜ ਵੱਲੋਂ ਤਾਕਤ ਦਾ ਮੁਜ਼ਾਹਰਾ

ਨਵੀਂ ਦਿੱਲੀ : ਦਿੱਲੀ ਦੇ ਕਰਤੱਵਿਆ ਪੱਥ ਉਪਰ ਅੱਜ ਗਣਤੰਤਰ ਦਿਵਸ ਪਰੇਡ ਸਬੰਧੀ ਫੁੱਲ ਡਰੈਸ ਰਿਹਰਸਲ ਕੀਤੀ ਗਈ, ਜਿਸ ਵਿੱਚ ਭਾਰਤੀ ਫ਼ੌਜ ਨੇ ਆਪਣੀ ਤਾਕਤ ਦਾ ਪ੍ਰਦਰਸ਼ਨ ਕੀਤਾ ਅਤੇ ਦੇਸ਼ ਦੇ ਵੱਖ-ਵੱਖ ਸੂਬਿਆਂ ਦੀਆਂ ਝਾਕੀਆਂ ਦਿਖਾਈਆਂ ਗਈਆਂ। ਅਯੁੱਧਿਆ ਵਿੱਚ ਰਾਮ ਮੰਦਰ ਦੀ ਪ੍ਰਾਣ ਪ੍ਰਤਿਸ਼ਠਾ ਨਾਲ ਜੁੜੀ ਉੱਤਰ ਪ੍ਰਦੇਸ਼ ਸੂਬੇ ਦੀ ਝਾਕੀ ਖਾਸ ਖਿੱਚ ਦਾ ਕੇਂਦਰ ਰਹੀ। ਫ਼ੌਜ ਦੀ ਮਹਿਲਾ ਟੁੱਕੜੀ ਵੱਲੋਂ ਮੋਟਰਸਾਈਕਲਾਂ ਉਪਰ ਕੀਤੇ ਗਏ ਕਰਤੱਬਾਂ ਨੇ ਦਰਸ਼ਕਾਂ ਦੀਆਂ ਤਾੜੀਆਂ ਬਟੋਰੀਆਂ। ਉਥੇ ਹੀ ਦਿੱਲੀ ਪੁਲੀਸ ਦੀਆਂ ਮਹਿਲਾ ਸਿਪਾਹੀ ਵੀ ਪਹਿਲੀ ਵਾਰ ਗਣਤੰਤਰ ਦਿਵਸ ਪਰੇਡ ਦਾ ਹਿੱਸਾ ਬਣਨਗੀਆਂ। ਪਰੇਡ ਦੌਰਾਨ 1500 ਔਰਤਾਂ ਨੇ ਇੱਕੋ ਸਮੇਂ ਲੋਕ ਨਾਚ ਪੇਸ਼ ਕੀਤਾ। ਹਰਿਆਣਾ ਸੂਬੇ ਦੀ ਝਾਕੀ ਵਿੱਚ ਪਰਿਵਾਰ ਪਛਾਨ ਪੱਤਰ ਦੇ ਗੁਣ ਪ੍ਰਦਰਸ਼ਿਤ ਕੀਤੇ ਗਏ ਸਨ। ਮੱਧ ਪ੍ਰਦੇਸ਼ ਦੀ ਝਾਕੀ ਵਿੱਚ ਸਵੈ-ਨਿਰਭਰ ਭਾਰਤ ਅਤੇ ਪ੍ਰਗਤੀਸ਼ੀਲ ਮਹਿਲਾ ਸ਼ਕਤੀ ਤੇ ਵਿਦੇਸ਼ ਮੰਤਰਾਲੇ ਦੀ ਝਾਕੀ ਵਿੱਚ ਜੀ-20 ਦੀ ਝਲਕ ਦਿਖਾਈ ਗਈ। ਇਸਰੋ ਦੀ ਝਾਕੀ ਚੰਦਰਯਾਨ-3 'ਤੇ ਕੇਂਦਰਿਤ ਰਹੀ, ਜਿਸ ਵਿੱਚ ਭਾਰਤੀ ਪੁਲਾੜ ਇਤਿਹਾਸ ਦੀ ਕਹਾਣੀ ਦਰਸਾਈ ਗਈ। ਉਥੇ ਹੀ ਦੂਜੇ ਪਾਸੇ ਫੁੱਲ ਡਰੈਸ ਰਿਹਰਸਲ ਕਾਰਨ ਕੇਂਦਰੀ ਦਿੱਲੀ ਦੀਆਂ ਕਈ ਸੜਕਾਂ ਉਪਰ ਜਾਮ ਲੱਗ ਗਿਆ ਕਿਉਂਕਿ ਹੈਕਸਾਗਨ ਚੌਂਕ ਨੂੰ ਜਾਂਦੀਆਂ ਕਈ ਸੜਕਾਂ ਉਪਰ ਆਵਾਜਾਈ ਦਾ ਰੁਖ਼ ਮੋੜਿਆ ਗਿਆ ਸੀ। ਇਸ ਜਾਮ ਵਿੱਚ ਕਈ ਘੰਟਿਆਂ ਤੱਕ ਲੋਕ ਫਸੇ ਰਹੇ। ਕ੍ਰਿਸ਼ੀ ਭਵਨ ਨੇੜੇ ਸੀ-ਹੈਕਸਾਗਨ, ਅਸ਼ੋਕ ਰੋਡ ਅਤੇ ਰਫੀ ਮਾਰਗ 'ਤੇ ਵੀ ਆਵਾਜਾਈ ਪ੍ਰਭਾਵਿਤ ਹੋਈ। ਇਨ੍ਹਾਂ ਰਸਤਿਆਂ 'ਤੇ ਵਾਹਨਾਂ ਦੀ ਆਵਾਜਾਈ ਨੂੰ ਕੰਟਰੋਲ ਕਰਨ ਲਈ ਟਰੈਫਿਕ ਪੁਲੀਸ ਮੁਲਾਜ਼ਮ ਤਾਇਨਾਤ ਕੀਤੇ ਗਏ ਸਨ। ਆਊਟਰ ਰਿੰਗ ਰੋਡ ਅਤੇ ਪ੍ਰਗਤੀ ਮੈਦਾਨ ਸੁਰੰਗ, ਸਰਾਏ ਕਾਲੇ ਖਾਂ, ਆਈ.ਟੀ.ਓ. ਨੇੜੇ ਵੀ ਆਵਾਜਾਈ ਪ੍ਰਭਾਵਿਤ ਹੋਈ। ਵਾਹਨ ਚਾਲਕਾਂ ਨੂੰ ਆਪਣੀ ਮੰਜ਼ਿਲ 'ਤੇ ਪਹੁੰਚਣ ਵਿੱਚ ਕਾਫੀ ਦਿੱਕਤਾਂ ਦਾ ਸਾਹਮਣਾ ਕਰਨਾ ਪਿਆ ਅਤੇ ਕਈ ਲੋਕ ਆਪਣੀ ਮੰਜ਼ਿਲ 'ਤੇ ਬਹੁਤ ਦੇਰੀ ਨਾਲ ਪਹੁੰਚੇ। ਕੁਝ ਯਾਤਰੀਆਂ ਨੇ ਦੱਸਿਆ ਕਿ ਕੇਂਦਰੀ ਸਕੱਤਰੇਤ ਮੈਟਰੋ ਸਟੇਸ਼ਨ ਦੇ ਐਂਟਰੀ ਅਤੇ ਐਗਜ਼ਿਟ ਗੇਟਾਂ 'ਤੇ ਲੰਬੀਆਂ ਕਤਾਰਾਂ ਲੱਗੀਆਂ ਹੋਈਆਂ ਸਨ। ਦਿੱਲੀ ਪੁਲੀਸ ਨੇ ਸੋਮਵਾਰ ਨੂੰ ਇੱਕ ਐਡਵਾਈਜ਼ਰੀ ਜਾਰੀ ਕਰ ਕੇ ਲੋਕਾਂ ਨੂੰ ਫੁੱਲ ਡਰੈੱਸ ਰਿਹਰਸਲ ਦੇ ਮੱਦੇਨਜ਼ਰ ਮੱਧ ਦਿੱਲੀ ਦੀਆਂ ਕਈ ਸੜਕਾਂ ਨੂੰ ਬੰਦ ਕਰਨ ਬਾਰੇ ਸੂਚਿਤ ਕੀਤਾ ਸੀ। ਰੱਖਿਆ ਵਿਭਾਗ ਦੇ ਲੋਕ ਸੰਪਰਕ ਅਧਿਕਾਰੀ ਮਨੋਜ ਰੁੜਕੀਵਾਲ ਨੇ ਦੱਸਿਆ ਕਿ ਮਾਹਿਰਾਂ ਦੀ ਕਮੇਟੀ ਵੱਲੋਂ ਸਾਰੀਆਂ ਝਾਕੀਆਂ ਦੀ ਚੋਣ ਕੀਤੀ ਗਈ ਹੈ। ਇਸ ਵਾਰ ਪੰਜਾਬ, ਦਿੱਲੀ ਅਤੇ ਬੰਗਾਲ ਦੀਆਂ ਝਾਕੀਆਂ ਪਰੇਡ ਦਾ ਹਿੱਸਾ ਨਹੀਂ ਹਨ। 26 ਜਨਵਰੀ ਨੂੰ ਹੋਣ ਵਾਲੀ ਪਰੇਡ ਦਾ ਕੁਲ ਸਮਾਂ 90 ਮਿੰਟ ਦਾ ਹੋਵੇਗਾ, ਜਿਸ ਵਿੱਚ ਇਨ੍ਹਾਂ ਝਾਕੀਆਂ ਨੂੰ 26 ਮਿੰਟ ਦਿੱਤੇ ਗਏ ਹਨ। ਪਰੇਡ ਸਵੇਰੇ 10:30 ਵਜੇ ਸ਼ੁਰੂ ਹੋਵੇਗੀ।





ਸਿੱਖ ਰੈਜੀਮੈਂਟ ਦੇ ਮੇਜਰ ਸਰਬਜੀਤ ਸਿੰਘ ਅਤੇ ਉਨ੍ਹਾਂ ਦੀ ਪਤਨੀ ਸਹਾਇਕ ਐਸ.ਸੀ.ਐਮ.ਡੀ.ਟੀ. ਭਾਰਤੀ ਕੋਸਟ ਗਾਰਡ ਦੀ ਚੁਨੌਤੀ ਸ਼ਰਮਾ ਗਣਤੰਤਰ ਦਿਵਸ 'ਤੇ ਇਕੱਠੇ ਕਾਰਤਵਯ ਮਾਰਗ ਤੋਂ ਮਾਰਚ ਕਰਨਗੇ।

# ਸ਼ਰਧਾਲੂ ਗੰਗਾਨਗਰ ਮੇਲੇ ਤੋਂ ਬਾਅਦ ਆਪਣੇ ਜੱਦੀ ਸਥਾਨਾਂ ਤੱਕ ਪਹੁੰਚੇ



ਕੋਲਕਾਤਾ ਦੇ ਬਾਬੂਘਾਟ ਵਿਖੇ ਗੰਗਾਨਗਰ ਮੇਲੇ ਤੋਂ ਬਾਅਦ ਸ਼ਰਧਾਲੂ ਆਪਣੇ ਜੱਦੀ ਸਥਾਨਾਂ ਤੱਕ ਪਹੁੰਚਣ ਲਈ ਬੱਸ ਵਿੱਚ ਸਵਾਰ ਹੋਏ।



ਜਲੰਧਰ ਵਿੱਚ ਗਣਤੰਤਰ ਦਿਵਸ ਪਰੇਡ ਦੀ ਰਿਹਰਸਲ ਦੌਰਾਨ ਪੰਜਾਬ ਪੁਲਿਸ ਦੀਆਂ ਮਹਿਲਾ ਕਾਂਸਟੇਬਲਾਂ ਨੇ ਸੈਲਫੀ ਖਿੱਚੀ।

# ਅਯੁੱਧਿਆ 'ਚ ਖੇਡੇ ਗਏ ਅਜ਼ਾਦ ਕੌਮ ਦੇ ਜਸ਼ਨ

## ਗੁਲਾਮ ਕੌਮਾਂ ਨੂੰ ਅੱਜ ਦੇ ਦਿਨ ਤੋਂ ਸਿੱਖਣਾ ਚਾਹੀਦਾ : ਕਰਨੈਲ ਸਿੰਘ ਪੰਜੋਲੀ

ਗੁਲਾਮੀ ਕਿਸੇ ਵੀ ਕੌਮ ਜਾ ਮਨੁੱਖ ਲਈ ਸੱਭ ਤੋ ਭਿਆਨਕ ਦੌਰ ਹੁੰਦਾ ਹੈ। ਗੁਲਾਮੀ ਦੇ ਸਮੇਂ ਕੌਮ ਜਾ ਮਨੁੱਖ ਇੱਕ ਤਰ੍ਹਾਂ ਨਾਲ ਬੇਵੱਸ ਤੇ ਲਚਾਰ ਹੁੰਦਾ ਹੈ। ਭਾਰਤ ਵਿੱਚ ਜਦੋ ਹਿੰਦੂ



ਗੁਲਾਮ ਸੀ ਮੁਸਲਮਾਨ ਮੰਦਰ ਢਾਹ ਕੇ ਮਸਜਿੱਦ ਬਣਾ ਰਹੇ ਸਨ ਅਤੇ ਹਿੰਦੂ ਦੂਰ ਖੜਾ ਵੇਵੱਸ ਅਤੇ ਲਚਾਰਾਂ ਵਾਂਗੂੰ ਵੇਖ ਰਿਹਾ ਸੀ। ਅੱਜ ਮੁਸਲਮਾਨ ਗ਼ੁਲਾਮ ਹੈ ਅਤੇ ਹਿੰਦੂ ਮਸਜਿੱਦ ਢਾਹ ਕੇ ਮੰਦਰ ਬਣਾ ਰਿਹਾ ਹੈ ਅਤੇ ਮੁਸਲਮਾਨ ਵੇਵੱਸ ਅਤੇ ਲਚਾਰ ਬਣਕੇ ਦੂਰ ਖੜਾ ਮੰਦਰ ਬਣਦਾ ਵੇਖ ਰਿਹਾ ਹੈ। ਮੈਂ ਮੁਸਲਮਾਨ ਵੀਰਾਂ ਅਤੇ ਹਿੰਦੂ ਵੀਰਾਂ ਨੂੰ ਕਹਿਣਾ ਚਾਹੁੰਦਾ ਹਾਂ ਕਿ ਜਦੋ ਅਸੀ ਅਜ਼ਾਦ ਸੀ ਸਾਡੇ ਬਾਦਸ਼ਾਹ ਨੇ ਦਿੱਲ ਖੋਲ ਕੇ ਗੁਰਦੁਆਰੇ ਸਾਹਿਬ ਬਣਾਏ ਅਤੇ ਸੋਨਾ ਨਾਲ ਮੜੇ ਸਨ। ਪਰ ਸਾਡੇ ਬਾਦਸ਼ਾਹ ਨੇ ਮੰਦਰ ਅਤੇ ਮਸਜਿੱਦਾ ਵੀ ਬਣਾਈਆ ਸਨ ਅਤੇ ਦਿੱਲ ਖੋਲ ਕੇ ਸੋਨਾ ਵੀ ਦਾਨ ਦਿੱਤਾ ਸੀ। ਅੱਜ ਅਸੀਂ ਗੁਲਾਮ ਹਾ ਇਸੇ ਕਰਕੇ ਕਿਤੇ ਗਿਆਨ ਗੋਦੜੀ ਹਰਿਦੁਆਰ, ਕਿਤੇ ਗੁਰਦੁਆਰਾ ਮੰਗੂਮੱਠ ਕਿਤੇ ਗੁਰਦੁਆਰਾ ਗਵਲੀਅਰ ਸਾਹਿਬ, ਕਿਤੇ ਗੁਰਦੁਆਰਾ ਮਟਨ ਸਾਹਿਬ ਕਸ਼ਮੀਰ ਅਤੇ ਕਿਤੇ ਗੁਰਦੁਆਰਾ ਡਾਗਮਾਰ ਸਿੱਕਮ ਉੱਤੇ ਕਬਜ਼ਾ ਹੁੰਦਾ ਅਤੇ ਕਿਤੇ ਢਹਿੰਦੇ ਵੇਖ ਰਹੇ ਹਾਂ। ਪਰ ਅਸੀ ਅੱਜ ਕੁੱਝ ਵੀ ਨਹੀ ਕਰ ਸਕਦੇ ਕਿਉਕਿ ਅਸੀ ਗੁਲਾਮ ਹਾਂ। ਗੁਲਾਮ ਕੌਮਾ ਕਦੀ ਵੀ ਅਜ਼ਾਦ ਕੌਮਾਂ ਦੇ ਜਸ਼ਨ ਵਿੱਚ ਸ਼ਾਮਲ ਨਹੀਂ ਹੁੰਦੀਆਂ ਕਿਉਂਕਿ ਉਹਨਾ ਨੂੰ ਅਜ਼ਾਦ ਕੌਮਾ ਦੇ ਜਸ਼ਨਾਂ ਵਿੱਚ ਨਮੋਸ਼ੀ ਝੱਲਣੀ ਪੈਂਦੀ ਹੈ। ਇੱਕ ਦਿਨ ਅਸੀਂ ਵੀ ਮੁੜ ਅਜ਼ਾਦ ਹੋਵਾਂਗੇ ਫਿਰ ਤੁਸੀਂ ਖ਼ਾਲਸਾ ਅਜ਼ਾਦ ਕੌਮ ਦੇ ਜਸ਼ਨਾਂ ਵਿੱਚ ਜਦੋਂ ਆਉਂਗੇ ਤਾਂ ਫਿਰ ਅਸੀਂ ਤੁਹਾਡਾ ਸ਼ਾਨ ਨਾਲ ਸੁਆਗਤ ਕਰਾਂਗੇ ਕਿਉਂਕਿ ਉਸ ਸਮੇਂ ਸਾਡੇ ਪਾਸ ਸਾਡਾ ਰਾਜ ਭਾਗ ਹੋਏਗਾ।

# ਨਿਤੀਸ਼ ਕੁਮਾਰ ਨੇ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਦੇ ਕੀਤੇ ਦਰਸ਼ਨ





ਪਟਨਾ : ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ ਨੇ ਪਟਨਾ 'ਚ ਸਿੱਖਾਂ ਦੇ ਦਸਵੇਂ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ 357ਵੇਂ ਪ੍ਰਕਾਸ਼ ਪੁਰਬ 'ਤੇ ਮੱਥਾ ਟੇਕਣ ਲਈ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਵਿਖੇ ਨਤਮਸਤਕ ਹੋਏ।

# ਗੁਰਦੁਆਰਾ ਰਕਾਬਗੰਜ ਸਾਹਿਬ ਵਿਖੇ ਭਾਜਪਾ ਪ੍ਰਧਾਨ ਜੇਪੀ ਨੱਢਾ ਨੇ ਕੀਤੀ ਸ਼ਿਰਕਤ

ਨਵੀਂ ਦਿੱਲੀ : ਦੇਸ਼ ਦੀ ਰਾਜਧਾਨੀ ਦਿੱਲੀ ਸਣੇ ਐੱਨਸੀਆਰ ਦੇ ਵੱਖ-ਵੱਖ ਇਲਾਕਿਆਂ ਵਿੱਚ ਦਸਮ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਪੁਰਬ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਗਿਆ। ਵੱਖ-ਵੱਖ ਗੁਰਦੁਆਰਿਆਂ ਵਿੱਚ ਅੱਜ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਦੇ ਭੋਗ ਪਾਏ ਗਏ ਤੇ ਧਾਰਮਿਕ ਸਮਾਗਮ ਕਰਵਾਏ ਗਏ। ਕਈ ਥਾਵਾਂ ਉਪਰ ਨਗਰ ਕੀਰਤਨ ਸਜਾਏ ਗਏ, ਜਿਨ੍ਹਾਂ ਵਿੱਚ ਸੰਗਤ ਨੇ ਭਰਵੀਂ ਸ਼ਮੂਲੀਅਤ ਕੀਤੀ। ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਗੁਰਦੁਆਰਾ ਰਕਾਬਗੰਜ ਸਾਹਿਬ ਵਿਖੇ ਲੱਖੀ ਸ਼ਾਹ ਵਣਜਾਰਾ ਹਾਲ ਵਿੱਚ ਵਿਸ਼ੇਸ਼ ਦੀਵਾਨ ਸਜਾਏ ਗਏ ਤੇ ਧਾਰਮਿਕ ਸਮਾਗਮ ਕਰਵਾਇਆ ਗਿਆ। ਦਿੱਲੀ ਦੀਆਂ ਸੰਗਤਾਂ



ਨੇ ਸ਼ਮੂਲੀਅਤ ਕੀਤੀ ਤੇ ਗੁਰਬਾਣੀ ਕੀਰਤਨ ਸਰਵਣ ਕੀਤਾ। ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪ੍ਰਧਾਨ ਹਰਮੀਤ ਸਿੰਘ ਕਾਲਕਾ ਨੇ ਗੁਰਪੁਰਬ ਦੀ ਵਧਾਈ ਦਿੱਤੀ ਤੇ ਕਮੇਟੀ ਵੱਲੋਂ ਲੋਕ ਭਲਾਈ ਲਈ ਸਮਰਪਿਤ ਕਾਰਜਾਂ ਬਾਰੇ ਜਾਣਕਾਰੀ ਦਿੱਤੀ ਗਈ। ਇਸ ਮੌਕੇ ਭਾਜਪਾ ਦੇ ਕੌਮੀ ਪ੍ਰਧਾਨ ਜੈ ਪ੍ਰਕਾਸ਼ ਨੱਢਾ, ਸੂਬਾ ਪ੍ਰਧਾਨ ਵਰਿੰਦਰ ਸਚਦੇਵਾ, ਭਾਜਪਾ ਦੇ ਕੌਮੀ ਸਕੱਤਰ ਮਨਜਿੰਦਰ ਸਿੰਘ ਸਿਰਸਾ ਤੋਂ ਇਲਾਵਾ ਕਈ ਧਾਰਮਿਕ ਤੇ ਸਿਆਸੀ ਸ਼ਖ਼ਸੀਅਤਾਂ ਨੇ ਸ਼ਿਰਕਤ ਕੀਤੀ।

# ਲਹਿੰਦੇ ਪੰਜਾਬ ਦੇ ਬਲੋਗਸ..ਓਧਰ ਦਾ ਮਾਹੌਲ ਅਜੇ ਵੀ ਏਧਰ ਦੇ ਤੀਹ ਪੈਂਤੀ ਸਾਲ ਪਹਿਲੋਂ ਦੇ ਪਿੰਡਾਂ ਦੇ ਰਹਿਣ ਸਹਿਣ ਵਰਗਾ..

## ਓਧਰ ਲੋਕ ਅਜੇ ਵੀ ਓਥੋਂ ਉੱਠ ਗਏ ਸਿੱਖਾਂ ਨੂੰ ਯਾਦ ਕਰਦੇ ਰਹਿੰਦੇ..!

ਇੱਕ ਬਾਬਾ ਜੀ ਅਖ਼ੇ ਓਦੋਂ ਨਿੱਕਾ ਹੁੰਦਾ ਸਾਂ..ਕੇਰਾਂ ਮਾਂ ਛੱਪੜ ਵੱਲ ਕੱਪੜੇ ਧੋਣ ਚੱਲੀ..ਮੈਂ ਮਗਰ ਥਾਪੀ ਤੇ ਦਾਬੜਾ ਚੁੱਕ ਤੁਰਿਆ ਜਾਵਾਂ..ਮੇਰੇ ਮਗਰ ਮੇਰੀ ਵੱਡੀ ਭਰਜਾਈ..ਲੰਮਾਂ ਸਾਰਾ ਲਮਕਵਾਂ ਘੁੰਡ..ਅੱਗੋਂ ਸਰਦਾਰ ਗੁਰਦੀਪ ਸਿੰਘ ਆਪਣੀ ਹਵੇਲੀ ਵਿਚੋਂ ਨਿੱਕਲ ਆਇਆ..ਪਰ ਸਾਨੂੰ ਵੇਖ ਪਿਛਲੇ ਪੈਰੀ ਵਾਪਿਸ ਮੁੜ ਗਿਆ..ਅੰਮੀਂ ਖਲੋ ਗਈ..ਪਿਛਾਂਹ ਭਓਂ ਕੇ ਆਖਣ ਲੱਗੀ ਓਏ ਵੇਖਿਆ ਜੇ ਸਾਡੇ ਪਿੰਡ ਦੇ ਸਰਦਾਰ ਕਿੰਨੇ ਚੰਗੇ ਨੇ..ਜਦੋਂ ਵੇਖਿਆ ਅੱਗਿਓਂ ਬੀਬੀ ਨੂਰਾਂ ਦੀ ਨੂੰਹ ਤੁਰੀ ਆਉਂਦੀ..ਓਸੇ ਵੇਲੇ ਪਿਛਾਂਹ ਪਰਤ ਗਿਆ..ਨਾਲੇ ਗੱਚ ਭਰ ਆਇਆ..!

ਇੱਕ ਦੱਸਣ ਲੱਗਾ ਅਸੀਂ ਕੰਮੀ ਕਮੀਣ..ਸਰਦਾਰਾਂ ਦੇ ਘਰਾਂ ਵਿਚ ਗੋਹਾ ਕੂੜਾ ਕਰਦੇ ਹੁੰਦੇ ਸਾਂ..ਪਰ ਮਜਾਲ ਸਾਡੀ ਕਿਸੇ ਧੀ ਧਿਆਣੀ ਵੱਲ ਨਜਰ ਚੁੱਕ ਵੀ ਵੇਖਿਆ ਹੋਵੇ..ਕੇਰਾਂ ਸਰਦਾਰ ਕੋਲ ਆਇਆ..ਅਖ਼ੇ ਰਸ਼ੀਦਿਆ ਤੇਰੀ ਧੀ ਮੁਟਿਆਰ ਹੋ ਗਈ..ਇਸਨੂੰ ਵਿਆਹ ਦੇ..ਅੱਗਿਓਂ ਹੱਥ ਜੋੜ ਦਿੱਤੇ..ਸਰਦਾਰਾ ਕੋਲ ਤੇ ਕੁਝ ਵੀ ਹੈਨੀ..ਵਿਆਹਾਂ ਕਿੱਦਾਂ ? ਭੜੋਲੇ ਵੱਲ ਉਂਗਲ ਕਰ ਦਿੱਤੀ..ਜਿੰਨੇ ਦਾਣੇ ਚਾਹੀਦੇ ਨੇ ਕੱਢ ਲੈ..ਨਾਲੇ ਜਿਹੜੀ ਮਰਜੀ ਝੋਟੀ ਖੋਲ ਲੈ..ਵਿਆਹ ਤੀਕਰ ਲਵੇਰਾ ਚੁੰਘੀ ਜਾਵੀਂ ਤੇ ਮਗਰੋਂ ਦਾਜ ਨਾਲ ਤੋਰ ਦੇਵੀਂ..ਪਰ ਵਿਆਹ ਤੋਂ ਪਹਿਲੋਂ ਹੀ ਉਜਾੜੇ ਪੈ ਗਏ..ਸਾਰਾ ਕੁਝ ਇਥੇ ਛੱਡ ਗਿਆ..ਅਸਾਂ ਕਿੰਨਾ ਚਿਰ ਅਮਾਨਤ ਸਾਂਭੀ ਰੱਖੀ!

ਓਧਰ ਅਜਾਦੀ ਤੇ ਦੂਰ ਦੀ ਗੱਲ..ਕੋਈ ਵੰਡ ਲਫਜ ਵੀ ਨਹੀਂ ਸੀ ਵਰਤਦਾ..ਸਭ ਉਜਾੜਾ ਆਖਦੇ!

ਲਾਹੌਰੋਂ ਕਸੂਰ ਬਾਨਵੇਂ ਕਿਲੋਮੀਟਰ ਦੂਰ ਬੁੱਲੇ ਸ਼ਾਹ ਦੀ ਮਜਾਰ..ਓਸੇ ਹਾਈਵੇ ਤੇ ਤਕਰੀਬਨ ਚਾਲੀ ਕਿਲੋਮੀਟਰ ਦੂਰ ਪਿੰਡ ਲਲਿਆਣੀ ਦਾ ਅੱਡਾ..ਦਾਣੇ ਭੁੰਨਦੀ ਬੇਬੇ..ਲੱਪ ਦਾਣਿਆਂ ਦੀ ਦੇ ਕੇ ਪੈਸੇ ਨਾ ਲਵੇ..ਆਖੇ ਚੜ੍ਹਦੇ ਤੋਂ ਆਏ ਓ..ਮੈਨੂੰ ਪੀੜਾਂ ਦਾ ਪਰਾਗਾ ਭੁੰਨਦੀ ਸ਼ਿਵ ਦੇ ਗੀਤਾਂ ਵਾਲੀ ਮਾਈ ਵਰਗੀ ਪ੍ਰਤੀਤ ਹੋਈ ਜਾਵੇ..!

ਲੱਲਿਆਨੀ ਪਿੰਡ..ਆਖਰੀ ਲੜਾਈ ਮਗਰੋਂ ਜਦੋਂ ਅੰਗਰੇਜ ਪੰਜਾਬ ਤੇ ਕਾਬਜ ਹੋਏ ਤਾਂ ਸਰਕਾਰ-ਏ-ਖਾਲਸਾ ਦੀ ਆਖਰੀ ਟੁਕੜੀ ਨੇ ਇਥੇ ਹੀ ਹਥਿਆਰ ਸੁੱਟੇ ਸਨ..!

ਇਥੇ ਅੱਗੇ ਐਨ ਬਾਡਰ ਤੇ ਪਿੰਡ ਕਾਦੀਵਿੰਡ..ਭਾਈ ਸੋਹਣ ਸਿੰਘ ਸ਼ੀਤਲ ਦਾ



ਹਰਪ੍ਰੀਤ ਸਿੰਘ ਜਵੰਦਾ

ਪਿੰਡ..ਉਸਦਾ ਨਿੱਕਾ ਜਿਹਾ ਕਮਰਾ..ਓਥੇ ਹੁਣ ਡੰਗਰ ਬੱਝਦੇ..ਤੂਤਾਂ ਵਾਲਾ ਖੂਹ..ਲਹੂ ਦੀ ਲੋਅ..ਹੋਰ ਵੀ ਕਿੰਨਾ ਕੁਝ ਇਥੇ ਹੀ ਸਿਰਜਿਆ ਹੋਵੇਗਾ..!

ਪਿੰਡੋਂ ਬਾਹਰਵਾਰ ਚੌਥੀ ਪਾਤਸ਼ਾਹੀ ਦਾ ਗੁਰੂਦੁਆਰਾ..ਜਿਸਦੀ ਪੈਲੀ ਵਿੱਚ ਬਣਿਆ ਉਸ ਨੇ ਢਾਹਿਆ ਨਹੀਂ..ਲਗਾਤਾਰ ਸਾਫ ਸਫਾਈ ਕਰਦਾ..ਸਾਰਾ ਟੱਬਰ ਸਾਂਭ ਸੰਭਾਲ ਕਰਦਾ!

ਬਾਬੇ ਬੁੱਲੇ ਸ਼ਾਹ ਦੀ ਮਜਾਰ ਤੇ ਕਾਫੀ ਗਾਉਂਦਾ ਇੱਕ ਕਵਾਲ ਟੋਲਾ..ਓਹੀ ਮਾਹੌਲ..ਓਹੀ ਆਲਾ ਦਵਾਲਾ..ਛੱਜੂ ਦਾ ਚੁਬਾਰਾ..ਹੀਰ ਰਾਂਝੇ ਦੀ ਕਬਰ..ਸਭ ਕੁਝ ਵੇਖਿਆ!

ਟੋਭਾ ਟੇਕ ਸਿੰਘ ਵਾਲਾ ਸਆਦਤ ਹਸਨ ਮੰਟੋ..ਅੱਜ ਦੇ ਦਿਨ ਯਾਨੀ 18 ਜਨਵਰੀ ਉਨੀਂ ਸੌ ਚੁਰੰਝਾ ਨੂੰ ਫੌਤ ਹੋਇਆ ਸੀ..ਟੋਬਾ ਟੇਕ ਸਿੰਘ ਟੇਸ਼ਨ ਅਜੇ ਵੀ ਓਸੇ ਹਾਲਤ ਵਿਚ..ਕੋਲ ਛੱਪੜ ਹੁਣ ਭਾਵੇਂ ਸੁੱਕ ਗਿਆ ਪਰ ਮਿੱਟੀ ਦੇ ਭਾਂਡੇ ਗਲਾਸ ਗਲਾਸ ਓਸੇ ਤਰਾਂ ਰੱਖੇ..ਬੜਾ ਮਾਨ ਸਤਿਕਾਰ ਦਿੰਦੇ..ਗੁਲਾਬ ਦੀਆਂ ਪੱਤੀਆਂ ਸਾਰੇ ਰਾਹ ਖਿਲਾਰੀ ਜਾਂਦੇ..ਕਿਸੇ ਧੀ ਧਿਆਣੀ ਨੂੰ ਪਿਆਰ ਦੇਣਾ ਹੋਵੇ ਤਾਂ ਸਿਰ ਤੇ ਹੱਥ ਫੇਰ ਕੇ..ਪਿੱਠ ਤੇ ਹੱਥ ਕੋਈ ਨਹੀਂ ਰੱਖਦਾ..!

ਅਮਰੀਕਾ ਤੋਂ ਆਈ ਇੱਕ ਮੁਟਿਆਰ..ਦੋ ਮਹੀਨੇ ਪਹਿਲੋਂ ਦੋ ਬਜ਼ੁਰਗਾਂ ਨਾਲ ਗੱਲ ਹੋਈ..ਉਸਦੇ ਪਿਤਾ ਜੀ ਦੇ ਹਾਣੀ ਸਨ..ਅੱਜ ਮਿਲਣ ਆਈ ਤਾਂ ਇੱਕ ਮੁੱਕ ਗਿਆ ਸੀ..ਦੂਜਾ ਵੀ ਮਰਨ ਕੰਢੇ..ਆਖਣ ਲੱਗੀ ਬਾਬਾ ਜੀ ਫੇਰ ਆਵਾਂਗੀ..ਅਗਲੇ ਸਾਲ..ਅੱਖੀਆਂ ਵਿਚ ਪਾਣੀ ਭਰ ਲਿਆ..ਓਦੋਂ ਤੀਕਰ ਤੇ ਮੈਂ ਮੁੱਕ ਜਾਣਾ..ਐਤਕੀ ਸਿਆਲ ਮਸੀਂ ਕੱਢਣਾ..ਕਈਆਂ ਨੂੰ ਕਿੰਨਾ ਸਪਸ਼ਟ ਇਹਸਾਸ ਹੁੰਦਾ..ਕਦੋਂ ਜਾਣਾ..ਕਦੋ ਅੱਲਾ ਹਾਫ਼ਿਜ ਆਖਣਾ!

ਕਈ ਵੇਰ ਸੋਚਦਾ ਕੈਸੀ ਨਿਰਦਈ ਰੂਹ ਹੋਵੇਗੀ ਜਿਸਨੇ ਇਹ ਲਕੀਰ ਮਾਰੀ ਹੋਵੇਗੀ..ਪਰ ਫੇਰ ਸੋਚਦਾ ਉਸ ਨੇ ਵੀ ਤੇ ਹੁਕਮ ਹੀ ਮੰਨਿਆ ਹੋਣਾ..ਉਤਲਿਆਂ ਦਾ..ਰੈਡ ਕਲਿੱਫ ਨਾਮ ਦਾ ਗੋਰਾ ਸੀ..ਵਲੈਤੋਂ ਉਚੇਚਾ ਵੰਡ ਵਾਲੀ ਲਕੀਰ ਖਿੱਚਣ ਆਇਆ ਸੀ..ਪੈਸੇ ਵਲੈਤ ਪਰਤ ਮਿਲਣੇ ਸਨ..ਪੂਰੇ ਪੰਝੀ ਹਜਾਰ ਪੌਂਡ..ਪਰ ਦੱਸਦੇ ਆਖਰੀ ਮੌਕੇ ਨਾਂਹ ਕਰ ਗਿਆ ਸੀ..ਨਹੀਂ



ਚਾਹੀਦੇ..ਵਾਹੀ ਲਕੀਰ ਦੇ ਦੋਵੇਂ ਪਾਸੇ ਖਿੱਲਰੀਆਂ ਲੱਖਾਂ ਲਾਸ਼ਾਂ ਦੀ ਮੁਸ਼ਕ ਸੁੰਘ ਲਈ ਹੋਣੀ..ਲਾਸ਼ਾਂ ਦੀ ਮੁਸ਼ਕ ਸੁੰਘ ਕਈਆਂ ਦੀ ਭੁੱਖ ਮਰ ਜਾਂਦੀ ਤੇ ਕਈਆਂ ਦਾ ਲਾਲਚ..!

ਪਰ ਚੜ੍ਹਦੇ ਵੱਲ ਤੇ ਇੱਕ ਦੌਰ ਐਸਾ ਵੀ ਆਇਆ ਸੀ..ਲਾਸ਼ ਵੇਖ ਗੋਡੇ ਗੋਡੇ ਚਾਅ ਚੜ ਜਾਇਆ ਕਰਦਾ ਸੀ..ਪ੍ਰੋਮੋਸ਼ਨ ਤਰੱਕੀਆਂ ਸ਼ਾਬਾਸ਼ੀਆਂ ਦਾ ਚਾਅ!

# ਸੋਸ਼ਲਿਸਟ ਯੂਨਿਟੀ ਸੈਂਟਰ ਆਫ ਇੰਡੀਆ (ਕਮਿਊਨਿਸਟ) ਦੇ ਮੈਂਬਰ ਵਲਾਦੀਮੀਰ ਲੈਨਿਨ ਦੀ ਸ਼ਤਾਬਦੀ ਮੌਕੇ ਮਾਰਚ ਵਿੱਚ ਲਿਆ ਹਿੱਸਾ





ਕੋਲਕਾਤਾ : ਸੋਸ਼ਲਿਸਟ ਯੂਨਿਟੀ ਸੈਂਟਰ ਆਫ਼ ਇੰਡੀਆ (ਕਮਿਊਨਿਸਟ) ਦੇ ਮੈਂਬਰਾਂ ਨੇ ਐਤਵਾਰ ਨੂੰ ਕੋਲਕਾਤਾ ਵਿੱਚ ਵਲਾਦੀਮੀਰ ਲੈਨਿਨ ਦੀ ਮੌਤ ਸ਼ਤਾਬਦੀ 'ਤੇ ਇੱਕ ਮਾਰਚ ਵਿੱਚ ਹਿੱਸਾ ਲਿਆ।

ਉਸਦੀ ਮੌਤ ਤੋਂ ਲਗਭਗ ਇੱਕ ਸਦੀ ਬਾਅਦ, ਵਲਾਦੀਮੀਰ ਲੈਨਿਨ ਦੀ ਸਾਵਧਾਨੀ ਨਾਲ ਸੰਭਾਲੀ ਹੋਈ ਦੇਹ ਰੈੱਡ ਸਕੁਏਅਰ 'ਤੇ ਇੱਕ ਮਕਸਦ ਨਾਲ ਬਣੇ ਮਕਬਰੇ ਵਿੱਚ ਪਈ ਹੈ ਜੋ ਰੂਸ ਦੇ ਕਮਿਊਨਿਸਟ ਅਤੀਤ ਦੀ ਇੱਕ ਚਮਕਦਾਰ ਯਾਦ ਦਿਵਾਉਂਦੀ ਹੈ।

ਪਰ 1917 ਦੀ ਬੋਲਸ਼ੇਵਿਕ ਕ੍ਰਾਂਤੀ ਦਾ ਪਿਤਾ ਜਿਸ ਨੇ ਸੋਵੀਅਤ ਯੂਨੀਅਨ ਦੀ ਸਥਾਪਨਾ ਕੀਤੀ ਅਤੇ ਉਸਦੇ ਗੁਜ਼ਰਨ ਦੀ 100ਵੀਂ ਵਰ੍ਹੇਗੰਢ ਨੂੰ ਆਮ ਰੂਸੀਆਂ ਦੁਆਰਾ ਅਣਡਿੱਠ ਕੀਤਾ ਗਿਆ ਹੈ। ਕ੍ਰੇਮਲਿਨ ਦੇ ਪਰਛਾਵੇਂ ਵਿੱਚ ਉਸਦੀ ਕਬਰ 'ਤੇ ਕਮਿਊਨਿਸਟ ਪਾਰਟੀ ਦੇ ਸਮਾਰੋਹ ਤੋਂ ਪਰੇ, ਐਤਵਾਰ ਨੂੰ ਸ਼ਤਾਬਦੀ ਨੂੰ ਮਨਾਉਣ ਲਈ ਕੁਝ ਅਧਿਕਾਰਤ ਸਮਾਗਮਾਂ ਦਾ ਪ੍ਰੋਗਰਾਮ ਤੈਅ ਕੀਤਾ ਗਿਆ ਸੀ। ਰਾਸ਼ਟਰਪਤੀ ਵਲਾਦੀਮੀਰ ਪੁਤਿਨ ਲਈ, ਜਿਸ ਨੇ ਰੂਸੀ ਸਾਮਰਾਜ ਨੂੰ ਯੂਕਰੇਨ ਵਰਗੇ ਰਾਸ਼ਟਰ ਰਾਜਾਂ ਵਿੱਚ ਵੰਡਣ ਵਿੱਚ ਉਸਦੀ ਭੂਮਿਕਾ ਲਈ ਜਨਤਕ ਤੌਰ 'ਤੇ ਲੈਨਿਨ ਦੀ ਨਿੰਦਾ ਕੀਤੀ ਹੈ, ਇਹ ਸੁਵਿਧਾਜਨਕ ਹੈ। ਪੁਤਿਨ, ਹੁਣ ਕੀਵ ਦੇ ਖਿਲਾਫ ਲਗਭਗ ਦੋ ਸਾਲਾਂ ਦੇ ਹਮਲੇ ਵਿੱਚ ਫਸਿਆ ਹੋਇਆ ਹੈ, ਨੇ ਇਸ ਦੀ ਬਜਾਏ ਜੋਸੇਫ ਸਟਾਲਿਨ ਦਾ ਮੁਕਾਬਲਾ ਕੀਤਾ ਹੈ - ਉਹ ਵਿਅਕਤੀ ਜਿਸਨੇ ਯੂਐਸਐਸਆਰ ਨੂੰ ਦੂਜੇ ਵਿਸ਼ਵ ਯੁੱਧ ਵਿੱਚ ਜਿੱਤ ਦਿਵਾਇਆ, ਅਤੇ ਜਿਸਨੇ ਇੱਕ ਸਾਲਾਂ ਦੇ ਅੱਤਵਾਦ ਦੇ ਰਾਜ ਵਿੱਚ ਆਪਣੇ ਸਾਰੇ ਰਾਜਨੀਤਿਕ ਵਿਰੋਧੀਆਂ ਨੂੰ ਸਾਫ਼ ਕਰ ਦਿੱਤਾ।

# ਲਾਂਘੇ ਰਾਹੀਂ ਨਵਜੋਤ ਸਿੱਧੂ ਕਰਤਾਰਪੁਰ ਸਾਹਿਬ ਜੀ ਦੇ ਦਰਸ਼ਨ ਕਰਨ ਲਈ ਹੋਏ ਰਵਾਨਾ, 241 ਸ਼ਰਧਾਲੂਆਂ ਨੂੰ ਮਿਲੀ ਮਨਜ਼ੂਰੀ



ਡੇਰਾ ਬਾਬਾ ਨਾਨਕ : ਬੁੱਧਵਾਰ ਨੂੰ ਡੇਰਾ ਬਾਬਾ ਨਾਨਕ ਦੀ ਕੌਮਾਂਤਰੀ ਸਰਹੱਦ ਤੇ ਭਾਰਤ ਸਰਕਾਰ ਵੱਲੋਂ ਬਣਾਏ ਗਏ ਪੈਸੰਜਰ ਟਰਮੀਨਲ ਰਾਹੀਂ ਸਾਬਕਾ ਕ੍ਰਿਕਟ ਖਿਡਾਰੀ ਤੇ ਕਾਂਗਰਸ ਦੇ ਸੀਨੀਅਰ ਆਗੂ ਨਵਜੋਤ ਸਿੱਧੂ ਸਾਥੀਆਂ ਸਮੇਤ ਲਾਂਘੇ ਰਾਹੀਂ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਪਾਕਿਸਤਾਨ ਨੂੰ ਰਵਾਨਾ ਹੋਏ। ਨਵਜੋਤ ਸਿੰਘ ਸਿੱਧੂ ਤੇ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਰਹੇ ਇਮਰਾਨ ਖਾਨ ਦੀ ਦੋਸਤੀ ਦਾ ਕਰਤਾਰਪੁਰ ਲਾਂਘਾ ਖੋਲਣ ਵਿਚ ਅਹਿਮ ਯੋਗਦਾਨ ਮੰਨਿਆ ਜਾਂਦਾ ਰਿਹਾ ਹੈ।

ਇਥੇ ਦੱਸਣ ਯੋਗ ਹੈ ਕਿ ਬੁੱਧਵਾਰ ਨੂੰ 241 ਸ਼ਰਧਾਲੂਆਂ ਨੂੰ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਜੀ ਦੇ ਦਰਸ਼ਨ ਕਰਨ ਦੀ ਮਨਜ਼ੂਰੀ ਮਿਲੀ ਹੈ। ਡੇਰਾ ਬਾਬਾ ਨਾਨਕ ਦੀ ਕੌਮਾਂਤਰੀ ਸਰਹੱਦ ਬਣੇ ਪੈਸੰਜਰ ਟਰਮੀਨਲ ਦੇ ਅੰਦਰ ਪਹੁੰਚਣ ਤੇ ਲੈਂਡ ਪੋਰਟ ਅਥਾਰਟੀ ਵੱਲੋਂ ਰਿਸੀਵ ਕਰਨ ਸਿਹਤ ਵਿਭਾਗ ਦੀਆਂ ਟੀਮਾਂ ਵੱਲੋਂ ਨਵਜੋਤ ਸਿੱਧੂ ਨੂੰ ਪੋਲੀਓ ਬੂੰਦਾਂ ਪਿਲਾਈਆਂ ਉਪਰੰਤ ਬੀਐਸਐਫ, ਕਸਟਮ ਤੇ ਇਮੀਗ੍ਰੇਸ਼ਨ ਵਿਭਾਗ ਦੇ ਅਧਿਕਾਰੀਆਂ ਵੱਲੋਂ ਆਪਣੀ ਪ੍ਰਕਿਰਿਆ ਕਰਨ ਉਪਰੰਤ ਨਵਜੋਤ ਸਿੱਧੂ ਸਾਥੀਆਂ ਸਮੇਤ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਪਾਕਿਸਤਾਨ ਰਵਾਨਾ ਹੋਏ। ਇਸ ਤੋਂ ਪਹਿਲਾਂ ਟਰਮੀਨਲ ਵਿੱਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਹੋਇਆਂ ਨਵਜੋਤ ਸਿੱਧੂ ਨੇ ਸ਼ਾਇਰਾਨਾ ਅੰਦਾਜ਼ ਵਿੱਚ ਕਿਹਾ ਕਿ ਕੰਧਾਂ ਹੋਣ ਉੱਤੇ ਮੂਰਤਾਂ ਪਿਆਰੀਆਂ ਵੀ ਹੋਣ, ਲੱਗ ਕੰਧਾਂ ਅੰਨੀਆਂ ਨਾ ਹੋਣ ਬੂਹੇ ਬਾਰੀਆਂ ਵੀ ਹੋਣ ਬਿਆਨ ਕਰਦਿਆਂ ਸਰਹੱਦਾਂ ਰਾਹੀਂ ਵਣਜ ਵਪਾਰ ਖੋਲਣ ਦੀ ਗੱਲ ਕਰੀ। ਉਹਨਾਂ ਕਿਹਾ ਕਿ ਦੋਹਾਂ ਦੇਸ਼ਾਂ ਦੀ ਗੱਲ ਨਹੀਂ ਉਹ ਕੁਲ ਜਹਾਨ ਦੀ ਗੱਲ ਕਰਦੇ ਹਨ ਤੇ ਦੇਸ਼ ਦੀ ਅਮਨ ਸ਼ਾਂਤੀ ਤੇ ਸੁਰੱਖਿਆ ਦੇ ਮੱਦੇ ਨਜ਼ਰ ਸਰਹੱਦਾਂ ਰਾਹੀਂ ਵਪਾਰ ਖੋਲੇ ਜਾਣ।

ਸਿੱਧੂ ਨੇ ਕਿਹਾ ਕਿ ਦੋਹਾਂ ਦੇਸ਼ਾਂ ਵਿੱਚ ਅਮਨ ਅਮਾਨ ਹੋਣਾ ਜ਼ਰੂਰੀ ਹੈ ਕਿਉਂਕਿ ਸਾਡੇ ਪਹਿਰਾਵੇ, ਬੋਲੀ, ਕਲਚਰ ਖਾਣ ਪੀਣ ਸਭ ਇੱਕ ਹੈ। ਉਹਨਾਂ ਕਿਹਾ ਕਿ ਕਾਂਚੀ ਤੇ ਬੰਬੇ ਵਿਚ ਵਪਾਰ ਖੁੱਲ ਸਕਦੇ ਹਨ ਪਰੰਤੂ ਅੰਮ੍ਰਿਤਸਰ ਤੇ ਲਾਹੌਰ ਦਾ ਵਪਾਰ ਕਿਉਂ ਨਹੀਂ ਖੁੱਲ ਰਿਹਾ। ਸਿੱਧੂ ਨੇ ਕਿਹਾ ਕਿ ਸਾਡੇ ਨਾਲ ਵਿਤਕਰਾ ਕਿਉਂ ਹੋ ਰਿਹਾ ਹੈ ਤੇ ਸਾਡੇ ਲਈ ਤਾਲੇ ਲੱਗੇ ਹੋਏ ਹਨ। ਸਿੱਧੂ ਨੇ ਕਿਹਾ ਕਿ ਦੇਸ਼ ਨੂੰ ਵਿਕਸਿਤ ਕਰਨ ਦੀ ਲੋੜ ਜਦ ਕਿ ਤੀਸਰੀ ਜੰਗ ਦੇ ਖ਼ਤਰੇ ਵੱਧ ਰਹੇ ਹਨ ਉਹਨਾਂ ਕਿਹਾ ਵਰਲਡ ਸਰਕਾਰ ਹਾਲਤਾਂ ਨੂੰ ਸੁਧਾਰੇ ਤਾਂ ਜੋ ਮਾਨਵਤਾ ਦਾ ਭਲਾ ਹੋ ਸਕੇ। ਇਸ ਮੌਕੇ ਤੇ ਪੱਤਰਕਾਰਾਂ ਵੱਲੋਂ 20 ਡਾਲਰ ਦੀ ਫੀਸ ਤੇ ਪਾਸਪੋਰਟ ਦੀ ਸ਼ੱਤ ਸਬੰਧੀ ਗੱਲ ਕਰਨ ਤੇ ਨਵਜੋਤ ਸਿੱਧੂ ਨੇ ਜਵਾਬ ਦਿੰਦਿਆਂ ਹੋਇਆ ਕਿਹਾ ਕੇ ਅਸਲੀ ਪੁੰਨ ਸੱਥਾਂ ਵਿੱਚ ਬੈਠੇ ਬਜ਼ੁਰਗ ਰੱਬ ਦੇ ਪਿਆਰਿਆਂ ਨੂੰ ਸਰਕਾਰ ਦਰਸ਼ਨ ਕਰਵਾਏ ?ਜਦ ਕਿ ਇਹ ਸਰਕਾਰਾਂ 50- 60 ਕਰੋੜ ਖਾ ਚੁੱਕੀਆਂ ਹਨ।

ਇਸ ਮੌਕੇ ਤੇ ਨਵਜੋਤ ਸਿੱਧੂ ਨੇ ਕਿਹਾ ਕਿ ਪਸਰ ਗਰੀਬ ਲੋਕਾਂ ਦੇ ਭਲੇ ਲਈ ਇਹ ਬਾਰਡਰ ਖੋਲ ਦਿੱਤਾ ਗਿਆ ਸੀ ਜਦ ਕਿ ਪਿਛਲੇ ਸਮੇਂ ਤੇਲ ਦਾ 20 ਗੁਣਾ ਵੱਧਦਾ ਹੋਇਆ ਹੈ ਪ੍ਰੰਤੂ ਕਿਸਾਨ ਦੀ ਐਮਐਸਪੀ ਨਹੀਂ ਵਧੀ। ਇਸ ਮੌਕੇ ਤੇ ਉਹਨਾਂ ਕਿਹਾ ਕਿ ਉਹ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਜੀ ਦੇ ਨਤਮਸਤਕ ਹੋ ਕੇ ਦੇਸ਼ਾਂ ਦੀ ਅਮਨ ਸ਼ਾਂਤੀ ਤੇ ਆਪਸੀ ਭਾਈਚਾਰਕ ਸਾਂਝ ਦੀ ਅਰਦਾਸ ਕਰਨਗੇ।

# 'ਛਾਤੀ 'ਤੇ ਹੱਥ ਰੱਖ ਕੇ ਸਾਡੇ ਸਾਹ ਦੀ ਹੁੰਦੀ ਸੀ ਜਾਂਚ', ਮਹਿਲਾ ਪਹਿਲਵਾਨਾਂ ਦਾ ਦਿੱਲੀ ਕੋਰਟ ਵਿਚ ਦਾਅਵਾ

ਨਵੀਂ ਦਿੱਲੀ : ਭਾਰਤੀ ਕੁਸ਼ਤੀ ਮਹਾਸੰਘ (ਡਬਲਯੂਐੱਫਆਈ) ਵਿੱਚ ਛਾਤੀ 'ਤੇ ਹੱਥ ਰੱਖ ਕੇ ਸਾਹ ਦੀ ਜਾਂਚ ਕਰਨਾ ਸਿਰਫ਼ ਮਹਿਲਾ ਪਹਿਲਵਾਨਾਂ ਲਈ ਸੀ ਨਾ ਕਿ ਪੁਰਸ਼ਾਂ ਲਈ, ਮਹਿਲਾ ਪਹਿਲਵਾਨਾਂ ਨੇ ਦਿੱਲੀ ਦੇ ਰੌਜ਼ ਐਵੇਨਿਊ ਕੋਰਟ ਵਿਚ ਇਹ ਦਲੀਲ ਦਿੱਤੀ। ਮੰਗਲਵਾਰ ਨੂੰ, ਸਾਬਕਾ WFI ਪ੍ਰਧਾਨ ਬ੍ਰਿਜ ਭੂਸ਼ਣ ਦੇ ਖਿਲਾਫ ਦੋਸ਼ ਤੈਅ ਕਰਨ ਦੇ ਸਬੰਧ ਵਿੱਚ ਵਧੀਕ ਮੁੱਖ ਮੈਟਰੋਪੋਲੀਟਨ ਮੈਜਿਸਟਰੇਟ (ACMM) ਪ੍ਰਿਅੰਕਾ ਰਾਜਪੂਤ ਦੀ ਅਦਾਲਤ ਵਿੱਚ ਸੁਣਵਾਈ ਹੋਈ।

ਜਿਸ ਵਿੱਚ ਪਹਿਲਵਾਨਾਂ ਵੱਲੋਂ ਸੀਨੀਅਰ ਵਕੀਲ ਰੇਬੇਕਾ ਜੌਹਨ ਨੇ ਦਲੀਲਾਂ ਦਿੱਤੀਆਂ। ਉਨ੍ਹਾਂ ਕਿਹਾ ਕਿ ਦੋਸ਼ੀ ਨੇ ਅਪਰਾਧ ਕੀਤਾ ਹੈ ਅਤੇ ਦੋਸ਼ ਤੈਅ ਕਰਨ ਲਈ ਕਾਫੀ ਸਬੂਤ ਮੌਜੂਦ ਹਨ। ਇਸ ਮਾਮਲੇ ਦੀ ਅਗਲੀ ਸੁਣਵਾਈ 2 ਫਰਵਰੀ ਨੂੰ ਹੋਵੇਗੀ। ਜਿਸ ਵਿੱਚ ਬ੍ਰਿਜ ਭੂਸ਼ਣ ਅਤੇ ਵਿਨੋਦ ਤੋਮਰ ਦੇ ਵਕੀਲ ਆਪਣੀਆਂ ਦਲੀਲਾਂ ਪੇਸ਼ ਕਰਨਗੇ।

ਬ੍ਰਿਜ ਭੂਸ਼ਣ ਖਿਲਾਫ ਦਰਜ ਐਫਆਈਆਰ ਵਿਚ ਦੋ ਪਹਿਲਵਾਨਾਂ ਨੇ ਕਿਹਾ ਸੀ ਕਿ ਬ੍ਰਿਜ ਭੂਸ਼ਣ ਨੇ ਸਾਹ ਲੈਣ ਦੇ ਪੈਟਰਨ ਦੇ ਬਹਾਨੇ ਉਨ੍ਹਾਂ ਨੂੰ ਅਣਉਚਿਤ ਢੰਗ ਨਾਲ ਛੂਹਿਆ। ਬ੍ਰਿਜਭੂਸ਼ਨ ਸਿੰਘ ਨੇ ਉਨ੍ਹਾਂ ਦੀ ਸਹਿਮਤੀ ਤੋਂ ਬਿਨਾਂ ਉਨ੍ਹਾਂ ਦੇ ਪੱਟਾਂ, ਮੋਢਿਆਂ, ਪੇਟ ਅਤੇ ਛਾਤੀ ਨੂੰ ਛੂਹਿਆ। ਛੇੜਛਾੜ ਕਰਨ ਲਈ ਬ੍ਰਿਜ ਭੂਸ਼ਣ ਨੇ ਸਾਹ ਲੈਣ ਦੇ ਪੈਟਰਨ ਦੀ ਜਾਂਚ ਦਾ ਬਹਾਨਾ ਬਣਾਇਆ।

ਮਹਿਲਾ ਪਹਿਲਵਾਨਾਂ ਦੀ ਐਡਵੋਕੇਟ ਰੇਬੇਕਾ ਜੌਹਨ ਨੇ ਕਿਹਾ ਕਿ ਪ੍ਰੋਟੈਕਸ਼ਨ ਆਫ ਵੂਮੈਨ ਫਰਾਮ ਸੈਕਸੁਅਲ ਹਰਾਸਮੈਂਟ ਐਕਟ ਤਹਿਤ ਓਵਰਸਾਈਟ ਕਮੇਟੀ ਦਾ ਗਠਨ ਨਹੀਂ ਕੀਤਾ ਗਿਆ ਸੀ। ਮਹਿਲਾ ਪਹਿਲਵਾਨਾਂ ਦੀ ਤਰਫੋਂ ਕਿਹਾ ਗਿਆ ਕਿ ਇਸ ਕਮੇਟੀ ਦੀ ਰਿਪੋਰਟ ਕੋਈ ਵਿਧਾਨਕ ਰਿਪੋਰਟ ਨਹੀਂ ਹੈ। ਇਸ 'ਤੇ ਭਰੋਸਾ ਵੀ ਨਹੀਂ ਕੀਤਾ ਜਾ ਸਕਦਾ। ਮਹਿਲਾ ਪਹਿਲਵਾਨਾਂ ਦੇ ਵਕੀਲ ਨੇ ਅਦਾਲਤ ਵਿੱਚ ਕਿਹਾ ਕਿ ਨਿਗਰਾਨ ਕਮੇਟੀ ਕੋਈ ਅੰਦਰੂਨੀ ਸ਼ਿਕਾਇਤ ਕਮੇਟੀ ਨਹੀਂ ਸੀ। ਉਸ ਕੋਲ ਕੋਈ ਖੋਜ ਨਹੀਂ ਹੈ, ਇਹ ਕੋਈ ਰਿਪੋਰਟ ਨਹੀਂ ਹੈ ਅਤੇ ਨਾ ਹੀ ਇਸ ਵਿਚ ਕੋਈ ਦੋਸ਼ ਹੈ।

ਮਹਿਲਾ ਪਹਿਲਵਾਨਾਂ ਦੇ ਵਕੀਲ ਨੇ ਸਵਾਲ ਉਠਾਉਂਦੇ ਹੋਏ ਕਿਹਾ ਕਿ ਉਹ ਪੈਰਾਗ੍ਰਾਫ ਕਿੱਥੇ ਹੈ ਜਿਸ ਵਿਚ ਓਵਰਸਾਈਟ ਕਮੇਟੀ ਨੇ ਬ੍ਰਿਜ ਭੂਸ਼ਣ ਨੂੰ ਬਰੀ ਕੀਤਾ ਹੈ। ਦੋਸ਼ੀ ਬਰੀ ਨਹੀਂ ਹੋਇਆ ਅਤੇ ਕਮੇਟੀ ਦੀ ਰਿਪੋਰਟ ਤੱਥਾਂ 'ਤੇ ਆਧਾਰਿਤ ਨਹੀਂ ਹੈ।

ਮਹਿਲਾ ਪਹਿਲਵਾਨਾਂ ਦੇ ਵਕੀਲ ਨੇ ਅਦਾਲਤ ਵਿੱਚ ਆਪਣੀ ਦਲੀਲ ਸਮਾਪਤ ਕਰਦੇ ਹੋਏ ਕਿਹਾ ਕਿ ਬ੍ਰਿਜ ਭੂਸ਼ਣ ਨੇ ਆਈਪੀਸੀ ਦੀ ਧਾਰਾ 354 ਅਤੇ 354ਏ ਤਹਿਤ ਅਪਰਾਧ






ਕੀਤਾ ਹੈ। ਸਹਿ-ਦੋਸ਼ੀ ਵਿਨੋਦ ਤੋਮਰ ਦੀ ਭੂਮਿਕਾ ਭੜਕਾਊ ਰਹੀ ਹੈ। ਇਨ੍ਹਾਂ ਤੱਥਾਂ ਦੇ ਆਧਾਰ 'ਤੇ ਬ੍ਰਿਜ ਭੂਸ਼ਣ 'ਤੇ ਕੇਸ ਬਣਦਾ ਹੈ।

ਪਿਛਲੇ ਸਾਲ ਜਨਵਰੀ 'ਚ ਦੇਸ਼ ਦੇ ਮਸ਼ਹੂਰ ਪਹਿਲਵਾਨ ਬਜਰੰਗ ਪੂਨੀਆ, ਸਾਕਸ਼ੀ ਮਲਿਕ, ਵਿਨੇਸ਼ ਫੋਗਾਟ ਸਮੇਤ ਲਗਭਗ 30 ਪਹਿਲਵਾਨਾਂ ਨੇ ਜਿਨਸੀ ਸ਼ੋਸ਼ਣ ਦੇ ਦੋਸ਼ਾਂ ਨੂੰ ਲੈ ਕੇ ਦਿੱਲੀ ਦੇ ਜੰਤਰ-ਮੰਤਰ 'ਤੇ ਪ੍ਰਦਰਸ਼ਨ ਕੀਤਾ ਸੀ। ਜਿਸ ਤੋਂ ਬਾਅਦ ਸੁਪਰੀਮ ਕੋਰਟ ਦੇ ਹੁਕਮਾਂ 'ਤੇ ਦਿੱਲੀ ਪੁਲਸ ਨੇ ਬ੍ਰਿਜ ਭੂਸ਼ਣ ਖਿਲਾਫ ਐੱਫ.ਆਈ.ਆਰ.ਦਰਜ ਕੀਤੀ ਸੀ। ਬ੍ਰਿਜ ਭੂਸ਼ਣ ਨੂੰ ਇਸ ਮਾਮਲੇ ਵਿੱਚ ਅੰਤਰਿਮ ਜ਼ਮਾਨਤ ਮਿਲ ਗਈ ਹੈ। ਦਿੱਲੀ ਪੁਲਿਸ ਨੇ 15 ਜੂਨ 2023 ਨੂੰ ਚਾਰਜਸ਼ੀਟ ਪੇਸ਼ ਕੀਤੀ ਸੀ। ਜਿਸ ਤੋਂ ਬਾਅਦ ਚਾਰਜ ਫਰੇਮ ਨੂੰ ਲੈ ਕੇ ਸੁਣਵਾਈ ਚੱਲ ਰਹੀ ਹੈ।

# ਸਵਾ ਦੋ ਕਰੋੜ ਦੀ ਅਬਾਦੀ ਵਾਲੇ ਸਿੱਖ ਸਮਾਜ

ਸਵਾ ਦੋ ਕਰੋੜ ਦੀ ਅਬਾਦੀ ਵਾਲੇ ਸਿੱਖ ਸਮਾਜ ਵਿੱਚੋਂ 50 ਲੱਖ ਸਿੱਖਾਂ ਨੂੰ ਪੈਸਾ ਕਮਾਉਣ ਲਈ ਪਾਠਾਂ ਦੀ ਰੌਲ ਲਾਉਣ ਦੇ ਬਿਜਨਸ ਵਿੱਚ ਪਾ ਲਿਆ ਹੈ ਤੇ ਅੱਜ ਸਿੱਖ ਧਰਮ ਦਾ ਹਰ ਇਕ ਗੁਰੂਦੁਆਰਾ ਇਸੇ ਵਪਾਰ ਦਾ ਵਪਾਰਿਕ ਕੇਂਦਰ ਬਣ ਕੇ ਰਹਿ ਗਿਆ ਹੈ!

ਗੁਰੂ ਨਾਨਕ ਦਾ ਖਾਲਸਾਵਾਦੀ ਨਾਨਕਸਾਹੀ ਖਾਲਸਾ ਨਹੀਂ ਬਣਨ ਦਿੰਦੀਆਂ! ਗੁਰਬਾਣੀ ਨੂੰ ਚਮਤਕਾਰ ਬਣਾ ਲਿਆ ਪੁਜਾਰੀ ਵਰਗ ਨੇ ਅਖੰਡ ਪਾਠ, ਸਹਿਜ ਪਾਠ, ਕੜਾਹ ਪ੍ਰਸਾਦ ਪ੍ਰਸਾਦ ਦੀ ਦੇਗ ਖਰੀਦਣ ਰੁਮਾਲੇ ਚੜ੍ਹਾਉਣੇ ਵੱਡੇ ਵੱਡੇ ਕੰਨ ਰੱਸੀ ਕੀਰਤਨ ਦਿਵਾਨ ਕਰਵਾਉਣੇ ਆਲੀਸਾਨ ਲੰਗਰ ਲਾਉਣ ਦੇ ਕਰਮਕਾਂਡ ਵਿੱਚ ਬਦਲ ਕੇ ਰੱਖ ਦਿੱਤਾ। ਸਿੱਖ ਮਨੋਬ੍ਰਿਤੀ ਇਸੇ ਹੰਕਾਰ ਦੀ ਮਾਰੀ ਬਣਾ ਦਿੱਤੀ ਹੈ! ਗੁਰਦੁਆਰਾ ਅਲੀਸਾਨ ਹੋਣ ਚਾਹੀਦੇ ਹਨ ਗੁਰਮਤਿ ਸੇਧ ਵਾਲਾ ਕੇਸਾਧਾਰੀ ਗੁਰੂ ਘਰ ਗੁਰਮਤਿ ਤੋਂ ਸੇਧ ਵਾਲਾ ਭਾਵੇਂ ਕੋਈ ਨਾ ਹੋਵੇ! ਮਲਿਕ ਭਾਗੋ ਵਾਦੀ ਪ੍ਰਵਿਰਤੀ ਦੇ ਅਮਲੀ ਜਿਉਣ ਦੀ ਦੇਣ ਹੈ!



ਸਵਾਲ ਇਹ ਉੱਠਦਾ ਹੈ ਕਿ ਹੁਣ ਸਿੱਖ ਨੂੰ ਇਸ ਤੋ ਕਿਵੇ ਬਚਾਇਆ ਜਾਵੇ? ਗੁਰਬਾਣੀ

ਅਤਿੰਦਰਪਾਲ ਸਿੰਘ ਸਾਬਕਾ ਐਮਪੀ

ਪੜਣ ਦਾ ਤਰੀਕਾ ਵਾਰ ਵਾਰ ਰਟਣਾ ਤੋਤਾ ਰਟਣਾ ਜੋਗ ਮੱਤ , ਯੋਗਾਸਨ , ਮਾਲਾ ਫੇਰਨ ਜਾਂ ਅਜਿਹੀ ਕੋਈ ਹੋਰ ਹਠ ਮਠ ਧਰਮੀ ਕ੍ਰਿਆ ਨਹੀਂ ਹੈ!

ਸਾਧ ਮੰਡਲੀ ਨੇ ਗੁਰਬਾਣੀ ਨੂੰ ਮੰਤਰ ਤੰਤਰ ਵਾਦੀ ਬਣਾ ਕੇ ਰੱਖ ਦਿੱਤਾ ਹੈ!

ਦਰਅਸਲ ਕੋਈ ਵੀ ਕੁਝ ਵੀ ਪਾਖੰਡ ਨੂੰ ਧਰਮ ਬਣਾ ਕੇ ਆਰੰਭ ਕਰ ਦਿੰਦਾ ਹੈ ਤੇ ਸਿੱਖ ਲਾਈਲੱਗੀ ਵਿੱਚ ਉਸ ਮਗਰ ਤੁਰ ਪੈਂਦੇ ਹਨ!

ਸਿੱਖਾਂ ਦੇ ਕੋਲ ਗੁਰਬਾਣੀ ਸਮਝਣ ਦਾ ਬੁਨਿਆਦੀ ਤੌਰ 'ਤੇ ਸਮਝਣ ਲਈ ਕੋਈ ਵੀ ਗੁਰਮਿਤ ਟੂਲ ਜਾਂ ਮੁਢਲੀ ਪ੍ਰਮਾਣਿਕਤਾ ਪੁਸਤਕ ਹੈ ਹੀ ਨਹੀਂ ਸਿੱਖਾਂ ਵਿਚ ਪੁਣ ਛਾਣ ਤੇ ਪੜਚੋਲ ਦਾ ਗੁਣਤੰਤਰੀ ਪਾਤਸਾਹੀ ਵਾਲਾ ਸੁਭਾਅ ਹੀ ਖਤਮ ਕਰ ਦਿੱਤਾ ਗਿਆ ਹੈ!

ਸ਼ਬਦ ਗੁਰੂ ਦੇ ਆਦੇਸ਼ ਅਨੁਸਾਰ ਸਿੱਖੀ ਨੂੰ ਜੀਵਨ ਅਮਲ ਵਿੱਚ ਅਪਣਾਉਣਾ ਤੇ ਗੁਰਮਤਿ ਆਦੇਸ਼ ਨੂੰ ਸਿੱਖ ਵਿਚਾਰ ਗੋਸ਼ਟੀਆਂ ਕਰਨ ਗੁਰਮਤਿ ਸਿਧਾਂਤ ਬਣਾਓ ਅਮਲੀ ਜੀਵਨ ਜਾਚ ਲਿਖੋ!

ਕਿਤਾਬ- ਸਿੱਖ ਸੱਭਿਅਤਾ ਦੇ ਮੂਲ ਆਧਾਰ ਸਿੱਖ ਧਰਮ ਦੀ ਮੌਲਿਕ ਜਾਣ ਪਹਿਚਾਣ

# ਅਨੁਸ਼ਾਸਨ ਭੰਗ ਕਰਨ ਵਾਲੇ ਬਖ਼ਸ਼ੇ ਨਹੀਂ ਜਾਣਗੇ: ਯਾਦਵ

## ਨਵਜੋਤ ਸਿੱਧੂ ਬਾਰੇ ਰਿਪੋਰਟ ਹਾਈਕਮਾਂਡ ਨੂੰ ਭੇਜਣ ਦਾ ਦਾਅਵਾ

ਪਟਿਆਲਾ : ਪੰਜਾਬ ਮਾਮਲਿਆਂ ਬਾਰੇ ਕਾਂਗਰਸ ਦੇ ਇੰਚਾਰਜ ਦੇਵੇਂਦਰ ਯਾਦਵ ਨੇ ਅੱਜ ਨਵਜੋਤ ਸਿੱਧੂ ਦੇ ਅਸਿੱਧੇ ਹਵਾਲੇ ਨਾਲ ਕਿਹਾ ਕਿ ਪੰਜਾਬ ਵਿਚ ਪਾਰਟੀ ਵਿਰੋਧੀ ਸਰਗਰਮੀਆਂ ਤੇ ਅਨੁਸ਼ਾਸਨ ਭੰਗ ਕਰਨ ਵਾਲਿਆਂ ਨੂੰ ਬਖ਼ਸ਼ਿਆ ਨਹੀਂ ਜਾਵੇਗਾ। ਉਨ੍ਹਾਂ ਕਿਹਾ ਕਿ ਕਾਂਗਰਸ ਅਨੁਸ਼ਾਸਨਬੱਧ ਪਾਰਟੀ ਹੈ ਤੇ ਪਾਰਟੀ ਪ੍ਰਧਾਨ ਮਲਿਕਾਰਜੁਨ ਖੜਗੇ ਪਹਿਲਾਂ ਹੀ ਸਾਫ਼ ਕਰ ਚੁੱਕੇ ਹਨ ਕਾਂਗਰਸ ਵਿਚ ਮਨਮਰਜ਼ੀਆਂ ਕਰਨ ਵਾਲੇ ਬਖ਼ਸ਼ੇ ਨਹੀਂ ਜਾਣਗੇ। ਉਨ੍ਹਾਂ ਕਿਹਾ ਕਿ ਨਵਜੋਤ ਸਿੱਧੂ ਨਾਲ ਜੁੜਿਆ ਮਸਲਾ ਹਾਈਕਮਾਂਡ ਦੇ ਧਿਆਨ ਵਿਚ ਲਿਆ ਦਿੱਤਾ ਗਿਆ ਹੈ ਅਤੇ ਅਗਲਾ ਫ਼ੈਸਲਾ ਹਾਈਕਮਾਂਡ ਨੇ ਕਰਨਾ ਹੈ। ਉਨ੍ਹਾਂ ਕਿਹਾ ਕਿ ਲੋਕ ਸਭਾ ਚੋਣਾਂ ਨੂੰ ਲੈ ਕੇ ਪਾਰਟੀ ਉਮੀਦਵਾਰਾਂ ਬਾਰੇ ਅਜੇ ਕੁਝ ਵੀ ਕਹਿਣਾ ਜਲਦਬਾਜ਼ੀ ਹੋਵੇਗੀ ਪਰ ਕਾਂਗਰਸ ਦੀ ਖੋਜ ਕਮੇਟੀ ਵੱਲੋਂ ਉਮੀਦਵਾਰਾਂ ਦੀ ਭਾਲ ਕੀਤੀ ਜਾ ਰਹੀ ਹੈ। ਯਾਦਵ ਪਟਿਆਲਾ ਲੋਕ ਸਭਾ ਹਲਕੇ ਨੂੰ ਲੈ ਕੇ ਪੰਜਾਬ ਕਾਂਗਰਸ ਵੱਲੋਂ ਲੀਡਰਾਂ ਤੇ ਵਰਕਰਾਂ ਨਾਲ ਰੱਖੀ 'ਖੁੱਲ੍ਹੀ ਚਰਚਾ' ਵਿਚ ਸ਼ਾਮਲ ਹੋਣ ਲਈ ਆਏ ਸਨ।



ਯਾਦਵ ਨੇ ਕਿਹਾ ਕਿ 'ਖੁੱਲ੍ਹੀ ਚਰਚਾ' ਦਾ ਪ੍ਰੋਗਰਾਮ ਪੂਰੇ ਪੰਜਾਬ ਵਿਚ ਵਿੱਢਿਆ ਗਿਆ ਹੈ ਜਿਨ੍ਹਾਂ ਰਾਹੀਂ ਅਗਾਮੀ ਲੋਕ ਸਭਾ ਚੋਣਾਂ ਨੂੰ ਲੈ ਕੇ ਪਾਰਟੀ ਵਰਕਰਾਂ ਦੀ ਰਾਇ ਤੇ ਸੁਝਾਅ ਲਏ ਜਾ ਰਹੇ ਹਨ। ਉਮੀਦਵਾਰਾਂ ਦੀ ਚੋਣ ਵਰਕਰਾਂ ਤੋਂ ਮਿਲੀ ਫੀਡਬੈਕ ਦੇ ਅਧਾਰ 'ਤੇ ਕੀਤੀ ਜਾਏਗੀ। ਵਰਕਰਾਂ ਤੇ ਹੇਠਲੇ ਆਗੂਆਂ ਦੀਆਂ ਭਾਵਨਾਵਾਂ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾਏਗਾ। ਇਹ ਸਾਰੀ ਰਿਪੋਰਟ ਹਾਈਕਮਾਂਡ ਨੂੰ ਸੌਂਪੀ ਜਾਏਗੀ, ਜਿਸ ਤੋਂ ਬਾਅਦ ਪਾਰਟੀ ਅਗਲਾ ਫ਼ੈਸਲਾ ਲਏਗੀ। ਯਾਦਵ ਨੇ ਕਿਹਾ ਕਿ ਉਹ ਅਗਲੇ ਤਿੰਨ ਦਿਨਾਂ ਵਿਚ ਛੇ ਲੋਕ ਸਭਾ ਹਲਕਿਆਂ ਵਿਚ 'ਖੁੱਲ੍ਹੀ ਚਰਚਾ' ਪ੍ਰੋਗਰਾਮ ਕਰਨਗੇ।

ਕਾਂਗਰਸ ਪ੍ਰਧਾਨ ਅਮਰਿੰਦਰ ਰਾਜਾ ਵੜਿੰਗ ਨੇ ਕਿਹਾ ਕਿ ਪਟਿਆਲਾ ਤੋਂ ਐਮਪੀ ਪ੍ਰਨੀਤ ਕੌਰ ਨੂੰ ਕਾਂਗਰਸ ਵਿਰੋਧੀ ਸਰਗਰਮੀਆਂ ਲਈ ਮੁਅੱਤਲ ਕਰ ਦਿੱਤਾ ਗਿਆ ਹੈ ਤੇ ਉਨ੍ਹਾਂ ਨੂੰ ਹੁਣ ਪਟਿਆਲਾ ਸੰਸਦੀ ਹਲਕੇ ਤੋਂ ਕਾਂਗਰਸ ਦੀ ਟਿਕਟ ਨਹੀਂ ਮਿਲੇਗੀ। ਉਨ੍ਹਾਂ ਨਵਜੋਤ ਸਿੱਧੂ ਦੇ ਅਸਿੱਧੇ ਹਵਾਲੇ ਨਾਲ ਕਿਹਾ ਕਿ ਜਿਸ ਨੇ ਪਾਰਟੀ ਵਿੱਚ ਆਪਣੀ ਮਨਮਰਜ਼ੀ ਨਾਲ ਕੰਮ ਕਰਨਾ ਹੈ, ਉਹ ਪਾਰਟੀ ਛੱਡ ਕੇ ਅਜਿਹਾ ਕਰ ਸਕਦਾ ਹੈ। ਉਂਜ ਅੱਜ ਦੀ ਮੀਟਿੰਗ 'ਚੋਂ ਨਵਜੋਤ ਸਿੱਧੂ ਗੈਰਹਾਜ਼ਰ ਰਹੇ। ਬੈਠਕ ਵਿੱਚ ਪੰਜਾਬ ਮ ?ਹਿਲਾ ਕਾਂਗਰਸ ਦੀ ਪ੍ਰਧਾਨ ਗੁਰਸ਼ਰਨ ਕੌਰ ਰੰਧਾਵਾ, ਸਾਬਕਾ ਵਿਧਾਇਕਾਂ ਵਿਚ ਰਾਜਿੰਦਰ ਸਿੰਘ, ਹਰਦਿਆਲ ਸਿੰਘ ਕੰਬੋਜ, ਯੂਥ ਕਾਂਗਰਸ ਦੇ ਸੂਬਾ ਪ੍ਰਧਾਨ ਮੋਹਿਤ ਮਹਿੰਦਰਾ, ਮਦਨ ਲਾਲ ਜਲਾਲਪੁਰ, ਨਰੇਸ਼ ਦੁੱਗਲ, ਹਰਵਿੰਦਰ ਸਿੰਘ ਖਨੌੜਾ ਹਾਜ਼ਰ ਸਨ।

# ਸ਼੍ਰੋਮਣੀ ਅਕਾਲੀ ਦਲ-ਬਸਪਾ ਦਾ ਗੱਠਜੋੜ ਅਟੁੱਟ: ਗੜ੍ਹੀ

ਜਲੰਧਰ : ਬਹੁਜਨ ਸਮਾਜ ਪਾਰਟੀ ਦੀ ਪੰਜਾਬ ਵਿਚਲੀ ਲੀਡਰਸ਼ਿਪ ਨੇ ਅੱਜ ਕਿਹਾ ਕਿ ਉਨ੍ਹਾਂ ਦਾ ਸ਼੍ਰੋਮਣੀ ਅਕਾਲੀ ਦਲ ਨਾਲ ਗੱਠਜੋੜ ਪੂਰੀ ਤਰ੍ਹਾਂ ਅਟੁੱਟ ਹੈ ਅਤੇ ਲੋਕ ਸਭਾ ਚੋਣਾਂ ਲਈ ਸੀਟਾਂ ਦੀ ਵੰਡ ਬਾਰੇ ਚਰਚਾ ਪਾਰਟੀ ਹਾਈ ਕਮਾਂਡ ਪੱਧਰ 'ਤੇ ਹੋਵੇਗੀ। ਇਸ ਤੋਂ ਪਹਿਲਾਂ ਬਸਪਾ ਦੇ ਸੂਬਾ ਪ੍ਰਧਾਨ ਜਸਵੀਰ ਗੜ੍ਹੀ ਨੇ ਕਿਹਾ ਸੀ ਕਿ ਕੋਈ ਗੱਠਜੋੜ ਨਹੀਂ ਕੀਤਾ ਜਾਵੇਗਾ ਤੇ ਪਾਰਟੀ ਆਗਾਮੀ ਸੰਸਦੀ ਚੋਣਾਂ ਇਕੱਲਿਆਂ ਲੜੇਗੀ।

ਗੜ੍ਹੀ ਨੇ ਕਿਹਾ, 'ਅਸੀਂ ਬਸਪਾ ਵੱਲੋਂ ਗੱਠਜੋੜ ਨੂੰ ਕੋਈ ਪ੍ਰੇਸ਼ਾਨੀ ਨਹੀਂ ਆਉਣ ਦੇਵਾਂਗੇ ਅਤੇ ਇਸ ਨੂੰ ਪੂਰੀ ਹਮਾਇਤ ਕਰਾਂਗੇ।' ਗੜ੍ਹੀ ਨੇ ਇਸ ਸਬੰਧੀ ਸੁਨੇਹਾ ਆਪਣੇ ਫੇਸਬੁੱਕ ਪੇਜ 'ਤੇ ਸਾਂਝਾ ਕੀਤਾ ਹੈ ਅਤੇ ਨਾਲ ਬਸਪਾ ਆਗੂਆਂ ਆਪਣੀ ਪਾਰਟੀ ਸੁਪਰੀਮੋ ਮਾਇਆਵਤੀ ਦੀ ਰਿਹਾਇਸ਼ ਦੇ ਬਾਹਰ ਖੜਿਆਂ ਦੀ ਤਸਵੀਰ ਸਾਂਝੀ ਕੀਤੀ ਹੈ। ਗੜ੍ਹੀ ਨੇ ਕਿਹਾ, 'ਅਸੀਂ ਗੱਠਜੋੜ ਤੇ ਪਾਰਟੀ ਦੀ ਮਜ਼ਬੂਤੀ ਲਈ ਬਸਪਾ ਦੇ ਕਾਡਰ ਨੂੰ ਸਾਰੇ



ਹਲਕਿਆਂ 'ਚ ਆਪਣੇ ਨਾਲ ਜੋੜਨਾ ਜਾਰੀ ਰੱਖਾਂਗੇ। ਸੀਟਾਂ ਦੀ ਵੰਡ ਬਾਰੇ ਚਰਚਾ ਹਾਈ ਕਮਾਂਡ ਪੱਧਰ 'ਤੇ ਦੋਵਾਂ ਪਾਰਟੀਆਂ ਦੇ ਮੁਖੀਆਂ ਵਿਚਾਲੇ ਹੋਵੇਗੀ।'

ਆਪਣਾ ਫ਼ੈਸਲਾ ਬਦਲਣ ਬਾਰੇ ਪੁੱਛੇ ਗਏ ਸਵਾਲ ਦੇ ਜਵਾਬ 'ਚ ਉਨ੍ਹਾਂ ਕਿਹਾ, 'ਮੈਂ ਸਿਰਫ਼ ਇਹ ਕਿਹਾ ਸੀ ਕਿ ਅਮਲੀ ਤੌਰ 'ਤੇ ਗੱਠਜੋੜ ਕੰਮ ਨਹੀਂ ਕਰ ਰਿਹਾ। ਮੈਂ ਸਿਰਫ਼ ਇਹ ਚਾਹੁੰਦਾ ਸੀ ਕਿ ਪਾਰਟੀ ਕਾਡਰ ਸਾਰੇ 13 ਹਲਕਿਆਂ 'ਚ ਸਰਗਰਮ ਰਹੇ। ਇਸ ਲਈ ਮੈਂ ਪਹਿਲਾਂ ਹੀ ਸਾਰੀਆਂ 13 ਸੀਟਾਂ ਦਾ ਦੌਰਾ ਕਰ ਰਿਹਾ ਹਾਂ ਅਤੇ ਪਾਰਟੀ ਵਰਕਰਾਂ ਤੇ ਹਮਾਇਤੀਆਂ ਨਾਲ ਮੀਟਿੰਗਾਂ ਕਰ ਰਿਹਾ ਹਾਂ। ਅੱਜ ਮੈਂ ਪਟਿਆਲਾ ਵਿੱਚ ਸੀ ਅਤੇ ਭਲਕੇ ਮੇਰਾ ਲੁਧਿਆਣਾ ਦਾ ਪ੍ਰੋਗਰਾਮ ਹੈ। ਇਸ ਮਗਰੋਂ ਮੈਂ ਸੰਗਰੂਰ, ਗੁਰਦਾਸਪੁਰ ਤੇ ਅੰਮ੍ਰਿਤਸਰ ਜਾਣਾ ਹੈ।' ਮਾਇਆਵਤੀ ਦੇ ਬਿਆਨ ਬਾਰੇ ਉਨ੍ਹਾਂ ਕਿਹਾ ਕਿ ਉਨ੍ਹਾਂ (ਮਾਇਆਵਤੀ) ਨੇ ਸਿਰਫ਼ 'ਇੰਡੀਆ' ਗੱਠਜੋੜ ਨੂੰ ਇਨਕਾਰ ਕੀਤਾ ਹੈ। ਉਨ੍ਹਾਂ ਹਾਲਾਂਕਿ ਖੇਤਰੀ ਪਾਰਟੀਆਂ ਨਾਲ ਗੱਠਜੋੜ ਦੇ ਰਾਹ ਖੁੱਲ੍ਹੇ ਰੱਖੇ ਹਨ।

ਦੂਜੇ ਪਾਸੇ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਡਾ. ਦਲਜੀਤ ਸਿੰਘ ਚੀਮਾ ਨੇ ਕਿਹਾ, 'ਅਸੀਂ ਜਲਦੀ ਹੀ ਬਸਪਾ ਲੀਡਰਸ਼ਿਪ ਨਾਲ ਮੁਲਾਕਾਤ ਕਰਾਂਗੇ। ਸਾਡੇ ਵੱਲੋਂ ਕੋਈ ਗੁੱਸਾ ਗਿਲਾ ਨਹੀਂ ਹੈ ਤੇ ਅਸੀਂ ਹਮੇਸ਼ਾ ਗੱਠਜੋੜ ਲਈ ਤਿਆਰ ਸੀ।'

# ਕਿੰਨਾ ਵਧੀਆ ਹੋਵੇ ਜੇ ਆਪਾਂ ਸਰਹਿੰਦ ਫਤਿਹ ਦਿਹਾੜਾ....



ਕਿੰਨਾ ਵਧੀਆ ਹੋਵੇ ਜੇ ਆਪਾਂ ਸਰਹਿੰਦ ਫਤਿਹ ਦਿਹਾੜਾ (ਬਾਬਾ ਬੰਦਾ ਸਿੰਘ ਬਹਾਦਰ ਵੇਲੇ) ਦਿੱਲੀ ਫਤਿਹ ਦਿਹਾੜਾ (ਬਾਬਾ ਬਘੇਲ ਸਿੰਘ ਵੇਲੇ) ਤੇ ਲਾਹੌਰ ਫਤਿਹ ਦਿਹਾੜਾ (ਮਹਾਰਾਜਾ ਰਣਜੀਤ ਸਿੰਘ ਵੇਲੇ) ਮਨਾਇਆ ਕਰੀਏ। ਜੇ ਕਿਤੇ ਆਪਾਂ ਹਰ ਸਾਲ ਉਹ ਦਿਨ ਬੰਦੀ ਛੋੜ ਦਿਹਾੜੇ ਵਜੋਂ ਮਨਾਇਆ ਕਰੀਏ ਜਦ ਪਹਿਲੀ ਪਾਤਸ਼ਾਹੀ ਨੇ ਐਮਨਾਬਾਦ ਬਾਬਰ ਤੋ ਕੈਦੀ ਛੁਡਵਾਏ ਤਾਂ ਹੋਰ ਵੀ ਵਧੀਆ ਪਰ ਜੇ ਕਿਤੇ ਹਰ ਸਾਲ ਸਿੰਘਾਂ ਵਲੋਂ ਹਿੰਦਵਾਣੀਆਂ ਛੁਡਾਉਣ ਵਾਲੇ ਇਤਿਹਾਸਕ ਸਾਕਿਆਂ ਦੀ ਯਾਦ ਮਨਾਉਣੀ ਸ਼ੁਰੂ ਕਰ ਦਿਤੀ ਤਾਂ ਇਹ ਬਹੁਤ ਵਡੀ ਸੇਵਾ ਹੋਵੇਗੀ। ਫਰਵਰੀ ਮਾਰਚ 1739 ਤੱਕ ਨਾਦਰ ਸ਼ਾਹ ਨੇ ਦਿੱਲੀ ਤੱਕ ਮਾਰੋਮਾਰ ਕੀਤੀ ਤੇ ਜੇਤੂ ਰਿਹਾ। ਉਹ ਹਜ਼ਾਰਾਂ ਹਿੰਦੂ ਔਰਤਾਂ, ਬਾਦਸ਼ਾਹ ਦੀ ਜਵਾਨ ਧੀ, ਕੋਹੇਨੂਰ ਹੀਰਾ, ਤਖਤੇ ਤਾਊਸ ਲੈਕੇ ਮਈ 1739 ਨੂੰ ਦਿੱਲੀ ਤੋ ਤੁਰਿਆ ਤਾਂ ਪੰਜਾਬ ਵਿੱਚ ਖਾਲਸਾ ਜੀ ਨੇ ਗੁਰੀਲਾ ਹਮਲੇ ਸ਼ੁਰੂ ਕਰ ਦਿੱਤੇ। ਮਾਲ ਵੀ ਲੁਟ ਲਿਆ ਤੇ ਹਿੰਦੂਆਂ ਦੀਆਂ ਔਰਤਾਂ ਵੀ ਛੁਡਵਾ ਲਈਆਂ। ਉਦੋਂ ਨਾਦਰ ਲਾਹੌਰ ਵਿੱਚ ਜਕਰੀਆ ਖਾਨ ਕੋਲ ਪਿਟਿਆ ਸੀ ਕਿ ਇਹ ਲੋਕ ਇਕ ਦਿਨ ਰਾਜ ਭਾਗ ਦੇ ਮਾਲਿਕ ਬਣਨਗੇ। ਇਹੀ ਵਾਪਰਿਆ। ਸਿੱਖਾਂ ਨੇ ਰਾਜ ਵੀ ਹਾਸਲ ਕੀਤਾ, ਕੋਹੇਨੂਰ ਤੇ ਤਖਤੇ ਤਾਊਸ ਵੀ ਲਿਆਂਦਾ। ਇਹ ਦਿਨ ਸਾਨੂੰ ਮਨਾਉਣਾ ਚਾਹੀਦਾ। ਅਪ੍ਰੈਲ 1761 ਨੂੰ ਜਥੇਦਾਰ ਜੱਸਾ ਸਿੰਘ ਆਹਲੂਵਾਲੀਆ ਦੀ ਕਮਾਂਡ ਹੇਠ ਅਹਿਮਦ ਸ਼ਾਹ ਅਬਦਾਲੀ ਤੋਂ ਸਿੰਘਾਂ ਨੇ ਹਜਾਰਾ ਹਿੰਦੂ ਬੀਬੀਆਂ ਛੁਡਵਾਈਆਂ। ਇਹ ਮਰਹਟਿਆਂ ਨੂੰ ਪਾਣੀਪਤ ਦੇ ਮੈਦਾਨ ਵਿਚੋ ਹਰਾਕੇ ਅਬਦਾਲੀ ਜੇਤੂ ਹੋਣ ਕਰਕੇ ਜਲੀਲ ਕਰ ਰਿਹਾ ਸੀ। ਜਦ ਸਿੰਘ ਅਬਦਾਲੀ ਹਿੰਦੂ ਬੀਬੀਆਂ ਛੁਡਵਾਉਣ ਲਈ ਦੁਆਲੇ ਹੋ ਗਏ ਤਾਂ ਉਹਨੇ ਮਰਹਟਿਆ ਵਾਂਗ ਸਿਖਾਂ ਨੂੰ ਨੇਸਤੋਨਾਬੂਦ ਕਰਨ ਦਾ ਅਹਿਦ ਕੀਤਾ ਤੇ ਵੱਡਾ ਘੱਲੂਘਾਰਾ ਵਾਪਰਿਆ। ਪਾਣੀਪਤ ਨਾਮੀ ਹਿੰਦੀ ਫਿਲਮ ਮਰਹਟਿਆਂ ਤੇ ਅਬਦਾਲੀ ਦੀ ਜੰਗ ਤੱਕ ਦਾ ਇਤਿਹਾਸ ਦਸਦੀ ਹੈ ਪਰ ਇਸ ਤੋਂ ਬਾਅਦ ਅਬਦਾਲੀ ਤੇ ਸਿੱਖਾਂ ਦੀ ਟਕਰ ਬਾਰੇ ਨਹੀਂ ਜਿਸ ਤਹਿਤ ਅਬਦਾਲੀ ਦਾ ਖਾਤਮਾ ਹੀ ਹੋ ਗਿਆ। ਇਹ ਦਿਨ ਮਨਾਉਣਾ ਚਾਹੀਦਾ। ਅਪਰੈਲ 1763 ਨੂੰ ਸਿੱਖਾਂ ਨੇ ਕਸੂਰ ਦੇ ਜਾਲਮ ਹਾਕਮਾਂ ਤੋ ਬ੍ਰਾਹਮਣੀ ਛੁਡਵਾਈ ਸੀ। ਉਸ ਦਿਨ ਦੀ ਯਾਦ ਸੰਗਤ ਨੂੰ ਮਨਾਉਣੀ ਚਾਹੀਦੀ ਹੈ। ਜਦ ਇਹ ਦਿਨ ਮਨਾਵਾਂਗੇ ਤਾਂ ਸਿਖ ਨੌਜਵਾਨੀ ਅੰਦਰ ਚੜ੍ਹਦੀ ਕਲਾ ਦਾ ਅਹਿਸਾਸ ਜਾਗੇਗਾ। ਨਾਲੇ ਨੈਤਿਕ ਪੱਖੋਂ ਮਜਬੂਤੀ ਆਵੇਗੀ ਕਿ ਆਪਾਂ ਉਨ੍ਹਾਂ ਦੇ ਵਾਰਿਸ ਹਾਂ ਜਿਹੜੇ ਬਿਗਾਨੀਆਂ ਧੀਆਂ ਭੈਣਾਂ ਲਈ ਲੜਦੇ ਰਹੇ ਨੇ। ਨਾਲੇ ਜਦ ਸਿੱਖ ਨੌਜਵਾਨ ਦੇਖਣਗੇ ਕਿ ਸਾਡੇ ਵੱਡੇ ਵਡੇਰੇ ਤਾਂ ਦਿੱਲੀ ਤੋਂ ਉਹ ਪੱਥਰ ਈ ਦਰਬਾਰ ਸਾਹਿਬ ਚੱਕ ਲਿਆਏ ਜਿਸਤੇ ਬਹਿਕੇ ਰਾਜ ਤਿਲਕ ਕਰਦੇ ਹੁੰਦੇ ਸੀ ਤਾਂ ਆਪਦੇ ਆਪ ਉਤੇ ਫਖਰ ਹੋਵੇਗਾ। ਕਹਿਣ ਦਾ ਭਾਵ ਹੈ ਕਿ ਆਪਾਂ ਇਹ ਤਾਂ ਸਮਝ ਗਏ ਹਾਂ ਕਿ ਦੁਸ਼ਮਣ ਸਾਨੂੰ ਮਾਤਮੀ ਧੁਨਾ ਵਲ ਤੋਰਨ ਨੂੰ ਫਿਰਦਾ ਤਾਂ ਕਿ ਰੋਂਦੂ ਜਿਹੇ ਬਣਕੇ ਬੇਦਿਲ, ਨਿਰਾਸ਼, ਮਾਯੂਸ ਬਣ ਜਾਈਏ ਤੇ ਵਿਚਾਰੇ, ਤਰਸ ਦੇ ਪਾਤਰ ਹੋ ਜਾਈਏ ਤੇ ਭਾਰਤੀ ਮੀਡੀਆ ਸਾਡੇ ਬਾਰੇ ਪਰਚਾਰੇ ਕਿ ਹੁਣ ਇਹ ਹਿੰਦੂਆ ਦੇ ਮੁਥਾਜ ਨੇ। ਤੁਸੀਂ ਚੇਤੇ ਕਰੋ ਜਦ ਅਫਗਾਨਿਸਤਾਨ ਵਿੱਚੋਂ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਰੂਪ ਤੇ ਸਿਖ ਭਾਰਤ ਲਿਆਂਦੇ ਸੀ ਤਾਂ ਹਿੰਦੂ ਕੱਟੜਵਾਦੀ ਸੋਸ਼ਲ ਮੀਡੀਆ ਉਤੇ ਭਕਾਈ ਮਾਰਦੇ ਸੀ ਕਿ ਸਿੱਖ ਮੋਦੀ ਸਾਹਿਬ ਦਾ ਅਹਿਸਾਨ ਨਹੀ ਦੇ ਸਕਦੇ। ਸੋ ਜੇ ਅਸੀਂ ਆਪਦੇ ਇਤਿਹਾਸ ਅਤੇ ਸ਼ਾਨਦਾਰ ਵਿਰਸੇ ਬਾਰੇ ਭੁਲ ਗਏ, ਦਿਨ ਨਾ ਮਨਾਏ ਤਾਂ ਉਨ੍ਹਾਂ ਨੇ ਸਾਫ ਮੁਕਰ ਜਾਣਾ ਕਿ ਇਸ ਤਰ੍ਹਾਂ ਕਦੇ ਹੋਇਆ ਹੀ ਨਹੀਂ। ਹੁਣ ਵੀ ਬਥੇਰੇ ਹਿੰਦੂ ਕੱਟੜਵਾਦੀ ਨੌਵੇ ਪਾਤਸ਼ਾਹ ਦੀ ਤਿਲਕ ਜਨੇਊ ਲਈ ਸ਼ਹਾਦਤ ਅਤੇ ਹਿੰਦੂਆਂ ਦੀਆਂ ਧੀਆਂ ਭੈਣਾ ਛੁਡਵਾਉਣ ਤੋ ਇਨਕਾਰੀ ਨੇ। ਕਿਸਾਨ ਸੰਘਰਸ਼ ਮੌਕੇ ਬਥੇਰਿਆਂ ਨੇ ਭਕਾਈ ਮਾਰੀ ਕਿ ਸਿੱਖਾਂ ਨੇ ਕਦੇ ਦਿਲੀ ਨਹੀ ਜਿਤੀ। ਜੇ ਅਸੀ ਇਹ ਦਿਨ ਮਨਾਉਣ ਲੱਗ ਜਾਈਏ ਤਾਂ ਸਭ ਚੁਪ ਕਰ ਜਾਣਗੇ। ਜੇ ਕਿਤੇ ਸ਼੍ਰੋਮਣੀ ਕਮੇਟੀ ਵਿਚ ਸਾਡੇ ਵਰਗਿਆਂ ਦੀ ਪੁੱਛਗਿੱਛ ਹੋਵੇ ਤਾਂ ਅਸੀਂ ਤਾਂ ਸਿੱਖ ਇਤਿਹਾਸ ਦੇ ਇਹੋ ਜਿਹੇ ਸਾਰੇ ਦਿਹਾੜੇ ਮਨਾਈਏ।

ਸਰਬਜੀਤ ਸਿੰਘ ਘੁਮਾਣ
9781991622

# ਧੰਨ ਧੰਨ ਬਾਬਾ ਦੀਪ ਸਿੰਘ ਜੀ ਸ਼ਹੀਦ



ਧਰਮਿੰਦਰ ਸਿੰਘ ਚੱਬਾ

ਸ਼ਹੀਦ ਸ਼ਬਦ ਅਰਬੀ ਭਾਸ਼ਾ ਦਾ ਹੈ ਤੇ ਸਿੱਖਾਂ ਨੇ ਸਿੱਖ ਪੰਥ ਦੀ ਆਨ-ਸ਼ਾਨ ਬਰਕਰਾਰ ਰੱਖਣ ਲਈ ਆਪਣੇ ਸਤਿਗੁਰੂ ਦੇ ਹੁਕਮ 'ਤੇ ਹੱਸ-ਹੱਸ ਕੇ ਸ਼ਹੀਦੀਆਂ ਪ੍ਰਾਪਤ ਕੀਤੀਆਂ ਹਨ। ਇਹ ਸਾਕੇ, ਘੱਲੂਘਾਰੇ ਸਿੱਖ ਕੌਮ 'ਤੇ ਹੀ ਵਾਪਰੇ ਹਨ ਫਿਰ ਵੀ ਸਿੱਖ ਸਦਾ ਉਸ ਅਕਾਲ ਪੁਰਖ ਵਾਹਿਗੁਰੂ ਦਾ ਲੱਖ-ਲੱਖ ਸ਼ੁਕਰ ਕਰਦਾ ਹੈ ਤੇ ਚੜ੍ਹਦੀ ਕਲਾ ਵਿਚ ਰਹਿੰਦਾ ਹੈ। ਭਗਤ ਕਬੀਰ ਜੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ ਨੰਬਰ 1365 ਉੱਪਰ ਫ਼ੁਰਮਾਉਂਦੇ ਹਨ :

**ਕਬੀਰ ਜਿਸੁ ਮਰਨੇ ਤੇ ਜਗੁ ਡਰੈ, ਮੇਰੇ ਮਨਿ ਆਨੰਦ॥**
**ਮਰਨੇ ਹੀ ਤੇ ਪਾਈਐ, ਪੂਰਨੁ ਪਰਮਾਨੰਦੁ॥**

ਜੀਵਨ ਦੇ ਵਿਜੇਤਾ ਬਣਨ ਲਈ ਗੁਰੂ ਨਾਨਕ ਸਾਹਿਬ ਨੇ 'ਸਿਰ ਦੀਜੈ ਕਾਣਿ ਨ ਕੀਜੈ' ਦੀ ਤਾਕੀਦ ਕੀਤੀ ਹੈ। ਸੂਰਮਾ ਉਹ ਹੈ ਜੋ ਮੁੱਖ ਨਹੀ ਮੋੜਦਾ, ਸੁੱਚੇ ਆਦਰਸ਼ ਲਈ ਨਿਧੜਕ ਹੋ ਕੇ ਜੂਝ ਮਰਦਾ ਹੈ। ਐਸੇ ਮਹਾਨ ਸੂਰਬੀਰ ਜੋਧੇ ਸਨ ਬਾਬਾ ਦੀਪ ਸਿੰਘ ਜੀ।

ਬਾਬਾ ਦੀਪ ਸਿੰਘ ਜੀ ਦਾ ਜਨਮ 26 ਜਨਵਰੀ 1682 ਈਸਵੀ (14 ਮਾਘ 1739 ਬਿਕਰਮੀ) ਨੂੰ ਮਾਤਾ ਜਿਊਣੀ ਜੀ ਦੇ ਉਦਰ ਤੋਂ ਪਿਤਾ ਭਾਈ ਭਗਤਾ ਸੰਧੂ ਦੇ ਗ੍ਰਹਿ ਪਿੰਡ ਪਹੂਵਿੰਡ, ਤਹਿਸੀਲ ਪੱਟੀ (ਜ਼ਿਲ੍ਹਾ ਅੰਮ੍ਰਿਤਸਰ) ਹੁਣ ਜ਼ਿਲ੍ਹਾ ਤਰਨਤਾਰਨ ਵਿਖੇ ਹੋਇਆ। ਗੁਰੂ ਗੋਬਿੰਦ ਸਿੰਘ ਜੀ ਦੇ ਦਰਸ਼ਨਾਂ ਦੀ ਚਾਹਤ ਪ੍ਰਬਲ ਹੋਈ ਤਾਂ ਸੰਗਤ ਸਮੇਤ ਭਾਈ ਦੀਪਾ ਜੀ ਵੀ ਕਈ ਦਿਨ ਪੈਦਲ ਯਾਤਰਾ ਕਰ ਕੇ ਜਥੇ ਸਮੇਤ ਸ੍ਰੀ ਅਨੰਦਪੁਰ ਸਾਹਿਬ ਪੁੱਜੇ। ਗੁਰੂ ਗੋਬਿੰਦ ਸਿੰਘ ਜੀ ਦੇ ਦਰਸ਼ਨ ਦੀਦਾਰੇ ਕਰ ਕੇ ਸੰਗਤਾਂ ਨਿਹਾਲ ਹੋਈਆਂ ਤੇ ਗੁਰੂ ਜੀ ਦੀ ਪ੍ਰੇਰਨਾ ਸਦਕਾ ਸਭ ਨੇ ਕਲਗੀਧਰ ਪਾਤਸ਼ਾਹ ਜੀ ਪਾਸੋਂ ਅੰਮ੍ਰਿਤ ਦੀ ਪਵਿੱਤਰ ਦਾਤ ਪ੍ਰਾਪਤ ਕੀਤੀ। ਭਾਈ ਦੀਪਾ ਜੀ ਨੇ ਗੁਰੂ ਗੋਬਿੰਦ ਸਿੰਘ ਜੀ ਕੋਲ ਰਹਿ ਕੇ ਗੁਰਮੁਖੀ, ਫ਼ਾਰਸੀ ਤੇ ਅਰਬੀ ਭਾਸ਼ਾ ਵਿਚ ਨਿਪੁੰਨਤਾ ਹਾਸਲ ਕੀਤੀ ਤੇ ਇਥੇ ਹੀ ਆਪ ਨੇ ਸ਼ਸਤਰ ਵਿੱਦਿਆ, ਘੋੜ ਸਵਾਰੀ, ਤਲਵਾਰਬਾਜ਼ੀ, ਤੀਰਅੰਦਾਜ਼ੀ ਤੇ ਨੇਜ਼ਾਬਾਜ਼ੀ ਦੀ ਮੁਹਾਰਤ ਹਾਸਲ ਕੀਤੀ। ਆਪ ਗੁਰੂ ਗੋਬਿੰਦ ਸਿੰਘ ਜੀ ਪਾਸ ਪੰਜ ਸਾਲ ਰਹੇ।

ਮੁਕਤਸਰ ਦੀ ਜੰਗ ਤੋਂ ਬਾਅਦ ਗੁਰੂ ਗੋਬਿੰਦ ਸਿੰਘ ਜੀ ਜਦ ਸਾਬੋਂ ਕੀ ਤਲਵੰਡੀ ਜ਼ਿਲ੍ਹਾ ਬਠਿੰਡਾ ਪੁੱਜੇ ਤਾਂ ਇਥੇ ਗੁਰੂ ਜੀ ਨੇ ਕਈ ਚਿਰਾਂ ਦਾ ਕਮਰਕੱਸਾ ਖੋਲ੍ਹਿਆ ਤੇ ਦਮ ਲਿਆ ਤਾਂ ਇਸ ਅਸਥਾਨ ਦਾ ਨਾਂ 'ਦਮਦਮਾ ਸਾਹਿਬ' ਪ੍ਰਸਿੱਧ ਹੋਇਆ। ਆਪ ਜੀ ਇਥੇ ਨੌਂ ਮਹੀਨੇ ਤੇ ਕੁਝ ਦਿਨ ਰਹੇ। ਇਥੇ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਮੁਕੰਮਲ ਕਰਨ ਵੱਲ ਧਿਆਨ ਦਿੱਤਾ ਗਿਆ। ਭਾਈ ਮਨੀ ਸਿੰਘ ਜੀ ਪਾਸੋਂ ਬੀੜ ਲਿਖਵਾਉਣੀ ਸ਼ੁਰੂ ਕੀਤੀ ਗਈ ਤੇ ਬਾਬਾ ਦੀਪ ਸਿੰਘ ਜੀ ਲਿਖਣ ਦੇ ਸਾਰੇ ਸਮਾਨ ਦਾ ਪ੍ਰਬੰਧ ਕਰਨ ਲੱਗੇ। ਬਾਅਦ ਵਿਚ ਬਾਬਾ ਜੀ ਨੇ ਆਪਣੇ ਹੱਥੀਂ ਚਾਰ ਬੀੜਾਂ ਦਾ ਉਤਾਰਾ ਕੀਤਾ, ਜੋ ਚਾਰ ਤਖ਼ਤਾਂ 'ਤੇ ਸੁਸ਼ੋਭਿਤ ਹਨ।

ਬਾਬਾ ਦੀਪ ਸਿੰਘ ਜੀ ਨੇ ਬਾਬਾ ਬੰਦਾ ਸਿੰਘ ਬਹਾਦਰ ਦਾ ਜੰਗਾਂ-ਯੁੱਧਾਂ ਵਿਚ ਭਰਪੂਰ ਸਾਥ ਦਿੱਤਾ। ਖ਼ਾਲਸਾ ਪੰਥ ਵੱਲੋਂ ਸਮੁੱਚੀਆਂ ਸਿੱਖ ਜਥੇਬੰਦੀਆਂ ਨੂੰ 12 ਮਿਸਲਾਂ ਵਿਚ ਵੰਡਿਆ ਗਿਆ, ਜਿਸ ਦੇ 12 ਮੁੱਖ ਜਥੇਦਾਰ ਥਾਪੇ ਗਏ, ਜਿਨ੍ਹਾਂ ਵਿੱਚੋਂ ਇਕ ਮਿਸਲ ਦਾ ਨਾਂ 'ਸ਼ਹੀਦਾਂ ਦੀ ਮਿਸਲ' ਸੀ। ਬਾਬਾ ਦੀਪ ਸਿੰਘ ਜੀ ਇਸ ਮਿਸਲ ਦੇ ਮੁੱਖ ਜਥੇਦਾਰ ਸਨ। ਜਦ ਹਰਿਮੰਦਰ ਸਾਹਿਬ ਦੀ ਬੇਅਦਬੀ ਦੀ ਖ਼ਬਰ ਬਾਬਾ ਜੀ ਕੋਲ ਪਹੁੰਚੀ ਤਾਂ ਬਾਬਾ ਜੀ ਨੇ ਨਗਾਰੇ 'ਤੇ ਚੋਟ ਲਾਈ ਅਤੇ ਦਮਦਮਾ ਸਾਹਬ ਤੋਂ 500 ਸਿੰਘਾਂ ਦਾ ਜਥਾ ਲੈ ਕੇ ਤੁਰ ਪਏ। ਤਰਨਤਾਰਨ ਸਾਹਿਬ ਪੁੱਜ ਕੇ ਇਸ਼ਨਾਨ ਕਰਨ ਉਪਰੰਤ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਚਰਨਾਂ ਵਿਚ ਅਰਦਾਸ ਕੀਤੀ ਤੇ 500 ਸਿੰਘਾਂ ਦਾ ਜਥਾ ਤਰਨਤਾਰਨ ਤੋਂ ਤੁਰਨ ਵੇਲੇ 5,000 ਸਿੰਘਾਂ ਦਾ ਜਥਾ ਬਣ ਚੁੱਕਾ ਸੀ। ਤਰਨਤਾਰਨ ਸ਼ਹਿਰ 'ਚ ਹੀ ਬਾਬਾ ਦੀਪ ਸਿੰਘ ਜੀ ਨੇ ਲਕੀਰ ਖਿੱਚੀ ਤੇ ਗਰਜਵੀਂ ਆਵਾਜ਼ ਵਿਚ ਜੋਸ਼ੀਲੀ ਤਕਰੀਰ ਕੀਤੀ। ਸਿੰਘ ਜੈਕਾਰੇ ਗਜਾਉਂਦੇ ਹੋਏ ਛਾਲਾਂ ਮਾਰ ਕੇ ਲਕੀਰ ਟੱਪ ਗਏ।

ਓਧਰ ਜਹਾਨ ਖ਼ਾਂ ਭਾਰੀ ਫ਼ੌਜ ਲੈ ਕੇ ਗੋਹਲਵੜ ਦੇ ਨਜ਼ਦੀਕ ਪਹੁੰਚ ਚੁੱਕਾ ਸੀ। ਦੋਵਾਂ ਦੇ ਫ਼ੌਜਾਂ ਦਰਮਿਆਨ ਯੁੱਧ ਸ਼ੁਰੂ ਹੋ ਗਿਆ। ਸਿੰਘ ਤੇ ਦੁਰਾਨੀ ਲੜਦੇ ਹੋਏ ਪਿੰਡ ਚੱਬਾ ਤੇ ਪਿੰਡ ਵਰਪਾਲ ਦੀ ਸਾਂਝੀ ਜੂਹ 'ਚ ਆਹਮੋ-ਸਾਹਮਣੇ ਹੋ ਗਏ। ਬਾਬਾ ਦੀਪ ਸਿੰਘ ਜੀ 18 ਸੇਰ ਦਾ ਦੋ-ਧਾਰਾ ਖੰਡਾ ਫੜ ਕੇ ਦੁਸ਼ਮਣਾਂ ਦੇ ਆਹੂ ਲਾਹੁੰਦੇ ਹੋਏ ਅੱਗੇ ਹੀ ਅੱਗੇ ਵਧੀ ਜਾ ਰਹੇ ਸਨ।

ਇਸ ਹਮਲੇ ਵਿਚ ਯਾਕੂਬ ਖ਼ਾਨ ਤੇ ਅਮਾਨ ਖ਼ਾਨ ਸਾਥੀਆਂ ਸਮੇਤ ਮਾਰੇ ਗਏ। ਬਾਬਾ ਦਿਆਲ ਸਿੰਘ ਹੱਥੋਂ ਜਹਾਨ ਖ਼ਾਂ ਮਾਰਿਆ ਗਿਆ। ਜਹਾਨ ਖ਼ਾਂ ਦਾ ਸਿਰ ਨੇਜ਼ੇ 'ਤੇ ਟੰਗਿਆ ਵੇਖ ਕੇ ਦੁਰਾਨੀ ਪਿੱਛੇ ਹਟਣ ਲੱਗੇ। ਇੰਨੇ ਚਿਰ ਨੂੰ ਦੁਰਾਨੀਆਂ ਦੀ ਮਦਦ ਲਈ ਹੋਰ ਫ਼ੌਜ ਆ ਪਹੁੰਚੀ। ਇਸ ਜੰਗ ਵਿਚ ਕਈ ਸਿੰਘ ਸ਼ਹੀਦ ਹੋਏ। ਫ਼ੌਜਾਂ ਲੜਦੀਆਂ ਹੋਈਆਂ ਸ੍ਰੀ ਅੰਮ੍ਰਿਤਸਰ ਸਾਹਿਬ ਵੱਲ ਨੂੰ ਵਧ ਰਹੀਆਂ ਸਨ। ਬਾਬਾ ਦੀਪ ਸਿੰਘ ਜੀ ਦੇ ਸਾਹਮਣੇ ਜਮਾਲ ਖ਼ਾਂ ਆ ਗਿਆ। ਦੋਵਾਂ ਵਿਚ ਜ਼ਬਰਦਸਤ ਟੱਕਰ ਹੋਈ। ਇਕ ਸਾਂਝੇ ਵਾਰ ਨਾਲ ਜਮਾਲ ਖ਼ਾਂ ਤੇ ਬਾਬਾ ਦੀਪ ਸਿੰਘ ਜੀ ਦਾ ਸੀਸ ਧੜ ਤੋਂ ਅਲੱਗ ਹੋ ਗਿਆ। ਤਰਨਤਾਰ ਰੋਡ ਸਥਿਤ ਇਸ ਅਸਥਾਨ 'ਤੇ ਗੁਰਦੁਆਰਾ ਸ੍ਰੀ ਟਾਹਲਾ ਸਾਹਿਬ ਸੁਸ਼ੋਭਿਤ ਹੈ। ਇਕ ਸਿੰਘ ਦੇ ਕਹਿਣ ਤੇ ਬਾਬਾ ਦੀਪ ਸਿੰਘ ਨੇ ਸੱਜੇ ਹੱਥ ਵਿਚ ਖੰਡਾ ਤੇ ਖੱਬੇ ਹੱਥ 'ਤੇ ਸੀਸ ਰੱਖ ਕੇ ਦੁਸ਼ਮਣਾਂ ਦੀ ਵਾਢ ਇਸ ਤਰ੍ਹਾਂ ਕੀਤੀ ਕਿ ਦੁਸ਼ਮਣਾਂ 'ਚ ਹਫੜਾ-ਦਫੜੀ ਮਚ ਗਈ ਤੇ ਵੈਰੀ ਮੈਦਾਨ ਛਡ ਕੇ ਭੱਜਣ ਲੱਗੇ।

ਦੁਸ਼ਮਣਾਂ ਦੇ ਆਹੂ ਲਾਹੁੰਦੇ ਹੋਏ ਬਾਬਾ ਜੀ ਸ੍ਰੀ ਗੁਰੂ ਰਾਮਦਾਸ ਪਾਤਸ਼ਾਹ ਜੀ ਦੇ ਚਰਨਾਂ ਵਿਚ ਪਹੁੰਚ ਗਏ। ਸ੍ਰੀ ਹਰਿਮੰਦਰ ਸਾਹਿਬ ਦੀ ਦੱਖਣੀ ਬਾਹੀ ਵੱਲ ਇਕ ਗੁਰਦੁਆਰਾ ਤੇ ਇਕ ਨਿਸ਼ਾਨ ਸਾਹਿਬ ਹੈ, ਜਿੱਥੇ ਬਾਬਾ ਦੀਪ ਸਿੰਘ ਜੀ ਨੇ 13 ਨਵੰਬਰ 1757 (30 ਕੱਤਕ 1814) ਨੂੰ ਸ਼ਹੀਦੀ ਪ੍ਰਾਪਤ ਕੀਤੀ। ਗੁਰਦੁਆਰਾ ਰਾਮਸਰ ਸਾਹਬ ਦੇ ਨਜ਼ਦੀਕ ਗੁਰਦੁਆਰਾ 'ਸ਼ਹੀਦਾਂ ਸਾਹਿਬ' ਹੈ। ਇਸ ਸਾਲ ਜਨਵਰੀ 2019 ਵਿਚ ਬਾਬਾ ਦੀਪ ਸਿੰਘ ਜੀ ਦੇ ਜਨਮ ਦਿਹਾੜੇ ਮੌਕੇ ਉਨ੍ਹਾਂ ਦੇ ਜਨਮ ਅਸਥਾਨ ਪਿੰਡ ਪਹੂਵਿੰਡ ਵਿਖੇ 25 ਜਨਵਰੀ ਨੂੰ ਚੁਪਹਿਰਾ ਜਪ-ਤਪ ਸਮਾਗਮ ਹੋਵੇਗਾ ਤੇ ਇਸੇ ਦਿਨ ਸਵੇਰੇ 10 ਵਜੇ ਅੰਮ੍ਰਿਤ ਸੰਚਾਰ ਹੋਵੇਗਾ। 26 ਜਨਵਰੀ ਨੂੰ ਸਵੇਰੇ 4 ਵਜੇ ਬਾਬਾ ਜੀ ਦੇ ਜਨਮ ਸਥਾਨ ਗੁਰਦੁਆਰਾ ਸਾਹਿਬ ਵਿਖੇ ਆਤਿਸ਼ਬਾਜ਼ੀ ਹੋਵੇਗੀ ਤੇ ਸਵੇਰੇ 9 ਵਜੇ ਗੁਰਦੁਆਰਾ 'ਸ਼ਹੀਦਾਂ ਸਾਹਿਬ' ਅੰਮ੍ਰਿਤਸਰ, ਜਿਸ ਨੂੰ 'ਚਾਟੀਵਿੰਡ ਗੇਟ' ਤੇ ਹੁਣ 'ਖੰਡੇਵਾਲਾ ਚੌਕ' ਕਿਹਾ ਜਾਂਦਾ ਹੈ, ਤੋਂ ਸੰਗਤਾਂ ਲਈ ਪਿੰਡ ਪਹੂਵਿੰਡ ਪਹੁੰਚਣ ਲਈ ਮੁਫ਼ਤ ਬੱਸਾਂ ਚੱਲਣਗੀਆਂ। 'ਸ਼ਹੀਦਾਂ ਸਾਹਿਬ ਅੰਮ੍ਰਿਤਸਰ ਸਾਹਿਬ' ਵਿਖੇ ਵੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ 27 ਜਨਵਰੀ, ਐਤਵਾਰ ਨੂੰ ਬਾਬਾ ਜੀ ਦਾ ਜਨਮ ਦਿਹਾੜਾ ਸ਼ਰਧਾ ਤੇ ਧੂਮ-ਧਾਮ ਨਾਲ ਮਨਾਇਆ ਜਾ ਰਿਹਾ ਹੈ।

# ਸੁਭਾਸ਼ ਚੰਦਰ ਬੋਸ ਆਈਸੀਐੱਸ ਬਣ ਗਏ ਸਨ ਪਰ ਦੇਸ਼ ਖ਼ਾਤਰ ਨੌਕਰੀ ਛੱਡ ਦਿੱਤੀ

-ਡਾ. ਚਰਨਜੀਤ ਸਿੰਘ ਗੁਮਟਾਲਾ

1897 ਨੂੰ ਬੰਗਾਲ ਸੂਬੇ ਦੇ ਕਟਕ ਸ਼ਹਿਰ 'ਚ ਹੋਇਆ ਸੀ। ਉਨ੍ਹਾਂ ਦੇ ਪਿਤਾ ਦਾ ਨਾਂ ਜਾਨਕੀ ਨਾਥ ਬੋਸ ਤੇ ਮਾਤਾ ਦਾ ਨਾਂ ਪ੍ਰਭਾਵਤੀ ਦੱਤ ਬੋਸ ਸੀ। ਇਹ ਵਕੀਲਾਂ ਦਾ ਪਰਿਵਾਰ ਸੀ। ਸੁਭਾਸ਼ ਚੰਦਰ ਬੋਸ 14 ਬੱਚਿਆਂ 'ਚੋਂ ਨੌਵੇਂ ਸਥਾਨ 'ਤੇ ਸਨ। ਜਨਵਰੀ 1902 ਵਿਚ ਉਨ੍ਹਾਂ ਨੂੰ ਪ੍ਰੋਟੈਸਟੇਂਟ ਯੂਰਪੀਅਨ ਸਕੂਲ (ਜਿਸ ਨੂੰ ਅੱਜ-ਕੱਲ੍ਹ ਸਟੀਵਰਟ ਹਾਈ ਸਕੂਲ ਕਿਹਾ ਜਾਂਦਾ ਹੈ) ਕਟਕ 'ਚ ਦਾਖ਼ਲ ਕਰਵਾਇਆ ਗਿਆ। ਉਨ੍ਹਾਂ ਦਿਨਾਂ 'ਚ ਕਲਕੱਤਾ 'ਚ ਬਰਤਾਨੀਆ ਦੇ ਲੋਕ ਭਾਰਤੀਆਂ ਵਿਰੁੱਧ ਬਹੁਤ ਮਾੜੀ ਸ਼ਬਦਾਵਲੀ ਵਰਤਦੇ ਸਨ। ਇੱਥੇ ਇਕ ਔਟੇਨ ਨਾਂ ਦਾ ਅੰਗਰੇਜ਼ ਪ੍ਰੋਫ਼ੈਸਰ ਭਾਰਤੀਆਂ ਬਾਰੇ ਮਾੜੇ ਸ਼ਬਦ ਬੋਲਦਾ ਸੀ। ਇਕ ਦਿਨ ਸੁਭਾਸ਼ ਚੰਦਰ ਬੋਸ ਨੇ ਉਸ ਦੇ ਥੱਪੜ ਮਾਰਿਆ ਜਿਸ ਦੇ ਸਿੱਟੇ ਵਜੋਂ ਉਸ ਨੂੰ ਕਾਲਜ ਵਿੱਚੋਂ ਕੱਢ ਦਿੱਤਾ ਗਿਆ। ਫਿਰ ਆਪ ਨੇ ਸਕਟਿਸ ਚਰਚ ਕਾਲਜ (ਕਲਕੱਤਾ ਯੂਨੀਵਰਸਿਟੀ) ਵਿਚ ਦਾਖ਼ਲਾ ਲਿਆ ਤੇ ਬੀਏ ਆਨਰਜ਼ ਫਿਲਾਸਫੀ ਦੀ 1918 ਵਿਚ ਪਾਸ ਕੀਤੀ। ਉਹ 1919 'ਚ ਉਚੇਰੀ ਸਿੱਖਿਆ ਲਈ ਇੰਗਲੈਂਡ ਚਲੇ ਗਏ। ਉੱਥੇ 8 ਮਹੀਨਿਆਂ ਦੇ ਸਮੇਂ 'ਚ ਹੀ ਇੰਡੀਅਨ ਸਿਵਲ ਸਰਵਿਸ (ਆਈਸੀਐੱਸ) ਦਾ ਇਮਤਿਹਾਨ ਪਾਸ ਕਰ ਲਿਆ। ਆਜ਼ਾਦੀ ਤੋਂ ਬਾਅਦ ਇਸ ਦਾ ਨਾਂ ਬਦਲ ਕੇ ਇੰਡੀਅਨ ਐਡਮਨਿਸਟ ?ਰੇਟਿਵ ਸਰਵਿਸਿਜ਼ (ਆਈਏਐੱਸ) ਰੱਖਿਆ ਗਿਆ।

ਉਨ੍ਹਾਂ ਨੇ ਕੈਂਬਿ ?ਰਜ ਯੂਨੀਵਰਸਿਟੀ ਵਿਚ ਦਾਖ਼ਲਾ ਲੈਣਾ ਚਾਹਿਆ ਪਰ ਤਰੀਕ ਲੰਘ ਗਈ ਸੀ। ਉਨ੍ਹਾਂ ਨੇ 19 ਨਵੰਬਰ 1919 ਨੂੰ ਇਕ ਕਾਲਜ ਵਿਚ ਦਾਖ਼ਲਾ ਲਿਆ। ਉਹ ਆਈਸੀਐੱਸ ਵਿਚ ਚੌਥੇ ਸਥਾਨ 'ਤੇ ਆਏ। ਉਨ੍ਹਾਂ ਨੇ ਆਪਣੇ ਵੱਡੇ ਭਰਾ ਸ਼ਰਤ ਚੰਦਰ ਬੋਸ ਨੂੰ ਲਿਖਿਆ ਕਿ ਉਹ ਅੰਗਰੇਜ਼ਾਂ ਦੀ ਨੌਕਰੀ ਨਹੀਂ ਕਰਨਾ ਚਾਹੁੰਦੇ ਤੇ ਭਾਰਤ ਨੂੰ ਆਜ਼ਾਦ ਵੇਖਣਾ ਚਾਹੁੰਦੇ ਹਨ। ਉਨ੍ਹਾਂ ਨੇ 23 ਅਪ੍ਰੈਲ 1921 ਨੂੰ ਨੌਕਰੀ ਤੋਂ ਅਸਤੀਫ਼ਾ ਦੇ ਦਿੱਤਾ ਤੇ ਭਾਰਤ ਆ ਗਏ। ਸੁਭਾਸ਼ ਚੰਦਰ ਬੋਸ ਨੇ 'ਸਵਰਾਜ' ਅਖ਼ਬਾਰ ਸ਼ੁਰੂ ਕੀਤੀ ਤੇ ਬੰਗਾਲ ਸੂਬੇ ਦੀ ਕਾਂਗਰਸ ਕਮੇਟੀ ਦਾ ਪ੍ਰਚਾਰ ਕਰਨਾ ਸ਼ੁਰੂ ਕੀਤਾ। ਉਸ ਸਮੇਂ ਬੰਗਾਲ ਵਿਚ ਚਿਤਰੰਜਨ ਦਾਸ ਅਗਾਂਹਵਧੂ ਕੌਮੀ ਲੀਡਰ ਸਨ ਤੇ ਸੁਭਾਸ਼ ਚੰਦਰ ਬੋਸ ਉਨ੍ਹਾਂ ਦੇ ਉਪਾਸ਼ਕ ਸਨ। ਸੰਨ 1923 'ਚ ਬੋਸ ਆਲ ਇੰਡੀਆ ਯੂਥ ਕਾਂਗਰਸ ਦੇ ਪ੍ਰਧਾਨ ਚੁਣੇ ਗਏ ਤੇ ਨਾਲ ਹੀ ਬੰਗਾਲ ਸੂਬੇ ਦੀ ਕਾਂਗਰਸ ਦੇ ਸਕੱਤਰ ਵੀ ਚੁਣੇ ਗਏ। ਉਹ 'ਫਾਰਵਰਡ' ਅਖ਼ਬਾਰ ਦੇ ਸੰਪਾਦਕ ਬਣੇ, ਜਿਸ ਦੇ ਬਾਨੀ ਚਿਤਰੰਜਨ ਦਾਸ ਸਨ। ਜਦ 1924 'ਚ ਚਿਤਰੰਜਨ ਦਾਸ ਕਲਕੱਤਾ ਮਿਊਂਸੀਪਲ ਕਾਰਪੋਰੇਸ਼ਨ ਦੇ ਮੇਅਰ ਚੁਣੇ ਗਏ ਤਾਂ ਬੋਸ ਨੇ ਉਨ੍ਹਾਂ ਨਾਲ ਬਤੌਰ ਸੀਈਓ ਕੰਮ ਕੀਤਾ। ਸੰਨ 1925 ਵਿਚ ਉਨ੍ਹਾਂ ਨੂੰ ਕੌਮੀ ਲੀਡਰਾਂ ਦੇ ਨਾਲ ਗਿ ?ਰਫ਼ਤਾਰ ਕੀਤਾ ਗਿਆ ਤੇ ਮਾਂਡਲੇ ਜੇਲ੍ਹ ਭੇਜ ਦਿੱਤਾ ਗਿਆ। ਉਨ੍ਹਾਂ ਨੂੰ 1927 'ਚ ਰਿਹਾਅ ਕੀਤਾ ਗਿਆ। ਬੋਸ ਜੀ ਨੂੰ ਕਾਂਗਰਸ ਪਾਰਟੀ ਦਾ ਜਨਰਲ ਸਕੱਤਰ ਚੁਣਿਆ ਗਿਆ ਤੇ ਉਨ੍ਹਾਂ ਨੇ ਪੰਡਿਤ ਜਵਾਹਰਲਾਲ ਨਹਿਰੂ ਨਾਲ ਆਜ਼ਾਦੀ ਲਹਿਰ ਲਈ ਕੰਮ ਕਰਨਾ ਸ਼ੁਰੂ ਕਰ ਦਿੱਤਾ। ਦਸੰਬਰ 1928 'ਚ ਉਨ੍ਹਾਂ ਨੇ ਇੰਡੀਅਨ ਨੈਸ਼ਨਲ ਕਾਂਗਰਸ ਦੀ ਸਾਲਾਨਾ ਮੀਟਿੰਗ ਕਲਕੱਤੇ ਵਿਚ ਕਰਵਾਈ। ਨਾ-ਮਿਲਵਰਤਨ ਲਹਿਰ ਸਮੇਂ ਬੋਸ ਨੂੰ ਕੁਝ ਸਮੇਂ ਬਾਅਦ ਗ੍ਰਿਫ਼ਤਾਰ ਕਰ ਕੇ ਜੇਲ੍ਹ ਭੇਜ ਦਿੱਤਾ ਗਿਆ। ਇਸ ਉਪਰੰਤ ਉਹ 1930 'ਚ ਕਲਕੱਤੇ



ਦੇ ਮੇਅਰ ਚੁਣੇ ਗਏ। ਸਤਾਰਾਂ ਜਨਵਰੀ 1941 ਦੀ ਰਾਤ ਨੂੰ ਬੋਸ ਪਠਾਣ ਦੇ ਭੇਸ ਵਿਚ ਆਪਣੇ ਭਤੀਜੇ ਸਿਸਰ ਕੁਮਾਰ ਬੋਸ ਨਾਲ ਮੌਜੂਦਾ ਝਾਰਖੰਡ ਦੇ ਗੋਮੋਹ ਰੇਲਵੇ ਤੋਂ ਜਰਮਨੀ ਨੂੰ ਬਰਾਸਤਾ ਅਫ਼ਗਾਨਿਸਤਾਨ ਵਾਸਤੇ ਰਵਾਨਾ ਹੋਏ। ਆਗਾ ਖ਼ਾਨ ਦੇ ਸਹਾਇਕਾਂ ਨਾਲ ਉਨ੍ਹਾਂ ਨੇ ਅਫ਼ਗਾਨਿਸਤਾਨ ਦਾ ਬਾਰਡਰ ਪਾਰ ਕੀਤਾ। ਉਹ ਇਟੈਲੀਅਨ ਪਾਸਪੋਰਟ 'ਤੇ ਮਾਸਕੋ ਪੁੱਜੇ। ਮਾਸਕੋ ਤੋਂ ਉਹ ਰੋਮ ਪੁੱਜੇ ਤੇ ਉਸ ਤੋਂ ਅੱਗੇ ਜਰਮਨੀ ਪਹੁੰਚ ਗਏ। ਜਰਮਨੀ 'ਚ ਆਜ਼ਾਦ ਹਿੰਦ ਰੇਡੀਓ ਚਲਾਇਆ ਗਿਆ। ਬਰਲਿਨ 'ਚ ਫ ?ਰੀ ਇੰਡੀਆ ਸੈਂਟਰ ਕਾਇਮ ਕੀਤਾ ਗਿਆ ਤੇ ਇੰਡੀਅਨ ਲੀਗ ਜਿਸ ਵਿਚ 4500 ਫ਼ੌਜੀ ਸਨ, ਕਾਇਮ ਕੀਤੀ ਗਈ ਪਰ ਬੋਸ ਨੂੰ ਮਾਯੂਸੀ ਉਸ ਸਮੇਂ ਹੋਈ ਜਦ ਹਿਟਲਰ ਦੇ ਟੈਂਕਾਂ ਨੇ ਸੋਵੀਅਤ ਬਾਰਡਰ ਨੂੰ ਪਾਰ ਕੀਤਾ। ਬੋਸ ਬਰਲਿਨ 'ਚ 1941 ਤੋਂ 1943 ਤੀਕ ਰਹੇ। ਇਸ ਤੋਂ ਪਹਿਲਾਂ ਉਹ 1934 'ਚ ਆਸਟ੍ਰੀਆ ਦੀ ਰਾਜਧਾਨੀ ਵਿਆਨਾ 'ਚ ਇਲਾਜ ਕਰਾਉਣ ਆਏ ਸਨ। ਉੱਥੇ ਉਨ੍ਹਾਂ ਦਾ ਮੇਲ 23 ਸਾਲ ਦੀ ਐਮਿਲੀ ਸ਼ੈਂਕਲ ਨਾਲ ਹੋਇਆ। ਉਸ ਸਮੇਂ ਬੋਸ 37 ਸਾਲ ਦੇ ਸਨ। ਇਸ ਲੜਕੀ ਦਾ ਕੰਮ 'ਇੰਡੀਅਨ ਸਟਰਗਲ' ਕਿਤਾਬ ਟਾਈਪ ਕਰਨਾ ਸੀ। ਉਦੋਂ ਦੋਵਾਂ 'ਚ ਖ਼ਤਾਂ ਦਾ ਆਦਾਨ-ਪ੍ਰਦਾਨ ਹੁੰਦਾ ਰਿਹਾ। ਛੱਬੀ ਨਵੰਬਰ 1937 ਨੂੰ ਉਨ੍ਹਾਂ ਦਾ ਵਿਆਹ ਆਸਟ ?ਰੀਆ ਦੇ ਬਾਗੀਸਤੀਨ 'ਚ ਹੋਇਆ। ਉਨ੍ਹਾਂ ਨੇ ਇਹ ਵਿਆਹ ਗੁਪਤ ਰੱਖਿਆ। ਭਾਵੇਂ ਉਨ੍ਹਾਂ ਦਾ ਸਾਥ 1934 ਤੋਂ 1945 ਵਿਚਾਲੇ 12 ਸਾਲਾਂ ਦਾ ਸੀ ਪਰ ਉਹ ਇਕੱਠੇ ਤਿੰਨ ਸਾਲ ਤੋਂ ਵੀ ਘੱਟ ਸਮਾਂ ਰਹੇ। ਉਨ੍ਹਾਂ ਦੀ ਪ੍ਰੇਮ ਦੀ ਨਿਸ਼ਾਨੀ ਦੇ ਤੌਰ 'ਤੇ 29 ਨਵੰਬਰ 1942 ਨੂੰ ਧੀ ਦਾ ਜਨਮ ਹੋਇਆ ਜਿਸ ਦਾ ਨਾਂ ਅਨੀਤਾ ਰੱਖਿਆ ਗਿਆ। ਬੋਸ ਆਪਣੀ ਧੀ ਨੂੰ ਵੇਖਣ ਲਈ ਦਸੰਬਰ 1942 'ਚ ਵਿਆਨਾ ਪਹੁੰਚਦੇ ਹਨ ਤੇ ਉਸ ਤੋਂ ਬਾਅਦ ਆਪਣੇ ਭਰਾ ਸ਼ਰਤ ਚੰਦਰ ਬੋਸ ਨੂੰ ਬੰਗਾਲੀ 'ਚ ਲਿਖੇ ਖ਼ਤ 'ਚ ਪਤਨੀ ਤੇ ਧੀ ਬਾਰੇ ਜਾਣਕਾਰੀ ਦਿੰਦੇ ਹਨ। ਐਮਿਲੀ ਸੁਭਾਸ਼ ਚੰਦਰ ਬੋਸ ਦੀਆਂ ਯਾਦਾਂ ਦੇ ਸਹਾਰੇ 1996 ਤੱਕ ਜ਼ਿੰਦਾ ਰਹੀ। ਉਸ ਨੇ ਇਕ ਛੋਟੇ ਜਿਹੇ ਡਾਕਘਰ 'ਚ ਕੰਮ ਕਰਦੇ ਹੋਇਆਂ ਬੋਸ ਦੀ ਆਖ਼ਰੀ ਨਿਸ਼ਾਨੀ ਆਪਣੀ ਧੀ ਅਨੀਤਾ ਬੋਸ ਨੂੰ ਪਾਲ ਕੇ ਵੱਡਾ ਕਰ ਕੇ ਜਰਮਨੀ ਦੀ ਮਸ਼ਹੂਰ ਅਰਥ ਸ਼ਾਸਤਰੀ ਬਣਾਇਆ। ਉਸ ਨੇ ਮੁਸ਼ਕਲ ਸਫ਼ਰ ਸਮੇਂ ਬੋਸ ਪਰਿਵਾਰ ਕੋਲੋਂ ਕਿਸੇ ਵੀ ਤਰ੍ਹਾਂ ਦੀ ਮਦਦ ਲੈਣ ਤੋਂ ਇਨਕਾਰ ਕਰ ਦਿੱਤਾ ਤੇ ਆਪਣੇ ਵਿਆਹ ਤੋਂ ਬੱਚੀ ਬਾਰੇ ਕਿਸੇ ਨੂੰ ਨਹੀਂ ਦੱਸਿਆ।

ਜਾਪਾਨ ਸਰਕਾਰ ਦੀ ਕੋਸ਼ਿਸ਼ ਸੀ ਕਿ ਕੋਈ ਐਸੀ ਫ਼ੌਜ ਤਿਆਰ ਕੀਤੀ ਜਾਵੇ ਜੋ ਜਾਪਾਨ ਦੇ ਨਾਲ ਰਲ ਕੇ ਅੰਗਰੇਜ਼ਾਂ ਵਿਰੁੱਧ ਲੜੇ। ਜਾਪਾਨੀ ਖ਼ੁਫ਼ੀਆ ਯੂਨਿਟ ਦਾ ਮੁਖੀ ਇੰਡੀਅਨ ਇੰਡੀਪੈਂਡੈਂਸ ਲੀਗ ਦੇ ਬੈਂਕਾਕ ਚੈਪਟਰ ਦੇ ਪ੍ਰਧਾਨ ਪ੍ਰੀਤਮ ਸਿੰਘ ਢਿੱਲੋਂ ਨੂੰ ਮਿਲਿਆ ਤੇ ਉਸ ਰਾਹੀਂ ਬਰਤਾਨਵੀ ਭਾਰਤੀ ਫ਼ੌਜ ਦੇ ਕੈਪਟਨ ਮੋਹਨ ਸਿੰਘ ਨੂੰ, ਜਿਸ ਨੂੰ ਦਸੰਬਰ 1941 'ਚ ਪੱਛਮੀ ਮਲਾਇਅਨ ਪੈਨੀਨਸੁਲਾ ਤੋਂ ਫੜਿਆ ਸੀ ਤੇ ਉਸ ਨੂੰ ਭਰਤੀ ਕੀਤਾ ਗਿਆ। ਸਿੱਟੇ ਵਜੋਂ ਫਸਟ ਇੰਡੀਅਨ ਨੈਸ਼ਨਲ ਆਰਮੀ ਬਣਾਈ। ਸੁਭਾਸ਼ ਚੰਦਰ ਬੋਸ ਦੇ ਆਉਣ ਨਾਲ ਸਿੰਗਾਪੁਰ 'ਚ ਆਰਜ਼ੀ ਆਜ਼ਾਦ ਸਰਕਾਰ 21 ਅਕਤੂਬਰ 1943 'ਚ ਬਣਾਈ ਤੇ ਬਰਤਾਨੀਆ ਤੇ ਅਮਰੀਕਾ ਵਿਰੁੱਧ ਲੜਾਈ ਲੜਨ ਦਾ ਐਲਾਨ ਕੀਤਾ। ਇਸ ਆਰਜ਼ੀ ਸਰਕਾਰ ਜਿਸ ਦੀ ਆਪਣੀ ਕਰੰਸੀ, ਡਾਕ ਟਿਕਟ, ਅਦਾਲਤ ਤੇ ਸਿਵਲ ਕੋਡ ਸੀ ਤੇ ਜਿਸ ਨੂੰ 9 ਐਕਸਿਨ ਸਰਕਾਰਾਂ ਜਿਸ 'ਚ ਜਰਮਨੀ, ਜਾਪਾਨ, ਇਟਲੀ, ਬਰਮਾ, ਥਾਈਲੈਂਡ ਆਦਿ ਸ਼ਾਮਲ ਸਨ, ਵੱਲੋਂ ਮਾਨਤਾ ਦਿੱਤੀ ਗਈ। ਆਜ਼ਾਦ ਹਿੰਦ ਫ਼ੌਜ ਦੇ ਪੁਨਰਗਠਨ 'ਚ ਸੁਭਾਸ਼ ਚੰਦਰ ਬੋਸ ਨੇ ਪੰਜਾਬੀਆਂ ਨੂੰ ਅਹਿਮ ਜ਼ਿੰਮੇਵਾਰੀਆਂ ਦਿੱਤੀਆਂ ਸਨ ਜਿਵੇਂ ਲੈਫਟੀਨੈਂਟ ਕਰਨਲ ਹਬੀਬ-ਉਰ-ਰਹਿਮਾਨ ਨੂੰ ਡਿਪਟੀ ਚੀਫ ਆਫ ਸਟਾਫ ਤੇ ਮੇਜਰ ਪੀ. ਕੇ. ਸਹਿਗਲ ਨੂੰ ਮਿਲਟਰੀ ਸਕੱਤਰ ਨਿਯੁਕਤ ਕੀਤਾ। ਯੋਜਨਾ, ਸੈਨਿਕਾਂ ਦੀ ਸਿਖਲਾਈ ਅਤੇ ਖ਼ੁਫ਼ੀਆ ਜਾਣਕਾਰੀ ਵਿਭਾਗ ਦੀ ਜ਼ਿੰਮੇਵਾਰੀ ਪੰਜਾਬੀ ਲੈਫਟੀਨੈਂਟ ਕਰਨਲ ਸ਼ਾਹ ਨਵਾਜ਼ ਖ਼ਾਨ ਨੂੰ ਦਿੱਤੀ ਗਈ। ਸੁਭਾਸ਼ ਚੰਦਰ ਬੋਸ 18 ਅਗਸਤ 1945 ਨੂੰ ਫਾਰਮੂਸਾ ਪਹੁੰਚੇ। ਉੱਥੇ ਤਾਈਹੂਕ ਅੱਡੇ 'ਤੇ ਹਵਾਈ ਜਹਾਜ਼ ਦੇ ਉਡਾਨ ਭਰਨ ਸਮੇਂ ਜਹਾਜ਼ ਨੂੰ ਅੱਗ ਲੱਗ ਗਈ ਤੇ ਉਹ ਬੁਰੀ ਤਰ੍ਹਾਂ ਝੁਲਸ ਗਏ ਤੇ ਕੁਝ ਸਮੇਂ ਬਾਅਦ ਅਕਾਲ ਚਲਾਣਾ ਕਰ ਗਏ।

# ਸ਼੍ਰੋਮਣੀ ਕਮੇਟੀ ਵੋਟਾਂ ਬਣਾਉਣ ਲਈ ਹਰ ਸਿੱਖ ਆਪਣੀ ਭੂਮਿਕਾ ਨਿਭਾਵੇ



**ਤਲਵਿੰਦਰ ਸਿੰਘ ਬੁੱਟਰ**

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਗਠਨ ਗੁਰਧਾਮਾਂ ਨੂੰ ਭ੍ਰਿਸ਼ਟ ਮਸੰਦਾਂ ਦੇ ਕਬਜ਼ੇ 'ਚੋਂ ਆਜ਼ਾਦ ਕਰਵਾ ਕੇ ਬਿਹਤਰ ਪ੍ਰਬੰਧ ਅਤੇ ਧਾਰਮਿਕ ਤੌਰ 'ਤੇ ਇਕ ਮਰਿਯਾਦਾ ਲਾਗੂ ਕਰਨ ਦੇ ਮਕਸਦ ਨਾਲ ਕੀਤਾ ਗਿਆ ਸੀ। ਇਨ੍ਹਾਂ ਸਰੋਕਾਰਾਂ ਅਤੇ ਇਸ ਤਰ੍ਹਾਂ ਸ਼੍ਰੋਮਣੀ ਕਮੇਟੀ ਲਈ ਸਿੱਖਾਂ ਦੁਆਰਾ ਬੇਅੰਤ ਕੁਰਬਾਨੀਆਂ ਕੀਤੀਆਂ ਗਈਆਂ ਸਨ। ਸਿੰਘ ਸਭਾ ਲਹਿਰ, ਗੁਰਦੁਆਰਾ ਸੁਧਾਰ ਲਹਿਰ ਅਤੇ ਅਕਾਲੀ ਲਹਿਰਾਂ ਦੇ ਸਦਕਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਗਠਨ ਹੋਇਆ ਅਤੇ ਇਸ ਤਰ੍ਹਾਂ ਸ਼੍ਰੋਮਣੀ ਕਮੇਟੀ ਦੁਨੀਆ ਵਿਚ ਕਿਸੇ ਧਰਮ ਦੀ ਵੋਟਾਂ ਦੁਆਰਾ ਚੁਣੀ ਜਾਣ ਵਾਲੀ ਪਹਿਲੀ ਸੰਸਥਾ ਬਣੀ। ਭਾਰਤ 'ਚ ਔਰਤਾਂ ਨੂੰ ਵੋਟ ਦਾ ਅਧਿਕਾਰ ਦੇਣ ਦਾ ਸਭ ਤੋਂ ਪਹਿਲਾ ਮਾਣ ਵੀ ਸ਼੍ਰੋਮਣੀ ਕਮੇਟੀ ਨੂੰ ਹੀ ਹਾਸਲ ਹੈ। ਇਸ ਦੇ ਧਾਰਮਿਕ ਅਤੇ ਰਾਜਨੀਤਕ ਰੁਤਬੇ ਕਾਰਨ ਸ਼੍ਰੋਮਣੀ ਕਮੇਟੀ ਨੂੰ 'ਰਿਆਸਤ ਦੇ ਵਿਚ ਰਿਆਸਤ' ਵੀ ਆਖ ਲਿਆ ਜਾਂਦਾ ਹੈ।

ਦੇਸ਼ ਦੀ ਪਾਰਲੀਮੈਂਟ ਦੇ ਅਧਿਕਾਰ ਖੇਤਰ ਵਾਲਾ 'ਸਿੱਖ ਗੁਰਦੁਆਰਾ ਐਕਟ-1925' ਜੋ ਅੰਗਰੇਜ਼ ਸਰਕਾਰ ਵੇਲੇ ਹੋਂਦ ਵਿਚ ਆਇਆ, ਜਿੱਥੇ ਸ਼੍ਰੋਮਣੀ ਕਮੇਟੀ ਦੇ ਕੰਮਕਾਜ ਕਰਨ ਦੇ ਤਰੀਕਿਆਂ ਨੂੰ ਪਰਿਭਾਸ਼ਿਤ ਕਰਦਿਆਂ ਇਸ ਦੇ ਸਮੁੱਚੇ ਪ੍ਰਬੰਧਾਂ ਨੂੰ ਨਿਰਦੇਸ਼ਤ ਕਰਦਾ ਹੈ, ਉੱਥੇ ਇਹ ਐਕਟ ਸ਼੍ਰੋਮਣੀ ਕਮੇਟੀ ਨੂੰ ਜਮਹੂਰੀ ਸ਼ਕਲ ਵੀ ਪ੍ਰਦਾਨ ਕਰਦਾ ਹੈ, ਜਿਸ ਦੇ ਅਨੁਸਾਰ ਸ਼੍ਰੋਮਣੀ ਕਮੇਟੀ ਦਾ ਸਦਨ ਹਰ ਪੰਜ ਸਾਲ ਬਾਅਦ ਆਮ ਚੋਣਾਂ ਦੁਆਰਾ ਗਠਿਤ ਹੋਣਾ ਹੁੰਦਾ ਹੈ। ਸ਼੍ਰੋਮਣੀ ਕਮੇਟੀ ਚੋਣਾਂ ਸੰਬੰਧੀ ਤਿਆਰੀਆਂ ਅਤੇ ਵਿਵਸਥਾ ਗੁਰਦੁਆਰਾ ਚੋਣ ਕਮਿਸ਼ਨ ਕਰਦਾ ਹੈ, ਜਿਸ ਦੀਆਂ ਸਿਫ਼ਾਰਿਸ਼ਾਂ 'ਤੇ ਕੇਂਦਰੀ ਗ੍ਰਹਿ ਵਿਭਾਗ ਦੇ ਨੋਟੀਫ਼ਿਕੇਸ਼ਨ ਤੋਂ ਬਾਅਦ ਚੋਣਾਂ ਹੁੰਦੀਆਂ ਹਨ।

**ਵੋਟਾਂ ਬਣਾਉਣ ਪ੍ਰਤੀ ਨਿਰਾਸ਼ਾਜਨਕ ਰੁਝਾਨ :** ਹਾਲਾਂਕਿ ਸਮੇਂ-ਸਮੇਂ ਦੀਆਂ ਕੇਂਦਰ ਵਿਚਲੀਆਂ ਸਰਕਾਰਾਂ ਸ਼੍ਰੋਮਣੀ ਕਮੇਟੀ ਨੂੰ ਪ੍ਰਭਾਵਹੀਣ ਕਰਨ ਲਈ ਦੇਰ-ਦੇਰ ਤੱਕ ਇਸ ਦੀਆਂ ਆਮ ਚੋਣਾਂ ਨਾ ਕਰਵਾ ਕੇ ਸਿੱਖਾਂ ਨੂੰ ਆਪਣੀ ਧਾਰਮਿਕ ਸੰਸਥਾ ਪ੍ਰਤੀ ਨਿਰ-ਉਤਸ਼ਾਹਤ ਕਰਨ ਦੇ ਯਤਨ ਕਰਦੀਆਂ ਰਹਿੰਦੀਆਂ ਹਨ ਪਰ ਸਿੱਖ ਸਮਾਜ ਦੇ ਧਾਰਮਿਕ ਅਤੇ ਰਾਜਨੀਤਕ ਖੇਤਰ 'ਚ ਸ਼੍ਰੋਮਣੀ ਕਮੇਟੀ ਚੋਣਾਂ ਵੱਡੀ ਅਹਿਮੀਅਤ ਰੱਖਦੀਆਂ ਹਨ। ਸ਼੍ਰੋਮਣੀ ਕਮੇਟੀ ਦੇ 103 ਸਾਲਾਂ ਦੇ ਇਤਿਹਾਸ ਦੌਰਾਨ ਇਸ ਦੇ ਪੰਜ ਸਾਲਾ ਸਦਨ ਦੀਆਂ 14 ਵਾਰ ਚੋਣਾਂ ਹੋਈਆਂ, ਜਦੋਂਕਿ ਕਾਨੂੰਨ ਮੁਤਾਬਿਕ ਹੁਣ ਤੱਕ 19 ਵਾਰ ਚੋਣਾਂ ਹੋਣੀਆਂ ਚਾਹੀਦੀਆਂ ਸਨ। ਸੰਨ 1925 ਤੋਂ 1965 ਦੌਰਾਨ ਸ਼੍ਰੋਮਣੀ ਕਮੇਟੀ ਚੋਣਾਂ ਪੰਜ ਸਾਲ ਬਾਅਦ ਜਾਂ ਇਸ ਤੋਂ ਪਹਿਲਾਂ ਹੀ ਹੁੰਦੀਆਂ ਰਹੀਆਂ। ਅਗਲੀਆਂ ਚੋਣਾਂ 1965 'ਚ ਹੋਈਆਂ। ਮੁੜ 14 ਸਾਲਾਂ ਬਾਅਦ 1979 'ਚ ਚੋਣਾਂ ਹੋਈਆਂ ਅਤੇ ਇਸ ਤੋਂ ਬਾਅਦ 17 ਸਾਲ ਦੇ ਲੰਬੇ ਵਕਫ਼ੇ ਪਿੱਛੋਂ 1996 'ਚ ਚੋਣਾਂ ਹੋਈਆਂ। ਇਸ ਤੋਂ 8 ਸਾਲਾਂ ਬਾਅਦ 11 ਜੁਲਾਈ 2004 ਨੂੰ ਸ਼੍ਰੋਮਣੀ ਕਮੇਟੀ ਚੋਣਾਂ ਹੋਈਆਂ। ਅਗਲੀਆਂ ਚੋਣਾਂ 7 ਸਾਲ ਦੇ ਫ਼ਰਕ ਨਾਲ 18 ਸਤੰਬਰ 2011 ਨੂੰ ਹੋਈਆਂ ਪਰ ਸਹਿਜਧਾਰੀ ਸਿੱਖਾਂ ਦੇ ਵੋਟ ਅਧਿਕਾਰ ਸੰਬੰਧੀ ਸੁਪਰੀਮ ਕੋਰਟ ਵਿਚ ਮੁਕੱਦਮਾ ਚੱਲਣ ਕਾਰਨ ਇਨ੍ਹਾਂ ਚੋਣਾਂ 'ਚ ਚੁਣੇ ਗਏ ਸਦਨ ਨੂੰ ਕੰਮ ਕਰਨ ਦਾ ਮੌਕਾ ਲਗਪਗ 5 ਸਾਲ ਦੀ ਦੇਰੀ ਨਾਲ 2016 'ਚ ਮਿਲਿਆ। ਪਿਛਲੀਆਂ ਚੋਣਾਂ ਦੇ ਹਿਸਾਬ ਨਾਲ ਲਗਭਗ 12 ਸਾਲ ਅਤੇ ਸੁਪਰੀਮ ਕੋਰਟ ਦੁਆਰਾ ਸਹਿਜਧਾਰੀ ਸਿੱਖਾਂ ਨੂੰ ਵੋਟ ਦਾ ਅਧਿਕਾਰ ਨਾ ਦੇਣ ਸੰਬੰਧੀ ਨਿਰਣਾ ਲਏ ਜਾਣ ਤੋਂ ਬਾਅਦ 2016 'ਚ ਸਦਨ ਨੂੰ ਮਾਨਤਾ ਮਿਲਣ ਦੇ ਆਧਾਰ 'ਤੇ ਲਗਭਗ 7 ਸਾਲ ਤੋਂ ਉੱਪਰ ਸ਼੍ਰੋਮਣੀ ਕਮੇਟੀ ਦੇ ਮੌਜੂਦਾ ਸਦਨ ਨੂੰ ਹੋ ਚੁੱਕਾ ਹੈ। ਇਸੇ ਕਾਰਨ ਪਿਛਲੇ ਸਮੇਂ ਤੋਂ ਵੱਖ-ਵੱਖ ਪੰਥਕ ਜਥੇਬੰਦੀਆਂ ਸ਼੍ਰੋਮਣੀ ਕਮੇਟੀ ਦੀਆਂ ਆਮ ਚੋਣਾਂ ਕਰਵਾਉਣ ਲਈ ਕੇਂਦਰ ਸਰਕਾਰ ਤੋਂ ਮੰਗ ਕਰਦੀਆਂ ਆ ਰਹੀਆਂ ਹਨ।

ਸ਼੍ਰੋਮਣੀ ਕਮੇਟੀ ਚੋਣਾਂ ਕਰਵਾਉਣ ਦੀ ਅਗਾਊਂ ਪ੍ਰਕਿਰਿਆ ਵਜੋਂ ਕੇਂਦਰੀ ਗ੍ਰਹਿ ਮੰਤਰਾਲੇ ਦੁਆਰਾ ਸਥਾਪਿਤ ਗੁਰਦੁਆਰਾ ਚੋਣ ਕਮਿਸ਼ਨ ਵਲੋਂ ਵੋਟਾਂ ਬਣਾਉਣ ਅਤੇ ਵੋਟਰ ਸੂਚੀਆਂ ਦੀ ਸੁਧਾਈ ਦੀ ਪ੍ਰਕਿਰਿਆ 21 ਅਕਤੂਬਰ 2023 ਤੋਂ 15 ਨਵੰਬਰ 2023 ਤੱਕ ਰੱਖੀ ਗਈ ਸੀ ਪਰ ਇੰਨੇ ਘੱਟ ਸਮੇਂ ਅੰਦਰ ਮਾਮੂਲੀ ਗਿਣਤੀ ਵਿਚ ਵੋਟਰ ਅਰਜ਼ੀਆਂ ਦਾਖ਼ਲ ਹੋਣ ਕਰਕੇ ਸਿੱਖ ਜਥੇਬੰਦੀਆਂ ਦੀ ਮੰਗ 'ਤੇ ਕੇਂਦਰ ਸਰਕਾਰ ਦੇ ਫ਼ੈਸਲੇ ਤੋਂ ਬਾਅਦ ਇਹ ਸਮਾਂ ਸੀਮਾ ਵਧਾ ਕੇ 29 ਫਰਵਰੀ 2024 ਕਰ ਦਿੱਤੀ ਗਈ ਸੀ। ਇਸ ਦੇ ਬਾਵਜੂਦ ਸਿੱਖ ਵੋਟਰਾਂ ਅੰਦਰ ਵੋਟਾਂ ਬਣਾਉਣ ਲਈ ਜ਼ਿਕਰਯੋਗ ਉਤਸ਼ਾਹ ਵੇਖਣ ਨੂੰ ਨਹੀਂ ਮਿਲ ਰਿਹਾ। ਵੱਖ-ਵੱਖ ਪੰਥਕ ਜਥੇਬੰਦੀਆਂ ਵਲੋਂ ਵੀ ਸਿੱਖਾਂ ਦੀਆਂ ਵੋਟਾਂ ਬਣਾਉਣ ਲਈ ਵਿਸ਼ੇਸ਼ ਸਰਗਰਮੀ ਨਹੀਂ ਦਿਖਾਈ ਜਾ ਰਹੀ। ਹਾਲਾਂਕਿ ਲੰਘੀ 11 ਜਨਵਰੀ ਨੂੰ ਪੰਜਾਬ ਤੇ ਹਰਿਆਣਾ ਹਾਈਕੋਰਟ ਨੇ ਵੀ ਪੰਜਾਬ ਸਰਕਾਰ ਤੇ ਚੰਡੀਗੜ੍ਹ ਪ੍ਰਸ਼ਾਸਨ ਨੂੰ ਪੁੱਛਿਆ ਹੈ ਕਿ ਸ਼੍ਰੋਮਣੀ ਕਮੇਟੀ ਚੋਣਾਂ ਲਈ ਵੋਟਰ ਸੂਚੀਆਂ ਦਾ ਕੰਮ ਕਦੋਂ ਪੂਰਾ ਹੋਵੇਗਾ? ਪਰ ਸਿੱਖ ਵੋਟਰਾਂ ਅੰਦਰ ਗੁਰਦੁਆਰਾ ਚੋਣਾਂ ਲਈ ਵੋਟਾਂ ਬਣਾਉਣ ਸੰਬੰਧੀ ਉਦਾਸੀਨਤਾ ਚਿੰਤਾ ਪੈਦਾ ਕਰਨ ਵਾਲੀ ਹੈ। ਇਸੇ ਦੇ ਮੱਦੇਨਜ਼ਰ ਵੱਖ-ਵੱਖ ਜ਼ਿਲ੍ਹਿਆਂ 'ਚ ਡਿਪਟੀ ਕਮਿਸ਼ਨਰ-ਕਮ-ਜ਼ਿਲ੍ਹਾ ਚੋਣ ਅਫ਼ਸਰਾਂ ਵਲੋਂ ਇਨ੍ਹਾਂ ਦਿਨਾਂ 'ਚ ਸ਼ ?ਰੋਮਣੀ ਕਮੇਟੀ ਦੀਆਂ ਵੋਟਾਂ ਬਣਾਉਣ ਦੇ ਕੈਂਪ ਵੀ ਲਗਾਉਣ ਦੇ ਐਲਾਨ ਵੀ ਕੀਤੇ ਜਾ ਰਹੇ ਹਨ ਤਾਂ ਜੋ ਵੱਧ ਤੋਂ ਵੱਧ ਸਿੱਖ ਵੋਟਰ ਗੁਰਦੁਆਰਾ ਚੋਣਾਂ ਦੀਆਂ ਆਪਣੀਆਂ ਵੋਟਾਂ ਬਣਵਾ ਸਕਣ।

**ਵੋਟਾਂ ਬਣਾਉਣੀਆਂ ਕਿਉਂ ਜ਼ਰੂਰੀ :** ਚੋਣ ਅਮਲ ਨੂੰ ਲੋਕਤੰਤਰ ਦਾ ਜਸ਼ਨ ਆਖਿਆ ਜਾਂਦਾ ਹੈ, ਕਿਉਂਕਿ ਹਰੇਕ ਸੰਵਿਧਾਨਿਕ ਸੰਸਥਾ ਨੂੰ ਸਹੀ ਰੂਪ ਵਿਚ ਕੰਮ-ਕਾਜ ਕਰਨ ਲਈ ਉਸ ਦਾ ਜਮਹੂਰੀ ਅਭਿਆਸ, ਜੋ ਕਿ ਚੋਣਾਂ ਰਾਹੀਂ ਹੁੰਦਾ ਹੈ, ਬਹੁਤ ਜ਼ਰੂਰੀ ਹੁੰਦਾ ਹੈ। ਹਰੇਕ ਯੋਗ ਵੋਟਰ ਦੁਆਰਾ ਆਪਣੀ ਵੋਟ ਦੇ ਸਹੀ ਅਧਿਕਾਰ ਦੀ ਵਰਤੋਂ ਕਰਨ ਤੋਂ ਬਗੈਰ ਨਿਰਪੱਖ ਅਤੇ ਸੰਪੂਰਨ ਚੋਣਾਂ ਸੰਭਵ ਨਹੀਂ ਹੁੰਦੀਆਂ।

'ਸਿੱਖ ਗੁਰਦੁਆਰਾ ਐਕਟ-1925' ਤਹਿਤ ਕਾਰਜਸ਼ੀਲ ਹੁੰਦੀ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ 'ਚ ਹਿੱਸਾ ਲੈਣ ਵਾਲੀਆਂ ਪੰਥਕ ਪਾਰਟੀਆਂ ਗੁਰਦੁਆਰਾ ਪ੍ਰਬੰਧਾਂ ਵਿਚ ਵਧੇਰੇ ਬਿਹਤਰੀ, ਪਾਰਦਰਸ਼ਤਾ ਅਤੇ ਜਵਾਬਦੇਹੀ ਲਿਆਉਣ, ਗੁਰਦੁਆਰਾ ਸੰਸਥਾ ਨੂੰ ਸਿੱਖ ਸਮਾਜ ਦੀ ਧਾਰਮਿਕ, ਵਿੱਦਿਅਕ, ਆਰਥਿਕ ਅਤੇ ਸਮਾਜਿਕ ਬਿਹਤਰੀ ਲਈ ਆਪੋ-ਆਪਣੇ ਏਜੰਡੇ ਸੰਗਤ ਸਾਹਮਣੇ ਰੱਖਦੀਆਂ ਹਨ। ਇਸ ਤਰ੍ਹਾਂ ਸਿੱਖਾਂ ਸਾਹਮਣੇ ਆਪਣੀ ਸੰਵਿਧਾਨਿਕ ਸੰਸਥਾ ਸ਼੍ਰੋਮਣੀ ਕਮੇਟੀ ਦੀ ਵਾਗਡੋਰ ਵਧੇਰੇ ਉੱਤਰਦਾਈ, ਸੁਯੋਗ ਅਤੇ ਪ੍ਰਤੀਬੱਧ ਲੀਡਰਸ਼ਿਪ ਦੇ ਹੱਥਾਂ ਵਿਚ ਦੇਣ ਦੇ ਕਈ ਬਦਲ ਮੌਜੂਦ ਹੁੰਦੇ ਹਨ। ਵੋਟਾਂ ਦੀ ਪ੍ਰਕਿਰਿਆ ਨਾਲ ਚੁਣੀ ਜਾਣ ਵਾਲੀ ਸ਼੍ਰੋਮਣੀ ਕਮੇਟੀ ਦੀ ਸੱਤਾਧਾਰੀ ਲੀਡਰਸ਼ਿਪ ਅਤੇ ਵਿਰੋਧੀ ਧਿਰ ਦੀ ਲੀਡਰਸ਼ਿਪ ਸਮੇਤ ਇਕ ਸੰਪੂਰਨ ਸਦਨ ਹੋਂਦ ਵਿਚ ਆਉਂਦਾ ਹੈ, ਜਿਸ ਨਾਲ ਸੰਸਾਰ ਭਰ ਵਿਚ ਵੱਸਦੇ ਸਿੱਖਾਂ ਦੇ ਸਰਬਪੱਖੀ ਹਿਤਾਂ ਦੀ ਨੁਮਾਇੰਦਗੀ ਕਰਨ ਲਈ ਸ਼੍ਰੋਮਣੀ ਕਮੇਟੀ ਨੂੰ ਰਾਜਨੀਤਕ ਤੇ ਧਾਰਮਿਕ ਸ਼ਕਤੀ ਹਾਸਲ ਹੁੰਦੀ ਹੈ। ਜੇਕਰ ਸ਼੍ਰੋਮਣੀ ਕਮੇਟੀ ਚੋਣਾਂ ਲਈ ਹਰੇਕ ਸਿੱਖ ਵੋਟ ਨਹੀਂ ਬਣਾਵੇਗਾ ਤਾਂ ਮਤਦਾਨ ਦੁਆਰਾ ਸਿੱਖ ਸੰਸਥਾ ਦੀ ਵਾਗਡੋਰ ਬਿਹਤਰੀਨ ਅਤੇ ਸਮੇਂ ਦੀ ਹਾਣੀ ਲੀਡਰਸ਼ਿਪ ਦੇ ਹੱਥਾਂ ਵਿਚ ਨਹੀਂ ਸੌਂਪੀ ਜਾ ਸਕਦੀ। ਇਸ ਕਰਕੇ ਸ਼੍ਰੋਮਣੀ ਕਮੇਟੀ ਦੀਆਂ ਸਮੇਂ ਸਿਰ ਆਮ ਚੋਣਾਂ ਹੋਣੀਆਂ ਅਤੇ ਮਤਦਾਨ ਵਿਚ ਹਰੇਕ ਸਿੱਖ ਦੀ ਸ਼ਮੂਲੀਅਤ ਯਕੀਨੀ ਬਣਾਉਣ ਲਈ, ਹਰੇਕ ਉਸ ਸਿੱਖ ਮਰਦ ਅਤੇ ਔਰਤ ਦੀ ਵੋਟ ਬਣਨੀ ਨਿਹਾਇਤ ਜ਼ਰੂਰੀ ਹੈ, ਜੋ ਕਿ ਘੱਟੋ-ਘੱਟ 21 ਸਾਲ ਦੀ ਉਮਰ ਦਾ ਹੋਵੇ ਅਤੇ ਉਹ ਸਿੱਖ ਧਰਮ ਦੇ ਅਸੂਲਾਂ ਮੁਤਾਬਿਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੰਨਣ ਵਾਲਾ ਅਤੇ ਨਸ਼ਾ ਰਹਿਤ, ਸਾਬਤ-ਸੂਰਤ ਕੇਸਾਧਾਰੀ ਹੋਵੇ।

ਸ਼੍ਰੋਮਣੀ ਕਮੇਟੀ ਦੀਆਂ ਵੋਟਾਂ ਬਣਾਉਣ ਦੀ ਅਹਿਮੀਅਤ ਭਾਰਤ 'ਚ ਇਕ ਘੱਟ-ਗਿਣਤੀ ਕੌਮ ਵਜੋਂ 'ਸਿੱਖਾਂ' ਲਈ ਆਪਣੀ ਆਬਾਦੀ ਨੂੰ ਅਧਿਕਾਰਤ ਤੌਰ 'ਤੇ ਰਿਕਾਰਡ ਵਿਚ ਲਿਆਉਣ ਲਈ ਵੀ ਵੱਧ ਜਾਂਦੀ ਹੈ, ਜਿਸ ਨੇ ਕਿ ਦੇਸ਼ ਅੰਦਰ ਸਿੱਖਾਂ ਦੀ ਰਾਜਨੀਤਕ, ਸਮਾਜਿਕ ਅਤੇ ਭੂਗੋਲਿਕ ਦਸ਼ਾ ਤੇ ਦਿਸ਼ਾ ਵੀ ਤੈਅ ਕਰਨੀ ਹੁੰਦੀ ਹੈ। ਪਿਛਲੀ ਵਾਰ 2011 'ਚ ਹੋਈਆਂ ਸ਼੍ਰੋਮਣੀ ਕਮੇਟੀ ਚੋਣਾਂ 'ਚ ਸਿੱਖ ਵੋਟਰਾਂ ਦੀ ਕੁੱਲ ਗਿਣਤੀ 56,40,943 ਸੀ, ਜਿਨ੍ਹਾਂ ਵਿਚੋਂ 52.69 ਲੱਖ ਵੋਟਰ ਪੰਜਾਬ ਤੋਂ ਅਤੇ 3.37 ਲੱਖ ਵੋਟਰ ਹਰਿਆਣਾ, 23,011 ਹਿਮਾਚਲ ਪ੍ਰਦੇਸ਼ ਅਤੇ 11,932 ਚੰਡੀਗੜ੍ਹ ਤੋਂ ਸਨ। ਜੇਕਰ ਹਰੇਕ ਯੋਗ ਸਿੱਖ ਵੋਟਰ ਆਪਣੀ ਗੁਰਦੁਆਰਾ ਵੋਟ ਬਣਾਉਣੀ ਯਕੀਨੀ ਬਣਾਵੇ ਤਾਂ ਸਿੱਖਾਂ ਦੀ ਆਬਾਦੀ ਵਿਚ ਵਾਧੇ ਜਾਂ ਘਾਟੇ ਦੇ ਸਹੀ ਅੰਕੜੇ ਵੀ ਸਾਹਮਣੇ ਆ ਸਕਦੇ ਹਨ।

ਸੋ, ਸ਼੍ਰੋਮਣੀ ਕਮੇਟੀ ਨੂੰ ਸਿੱਖਾਂ ਦੀ ਸਮਰੱਥ ਅਤੇ ਪਾਰਲੀਮੈਂਟਰੀ ਸੰਸਥਾ ਵਜੋਂ ਸਥਾਪਿਤ ਰੱਖਣ ਅਤੇ ਵਧੇਰੇ ਸਿਹਤਮੰਦ/ਸ਼ਕਤੀਸ਼ਾਲੀ ਬਣਾਉਣ ਲਈ ਹਰੇਕ ਸਿੱਖ ਨੂੰ ਇਸ ਦੀਆਂ ਚੋਣਾਂ ਸੰਬੰਧੀ ਵੋਟਾਂ ਬਣਾਉਣ ਵਿਚ ਆਪਣੀ ਬਣਦੀ ਜ਼ਿੰਮੇਵਾਰੀ ਨਿਭਾਉਣੀ ਚਾਹੀਦੀ ਹੈ। ਸ਼ ?ਰੋਮਣੀ ਅਕਾਲੀ ਦਲ, ਜਿਸ ਦਾ ਕਿ ਸ਼੍ਰੋਮਣੀ ਕਮੇਟੀ ਵਿਚ ਬਹੁਮਤ ਹੈ ਉਸ ਦੇ ਸਮੇਤ ਸਾਰੀਆਂ ਪੰਥਕ ਜਥੇਬੰਦੀਆਂ ਅਤੇ ਪੰਥ-ਪ੍ਰਸਤ ਲੋਕਾਂ ਨੂੰ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਲਈ ਵੱਧ ਤੋਂ ਵੱਧ ਯੋਗ ਸਿੱਖਾਂ ਦੀਆਂ ਵੋਟਾਂ ਬਣਾਉਣ ਲਈ ਸਰਗਰਮੀ ਨਾਲ ਕੰਮ ਕਰਨਾ ਚਾਹੀਦਾ ਹੈ।

# ਸ੍ਰੀ ਮੁਕਤਸਰ ਸਾਹਿਬ ਦੇ ਗੁਰਦੁਆਰਿਆਂ ਦਾ ਇਤਿਹਾਸ



**ਰਣਜੀਤ ਸਿੰਘ ਢਿੱਲੋਂ ਭੁੱਟੀਵਾਲਾ**

ਸ੍ਰੀ ਮੁਕਤਸਰ ਸਾਹਿਬ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਚਰਨਛੋਹ ਪ੍ਰਾਪਤ ਧਰਤੀ ਹੈ। ਖਿਦਰਾਣੇ ਦੀ ਇਸ ਢਾਬ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ 'ਮੁਕਤੀ ਦੇ ਸਰ' ਦਾ ਵਰਦਾਨ ਬਖ਼ਸ਼ਿਆ ਸੀ। ਦਸਮੇਸ਼ ਪਿਤਾ ਨੇ ਇਸ ਅਸਥਾਨ 'ਤੇ ਮੁਗ਼ਲ ਸਾਮਰਾਜ ਦੇ ਜ਼ੁਲਮ ਵਿਰੁੱਧ ਆਖ਼ਰੀ ਜੰਗ ਲੜ ਕੇ ਜ਼ਾਲਮਾਂ ਦਾ ਖ਼ਾਤਮਾ ਕੀਤਾ। ਸ੍ਰੀ ਅਨੰਦਪੁਰ ਸਾਹਿਬ ਤੋਂ ਗੁਰੂ ਜੀ ਨੂੰ ਬੇਦਾਵਾ ਦੇ ਕੇ ਵਾਪਸ ਗਏ ਸਿੰਘਾਂ ਨੇ ਮਾਈ ਭਾਗੋ ਦੀ ਪ੍ਰੇਰਣਾ ਸਦਕਾ ਵਾਪਸ ਖਿਦਰਾਣੇ ਦੀ ਢਾਬ 'ਤੇ ਹੋਈ ਜੰਗ 'ਚ ਗੁਰੂ ਜੀ ਦਾ ਸਾਥ ਦਿੱਤਾ ਅਤੇ ਆਪਣਾ ਬੇਦਾਵਾ ਪੜਵਾ ਕੇ ਟੁੱਟੀ ਗੰਢੀ। ਦਸਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਜੀ ਨੇ ਇਨ੍ਹਾਂ 40 ਸਿੱਖਾਂ ਦੀ ਟੁੱਟੀ ਗੰਢ ਕੇ ਖਿਦਰਾਣੇ ਦੀ ਇਸ ਧਰਤੀ ਨੂੰ 'ਮੁਕਤੀ ਦਾ ਸਰ' (ਸ੍ਰੀ ਮੁਕਤਸਰ ਸਾਹਿਬ) ਦਾ ਵਰਦਾਨ ਬਖ਼ਸ਼ਿਆ। ਮਾਘੀ ਦੇ ਅਵਸਰ 'ਤੇ ਦੇਸ਼-ਵਿਦੇਸ਼ ਤੋਂ ਲੱਖਾਂ ਸ਼ਰਧਾਲੂ ਸ੍ਰੀ ਮੁਕਤਸਰ ਸਾਹਿਬ ਵਿਖੇ ਪਹੁੰਚ ਕੇ ਇਤਿਹਾਸਕ ਗੁਰਦੁਆਰਿਆਂ ਦੇ ਦਰਸ਼ਨ ਕਰਦੇ ਹਨ ਅਤੇ ਪਵਿੱਤਰ ਮੁਕਤ ਸਰੋਵਰ 'ਚ ਇਸ਼ਨਾਨ ਕਰਕੇ 40 ਮੁਕਤਿਆਂ ਨੂੰ ਸ਼ਰਧਾ ਦੇ ਫ਼ੁੱਲ ਭੇਟ ਕਰਦੇ ਹਨ। ਸ਼ਹਿਰ 'ਚ ਵੱਖ-ਵੱਖ ਇਤਿਹਾਸਕ ਗੁਰਦੁਆਰਿਆਂ ਬਾਰੇ ਜਾਣਕਾਰੀ ਇਸ ਪ੍ਰਕਾਰ ਹੈ:

ਗੁਰਦੁਆਰਾ ਟੁੱਟੀ ਗੰਢੀ ਸਾਹਿਬ: ਗੁਰਦੁਆਰਾ ਟੁੱਟੀ ਗੰਢੀ ਸਾਹਿਬ (ਸ੍ਰੀ ਦਰਬਾਰ ਸਾਹਿਬ) ਸ਼ਹਿਰ ਦੇ ਵਿਚਕਾਰ ਹੈ, ਜਿੱਥੇ ਮਾਘੀ ਵਾਲੇ ਦਿਨ ਅਤੇ ਹਰ ਮੱਸਿਆ ਨੂੰ ਸੰਗਤਾਂ ਦਾ ਭਾਰੀ ਇਕੱਠ ਹੁੰਦਾ ਹੈ ਤੇ ਸੰਗਤਾਂ ਪਵਿੱਤਰ ਮੁਕਤ ਸਰੋਵਰ ਵਿਚ ਇਸ਼ਨਾਨ ਕਰਦੀਆਂ ਹਨ। ਗੁਰਦੁਆਰਾ ਟੁੱਟੀ ਗੰਢੀ ਸਾਹਿਬ ਉਹ ਅਸਥਾਨ ਹੈ, ਜਿੱਥੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਚਾਲੀ ਭੁੱਲੜ ਸਿੰਘਾਂ ਦਾ ਬੇਦਾਵਾ ਭਾਈ ਮਹਾਂ ਸਿੰਘ ਦੇ ਸਾਹਮਣੇ ਪਾੜ ਕੇ ਮੁਕਤੀ ਪ੍ਰਦਾਨ ਕੀਤੀ ਅਤੇ ਟੁੱਟੀ ਗੰਢੀ।

ਗੁਰਦੁਆਰਾ ਤੰਬੂ ਸਾਹਿਬ: ਗੁਰਦੁਆਰਾ ਤੰਬੂ ਸਾਹਿਬ ਸ੍ਰੀ ਦਰਬਾਰ ਸਾਹਿਬ ਦੀ ਪਰਿਕਰਮਾ 'ਚ ਹੈ। ਇਸ ਅਸਥਾਨ 'ਤੇ ਚਾਲੀ ਮੁਕਤਿਆਂ ਨੇ ਤੁਰਕਾਂ ਨਾਲ ਜੰਗ ਕਰਨ ਤੋਂ ਪਹਿਲਾਂ ਉਨ੍ਹਾਂ ਦੀ ਫੌਜ ਆਉਂਦੀ ਵੇਖ ਕੇ ਝਾੜਾਂ ਅਤੇ ਕਰੀਰਾਂ ਦੇ ਝੁੰਡਾਂ 'ਤੇ ਕੱਪੜੇ ਅਤੇ ਚਾਦਰੇ ਤਾਣ ਦਿੱਤੇ ਸਨ ਤਾਂ ਕਿ ਦੁਸ਼ਮਣ ਦੀ ਫ਼ੌਜ ਨੂੰ ਸਿੱਖਾਂ ਦੇ ਤੰਬੂ ਲੱਗੇ ਦੇਖ ਕੇ ਬਹੁਤੀ ਫ਼ੌਜ ਦਾ ਅਨੁਮਾਨ ਹੋਵੇ।

ਗੁਰਦੁਆਰਾ ਸ਼ਹੀਦ ਗੰਜ ਸਾਹਿਬ: ਇਸ ਜਗ ?ਹਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਹੱਥੀ ਚਿਖਾ ਤਿਆਰ ਕਰ ਕੇ ਚਾਲੀ ਮੁਕਤਿਆਂ ਦਾ ਅੰਤਿਮ ਸਸਕਾਰ ਕੀਤਾ ਸੀ, ਜੋ ਇਸ ਧਰਮ ਯੁੱਧ 'ਚ ਸ਼ਹੀਦ ਹੋਏ ਸਨ। ਇੱਥੇ ਹਰ ਸਾਲ 3 ਮਈ ਨੂੰ 'ਸ਼ਹੀਦੀ ਦਿਵਸ' ਮਨਾਇਆ ਜਾਂਦਾ ਹੈ।

ਗੁਰਦੁਆਰਾ ਟਿੱਬੀ ਸਾਹਿਬ: ਇਹ ਗੁਰਦੁਆਰਾ ਸ਼ਹਿਰ ਤੋਂ ਤਕਰੀਬਨ ਦੋ ਕਿਲੋਮੀਟਰ ਦੂਰ ਹੈ। ਇੱਥੇ ਰੇਤਲਾ ਉੱਚਾ ਟਿੱਬਾ ਸੀ ਅਤੇ ਜੰਗਲ ਸੀ। ਇੱਥੋਂ ਦਸਮ ਪਿਤਾ ਜੀ ਮੁਗ਼ਲ ਸੈਨਾ, ਜੋ ਨਵਾਬ ਵਜ਼ੀਰ ਖਾਨ ਸੂਬਾ ਸਰਹਿੰਦ ਦੇ ਅਧੀਨ ਗੁਰੂ ਸਾਹਿਬ ਦਾ ਪਿੱਛਾ ਕਰਦੀ ਹੋਈ ਆਈ ਤੇ ਖਿਦਰਾਣੇ ਦੇ ਅਸਥਾਨ ਤੇ ਚਾਲੀ ਮੁਕਤਿਆਂ ਨਾਲ ਲੜ ਰਹੀ ਸੀ ਤਾਂ ਗੁਰੂ ਜੀ ਉੱਚੀ ਟਿੱਬੀ ਤੋਂ ਤੀਰ ਚਲਾਉਂਦੇ ਰਹੇ।

ਗੁਰਦੁਆਰਾ ਦਾਤਣਸਰ ਸਾਹਿਬ: ਇਹ ਗੁਰਦੁਆਰਾ ਟਿੱਬੀ ਸਾਹਿਬ ਤੋਂ ਅੱਧਾ ਕਿਲੋਮੀਟਰ ਦੂਰ ਹੈ। ਗੁਰੂ ਜੀ ਇਸ ਸਥਾਨ 'ਤੇ ਦਾਤਣ ਕੁਰਲਾ ਕਰਿਆ ਕਰਦੇ ਸਨ। ਇਕ ਦਿਨ ਗੁਰੂ ਜੀ ਦਾਤਨ ਕਰ ਰਹੇ ਸਨ ਕਿ ਅਜਿਹੀ ਘਟਨਾ ਵਾਪਰੀ ਕਿ ਇਕ ਗ਼ਦਾਰ ਮੁਸਲਮਾਨ ਨੂਰ ਦੀਨ ਜੋ ਕਿ ਨਿਹੰਗ ਸਿੰਘ ਦੇ ਭੇਸ ਵਿਚ ਸੀ, ਪਿਛਲੇ ਪਾਸਿਓਂ ਦੀ ਹੋ ਕੇ ਗੁਰੂ ਜੀ 'ਤੇ ਤਲਵਾਰ ਚਲਾ ਦਿੱਤੀ। ਗੁਰੂ ਸਾਹਿਬ ਨੇ ਬੜੀ ਫੁਰਤੀ ਨਾਲ ਵਾਰ ਰੋਕ ਲਿਆ ਤੇ ਪਾਣੀ ਵਾਲਾ ਗੜਵਾ ਅਜਿਹਾ ਜ਼ੋਰ ਨਾਲ ਮਾਰਿਆ ਕਿ ਉਸ ਦਾ ਕੌਡਾ ਉਥੇ ਹੀ ਚਿੱਤ ਕਰ ਦਿੱਤਾ। ਇਥੇ 'ਗੁਰਦੁਆਰਾ ਦਾਤਣਸਰ ਸਾਹਿਬ' ਮੌਜੂਦ ਹੈ।

ਗੁਰਦੁਆਰਾ ਰਕਾਬਸਰ ਸਾਹਿਬ: ਇਹ ਗੁਰਦੁਆਰਾ ਟਿੱਬੀ ਸਾਹਿਬ ਦੇ ਨੇੜੇ ਹੈ। ਇੱਥੋਂ ਦਸਮੇਸ਼ ਪਿਤਾ ਜੀ ਖ਼ਿਦਰਾਣੇ ਦੀ ਰਣਭੂਮੀ ਵੱਲ ਚਾਲੇ ਪਾਉਣ ਲਈ ਘੋੜੇ 'ਤੇ ਚੜ੍ਹਨ ਲੱਗੇ ਤਾਂ ਰਕਾਬ ਟੁੱਟ ਗਈ। ਇਹ ਰਕਾਬ ਅੱਜ ਵੀ ਇੱਥੇ ਮੌਜੂਦ ਹੈ। ਇੱਥੇ 'ਗੁਰਦੁਆਰਾ ਰਕਾਬਸਰ ਸਾਹਿਬ' ਬਣਿਆ ਹੋਇਆ ਹੈ।

ਗੁਰਦੁਆਰਾ ਗੁਰੂ ਕਾ ਖੂਹ ਪਾਤਿਸ਼ਾਹੀ ਦਸਵੀਂ: ਇਹ ਗੁਰਦੁਆਰਾ ਟਿੱਬੀ ਸਾਹਿਬ ਦੇ ਨੇੜੇ ਹੈ। ਇਸ ਇਲਾਕੇ 'ਚ ਪਾਣੀ ਖਾਰਾ ਹੋਣ ਕਰਕੇ ਸੰਗਤਾਂ ਦੀ ਬੇਨਤੀ ਪ੍ਰਵਾਨ ਕਰਦੇ ਹੋਏ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਤੀਰ ਛੱਡਿਆ, ਜੋ ਇਸ ਅਸਥਾਨ ਉਤੇ ਡਿੱਗਿਆ ਅਤੇ ਮਿੱਠਾ ਜਲ ਪ੍ਰਗਟ ਹੋਇਆ। ਗੁਰੂ ਜੀ ਨੇ ਇਸ ਖੂਹ ਨੂੰ ਅਨੇਕਾਂ ਵਰ ਦਿੱਤੇ ਅਤੇ ਕਿਹਾ ਕਿ ਇਸ ਜਲ ਨਾਲ ਸਰੀਰਕ ਦੁੱਖ-ਦਰਦ ਵੀ ਦੂਰ ਹੋਣਗੇ। ਇਸ ਜਗ ?ਹਾ 'ਤੇ 'ਗੁਰਦੁਆਰਾ ਗੁਰੂ ਕਾ ਖੂਹ' ਸੁਸ਼ੋਭਿਤ ਹੈ। ਇਸ ਜਗ ?ਹਾ 'ਤੇ ਹਰ ਸਾਲ ਸੰਗਤਾਂ ਵਲੋਂ ਕੀਰਤਨ ਦਰਬਾਰ ਕਰਵਾਇਆ ਜਾਂਦਾ ਹੈ।

ਮੀਨਾਰ-ਏ-ਮੁਕਤੇ: ਮਿੰਨੀ ਸਕੱਤਰੇਤ ਦੇ ਨੇੜੇ ਚਾਲੀ ਮੁਕਤਿਆਂ ਦੀ ਯਾਦਗਾਰ 'ਮੀਨਾਰ-ਏ-ਮੁਕਤੇ' 4 ਮਈ, 2006 ਵਿਚ ਤਿਆਰ ਕੀਤੀ ਗਈ ਹੈ, ਜਿਸ 'ਚ 80 ਫੁੱਟ ਉੱਚਾ ਵਿਲੱਖਣ ਖੰਡਾ ਤਿਆਰ ਕੀਤਾ ਗਿਆ ਹੈ, ਜਿਸ 'ਤੇ ਚਾਲੀ ਮੁਕਤਿਆਂ ਨੂੰ ਸਮਰਪਿਤ ਚਾਲੀ ਗੋਲ ਚੱਕਰ ਹਨ ਤੇ ਯਾਦਗਾਰ 'ਤੇ ਚਾਲੀ ਮੁਕਤਿਆਂ ਦੇ ਨਾਂਅ ਅੰਕਿਤ ਹਨ। ਇਸ ਤੋਂ ਇਲਾਵਾ ਸ਼ਹਿਰ ਨੂੰ ਆਉਣ ਵਾਲੀਆਂ ਮੁੱਖ ਸੜਕਾਂ 'ਤੇ ਭਾਈ ਦਾਨ ਸਿੰਘ, ਭਾਈ ਲੰਗਰ ਸਿੰਘ, ਭਾਈ ਮਹਾਂ ਸਿੰਘ ਅਤੇ ਮਾਤਾ ਭਾਗ ਕੌਰ ਦੇ ਨਾਂਅ 'ਤੇ ਯਾਦਗਾਰੀ ਗੇਟ ਉਸਾਰੇ ਗਏ ਹਨ। ਸ੍ਰੀ ਮੁਕਤਸਰ ਸਾਹਿਬ ਦੀ ਪਾਵਨ ਧਰਤੀ ਇਨ੍ਹਾਂ ਅਮਰ ਸ਼ਹੀਦਾਂ ਦੇ ਖ਼ੂਨ ਨਾਲ ਸਿੰਜੀ ਹੋਈ ਹੈ ਜਿਨ੍ਹਾਂ ਦੀ ਬਦੌਲਤ ਦਸਮ ਪਾਤਸ਼ਾਹ ਨੇ ਖਿਦਰਾਣੇ ਦੀ ਢਾਬ ਨੂੰ ਮੁਕਤੀ ਦਾ ਸਰ (ਸ੍ਰੀ ਮੁਕਤਸਰ ਸਾਹਿਬ) ਦਾ ਵਰਦਾਨ ਬਖ਼ਸ਼ਿਆ।

Silicon Valley Gurdwara
ੴ
ਸੰਗਤ ਦਾ ਗੁਰਦੁਆਰਾ

ਹੱਕ ਹੱਕ ਆਗਾਹ ਗੁਰ ਗੋਬਿੰਦ ਸਿੰਘ ਸ਼ਾਹਿ ਸ਼ਹਨਸ਼ਾਹ ਗੁਰ ਗੋਬਿੰਦ ਸਿੰਘ

# ਸਾਹਿਬ-ਏ-ਕਮਾਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ 'ਤੇ ਵਿਸ਼ੇਸ਼ ਸਮਾਗਮ

## ਗੁਰਦੁਆਰਾ ਸਾਹਿਬ ਸਿਲੀਕੋਨ ਵੈਲੀ ਕੈਲੀਫੋਰਨੀਆ ਵਿਖੇ ਸ਼ਰਧਾ ਅਤੇ ਸੇਵਾ ਨਾਲ ਮਨਾਇਆ ਗਿਆ









ਸਿਲੀਕੋਨ ਵੈਲੀ ਕੈਲੀਫੋਰਨੀਆ : ਗੁਰਦੁਆਰਾ ਸਾਹਿਬ ਸਿਲੀਕੋਨ ਵੈਲੀ ਕੈਲੀਫੋਰਨੀਆ ਵਿਖੇ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪਾਵਨ ਦਿਹਾੜਾ ਸ਼ਰਧਾ ਅਤੇ ਸੇਵਾ ਨਾਲ ਮਨਾਇਆ ਗਿਆ, ਜਿਸ ਵਿਚ ਪੰਥ ਦੇ ਮਹਾਨ ਕੀਰਤਨੀਏ ਅਤੇ ਕਥਾ ਵਾਚਕਾਂ ਨੇ ਸੰਗਤਾਂ ਨੂੰ ਗੁਰਬਾਣੀ ਅਤੇ ਗੁਰੂ ਸਾਹਿਬ ਜੀ ਦੇ ਲਾਸਾਨੀ ਇਤਿਹਾਸ ਉਪਰ ਚਾਨਣਾ ਪਾਇਆ। ਗੁਰੂਘਰ ਦੀ ਸੰਗਤ ਵਲੋਂ ਤਿੰਨ ਦਿਨ ਲਗਾਤਾਰ ਸੇਵਾ ਕੀਤੀ ਗਈ । ਪਰਿਵਾਰਾਂ ਦੇ ਪਰਿਵਾਰ ਗੁਰੂ ਕੇ ਲੰਗਰਾਂ ਦੀ ਸ਼ਰਧਾ ਨਾਲ ਸੇਵਾ ਕਰ ਰਹੇ ਸਨ।

ਪ੍ਰਕਾਸ਼ ਪੁਰਬ ਦੀ ਖੁਸ਼ੀ 'ਚ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ। ਇਸ ਉਪਰੰਤ ਧਾਰਮਿਕ ਸਮਾਗਮ ਕਰਵਾਇਆ ਗਿਆ। ਜਿਸ ਵਿਚ ਭਾਈ ਜਗਜੀਤ ਸਿੰਘ ਜੀ, ਭਾਈ ਅਮੀਰ ਸਿੰਘ ਜੀ ਨੇ ਗੁਰਬਾਣੀ ਕੀਰਤਨ ਕੀਤਾ। ਭਾਈ ਨਵਨੀਤ ਸਿੰਘ ਜੀ ਨੇ ਗੁਰਬਾਣੀ ਵਿਚਾਰ ਰੱਖੇ। ਇਸ ਤੋਂ ਇਲਾਵਾ ਭਾਈ ਗੁਰਮੇਲ ਸਿੰਘ ਜੀ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਾਲਿਆਂ ਨੇ ਗੁਰਬਾਣੀ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ।



ਗੁਰੂਘਰ ਦੇ ਕੀਰਤਨੀਆਂ ਨੇ ਗੁਰਬਾਣੀ ਦੇ ਮਨੋਹਰ ਕੀਰਤਨ ਨਾਲ ਗੁਰੂ ਸਾਹਿਬ ਦੀ ਜੀਵਨੀ ਬਾਰੇ ਵਿਸਥਾਰਪੂਰਵਕ ਚਾਨਣਾ ਪਾਇਆ।

ਪ੍ਰਬੰਧਕ ਕਮੇਟੀ ਵਲੋਂ ਆਈਆਂ ਹੋਈਆਂ ਗੁਰੂ ਕੀਆਂ ਸੰਗਤਾਂ ਦਾ ਧੰਨਵਾਦ ਕੀਤਾ ਅਤੇ ਗੁਰੂ ਕੇ ਲੰਗਰ ਅਤੁੱਟ ਵਰਤਾਏ ਗਏ।

ਹੱਕ ਹੱਕ ਆਗਾਹ ਗੁਰ ਗੋਬਿੰਦ ਸਿੰਘ ਸ਼ਾਹਿ ਸ਼ਹਨਸ਼ਾਹ ਗੁਰ ਗੋਬਿੰਦ ਸਿੰਘ

# ਸਾਹਿਬ-ਏ-ਕਮਾਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ 'ਤੇ ਵਿਸ਼ੇਸ਼ ਸਮਾਗਮ

## ਗੁਰਦੁਆਰਾ ਸਾਹਿਬ ਸਿਲੀਕੋਨ ਵੈਲੀ ਕੈਲੀਫੋਰਨੀਆ ਵਿਖੇ ਸ਼ਰਧਾ ਅਤੇ ਸੇਵਾ ਨਾਲ ਮਨਾਇਆ ਗਿਆ








ਸੱਚਖੰਡ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਸਾਬਕਾ ਹਜ਼ੂਰੀ ਰਾਗੀ ਭਾਈ ਗੁਰਮੇਲ ਸਿੰਘ ਜੀ ਨਿਊਯਾਰਕ ਵਾਲੇ ਅਤੇ ਉਨ੍ਹਾਂ ਦਾ ਜਥਾ





















# 1986 ਸਾਕਾ ਨਕੋਦਰ ਦੇ ਸ਼ਹੀਦਾਂ ਦਾ 38ਵਾਂ ਸ਼ਹੀਦੀ ਦਿਹਾੜਾ ਦੇਸ਼ਾਂ ਵਿਦੇਸ਼ਾਂ 'ਚ ਮਨਾਇਆ ਜਾਵੇਗਾ




ਕੈਲੀਫੋਰਨੀਆ : ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਦਬ ਸਤਿਕਾਰ ਲਈ ਨਕੋਦਰ ਵਿਖੇ 4 ਫਰਵਰੀ 1986 ਨੂੰ ਸ਼ਹਾਦਤਾਂ ਦੀ ਦਾਤ ਪ੍ਰਾਪਤ ਕਰਨ ਵਾਲੇ ਸਾਕਾ ਨਕੋਦਰ ਦੇ ਸ਼ਹੀਦ ਸਿੰਘਾਂ - ਸ਼ਹੀਦ ਭਾਈ ਰਵਿੰਦਰ ਸਿੰਘ, ਸ਼ਹੀਦ ਭਾਈ ਹਰਮਿੰਦਰ ਸਿੰਘ, ਸ਼ਹੀਦ ਭਾਈ ਬਲਧੀਰ ਸਿੰਘ ਅਤੇ ਸ਼ਹੀਦ ਭਾਈ ਝਲਮਣ ਸਿੰਘ ਦੇ 38ਵੇਂ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਸ੍ਰੀ ਅਖੰਡ ਪਾਠ ਸਾਹਿਬ, 2 ਫ਼ਰਵਰੀ ਦਿਨ ਸ਼ੁੱਕਰਵਾਰ ਸਵੇਰ 9:30 ਵਜੇ ਗੁਰਦਵਾਰਾ ਸਾਹਿਬ ਫਰੀਮੌਂਟ, ਕੈਲੀਫ਼ੋਰਨੀਆ ਵਿਖੇ ਅਰੰਭ ਹੋਣਗੇ ਤੇ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ, ਅਰਦਾਸ ਅਤੇ ਸ਼ਹੀਦੀ ਸਮਾਗਮ 4 ਫ਼ਰਵਰੀ ਦਿਨ ਐਤਵਾਰ ਹੋਣਗੇ। ਸਮੂਹ ਮਾਈ ਭਾਈ ਨੂੰ ਬੇਨਤੀ ਹੈ ਕਿ ਪੰਥ ਦੇ ਮਹਾਨ ਸ਼ਹੀਦਾਂ ਨੂੰ ਸ਼ਰਧਾ ਤੇ ਸਤਿਕਾਰ ਭੇਟ ਕਰਨ ਲਈ ਇਨ੍ਹਾਂ ਸਮਾਗਮਾਂ ਵਿੱਚ ਸ਼ਾਮਿਲ ਹੋਕੇ ਗੁਰੂ ਮਹਾਰਾਜ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ

ਭਾਈ ਰਵਿੰਦਰ ਸਿੰਘ ਜੀ ਲਿੱਤਰਾਂ, ਭਾਈ ਹਰਮਿੰਦਰ ਸਿੰਘ ਜੀ ਚਲੂਪੁਰ, ਭਾਈ ਝਿਲਮਣ ਸਿੰਘ ਜੀ ਗੋਰਸੀਆਂ ਅਤੇ ਭਾਈ ਬਲਧੀਰ ਸਿੰਘ ਜੀ ਰਾਮਗੜ੍ਹ ਦੇ 38ਵੇਂ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਸ਼ਹੀਦੀ ਦਿਹਾੜੇ ਦੀਆਂ ਸੰਗਤਾਂ ਨੂੰ ਸਤਿਕਾਰ ਸਹਿਤ ਸੱਦਾ ਦਿੰਦੇ ਹਾਂ। ਇਨ੍ਹਾਂ ਬਹਾਦਰਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਤਿਕਾਰ ਲਈ ਆਪਣੀਆਂ ਜਾਨਾਂ ਕੁਰਬਾਨ ਕੀਤੀਆਂ। ਇਨ੍ਹਾਂ ਬਹਾਦਰ ਸ਼ਹੀਦਾਂ ਨੂੰ ਸ਼ਰਧਾਂਜਲੀ ਦੇਣ ਅਤੇ ਯਾਦ ਕਰਨ ਲਈ ਆਪਣੇ ਪਰਿਵਾਰ ਸਮੇਤ ਹਾਜ਼ਰ ਹੋਵੋ।





ਸਾਕਾ ਨਕੋਦਰ ਦੇ ਸ਼ਹੀਦਾਂ




ਦੇ 38ਵੇਂ ਸ਼ਹੀਦੀ ਦਿਹਾੜੇ ਤੇ ਮਹਾਨ ਸ਼ਹੀਦੀ ਸਮਾਗਮ
4 ਫ਼ਰਵਰੀ 2024, ਦਿਨ ਐਤਵਾਰ ਨੂੰ
ਗੁਰਦਵਾਰਾ ਸਾਹਿਬ ਫਰੀਮੌਂਟ, ਕੈਲੀਫ਼ੋਰਨੀਆ ਵਿਖੇ
ਪੂਰਨ ਸ਼ਰਧਾ ਅਤੇ ਸਤਿਕਾਰ ਸਹਿਤ ਮਨਾਇਆ ਜਾਵੇਗਾ।

ਪ੍ਰੋਗਰਾਮ
10 ਵਜੇ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ
ਉਪਰੰਤ ਕੀਰਤਨ ਸਮਾਗਮ ਅਤੇ ਕਥਾ ਵਿਚਾਰ
12 ਤੋਂ 1 ਵਜੇ ਤੱਕ ਸ਼ਹੀਦ ਸਿੰਘਾਂ ਜੀ ਦੇ ਜੀਵਨ
ਅਤੇ ਸੰਘਰਸ਼ ਸਬੰਧੀ ਵਿਸ਼ੇਸ਼ ਵਿਚਾਰਾਂ ਉਪਰੰਤ ਅਰਦਾਸ ਅਤੇ ਸਮਾਪਤੀ

Address: 300 Gurdwara Road, Fremont CA 94536
Phone: (510) 790-0177


# ਗਣਤੰਤਰ ਦਿਵਸ ਦੀ ਫੁੱਲ ਡਰੈੱਸ ਰਿਹਰਸਲ 'ਚ ਦਿਸਿਆ ਦੇਸ਼ ਭਗਤੀ ਦਾ ਜਜ਼ਬਾ

## -ਵਧੀਕ ਡਿਪਟੀ ਕਮਿਸ਼ਨਰ ਨੇ ਲਹਿਰਾਇਆ ਰਾਸ਼ਟਰੀ ਝੰਡਾ ਅਤੇ ਪਰੇਡ ਦਾ ਕੀਤਾ ਨਿਰੀਖਣ








ਹੁਸ਼ਿਆਰਪੁਰ (ਦਲਜੀਤ ਅਜਨੋਹਾ ਬਿਉਰੋ ਚੀਫ਼) : 75ਵੇਂ ਗਣਤੰਤਰ ਦਿਵਸ ਮੌਕੇ ਜ਼ਿਲ੍ਹਾ ਪੱਧਰੀ ਸਮਾਰੋਹ 26 ਜਨਵਰੀ ਨੂੰ ਸਥਾਨਕ ਪੁਲਿਸ ਲਾਈਨ ਗਰਾਊਂਡ ਵਿਖੇ ਕਰਵਾਇਆ ਜਾ ਰਿਹਾ ਹੈ, ਜਿਸ ਦੌਰਾਨ ਡਿਪਟੀ ਕਮਿਸ਼ਨਰ ਕੋਮਲ ਮਿੱਤਲ ਰਾਸ਼ਟਰੀ ਝੰਡਾ ਲਹਿਰਾਉਣ ਦੀ ਰਸਮ ਅਦਾ ਕਰਨਗੇ। ਇਹ ਜਾਣਕਾਰੀ ਵਧੀਕ ਡਿਪਟੀ ਕਮਿਸ਼ਨਰ (ਜ) ਰਾਹੁਲ ਚਾਬਾ ਨੇ ਅੱਜ ਜ਼ਿਲ੍ਹਾ ਪੱਧਰੀ ਸਮਾਗਮ ਸਬੰਧੀ ਫੁੱਲ ਡਰੈੱਸ ਰਿਹਰਸਲ ਦਾ ਜਾਇਜ਼ਾ ਲੈਣ ਦੌਰਾਨ ਦਿੱਤੀ।

ਵਧੀਕ ਡਿਪਟੀ ਕਮਿਸ਼ਨਰ ਨੇ ਪੁਲਿਸ ਲਾਈਨ ਗਰਾਊਂਡ ਵਿਚ ਅੱਜ ਦੀ ਫੁੱਲ ਡਰੈਸ ਰਿਹਰਸਲ ਦੌਰਾਨ ਰਾਸ਼ਟਰੀ ਝੰਡਾ ਲਹਿਰਾਉਣ ਤੋਂ ਬਾਅਦ ਪਰੇਡ ਦਾ ਨਿਰੀਖਣ ਕੀਤਾ। ਇਸ ਤੋਂ ਬਾਅਦ ਪਰੇਡ ਕਮਾਂਡਰ ਇੰਸਪੈਕਟਰ ਜਸਵੀਰ ਕੌਰ ਦੀ ਅਗਵਾਈ ਵਿਚ ਜ਼ਿਲ੍ਹਾ ਪੁਲਿਸ, ਪੀ.ਆਰ.ਟੀ.ਸੀ ਜਹਾਨਖੇਲਾਂ, ਜ਼ਿਲ੍ਹਾ ਮਹਿਲਾ ਪੁਲਿਸ, ਪੰਜਾਬ ਹੋਮਗਾਰਡਜ਼, ਐਨ.ਸੀ.ਸੀ, ਗਰਲਜ਼ ਗਾਈਡਜ਼, ਬੁਆਏ ਸਕਾਊਟਸ ਅਤੇ ਪੁਲਿਸ ਬੈਂਡ ਵਲੋਂ ਪੂਰੇ ਉਤਸ਼ਾਹ ਅਤੇ ਦੇਸ਼ ਭਗਤੀ ਦੀ ਭਾਵਨਾ ਨਾਲ ਸ਼ਾਨਦਾਰ ਮਾਰਚ ਪਾਸਟ ਕੀਤਾ ਗਿਆ ਅਤੇ ਸਲਾਮੀ ਦਿੱਤੀ ਗਈ। ਇਸ ਮੌਕੇ ਵੱਖ-ਵੱਖ ਸਕੂਲਾਂ ਦੇ ਬੱਚਿਆਂ ਵਲੋਂ ਮਾਸ ਪੀ.ਟੀ ਸ਼ੋਅ, ਸੱਭਿਆਚਾਰਕ ਅਤੇ ਦੇਸ਼ ਭਗਤੀ ਦਾ ਪ੍ਰੋਗਰਾਮ ਵੀ ਪੇਸ਼ ਕੀਤਾ ਗਿਆ ਅਤੇ ਗਿੱਧੇ ਅਤੇ ਭੰਗੜੇ ਦੀਆਂ ਧਮਾਲਾਂ ਪਈਆਂ। ਵਿਦਿਆਰਥੀਆਂ ਵਲੋਂ ਪੇਸ਼ ਕੀਤੇ ਗਏ ਸੱਭਿਆਚਾਰਕ ਪ੍ਰੋਗਰਾਮ ਦੌਰਾਨ ਦੇਸ਼ ਭਗਤੀ ਦਾ ਜਜ਼ਬਾ ਉਮੜ ਰਿਹਾ ਸੀ, ਜਿਸ ਦੀ ਭਰਪੂਰ ਪ੍ਰਸੰਸਾ ਕੀਤੀ ਗਈ। ਅੱਜ ਦੀ ਇਸ ਫੁੱਲ ਡਰੈਸ ਰਿਹਰਸਲ ਵਿਚ ਐਸ.ਐਸ.ਪੀ ਹੁਸ਼ਿਆਰਪੁਰ ਸੁਰੇਂਦਰ ਲਾਂਬਾ ਵੀ ਵਿਸ਼ੇਸ਼ ਤੌਰ 'ਤੇ ਜਨਰਲ ਸਲੂਟ ਲੈਣ ਲਈ ਪਹੁੰਚੇ।

ਵਧੀਕ ਡਿਪਟੀ ਕਮਿਸ਼ਨਰ ਰਾਹੁਲ ਚਾਬਾ ਨੇ ਕਿਹਾ ਕਿ ਇਸ ਮਹੱਤਵਪੂਰਨ ਦਿਵਸ 'ਤੇ ਪੰਜਾਬ ਸਰਕਾਰ ਦੇ ਵੱਖ-ਵੱਖ ਵਿਕਾਸ ਕੰਮਾਂ ਅਤੇ ਯੋਜਨਾਵਾਂ ਨੂੰ ਦਰਸਾਉਂਦੀਆਂ ਝਾਕੀਆਂ ਵੀ ਕੱਢੀਆਂ ਜਾਣਗੀਆਂ। ਉਨ੍ਹਾਂ ਕਿਹਾ ਕਿ ਸਮਾਰੋਹ ਦੌਰਾਨ ਜਿਥੇ ਆਜ਼ਾਦੀ ਘੁਲਾਟੀਆਂ ਨੂੰ ਸਨਮਾਨਿਤ ਕੀਤਾ ਜਾਵੇਗਾ, ਉਥੇ ਵਿਲੱਖਣ ਪ੍ਰਾਪਤੀ ਵਾਲੀਆਂ ਸਖਸ਼ੀਅਤਾਂ ਨੂੰ ਸਨਮਾਨਿਤ ਵੀ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਰੈੱਡ ਕਰਾਸ ਸੋਸਾਇਟੀ ਵਲੋਂ ਲੋੜਵੰਦਾਂ ਨੂੰ ਟਰਾਈ-ਸਾਈਕਲ, ਵੀਲ੍ਹ ਚੇਅਰਜ਼ ਅਤੇ ਸਿਲਾਈ ਮਸ਼ੀਨਾਂ ਵੀ ਦਿੱਤੀਆਂ ਜਾਣਗੀਆਂ। ਫੁੱਲ ਡਰੈੱਸ ਰਿਹਰਸਲ ਤੋਂ ਬਾਅਦ ਉਨ੍ਹਾਂ ਜ਼ਿਲ੍ਹਾ ਅਧਿਕਾਰੀਆਂ ਨਾਲ ਮੀਟਿੰਗ ਕਰਕੇ ਹਦਾਇਤ ਕੀਤੀ ਕਿ ਜ਼ਿਲ੍ਹਾ ਪੱਧਰੀ ਸਮਾਰੋਹ ਦੇ ਪ੍ਰਬੰਧਾਂ ਵਿਚ ਕਿਸੇ ਵੀ ਤਰ੍ਹਾਂ ਦੀ ਕੋਈ ਕਮੀ ਨਹੀਂ ਰਹਿਣੀ ਚਾਹੀਦੀ। ਉਨ੍ਹਾਂ ਨੇ ਗਣਤੰਤਰ ਦਿਵਸ 'ਤੇ ਜ਼ਿਲ੍ਹਾ ਪੁਲਿਸ ਨੂੰ ਸੁਰੱਖਿਆ ਪ੍ਰਬੰਧਾਂ ਸਬੰਧੀ ਉਚਿਤ ਪ੍ਰਬੰਧ ਕਰਨ ਲਈ ਕਿਹਾ, ਉਥੇ ਪਾਰਕਿੰਗ ਦੇ ਪੁਖਤਾ ਪ੍ਰਬੰਧ ਕਰਨ ਦੀ ਵੀ ਹਦਾਇਤ ਕੀਤੀ। ਉਨ੍ਹਾਂ ਕਿਹਾ ਕਿ ਸਮਾਗਮ ਵਾਲੀ ਜਗ੍ਹਾ 'ਤੇ ਸਾਫ਼-ਸਫ਼ਾਈ, ਪੀਣ ਵਾਲਾ ਪਾਣੀ, ਅਸਥਾਈ ਪਖਾਨੇ ਆਦਿ ਦੇ ਪ੍ਰਬੰਧਾਂ ਤੋਂ ਇਲਾਵਾ ਸਿਹਤ ਵਿਭਾਗ ਵਲੋਂ ਮੈਡੀਕਲ ਟੀਮ ਤਾਇਨਾਤ ਕਰਨ ਦੇ ਪ੍ਰਬੰਧ ਨੂੰ ਵੀ ਯਕੀਨੀ ਬਣਾਇਆ ਜਾਵੇ। ਉਨ੍ਹਾਂ ਕਿਹਾ ਕਿ ਗਣਤੰਤਰ ਦਿਵਸ ਮੌਕੇ ਜ਼ਿਲ੍ਹਾ ਪੱਧਰੀ ਸਮਾਰੋਹ ਪ੍ਰਭਾਵਸ਼ਾਲੀ ਢੰਗ ਨਾਲ ਮਨਾਇਆ ਜਾਵੇਗਾ। ਉਨ੍ਹਾਂ ਇਸ ਸਮਾਰੋਹ ਵਿਚ ਜ਼ਿਲ੍ਹਾ ਵਾਸੀਆਂ ਨੂੰ ਵੱਧ ਤੋਂ ਵੱਧ ਗਿਣਤੀ ਵਿਚ ਪਹੁੰਚਣ ਦੀ ਅਪੀਲ ਕੀਤੀ। ਉਨ੍ਹਾਂ ਨੇ ਸਮੂਹ ਵਿਭਾਗਾਂ ਨੂੰ ਆਪਣੀ ਹਾਜ਼ਰੀ ਯਕੀਨੀ ਬਣਾਉਣ ਲਈ ਵੀ ਕਿਹਾ।

ਇਸ ਮੌਕੇ ਐਸ.ਡੀ.ਐਮ ਹੁਸ਼ਿਆਰਪੁਰ ਪ੍ਰੀਤਇੰਦਰ ਸਿੰਘ ਬੈਂਸ, ਐਸ.ਪੀ. (ਹੈੱਡਕੁਆਟਰ) ਮਨਜੀਤ ਕੌਰ, ਡੀ. ਐਸ. ਪੀ ਪਲਵਿੰਦਰ ਸਿੰਘ ਤੇ ਜਗੀਰ ਸਿੰਘ, ਜ਼ਿਲ੍ਹਾ ਸਿੱਖਿਆ ਅਫ਼ਸਰ (ਸ) ਹਰਭਗਵੰਤ ਸਿੰਘ, ਸਹਾਇਕ ਕਮਿਸ਼ਨਰ ਨਗਰ ਨਿਗਮ ਸੰਦੀਪ ਤਿਵਾੜੀ, ਸਕੱਤਰ ਆਰ. ਟੀ. ਏ ਆਰ. ਐਸ ਗਿੱਲ ਤੋਂ ਇਲਾਵਾ ਹੋਰਨਾਂ ਵਿਭਾਗਾਂ ਦੇ ਅਧਿਕਾਰੀ ਵੀ ਮੌਜੂਦ ਸਨ।

# ਜੈ ਸ਼੍ਰੀ ਰਾਮ ਜੈ ਸ਼੍ਰੀ ਰਾਮ ਜੈ ਸ਼੍ਰੀ ਰਾਮ




ਸਾਰੀ ਸਰਿਸ਼ਟੀ ਦੇ ਤਾਰਣਹਾਰ ਆਪ ਨਰਾਇਣ ਤਿੰਨਾ ਲੋਕਾਂ ਦੇ ਮਾਲਕ ਭਗਵਾਨ ਸ਼੍ਰੀ ਰਾਮ ਦੇ ਪੰਜ ਸਦੀਆਂ ਬਾਅਦ ਅਯੁੱਧਿਆ 'ਚ ਪਵਿੱਤਰ ਮੰਦਰ ਦੀ ਸਥਾਪਤੀ ਉਪਰ ਅਤੇ 22 ਜਨਵਰੀ ਨੂੰ ਅਯੁੱਧਿਆ ਵਿਖੇ ਭਗਵਾਨ ਸ਼੍ਰੀ ਰਾਮ ਜੀ ਦੇ ਮੰਦਰ ਦੀ ਪ੍ਰਾਣ ਪ੍ਰਤਿਸ਼ਠਾ ਦੀਆਂ ਆਪ ਸਭ ਨੂੰ

# ਲੱਖ ਲੱਖ ਵਧਾਈਆਂ

ਕਮਿਊਨਟੀ ਦੇ ਨਿਸ਼ਕਾਮ ਸੇਵਕ ਅਮਰੀਕਾ ਦੇ ਉਘੇ ਨੌਜਵਾਨ ਆਗੂ ਗਦਰੀ ਬਾਬਿਆਂ ਨੂੰ ਸਮਰਪਿਤ ਪੰਜਾਬੀ ਮਾਂ ਬੋਲੀ ਦੇ ਸੇਵਾਦਾਰ ਅਤੇ ਬਿਜਨਸਮੈਨ





## ਬਲਜੀਤ ਸਿੰਘ ਸੰਧੂ ਅਤੇ ਚਰਨਜੀਤ ਸਿੰਘ ਸੰਧੂ

# ਅਯੁੱਧਿਆ ਵਿਚ ਰਾਮ ਮੰਦਰ ਦੀ ਸਥਾਪਨਾ ਨੂੰ ਲੈ ਕੇ ਹਿੰਦੂ ਮੰਦਰ ਫਰੀਮਾਂਟ ਕੈਲੀਫੋਰਨੀਆ ਵਿਖੇ 21 ਦਿਨਾ ਭਾਰੀ ਸਮਾਗਮ

## *ਹਜ਼ਾਰਾਂ ਭਗਤਾਂ ਨੇ ਭਰੀਆਂ ਹਾਜ਼ਰੀਆਂ*

ਫਰੀਮਾਂਟ/ਕੈਲੀਫੋਰਨੀਆ : ਅਯੁੱਧਿਆ ਵਿਚ ਰਾਮ ਮੰਦਰ ਦੀ ਸਥਾਪਨਾ ਨੂੰ ਲੈ ਕੇ ਹਿੰਦੂ ਮੰਦਰ ਫਰੀਮਾਂਟ ਕੈਲੀਫੋਰਨੀਆ ਵਿਖੇ 21 ਦਿਨਾ ਭਾਰੀ ਸਮਾਗਮ ਕਰਵਾਇਆ ਗਿਆ ਜਿਸ ਵਿਚ ਹਜ਼ਾਰਾਂ ਭਗਤਾਂ ਨੇ ਭਰੀਆਂ ਹਾਜ਼ਰੀਆਂ ਭਰੀਆਂ। ਇਸ 21 ਦਿਨਾਂ ਇਤਿਹਾਸਕ ਸਮਾਗਮ ਵਿਚ ਜਿਥੇ ਸ੍ਰੀ ਰਾਮ ਜੀ ਦਾ ਜਾਪ ਕੀਤਾ ਗਿਆ, ਉਥੇ ਭਗਤਾਂ ਨੇ ਵੱਡੀ ਗਿਣਤੀ ਵਿਚ ਲੰਗਰਾਂ ਦੀ ਸ਼ਰਧਾ ਨਾਲ ਸੇਵਾ ਕੀਤੀ। ਇਸ ਮੌਕੇ ਵੱਖ ਵੱਖ ਭਗਤ ਜਨਾਂ ਨੇ ਮੰਦਰ ਵਿਚ ਇਲਾਹੀ ਭਜਨ ਕੀਰਤਨ ਕੀਤਾ ਅਤੇ ਹਜ਼ਾਰਾਂ ਸੰਗਤਾਂ ਨੇ ਖੁਸ਼ੀ ਵਿਚ ਪੂਰੇ ਮੰਦਰ ਦੀ ਹਦੂਦ ਵਿਚ ਦੀਵੇ ਬਾਲੇ। ਇਸ ਸਮਾਗਮ ਨੂੰ ਦੇਖਕੇ ਇਸ ਤਰ੍ਹਾਂ ਲੱਗ ਰਿਹਾ ਸੀ ਜਿਵੇਂ 500 ਸਾਲ ਬਾਅਦ ਰਾਮ ਜੀ ਦੇ ਅਯੁੱਧਿਆ ਆਉਣ 'ਤੇ ਦੀਵਾਲੀ ਮਨਾਈ ਜਾ ਰਹੀ ਹੋਵੇ। ਇਸ ਸਮੇਂ ਕਮਿਊਨਿਟੀ ਦੇ ਉਘੇ ਆਗੂ ਡਾ. ਰਮੇਸ਼ ਜਾਫਰਾ ਅਤੇ ਅਮਰੀਕਾ ਤੋਂ ਬੀਜੇਪੀ ਦੇ ਪ੍ਰਧਾਨ ਸ੍ਰੀ ਚੰਦੂ ਭਵਰਾ ਨੇ ਇਸ ਮਹਾਨ ਪ੍ਰੋਗਰਾਮ 'ਤੇ ਪੂਰੀ ਦੁਨੀਆ ਨੂੰ ਲੱਖ ਲੱਖ ਵਧਾਈਆਂ ਦਿੱਤੀਆਂ।


















# ਬੇਏਰੀਆ ਜੈ ਸ਼੍ਰੀ ਰਾਮ ਦੇ ਨਾਅਰਿਆ ਜੈਕਾਰਿਆ ਨਾਲ ਗੂੰਝ ਉਠਿਆ

## ਅਯੁੱਧਿਆ ਵਿੱਚ 500 ਸਾਲ ਬਾਦ ਉਸਾਰੇ ਗਏ ਰਾਮ ਮੰਦਰ ਦੇ ਉਦਘਾਟਨ ਸਮੇਂ ਅਮਰੀਕਾ ਵਿੱਚ 1000 ਤੋਂ ਵੱਧ ਕਾਰਾਂ ਨੇ ਝੰਡੇ, ਬੈਨਰਾਂ ਨਾਲ ਕੀਤੀ ਵਿਸ਼ਾਲ ਰੈਲੀ















ਕੈਲੀਫੋਰਨੀਆ ਦੇ ਬੇਏਰੀਆ ਵਿਖੇ ਰਾਮ ਮੰਦਰ ਦੀ ਪਵਿੱਤਰਤਾ ਦੀ ਰਸਮ ਮਨਾਉਣ ਲਈ ਇੱਕ ਕਾਰ ਰੈਲੀ ਦਾ ਆਯੋਜਨ ਕੀਤਾ। ਇਸ ਸਮੇਂ ਜੈ ਸ਼੍ਰੀ ਰਾਮ ਦੇ ਨਾਅਰਿਆ ਜੈਕਾਰਿਆ ਨਾਲ ਅਸਮਾਨ ਗੂੰਝ ਉਠਿਆ ਅਯੁੱਧਿਆ ਵਿੱਚ 500 ਸਾਲ ਬਾਦ ਉਸਾਰੇ ਗਏ ਰਾਮ ਮੰਦਰ ਦੇ ਉਦਘਾਟਨ ਸਮੇ ਅਮਰੀਕਾ ਵਿੱਚ 1000 ਤੋਂ ਵੱਧ ਕਾਰਾਂ ਨੇ ਝੰਡੇ, ਬੈਨਰਾਂ ਨਾਲ ਵਿਸ਼ਾਲ ਰੈਲੀ ਕੀਤੀ। ਰੈਲੀ ਵਿੱਚ 1,100 ਤੋਂ ਵੱਧ ਲੋਕ ਸ਼ਾਮਲ ਹੋਏ, ਜਿਨ੍ਹਾਂ ਸਾਰਿਆਂ ਨੇ ਰਾਮ ਮੰਦਰ ਦੀ ਤਸਵੀਰ ਵਾਲੇ ਬੈਨਰ ਲੈ ਕੇ ਆਪਣਾ ਸਮਰਥਨ ਪ੍ਰਗਟ ਕੀਤਾ। ਇਹ ਇੱਕ ਮਹੱਤਵਪੂਰਨ ਘਟਨਾ ਸੀ। ਬੇਏਰੀਆ ਦੇ ਸਮੂਹ ਹਿੰਦੂਆਂ ਅਤੇ ਹੋਰ ਕਮਿਉਨਟੀ ਲੋਕਾਂ ਨੇ ਮਿਲਕੇ ਸਨੀਵੇਲ ਤੋਂ ਵਾਰਮ ਸਪਰਿੰਗ ਬਾਰਟ ਸਟੇਸ਼ਨ ਤੱਕ ਇੱਕ ਕਾਰ ਰੈਲੀ ਦਾ ਆਯੋਜਨ ਕੀਤਾ, ਜੋ ਸ਼ਨੀਵਾਰ ਸ਼ਾਮ ਨੂੰ ਇੱਕ ਟੇਸਲਾ ਕਾਰ ਲਾਈਟ ਸ਼ੋਅ ਨਾਲ ਸਮਾਪਤ ਹੋਇਆ।

ਵਿਸ਼ਾਲ ਰਾਮ ਰੱਥ ਦੀ ਅਗਵਾਈ ਹੇਠ ਹੋਈ ਇਸ ਰੈਲੀ ਨੇ ਕਰੀਬ 100 ਮੀਲ ਦਾ ਸਫ਼ਰ ਤੈਅ ਕੀਤਾ ਅਤੇ ਸੁਰੱਖਿਆ ਲਈ ਪੁਲਿਸ ਦੀਆਂ ਦੋ ਕਾਰਾਂ ਵੀ ਨਾਲ ਸਨ।

ਇਸ ਸਮੇਂ 2,000 ਤੋਂ ਵੱਧ ਉਤਸ਼ਾਹਿਤ ਰਾਮ ਭਗਤਾਂ ਨੇ ਭਗਵੇਂ ਝੰਡੇ ਲਹਿਰਾਉਂਦੇ ਹੋਏ, ਰਾਮ ਭਜਨ ਗਾਏ ਅਤੇ ਢੋਲ ਵਜਾ ਕੇ ਖੇਤਰ ਨੂੰ ਇੱਕ ਮਿੰਨੀ-ਅਯੁੱਧਿਆ ਵਿੱਚ ਬਦਲ ਦਿੱਤਾ, ਇਹ ਮੰਦਰ ਦੀ ਪਵਿੱਤਰ ਉਸਾਰੀ ਸਮੇਂ ਕੈਲੀਫੋਰਨੀਆ ਦੀ ਮਹਾਨ ਇਤਿਹਾਸਕ ਰੈਲੀ ਸੀ ਸੈਂਕੜੇ ਰਾਮ ਭਗਤਾਂ ਨੇ 'ਸਾਡੇ ਲੋਕ' ਅਖਬਾਰ ਦੀ ਟੀਮ ਨੂੰ ਲੱਖ ਲੱਖ ਵਧਾਈਆਂ ਦਿੱਤੀਆਂ।





# ਜੈ ਸ਼੍ਰੀ ਰਾਮ ਜੈ ਸ਼ੀ ਰਾਮ ਜੈ ਸ਼੍ਰੀ ਰਾਮ



ਸਾਰੀ ਸਰਿਸ਼ਟੀ ਦੇ ਤਾਰਣਹਾਰ ਆਪ ਨਰਾਇਣ ਤਿੰਨਾ ਲੋਕਾਂ ਦੇ ਮਾਲਕ ਭਗਵਾਨ ਸ਼੍ਰੀ ਰਾਮ
ਦੇ ਪੰਜ ਸਦੀਆਂ ਬਾਅਦ ਅਯੁੱਧਿਆ 'ਚ ਪਵਿੱਤਰ ਮੰਦਰ ਦੀ ਸਥਾਪਤੀ ਉਪਰ ਅਤੇ
22 ਜਨਵਰੀ ਨੂੰ ਅਯੁੱਧਿਆ ਵਿਖੇ ਭਗਵਾਨ ਸ਼੍ਰੀ ਰਾਮ ਜੀ ਦੇ
ਮੰਦਰ ਦੀ ਪ੍ਰਾਣ ਪ੍ਰਤਿਸ਼ਠਾ ਦੀਆਂ ਆਪ ਸਭ ਨੂੰ

# ਲੱਖ ਲੱਖ ਵਧਾਈਆਂ



ਕਮਿਉਨਟੀ ਦੇ ਨਿਸ਼ਕਾਮ ਸੇਵਕ ਅਮਰੀਕਾ ਦੇ
ਉਘੇ ਨੌਜਵਾਨ ਆਗੂ ਗਦਰੀ ਬਾਬਿਆਂ ਨੂੰ
ਸਮਰਪਿਤ ਪੰਜਾਬੀ ਮਾਂ ਬੋਲੀ ਦੇ ਸੇਵਾਦਾਰ

## ਸ੍ਰੀ ਪੰਕਜ ਆਂਸਲ

ਫਾਊਂਡਰ ਯੂਨਾਈਟਿਡ ਪੰਜਾਬ ਫਰੰਟ


ਜੈ ਸ਼੍ਰੀ ਰਾਮ ਜੈ ਸ਼ੀ ਰਾਮ ਜੈ ਸ਼੍ਰੀ ਰਾਮ
ਸਾਰੀ ਸਰਿਸ਼ਟੀ ਦੇ ਤਾਰਣਹਾਰ ਆਪ ਨਰਾਇਣ ਤਿੰਨਾ ਲੋਕਾਂ ਦੇ ਮਾਲਕ ਭਗਵਾਨ ਸ਼੍ਰੀ ਰਾਮ
ਦੇ ਪੰਜ ਸਦੀਆਂ ਬਾਅਦ ਅਯੁੱਧਿਆ 'ਚ ਪਵਿੱਤਰ ਮੰਦਰ ਦੀ ਸਥਾਪਤੀ ਉਪਰ ਅਤੇ
22 ਜਨਵਰੀ ਨੂੰ ਅਯੁੱਧਿਆ ਵਿਖੇ ਭਗਵਾਨ ਸ਼੍ਰੀ ਰਾਮ ਜੀ ਦੇ
ਮੰਦਰ ਦੀ ਪ੍ਰਾਣ ਪ੍ਰਤਿਸ਼ਠਾ ਦੀਆਂ ਆਪ ਸਭ ਨੂੰ
प्राण प्रतिष्ठा महोत्सव मे आयेहुए सभी
ਲੱਖ ਲੱਖ ਵਧਾਈਆਂ
ਕਮਿਊਨਿਟੀ ਦੇ ਹਰ ਕੰਮ ਨੂੰ ਅੱਗੇ ਹੋ ਕੇ ਕਰਨ
ਵਾਲੇ ਸਮਾਜ ਸੇਵਕ, ਨਿੱਘੇ ਸੁਭਾਅ ਦੇ ਮਾਲਕ,
ਇੰਡੀਅਨ ਕਮਿਊਨਿਟੀ ਦੇ ਆਗੂ, ਸਨੀਵੇਲ ਹਿੰਦੂ
ਮੰਦਿਰ ਦੇ ਫਾਊਂਡਰ ਮਾਂ ਦੁਰਗਾ ਪਰਿਵਾਰ ਸਾਬਕਾ
ਪ੍ਰਧਾਨ ਤੇ ਪੰਜਾਬੀ ਭਾਈਚਾਰੇ ਦੇ ਉਘੇ ਲੀਡਰ
ਸ਼੍ਰੀ ਰਾਜ ਭਨੋਟ

# ਜੈ ਸ਼੍ਰੀ ਰਾਮ ਜੈ ਸ਼ੀ ਰਾਮ ਜੈ ਸ਼੍ਰੀ ਰਾਮ



ਸਾਰੀ ਸਰਿਸ਼ਟੀ ਦੇ ਤਾਰਣਹਾਰ ਆਪ ਨਰਾਇਣ ਤਿੰਨਾ ਲੋਕਾਂ ਦੇ ਮਾਲਕ ਭਗਵਾਨ ਸ਼੍ਰੀ ਰਾਮ
ਦੇ ਪੰਜ ਸਦੀਆਂ ਬਾਅਦ ਅਯੁੱਧਿਆ 'ਚ ਪਵਿੱਤਰ ਮੰਦਰ ਦੀ ਸਥਾਪਤੀ ਉਪਰ ਅਤੇ
22 ਜਨਵਰੀ ਨੂੰ ਅਯੁੱਧਿਆ ਵਿਖੇ ਭਗਵਾਨ ਸ਼੍ਰੀ ਰਾਮ ਜੀ ਦੇ
ਮੰਦਰ ਦੀ ਪ੍ਰਾਣ ਪ੍ਰਤਿਸ਼ਠਾ ਦੀਆਂ ਆਪ ਸਭ ਨੂੰ

## ਲੱਖ ਲੱਖ ਵਧਾਈਆਂ


510.487.3254

General Contractors

CHANA CONSTRUCTION
Residential & Commercial
Since 1989

Custom Homes & Additions

Licence No. 554005

ਸਾਡਾ 43+ ਸਾਲਾਂ ਦਾ ਤਜਰਬਾ ਹੈ ਅਸੀਂ
ਅਮਰੀਕਾ ਵਿਚ ਆਪਣੀ ਕੰਪਨੀ
ਰਾਹੀਂ ਤਿੰਨ ਦਹਾਕਿਆਂ ਤੋਂ ਸੇਵਾ ਕਰਦੇ ਆ ਰਹੇ ਹਾਂ।



**COMMERCIAL**

- New Homes
- Additon
- 2nd Story addition
- Kitchan Bath
- ADU






**RESIDENTIAL**

- Shopping Centre
- Tenant Improvement
- Liqour Store
- Dental Office
- Restaurant
- Pharmacy

Google
FIVE STAR
CUSTOMER RATING



Serving The Bay Area For
Past More Then 43+ Years
* Insurance Bonded*

Contact :
Bhupinder S. Chana | Devinder S. Chana
FAX : 510-487-0804
dschana@chanacoustruction.com
www.chanacontruction.com



ਜੈ ਸ਼੍ਰੀ ਰਾਮ ਜੈ ਸ਼ੀ ਰਾਮ ਜੈ ਸ਼੍ਰੀ ਰਾਮ



ਸਾਰੀ ਸਰਿਸ਼ਟੀ ਦੇ ਤਾਰਣਹਾਰ ਆਪ ਨਰਾਇਣ ਤਿੰਨਾ ਲੋਕਾਂ ਦੇ ਮਾਲਕ ਭਗਵਾਨ ਸ਼੍ਰੀ ਰਾਮ
ਦੇ ਪੰਜ ਸਦੀਆਂ ਬਾਅਦ ਅਯੁੱਧਿਆ 'ਚ ਪਵਿੱਤਰ ਮੰਦਰ ਦੀ ਸਥਾਪਤੀ ਉਪਰ ਅਤੇ
22 ਜਨਵਰੀ ਨੂੰ ਅਯੁੱਧਿਆ ਵਿਖੇ ਭਗਵਾਨ ਸ਼੍ਰੀ ਰਾਮ ਜੀ ਦੇ
ਮੰਦਰ ਦੀ ਪ੍ਰਾਣ ਪ੍ਰਤਿਸ਼ਠਾ ਦੀਆਂ ਆਪ ਸਭ ਨੂੰ

ਲੱਖ ਲੱਖ ਵਧਾਈਆਂ

ਕਮਿਉਨਟੀ ਦੇ ਨਿਸ਼ਕਾਮ ਸੇਵਕ ਅਮਰੀਕਾ ਦੇ ਉਘੇ ਨੌਜਵਾਨ ਆਗੂ ਗਦਰੀ ਬਾਬਿਆਂ ਨੂੰ ਸਮਰਪਿਤ
ਪੰਜਾਬੀ ਮਾਂ ਬੋਲੀ ਦੇ ਸੇਵਾਦਾਰ ਅਤੇ ਨਿਊ ਇੰਡੀਆ ਚਾਟ ਕਾਫੇ ਨਾਨ ਕਰੀ ਦੇ ਮਾਲਕ



ਮਹਿੰਦਰ ਸਿੰਘ, ਸੁਖਵਿੰਦਰ ਸਿੰਘ ਅਤੇ ਵਿਜੈ ਸੈਣੀ

# ਪੰਜਾਬ ਵਿਚ ਨਵੀਂ ਪੀੜ੍ਹੀ ਦਾ ਭਵਿੱਖ ਯਕੀਨੀ ਬਣਾਵੇ ਸਰਕਾਰ



**ਹਰਜਿੰਦਰ ਸਿੰਘ ਲਾਲ**

**ਬਰਬਾਦ ਕਰ ਦੀਆ ਹਮੇ ਪਰਦੇਸ ਨੇ ਮਗਰ,**
**ਮਾਂ ਸਬ ਸੇ ਕਹਿ ਰਹੀ ਹੈ ਕਿ ਬੇਟਾ ਮਜ਼ੇ ਮੇਂ ਹੈ।**

ਮੁਨੱਵਰ ਰਾਣਾ ਦਾ ਇਹ ਸ਼ਿਅਰ ਅੱਜਕਲ੍ਹ ਕੈਨੇਡਾ ਪੜ੍ਹਾਈ ਕਰਨ ਜਾ ਰਹੇ ਬੱਚਿਆਂ ਖ਼ਾਸ ਕਰ 12ਵੀਂ ਪਾਸ ਬੱਚਿਆਂ ’ਤੇ ਬਹੁਤ ਢੁਕਦਾ ਹੈ। ਇਸ ਵੇਲੇ ਇਕੋ ਸਮੇਂ 2 ਖ਼ਬਰਾਂ ਮੇਰੇ ਸਾਹਮਣੇ ਹਨ। ਇਕ ਖ਼ਬਰ ਕਹਿ ਰਹੀ ਹੈ ਕਿ ਪ੍ਰਦੇਸ ਗਏ ਬੱਚਿਆਂ ਵਿਚੋਂ 91 ਫ਼ੀਸਦੀ ਦੇ ਮਾਪੇ ਸੰਤੁਸ਼ਟ ਹਨ। ਇਹ ਪੰਜਾਬ ਐਗਰੀ ਕਲਚਰ ਯੂਨੀਵਰਸਿਟੀ ਦੀ ਇਕ ਸਟੱਡੀ (ਖੋਜ ਪੱਤਰ) ਜੋ 1991 ਤੋਂ ਸਤੰਬਰ 2022 ਤੱਕ ਵਿਦੇਸ਼ ਗਏ ਬੱਚਿਆਂ ਸੰਬੰਧੀ ਕੀਤੀ ਗਈ ਹੈ, ਦਾ ਨਤੀਜਾ ਹੈ। ਪਰ ਦੂਜੇ ਪਾਸੇ ਕੈਨੇਡਾ ਦੇ ਇਮੀਗ੍ਰੇਸ਼ਨ ਮੰਤਰੀ ਮਾਰਕ ਮਿੱਲਰ ਨੇ ਅਧਿਕਾਰਤ ਤੌਰ ’ਤੇ ਮੰਨਿਆ ਹੈ ਕਿ ਪਿਛਲੇ ਸਾਲ ਦੀ ਚੌਥੀ ਤਿਮਾਹੀ ਵਿਚ ਕੈਨੇਡਾ ਪੜ੍ਹਾਈ ਲਈ ਜਾਣ ਵਾਲੇ ਵਿਦਿਆਰਥੀਆਂ ਦੀ ਗਿਣਤੀ ਵਿਚ 86 ਫ਼ੀਸਦੀ ਦੀ ਕਮੀ ਆਈ ਹੈ। ਇਸ ਤੋਂ ਪਿਛਲੇ ਸਾਲ ਆਖਰੀ ਤਿਮਾਹੀ ਵਿਚ ਗਏ ਭਾਰਤੀ ਵਿਦਿਆਰਥੀਆਂ ਦੀ ਗਿਣਤੀ 1 ਲੱਖ 8 ਹਜ਼ਾਰ 940 ਸੀ, ਜਦੋਂ ਕਿ ਪਿਛਲੇ ਸਾਲ ਵਿਚ ਗਿਣਤੀ ਸਿਰਫ਼ 14 ਹਜ਼ਾਰ 910 ਹੀ ਸੀ। ਹਾਲਾਂਕਿ ਇਸ ਦਾ ਵੱਡਾ ਕਾਰਨ ਹਰਦੀਪ ਸਿੰਘ ਨਿੱਝਰ ਦੇ ਕਤਲ ਤੋਂ ਬਾਅਦ ਭਾਰਤ ਤੇ ਕੈਨੇਡਾ ਦੇ ਵਿਗੜੇ ਸੰਬੰਧਾਂ ਨੂੰ ਹੀ ਦੱਸਿਆ ਜਾ ਰਿਹਾ ਹੈ। ਪਰ ਇਸ ਦੇ ਵੱਡੇ ਕਾਰਨਾਂ ਵਿਚ ਕੈਨੇਡਾ ਵਿਚ ਵਧਦੀ ਮਹਿੰਗਾਈ, ਨਵੇਂ ਵਿਦਿਆਰਥੀਆਂ ਨੂੰ ਮਕਾਨ ਨਾ ਮਿਲਣੇ ਜਾਂ ਬਹੁਤ ਮਹਿੰਗੇ ਕਿਰਾਏ ਅਤੇ ਕੰਮ ਦੀ ਘਾਟ ਵੀ ਪ੍ਰਮੁੱਖ ਕਾਰਨ ਹਨ। ਫਿਰ ਕੈਨੇਡਾ ਵਿਚ ਕੁਝ ਸੰਸਥਾਵਾਂ ਵਿਚ ਪੜ੍ਹਾਈ ਦੀਆਂ ਸਹੂਲਤਾਂ ਵੀ ਘਟੀਆ ਹਨ। ਵੈਸੇ ਕੈਨੇਡਾ ਦੀਆਂ 4 ਯਾਤਰਾਵਾਂ ਵਿਚ ਮੇਰਾ ਨਿੱਜੀ ਤਜਰਬਾ ਇਹ ਵੀ ਹੈ ਕਿ ਕੈਨੇਡੀਅਨ ਪੰਜਾਬੀ ਭਾਵੇਂ ਪੰਜਾਬ ਦਾ ਫ਼ਿਕਰ ਹੋਣ ਦੇ ਦਾਅਵੇ ਤਾਂ ਬਹੁਤ ਕਰਦੇ ਹਨ ਪਰ ਪੰਜਾਬੀ ਵਿਦਿਆਰਥੀਆਂ ਨੂੰ ਕੰਮ ਦੇਣ ਦੇ ਮਾਮਲੇ ਵਿਚ ਬਹੁਤੀ ਵਾਰ ਉਹ ਉਨ੍ਹਾਂ ਦਾ ਸ਼ੋਸ਼ਣ ਕਰਨ ਤੋਂ ਵੀ ਨਹੀਂ ਝਿਜਕਦੇ। ਭਾਵੇਂ ਸਾਰੇ ਪੰਜਾਬੀ ਅਜਿਹੇ ਨਹੀਂ ਹਨ ਪਰ ਫਿਰ ਵੀ ਆਮ ਤੌਰ ’ਤੇ ਨਵੇਂ ਗਏ ਪੰਜਾਬੀ ਵਿਦਿਆਰਥੀਆਂ ਨੂੰ ਸ਼ਿਕਾਇਤ ਹੈ ਕਿ ਗੋਰੇ ਉਨ੍ਹਾਂ ਦਾ ਸ਼ੋਸ਼ਣ ਨਹੀਂ ਕਰਦੇ, ਪੰਜਾਬੀ ਵਧੇਰੇ ਕਰਦੇ ਹਨ। ਫਿਲਪੀਨੋ, ਫਿਲਪੀਨਜ਼ ਦੇ ਵਿਦਿਆਰਥੀਆਂ ਦੀ ਬਾਂਹ ਫੜਦੇ ਹਨ ਤੇ ਚੀਨੀ ਚੀਨ ਦੇ ਵਿਦਿਆਰਥੀਆਂ ਦੀ ਪਰ ਬਹੁਤੇ ਪੰਜਾਬੀ ਕਾਰੋਬਾਰੀ ਪੰਜਾਬੀਆਂ ਦੀ ਮਦਦ ਘੱਟ ਹੀ ਕਰਦੇ ਹਨ। ਵੈਸੇ ਕੈਨੇਡਾ ਵਿਚਲੇ ਭਾਰਤੀ ਹਾਈ ਕਮਿਸ਼ਨ ਦੇ ਕੌਂਸਲਰ ਸੀ. ਗੁਰੂਸੁਬਰਾਮਨੀਅਮ ਦਾ ਕਹਿਣਾ ਹੈ ਕਿ ਭਾਰਤੀ ਵਿਦਿਆਰਥੀ (ਕੈਨੇਡਾ ਦੀ ਥਾਂ) ਦੂਸਰੇ ਬਦਲ ਵੀ ਅਪਣਾ ਰਹੇ ਹਨ। ਇਸ ਦਾ ਪਿਛਲੇ ਸਮੇਂ ਵਾਪਰੀਆਂ ਘਟਨਾਵਾਂ ਬਾਰੇ ਫ਼ਿਕਰ ਅਤੇ ਕੁਝ ਕੈਨੇਡੀਅਨ ਸੰਸਥਾਵਾਂ ਵਿਚ ਸਹੂਲਤਾਂ ਦੀ ਕਮੀ ਤੇ ਮਕਾਨਾਂ ਦੀ ਕਮੀ ਨਾਲ ਵੀ ਸੰਬੰਧ ਹੈ। ਗ਼ੌਰਤਲਬ ਹੈ ਕਿ ਭਾਰਤ ਵਿਚੋਂ ਸਭ ਤੋਂ ਵੱਧ ਪੰਜਾਬੀ ਹੀ ਕੈਨੇਡਾ ਜਾਂਦੇ ਹਨ, ਭਾਵੇਂ ਗੁਜਰਾਤੀ ਵੀ ਵੱਡੀ ਗਿਣਤੀ ਵਿਚ ਬਾਹਰ ਜਾਣ ਨੂੰ ਤਰਜੀਹ ਦੇ ਰਹੇ ਹਨ।

**ਕੀ ਕਰੇ ਪੰਜਾਬ ਸਰਕਾਰ ?**

ਹੁਣ ਜਦੋਂ ਪੰਜਾਬੀ ਨੌਜਵਾਨਾਂ ਲਈ ਕੈਨੇਡਾ ਜਾਣ ਦੇ ਰਾਹ ਔਖੇ ਹੁੰਦੇ ਜਾ ਰਹੇ ਹਨ। ਆਏ ਦਿਨ ਅਮਰੀਕਾ, ਡੌਂਕੀ ਲਾ ਕੇ (ਗ਼ੈਰ-ਕਾਨੂੰਨੀ ਢੰਗ-ਤਰੀਕਿਆਂ ਨਾਲ) ਜਾਣ ਦੀਆਂ ਘਟਨਾਵਾਂ ਤੇ ਲੱਖਾਂ ਰੁਪਏ ਬਰਬਾਦ ਕਰ ਕੇ ਮੌਤ ਦੇ ਮੂੰਹ ਵਿਚ ਜਾਣ ਜਾਂ ਵਾਪਸ ‘ਡੀਪੋਰਟ’ ਹੋਣ ਦੀਆਂ ਖ਼ਬਰਾਂ ਵੀ ਆ ਰਹੀਆਂ ਹਨ ਤੇ ਦੂਜੇ ਪਾਸੇ ਆਸਟ੍ਰੇਲੀਆ, ਨਿਊਜ਼ੀਲੈਂਡ ਦੇ ਵੀਜ਼ੇ ਵੀ ਘਟਦੇ ਜਾ ਰਹੇ ਹਨ, ਬਰਤਾਨੀਆ ਤੇ ਯੂਰਪ ਵਿਚ ਵਸਣ ਤੇ ਕੰਮ ਮਿਲਣ ਦੇ ਮੌਕੇ ਵੀ ਘਟਦੇ ਜਾ ਰਹੇ ਹਨ ਤਾਂ ਜ਼ਰੂਰੀ ਹੈ ਕਿ ਪੰਜਾਬ ਸਰਕਾਰ ਪੰਜਾਬੀ ਨੌਜਵਾਨਾਂ ਦੇ ਭਵਿੱਖ ਲਈ ਕੋਈ ਭਵਿੱਖ-ਗਾਮੀ ਨੀਤੀ ਤਿਆਰ ਕਰੇ। ਸਿਰਫ਼ 20-30 ਹਜ਼ਾਰ ਨੌਕਰੀਆਂ ਦੇ ਕੇ ਕਰੋੜਾਂ ਰੁਪਏ ਦੀ ਮਸ਼ਹੂਰੀ ਕਰਕੇ ਇਕ-ਅੱਧ ਵਾਰ ਵੋਟਾਂ ਤਾਂ ਸ਼ਾਇਦ ਲਈਆਂ ਜਾ ਸਕਦੀਆਂ ਹਨ, ਪਰ ਪੰਜਾਬ ਦਾ ਕੁਝ ਸੰਵਾਰਿਆ ਨਹੀਂ ਜਾ ਸਕਦਾ। ਪੰਜਾਬੀ ਨੌਜਵਾਨ ਆਪਣੇ ਮਾਂ-ਪਿਓ ਤੇ ਰਿਸ਼ਤੇਦਾਰਾਂ ਨੂੰ ਛੱਡ, ਆਪਣੇ ਘਰ-ਬਾਰ ਤੋਂ ਦੂਰ, ਆਪਣੀਆਂ ਜੜ੍ਹਾਂ ਤੋਂ ਦੂਰ ਜਾਣ ਲਈ ਐਵੇਂ ਹੀ ਨਹੀਂ ਤੁਰ ਪੈਂਦੇ, ਅਸਲ ਵਿਚ ਉਹ ਕਿਸੇ ਚੰਗੇ ਭਵਿੱਖ ਦੀ ਆਸ ਵਿਚ ਹੀ ਜਾਂਦੇ ਹਨ, ਸ਼ਾਇਰ ਨਿਦਾ ਫਾਜ਼ਲੀ ਦੇ ਲਫ਼ਜ਼ਾਂ ਵਿਚ:

**ਦੇਸ-ਪ੍ਰਦੇਸ ਕਯਾ ਪਰਿੰਦੋਂ ਕਾ,**
**ਆਬ-ਓ-ਦਾਣਾ ਹੀ ਆਸ਼ਿਆਨਾ ਹੈ।**

ਖ਼ੈਰ ਅਸੀਂ ਗੱਲ ਕਰਨੀ ਚਾਹੁੰਦੇ ਹਾਂ ਕਿ ਹੁਣ ਜਦੋਂ ਪੰਜਾਬੀ ਨੌਜਵਾਨਾਂ ਲਈ ਪ੍ਰਦੇਸ ਦੇ ਰਸਤੇ ਵੀ ਬੰਦ ਹੁੰਦੇ ਜਾ ਰਹੇ ਹਨ, ਤਾਂ ਪੰਜਾਬ ਸਰਕਾਰ ਦਾ ਫ਼ਰਜ਼ ਹੈ ਕਿ ਉਹ ਸਮਾਂ ਰਹਿੰਦੇ ਕੁਝ ਸੋਚੇ, ਕੁਝ ਕਰੇ। ਅਸੀਂ ਸਮਝਦੇ ਹਾਂ ਕਿ ਪੰਜਾਬ ਸਰਕਾਰ ਨੂੰ ਸਭ ਤੋਂ ਪਹਿਲਾਂ ਤਿੰਨ ਗੱਲਾਂ ਵੱਲ ਧਿਆਨ ਦੇਣ ਦੀ ਲੋੜ ਹੈ। ਪਹਿਲੀ ਗੱਲ ਪੜ੍ਹਾਈ ਦਾ ਸਮੇਂ ਦੇ ਹਾਣ ਦਾ ਪੱਧਰ ਕਿਵੇਂ ਬਣੇ ਤੇ ਇਹ ਬੇਰੁਜ਼ਗਾਰੀ ਕਿਵੇਂ ਖ਼ਤਮ ਕਰੇ ? ਦੂਸਰਾ ਵਿਸ਼ਾ ਹੈ ਸਿਹਤ ਸਹੂਲਤਾਂ ਤੇ ਤੀਸਰਾ ਬੁਢਾਪੇ ਦੀ ਸੰਭਾਲ। ਅਸੀਂ ਸਮਝਦੇ ਹਾਂ ਕਿ ਪੰਜਾਬ ਸਰਕਾਰ ਨੂੰ 3 ਤਾਕਤਵਰ ਕਮਿਸ਼ਨ ਬਣਾਉਣ ਦੀ ਲੋੜ ਹੈ ਜੋ ਇਨ੍ਹਾਂ ਤਿੰਨਾਂ ਵਿਸ਼ਿਆਂ ’ਤੇ ਸਿਰਫ਼ ਸੁਝਾਅ ਦੇਣ ਵਾਲੇ ਕਮਿਸ਼ਨ ਹੀ ਨਾ ਹੋਣ ਸਗੋਂ ਇਨ੍ਹਾਂ ਕਮਿਸ਼ਨਾਂ ਦੀਆਂ ਸ਼ਰਤਾਂ ਵਿਚ ਇਹ ਤੈਅ ਹੋਵੇ ਕਿ ਇਨ੍ਹਾਂ ਕਮਿਸ਼ਨਾਂ ਦੇ ਸੁਝਾਅ ਮੰਨ ਕੇ ਸਰਕਾਰ ਠੋਸ ਕਦਮ ਵੀ ਚੁੱਕੇਗੀ। ਇਨ੍ਹਾਂ ਕਮਿਸ਼ਨਾਂ ਵਿਚ ਹਾਈਕੋਰਟ ਜਾਂ ਸੁਪਰੀਮ ਕੋਰਟ ਦੇ ਰਿਟਾਇਰਡ ਜੱਜ, ਸਾਬਕ ਵੀ.ਸੀ., ਸਾਬਕ ਫ਼ੌਜੀ ਜਨਰਲ, ਪ੍ਰਿੰਸੀਪਲ ਸਕੱਤਰ ਪੱਧਰ ਦੇ ਰਿਟਾਇਰਡ ਆਈ.ਏ.ਐਸ. ਅਧਿਕਾਰੀ ਕੁਝ ਬੁੱਧੀਜੀਵੀ ਤੇ ਜਿਥੇ ਲੋੜ ਹੋਵੇ ਉਸ ਖੇਤਰ ਦੇ ਵੱਡੇ ਜਾਣਕਾਰ ਜਿਵੇਂ ਪੀ.ਜੀ.ਆਈ. ਜਾਂ ਕੁਝ ਹੋਰ ਸੰਸਥਾਵਾਂ ਵਿਚ ਕੰਮ ਕਰ ਚੁੱਕੇ ਉੱਚ ਪੱਧਰ ਦੇ ਡਾਕਟਰ, ਆਈ.ਟੀ. ਮਾਹਿਰ ਆਦਿ ਸ਼ਾਮਿਲ ਕੀਤੇ ਜਾ ਸਕਦੇ ਹਨ।

**ਪੜ੍ਹਾਈ ਅਤੇ ਰੁਜ਼ਗਾਰ ਕਮਿਸ਼ਨ** : ਪੜ੍ਹਾਈ ਅਤੇ ਰੁਜ਼ਗਾਰ ਕਮਿਸ਼ਨ ਦਾ ਕੰਮ ਇਹ ਹੋਵੇ ਕਿ ਉਹ ਸਟੱਡੀ (ਖੋਜ) ਕਰੇ ਕਿ ਅੱਜ ਦੇ ਯੁੱਗ ਵਿਚ ਕਿਸ ਤਰ੍ਹਾਂ ਦੀ ਪੜ੍ਹਾਈ ਦੀ ਲੋੜ ਹੈ, ਜੋ ਰੁਜ਼ਗਾਰ ਨੂੰ ਯਕੀਨੀ ਬਣਾਵੇ ਅਤੇ ਪੰਜਾਬ ਨੂੰ ਪੜ੍ਹਾਈ ਦਾ ਇਕ ਅਜਿਹਾ ਕੇਂਦਰ ਬਣਾ ਸਕੇ ਕਿ ਪੰਜਾਬੀ ਨੌਜਵਾਨਾਂ ਨੂੰ ਬਾਹਰਲੇ ਦੇਸ਼ਾਂ ਵਿਚ ਨਾ ਜਾਣਾ ਪਵੇ, ਸਗੋਂ ਵਿਦੇਸ਼ਾਂ ਦੇ ਨੌਜਵਾਨਾਂ ਤੇ ਵਿਦੇਸ਼ੀ ਸਰਕਾਰਾਂ ਲਈ ਜ਼ਰੂਰੀ ਹੋਵੇ ਕਿ ਉਹ ਆਪਣੇ ਦੇਸ਼ ਦੀ ਤਰੱਕੀ ਲਈ ਆਪਣੇ ਬੱਚਿਆਂ ਨੂੰ ਪੰਜਾਬ ਵਿਚ ਪੜ੍ਹਨ ਲਈ ਭੇਜਣ। ਇਹ ਔਖਾ ਕੰਮ ਨਹੀਂ ਹੈ। ਇਕ ਵਕਤ ਸੀ ਟੈਕਸਲਾ ਵਿਸ਼ਵ ਵਿਦਿਆਲੇ ਵਿਚ ਦੁਨੀਆ ਭਰ ਤੋਂ ਲੋਕ ਪੜ੍ਹਨ ਆਉਂਦੇ ਸਨ। ਇਸ ਵੇਲੇ ਪੜ੍ਹਾਈ ਦੇ ਨਵੇਂ ਖੇਤਰਾਂ ਵਿਚ ਏ.ਆਈ. (ਆਰਟੀਫੀਸ਼ੀਅਲ ਇੰਟੈਲੀਜੈਂਸ) ਪੁਲਾੜ ਸਾਇੰਸ, ਆਈ.ਟੀ., ਐਟਾਮਿਕ ਐਨਰਜ਼ੀ, ਨਵੀਂ ਤਰ੍ਹਾਂ ਦੇ ਹਥਿਆਰਾਂ ਦੀ ਖੋਜ ਅਤੇ ਨਵੀਆਂ ਦਵਾਈਆਂ ਦੀ ਖੋਜ, ਇਨ੍ਹਾਂ ਵਿਚ ਕੁਝ ਵਿਸ਼ਿਆਂ ਵਿਚ ਤਾਂ ਭਾਰਤ ਦੀ ਮੁਹਾਰਤ ਸਿਖ਼ਰਲੇ 4-5 ਦੇਸ਼ਾਂ ਦੇ ਬਰਾਬਰ ਦੀ ਹੈ। ਸੋ, ਜੇਕਰ ਇਹ ਨਵੀਆਂ ਤਕਨੀਕਾਂ ਦੀ ਪੜ੍ਹਾਈ ਵਿਸ਼ਵ ਪੱਧਰ ਦੇ ਬਰਾਬਰ ਪੰਜਾਬ ਵਿਚ ਸ਼ੁਰੂ ਹੋਵੇ ਤਾਂ ਇਹ ਵਿਸ਼ਵ ਦੀ ਮਜਬੂਰੀ ਹੋਵੇਗੀ ਕਿ ਵੱਖ-ਵੱਖ ਦੇਸ਼ਾਂ ਦੇ ਬੱਚੇ ਇਥੇ ਪੜ੍ਹਨ ਲਈ ਆਉਣ। ਇਸ ਦੇ ਨਾਲ ਹੀ ਇਹ ਜ਼ਰੂਰੀ ਹੋਣਾ ਚਾਹੀਦਾ ਹੈ ਕਿ ਇਨ੍ਹਾਂ ਨਵੀਆਂ ਸੰਸਥਾਵਾਂ ਵਿਚ ਪੰਜਾਬੀ ਜਾਂ ਭਾਰਤੀ ਬੱਚਿਆਂ ਲਈ ਫ਼ੀਸਾਂ ਵਿਦੇਸ਼ੀ ਵਿਦਿਆਰਥੀਆਂ ਦੀਆਂ ਫ਼ੀਸਾਂ ਨਾਲੋਂ ਸਿਰਫ਼ ਚੌਥਾ ਹਿੱਸਾ ਹੀ ਲਈਆਂ ਜਾਣ। ਜਦੋਂ ਕਿ ਇਸ ਦੇ ਨਾਲ ਹੀ ਇਹ ਕਮਿਸ਼ਨ ਪ੍ਰਾਇਮਰੀ ਤੋਂ ਹੀ ਪੜ੍ਹਾਈ ਲਈ ਅਜਿਹੇ ਸਿਲੇਬਸ ਤਿਆਰ ਕਰਵਾਏ ਕਿ 12ਵੀਂ ਪਾਸ ਕਰਦੇ ਸਾਰ ਬੱਚੇ ਅਜਿਹੀਆਂ ਨਵੀਆਂ ਤਕਨੀਕਾਂ ਦੀ ਪੜ੍ਹਾਈ ਦੇ ਕਾਬਲ ਹੋ ਸਕਣ। ਜਦੋਂ ਕਿ ਇਸ ਦੇ ਨਾਲ ਹੀ ਜ਼ਰੂਰੀ ਹੋਵੇ ਕਿ ਪੜ੍ਹਾਈ ਵਿਚ 14 ਜਾਂ 16 ਸਾਲ ਲਾਉਣ ਤੇ ਪਾਸ ਹੋਣ ਉਪਰੰਤ ਉਨ੍ਹਾਂ ਲਈ ਦੇਸ਼-ਵਿਦੇਸ਼ ਵਿਚ ਨੌਕਰੀ ਦੀ ਗਾਰੰਟੀ ਹੋਵੇ ਜਾਂ ਉਨ੍ਹਾਂ ਨੂੰ ਨਿੱਜੀ ਕੰਮ ਸ਼ੁਰੂ ਕਰਨ ਲਈ ਬਿਨਾਂ ਵਿਆਜ ਕਰਜ਼ੇ ਦਾ ਪ੍ਰਬੰਧ ਹੋਵੇ। ਜੇ ਅਜਿਹਾ ਹੋ ਜਾਵੇ ਤਾਂ ਇਹ ਸਿਰਫ਼ ਪੰਜਾਬ ਦੀ ਜਵਾਨੀ ਹੀ ਨਹੀਂ ਸੰਭਾਲ ਸਕੇਗਾ, ਸਗੋਂ ਪੰਜਾਬ ਦੀ ਆਰਥਿਕਤਾ ਲਈ ਵੀ ਨਵੇਂ ਦਰਵਾਜ਼ੇ ਖੋਲ੍ਹ ਦੇਵੇਗਾ।

**ਸਿਹਤ ਕਮਿਸ਼ਨ** : ਇਹ ਠੀਕ ਹੈ ਕਿ ਪੰਜਾਬ ਸਰਕਾਰ ਮੁੱਢਲੀਆਂ ਸਿਹਤ ਸਹੂਲਤਾਂ ਵੱਲ ਧਿਆਨ ਦੇ ਰਹੀ ਹੈ। ਪਰ ਸਭ ਜਾਣਦੇ ਹਨ ਕਿ ਇਹ ਸਹੂਲਤਾਂ ਘੱਟ ਹਨ ਤੇ ਪ੍ਰਚਾਰ ਦੇ ਸਾਧਨ ਜ਼ਿਆਦਾ ਹਨ। ਜਦੋਂ ਕਿ ਅਸਲ ਵਿਚ ਪੰਜਾਬੀਆਂ ਲਈ ਗੰਭੀਰ ਬਿਮਾਰੀਆਂ ਦੇ ਇਲਾਜ ਲਈ ਸਹੂਲਤਾਂ ਤਾਂ ਦਿਨੋ-ਦਿਨ ਘਟਦੀਆਂ ਜਾ ਰਹੀਆਂ ਹਨ ਜਾਂ ਬਹੁਤ ਮਹਿੰਗੀਆਂ ਹੁੰਦੀਆਂ ਜਾ ਰਹੀਆਂ ਹਨ। ਇਨ੍ਹਾਂ ਗੰਭੀਰ ਬਿਮਾਰੀਆਂ ਦਾ ਇਲਾਜ ਮੁਹੱਲਾ ਕਲੀਨਿਕ ਤਾਂ ਕੀ ਸਰਕਾਰੀ ਹਸਪਤਾਲ ਵੀ ਕਰਨ ਤੋਂ ਅਸਮਰੱਥ ਨਜ਼ਰ ਆ ਰਹੇ ਹਨ। ਇਸ ਲਈ ਸਿਹਤ ਸਹੂਲਤਾਂ ਲਈ ਇਕ ਕਮਿਸ਼ਨ ਦੀ ਲੋੜ ਹੈ, ਜੋ ਅਜਿਹਾ ਸਿਸਟਮ ਉਸਾਰਨ ਵਿਚ ਸਹਾਈ ਹੋਵੇ ਕਿ ਹਰ ਵਿਅਕਤੀ ਲਈ ਇਲਾਜ ਮੁਫ਼ਤ ਹੋਵੇ। ਇਸ ਮਹੱਤਵ ਲਈ ਇਲਾਜ ਲਈ ਕਿਸੇ ਆਯੂਸ਼ਮਨ ਕਾਰਡ ਦੀ ਨਹੀਂ, ਸਗੋਂ ਸਿਰਫ਼ ਆਧਾਰ ਕਾਰਡ ਦੀ ਹੀ ਜ਼ਰੂਰਤ ਹੋਵੇ। ਇਸ ਮੰਤਵ ਲਈ ‘ਕਿਊਬਾ’ ਵਾਂਗ ਸਿਹਤ ਸਹੂਲਤਾਂ ਦਾ ਪੂਰੀ ਤਰ੍ਹਾਂ ਸਰਕਾਰੀਕਰਨ ਕਰਨ ਦੀ ਲੋੜ ਮਹਿਸੂਸ ਹੋਵੇ ਤਾਂ ਵੀ ਪਿੱਛੇ ਨਹੀਂ ਹਟਣਾ ਚਾਹੀਦਾ। ਗ਼ੌਰਤਲਬ ਹੈ ਕਿ ਇਕ ਪਾਸੇ ਤਾਂ ਜੈਨਰਿਕ ਦਵਾਈਆਂ ’ਤੇ ਲਿਖੀ ਮੈਕਸੀਮਮ ਰਿਟੇਲ ਪ੍ਰਾਈਸ (ਵੱਧ ਤੋਂ ਵੱਧ ਖੁਦਰਾ ਮੁੱਲ) 75 ਤੋਂ 90 ਫ਼ੀਸਦੀ ਤੱਕ ਜ਼ਿਆਦਾ ਹੁੰਦੀ ਹੈ, ਜੋ ਸਰੀਹਨ ਲੁੱਟ ਦਾ ਕਾਰਨ ਬਣਦਾ ਹੈ। ਦੂਜਾ ਕੁਝ ਹਸਪਤਾਲ ਨਿਰੋਲ ਬੀਮਾ ਸਹੂਲਤਾਂ ਦੇ ਆਸਰੇ ਚੱਲਦੇ ਹਨ, ਜਿੰਨਾ ਦੀ ਹੇਰਾ-ਫੇਰੀ ਸਿਹਤ ਸਿਸਟਮ ਨੂੰ ਢਾਅ ਹੀ ਨਹੀਂ ਲਾਉਂਦੀ, ਸਗੋਂ ਬੀਮਾ ਸਹੂਲਤਾਂ ਨੂੰ ਹੋਰ ਮਹਿੰਗਾ ਵੀ ਕਰਦੀ ਹੈ। ਇਸ ਲਈ ਜ਼ਰੂਰੀ ਹੈ ਕਿ ਸਿਹਤ ਕਮਿਸ਼ਨ ਬਣਾਇਆ ਜਾਵੇ ਤੇ ਪੰਜਾਬ ਦੀ ਸਿਹਤ ਨੀਤੀ ਦਾ ਪੁਨਰਗਠਨ ਕੀਤਾ ਜਾਵੇ। ਵੈਸੇ ਤਾਂ ਇਹ ਲੋੜ ਦੇਸ਼ ਭਰ ਦੀ ਲੋੜ ਹੈ ਪਰ ਪੰਜਾਬ ਇਸ ਦੀ ਅਗਵਾਈ ਕਰ ਸਕਦਾ ਹੈ।

**ਬੁਢਾਪਾ ਸੰਭਾਲ ਕਮਿਸ਼ਨ** : ਇਸ ਕਮਿਸ਼ਨ ਦੀ ਲੋੜ ਵੀ ਦੇਸ਼ ਪੱਧਰ ’ਤੇ ਹੈ ਪਰ ਪੰਜਾਬ ਲਈ ਇਹ ਜ਼ਰੂਰੀ ਇਸ ਲਈ ਵੀ ਜ਼ਿਆਦਾ ਹੈ ਕਿ ਵਿਦੇਸ਼ ਜਾਣ ਵਾਲੇ ਵਿਦਿਆਰਥੀ ਇਹ ਸੋਚਦੇ ਹਨ ਕਿ ਵਿਦੇਸ਼ ਵਿਚ ਉਨ੍ਹਾਂ ਦਾ ਬੁਢਾਪਾ ਸੁਰੱਖਿਅਤ ਹੋਵੇਗਾ। ਹੈਰਾਨੀ ਦੀ ਗੱਲ ਹੈ ਕਿ ਜਦੋਂ ਬੁਢਾਪੇ ਵਿਚ ਬਿਮਾਰੀਆਂ ਵੱਧ ਹੁੰਦੀਆਂ ਹਨ ਤੇ ਬੁੱਢੇ ਆਦਮੀ ਕੋਲ ਕਮਾਈ ਦੇ ਸਾਧਨ ਨਹੀਂ ਰਹਿੰਦੇ, ਉਸ ਵੇਲੇ ਜਾਂ ਤਾਂ ਬੀਮਾ ਕੰਪਨੀਆਂ ਉਨ੍ਹਾਂ ਦਾ ਬੀਮਾ ਕਰਦੀਆਂ ਹੀ ਨਹੀਂ ਜਾਂ ਫਿਰ ਬਹੁਤ ਮਹਿੰਗਾ ਬੀਮਾ ਕੀਤਾ ਜਾਂਦਾ ਹੈ। ਅੱਜਕਲ੍ਹ ਪੰਜਾਬ ਅਤੇ ਦੇਸ਼ ਵਿਚ ਵੀ ਵੱਡੇ ਬਜ਼ੁਰਗਾਂ ਨੂੰ ਸੰਭਾਲਣਾ ਉਨ੍ਹਾਂ ਦੇ ਬੱਚੇ ਇਕ ਭਾਰ ਮੰਨਣ ਲੱਗ ਪਏ ਹਨ। 65 ਸਾਲ ਤੋਂ ਬਾਅਦ ਬਜ਼ੁਰਗਾਂ ਨੂੰ ਕ੍ਰੈਡਿਟ ਕਾਰਡ ਜਾਂ ਕਰਜ਼ਾ ਵੀ ਆਮ ਤੌਰ ’ਤੇ ਨਹੀਂ ਮਿਲਦਾ। ਅਜਿਹੀ ਹਾਲਤ ਵਿਚ ਬੁਢਾਪੇ ਦੀ ਸੰਭਾਲ ਲਈ ਕਮਿਸ਼ਨ ਬਣਾਉਣਾ ਤੇ ਉਸ ਦੀਆਂ ਸਿਫ਼ਾਰਸ਼ਾਂ ਨੂੰ ਸਮਾਬੱਧ ਤਰੀਕੇ ਨਾਲ ਲਾਗੂ ਕਰਨਾ ਜ਼ਰੂਰੀ ਹੈ। 60 ਜਾਂ 65 ਸਾਲ ਦੀ ਉਮਰ ਵਿਚ ਇਕ ਘੱਟੋ-ਘੱਟ ਪੈਨਸ਼ਨ (ਸਨਮਾਨਨਿਧੀ) ਜ਼ਰੂਰੀ ਹੋਣੀ ਚਾਹੀਦੀ ਹੈ। ਇਸ ਤੋਂ ਇਲਾਵਾ ਜਿਹੜਾ ਵਿਅਕਤੀ ਉਮਰ ਭਰ ਜਿੰਨਾ ਇਨਕਮ ਟੈਕਸ ਦਿੰਦਾ ਰਿਹਾ ਹੋਵੇ, ਉਸ ਅਨੁਸਾਰ ਉਸ ਨੂੰ ਵਧੇਰੇ ਪੈਨਸ਼ਨ ਯਕੀਨੀ ਹੋਵੇ। ਜਦੋਂ ਕਿ ਬੁਢਾਪੇ ਵਿਚ ਤਾਂ ਆਧਾਰ ਕਾਰਡ ਆਧਾਰਿਤ 100 ਫ਼ੀਸਦੀ ਮੁਫ਼ਤ ਇਲਾਜ ਤੇ ਸਸਤੇ ਬਹੁਤ ਸਸਤੇ ਕਿਰਾਏ ਦੇ ਮਕਾਨ ਅਤੇ ਸਸਤੀ ਟਰਾਂਸਪੋਰਟ ਜੋ ਟੈਕਸੀਆਂ ਆਦਿ ’ਤੇ ਵੀ ਲਾਗੂ ਹੋਵੇ, ਮਿਲਣੀ ਜ਼ਰੂਰੀ ਹੈ।

## ਕੈਨੇਡਾ ’ਚ ਭਾਰਤੀ ਵਿਦਿਆਰਥੀਆਂ ਅੱਗੇ ਮੁਸ਼ਕਲਾਂ ਦੀ ਬਹੁਤਾਤ

ਇਸ ਵੇਲੇ ਜਦੋਂ ਕੈਨੇਡਾ ਦੇ ਟੋਰਾਂਟੋ ਇਲਾਕੇ ’ਚ ਤਾਪਮਾਨ ਮਨਫ਼ੀ ਅੱਠ ਤੋਂ ਲੈ ਕੇ ਮਨਫ਼ੀ 17 ਡਿਗਰੀ ਸੈਲਸੀਅਸ ਤੱਕ ਚੱਲ ਰਿਹਾ ਹੈ ਅਤੇ ਇੰਨੀ ਜ਼ਿਆਦਾ ਠੰਢ ’ਚ ਬਹੁਤੇ ਪਰਵਾਸੀ ਆਪੋ-ਆਪਣੇ ਦੇਸ਼ਾਂ ਨੂੰ ਗਏ ਹੋਏ ਹਨ। ਪਰ ਉਨ੍ਹਾਂ ਭਾਰਤੀ ਵਿਦਿਆਰਥੀਆਂ ’ਤੇ ਇਸ ਠੰਢ ਦਾ ਕੋਈ ਅਸਰ ਨਹੀਂ ਜਾਪਦਾ ਜੋ ਪਿਛਲੇ ਕਈ ਦਿਨਾਂ ਤੋਂ ਬਰੈਂਪਟਨ ਦੀ ਅਲਗੋਮਾ ਯੂਨੀਵਰਸਿਟੀ ਦੇ ਸਾਹਮਣੇ ਇਸ ਮਨਫ਼ੀ ਤਾਪਮਾਨ ਨਾਲ ਜੂਝਦੇ ਹੋਏ ਰੋਸ ਪ੍ਰਦਰਸ਼ਨ ਕਰ ਰਹੇ ਹਨ। ਉਨ੍ਹਾਂ ਦਾ ਦੋਸ਼ ਹੈ ਕਿ ਯੂਨੀਵਰਸਿਟੀ ’ਚ ਗ਼ੈਰ-ਵਾਜਬ ਤਰੀਕੇ ਨਾਲ ਦਾਖ਼ਲੇ ਹੋਏ ਹਨ ਤੇ ਗ੍ਰੇਡਿੰਗ ਦੇਣ ਦਾ ਤਰੀਕਾ ਵੀ ਸ਼ੱਕੀ ਹੈ। ਇੱਧਰ ਜਿਹੜੇ ਵਿਦਿਆਰਥੀ ਫੇਲ੍ਹ ਹੋ ਗਏ ਹਨ, ਉਨ੍ਹਾਂ ’ਤੇ ਪ੍ਰੀਖਿਆਵਾਂ ਦੌਰਾਨ ਨਕਲਾਂ ਮਾਰਨ ਦੇ ਦੋਸ਼ ਲੱਗੇ ਹੋਏ ਹਨ। ਇਹ ਵਿਅਦਾਰਥੀ ਤਾਂ ਸੂਚਨਾ ਤਕਨਾਲੋਜੀ (ਆਈਟੀ) ਵਿਸ਼ੇ ਦੇ ਹਨ ਪਰ ਉਨ੍ਹਾਂ ਨੂੰ ਤਿੰਨ ਹੋਰ ਜਮਾਤਾਂ ਦੇ ਵਿਦਿਆਰਥੀਆਂ ਦੀ ਹਮਾਇਤ ਵੀ ਹਾਸਲ ਹੋ ਗਈ ਹੈ। ਇਸ ਰੋਸ ਮੁਜ਼ਾਹਰੇ ਕਾਰਨ ਕੈਨੇਡਾ ਦੀ ਕੌਮਾਂਤਰੀ ਵਿਦਿਆਰਥੀ ਨੀਤੀ ਨਾਲ ਜੁੜੇ ਕਈ ਹੋਰ ਮਾਮਲੇ ਵੀ ਸਾਹਮਣੇ ਆਏ ਹਨ। ਉਹ ਯੂਨੀਵਰਸਿਟੀ ਅਧਿਕਾਰੀਆਂ ਤੋਂ ਨਿਆਂਪੂਰਨ ਪੁਨਰ-ਮੁਲੰਕਣ, ਪਾਰਦਰਸ਼ਤਾ ਤੇ ਜਵਾਬਦੇਹੀ ਚਾਹੁੰਦੇ ਹਨ। ਪ੍ਰਦਰਸ਼ਨਕਾਰੀ ਵਿਦਿਆਰਥੀਆਂ ਦਾ ਦਾਅਵਾ ਹੈ ਕਿ ਉਹ ਮਹਿਜ਼ ਪ੍ਰੀਖਿਆਵਾਂ ਪਾਸ ਕਰਨ ਲਈ ਹੀ ਇਹ ਰੋਸ ਮੁਜ਼ਾਹਰਾ ਨਹੀਂ ਕਰ ਰਹੇ ਹਨ। ਇਸੇ ਲਈ ਕੈਨੇਡੀਅਨ ਨੀਤੀ ’ਤੇ ਵੀ ਸਵਾਲ ਉੱਠਣੇ ਸੁਭਾਵਕ ਹਨ। ਇਹ ਮਾਮਲਾ ਆਈਟੀ ਵਿਦਿਆਰਥੀਆਂ ਦੇ ਇਕ ਆਨਲਾਈਨ ਕਲਾਸ ਦੌਰਾਨ ਵੱਡੀ ਗਿਣਤੀ ’ਚ ਫੇਲ੍ਹ ਹੋਣ ਤੋਂ ਬਾਅਦ ਸਾਹਮਣੇ ਆਇਆ ਸੀ। ਕੈਨੇਡਾ



ਸਰਕਾਰ ਨੂੰ ਤੁਰੰਤ ਇਨ੍ਹਾਂ ਮੁਜ਼ਾਹਰਾਕਾਰੀਆਂ ਦੀਆਂ ਮੰਗਾਂ ’ਤੇ ਗ਼ੌਰ ਕਰਨਾ ਚਾਹੀਦਾ ਹੈ। ਓਧਰ ਕੈਨੇਡਾ ਸਰਕਾਰ ਵੀ ਹੁਣ ਕੌਮਾਂਤਰੀ ਵਿਦਿਆਰਥੀਆਂ ਦੀ ਵਧਦੀ ਗਿਣਤੀ ਤੋਂ ਫ਼ਿਰਕਮੰਦ ਹੈ। ਇਸੇ ਲਈ ਇਮੀਗ੍ਰੇਸ਼ਨ ਮੰਤਰੀ ਮਾਰਕ ਮਿੱਲਰ ਨੇ ਐਲਾਨ ਕੀਤਾ ਹੈ ਕਿ ਹੁਣ ਅੱਗੇ ਤੋਂ ਸਿਰਫ਼ ਇਕ ਨਿਸ਼ਚਤ ਗਿਣਤੀ ’ਚ ਹੀ ਕੌਮਾਂਤਰੀ ਵਿਦਿਆਰਥੀ ਕੈਨੇਡਾ ’ਚ ਆ ਸਕਣਗੇ। ਇਹ ਨਵੀਂ ਨੀਤੀ ਕਦ ਤੋਂ ਲਾਗੂ ਹੋਵੇਗੀ, ਇਸ ਬਾਰੇ ਹਾਲੇ ਕੁਝ ਵੀ ਨਹੀਂ ਦੱਸਿਆ ਗਿਆ। ਪਿਛਲੇ ਕੁਝ ਸਮੇਂ ਤੋਂ ਅਜਿਹੀਆਂ ਸ਼ਿਕਾਇਤਾਂ ਵੀ ਆ ਰਹੀਆਂ ਸਨ ਕਿ ਟੋਰਾਂਟੋ, ਕੈਲਗਰੀ, ਵੈਨਕੂਵਰ ਜਿਹੇ ਕੈਨੇਡੀਅਨ ਮਹਾਨਗਰਾਂ ’ਚ ਰਹਿਣ ਵਾਲੇ ਮਕਾਨਾਂ ਦੀ ਘਾਟ ਪੈਦਾ ਹੋ ਗਈ ਹੈ। ਵਿਦਿਆਰਥੀ ਇਸ ਸਮੱਸਿਆ ਕਾਰਨ ਵੀ ਪਰੇਸ਼ਾਨ ਹਨ। ਇਸੇ ਲਈ ਹੁਣ ਯੂਨੀਵਰਸਿਟੀਜ਼ ’ਚ ਸਿਰਫ਼ ਓਨੇ ਕੁ ਹੀ ਕੌਮਾਂਤਰੀ ਵਿਦਿਆਰਥੀਆਂ ਨੂੰ ਦਾਖ਼ਲੇ ਮਿਲਿਆ ਕਰਨਗੇ, ਜਿੰਨੇ ਕੁ ਹੋਸਟਲ ਦੇ ਕਮਰੇ ਉਨ੍ਹਾਂ ਲਈ ਉਸ ਵਿੱਦਿਅਕ ਸੰਗਠਨ ’ਚ ਉਪਲਬਧ ਹੋਣਗੇ। ਸਾਲ 2023 ਦੇ ਦੂਜੇ ਅੱਧ ਦੌਰਾਨ ਕੈਨੇਡਾ ਸਰਕਾਰ ਨੇ ਭਾਰਤੀ ਵਿਦਿਆਰਥੀਆਂ ਦੀਆਂ 40% ਅਰਜ਼ੀਆਂ ਰੱਦ ਕੀਤੀਆਂ ਹਨ। ਉਂਜ ਕੈਨੇਡਾ ’ਚ ਕੁੱਲ ਕੌਮਾਂਤਰੀ ਵਿਦਿਆਰਥੀਆਂ ਦਾ 40% ਭਾਰਤੀ ਹੀ ਹਨ ਜੋ ਬਹੁਤ ਵੱਡੀ ਗਿਣਤੀ ਹੈ। ਅਜਿਹੀਆਂ ਸ਼ਿਕਾਇਤਾਂ ਵੀ ਮਿਲ ਰਹੀਆਂ ਹਨ ਕਿ ਉਸ ਦੇਸ਼ ’ਚ ਰੁਜ਼ਗਾਰ ਦੇ ਮੌਕੇ ਵੀ ਵਿਦਿਆਰਥੀਆਂ ਨੂੰ ਨਹੀਂ ਮਿਲ ਰਹੇ। ਅਜਿਹੇ ਕਈ ਕਾਰਨਾਂ ਦੇ ਚੱਲਦਿਆਂ ਉਨ੍ਹਾਂ ’ਚ ਡੀਪ੍ਰੈਸ਼ਨ ਦੀ ਸਮੱਸਿਆ ਪੈਦਾ ਹੋ ਰਹੀ ਹੈ। ਇਸੇ ਲਈ ਹੁਣ ਕੈਨੇਡਾ ਸਰਕਾਰ ਨੇ ਕੌਮਾਂਤਰੀ ਵਿਦਿਆਰਥੀਆਂ ਦੇ ਖਾਤਿਆਂ ’ਚ ਵਿਖਾਈ ਜਾਣ ਵਾਲੀ ਰਕਮ ਵੀ ਦੁੱਗਣੀ ਕਰ ਦਿੱਤੀ ਹੈ। ਪਹਿਲਾਂ ਉਨ੍ਹਾਂ ਦੇ ਖਾਤਿਆਂ ’ਚ 10 ਹਜ਼ਾਰ ਡਾਲਰ ਹੋਣੇ ਜ਼ਰੂਰੀ ਹੁੰਦੇ ਸਨ ਪਰ ਹੁਣ ਇਹ ਰਕਮ ਵਧਾ ਕੇ 20,635 ਡਾਲਰ ਕਰ ਦਿੱਤੀ ਗਈ ਹੈ। ਇਹ ਰਕਮ ਵਿਦਿਆਰਥੀਆਂ ਨੇ ਕੈਨੇਡਾ ’ਚ ਆਪਣੇ ਰਹਿਣ-ਸਹਿਣ ’ਤੇ ਹੀ ਖ਼ਰਚਣੀ ਹੈ।

# ਸ੍ਰੀ ਰਾਮ ਨੂੰ ਬਨਵਾਸ 14 ਸਾਲ ਹੀ ਕਿਉਂ ?

ਪੰਜਾਬ ਅਤੇ ਪੰਜਾਬੀ ਵਿਚ ਰਾਮ ਕਾਵਿ ਦੀ ਭਰਪੂਰ ਪਰੰਪਰਾ ਰਹੀ ਹੈ। ਇਹ ਕਾਵਿ ਪਰੰਪਰਾ ਦੋ ਕਾਵਿ ਧਾਰਾਵਾਂ ਵਿਚ ਮਿਲਦੀ ਹੈ। ਇਕ ਪਰੰਪਰਾ ਸਰਲ ਤੇ ਠੇਠ ਪੰਜਾਬੀ ਵਿਚ ਰਚੇ ਗਏ ਰਾਮ ਕਾਵਿ ਦੀ ਹੈ, ਜਿਸ ਵਿਚ ਵਧੇਰੇ ਕਰਕੇ ਬਾਰਾਂਮਾਹ ਲਿਖੇ ਗਏ। ਬਾਰਾਂਮਾਹ ਵਿਚ ਬਿਰਹਾ-ਵਰਣਨ ਦੀ ਸੁਰ ਭਾਰੂ ਹੁੰਦੀ ਹੈ ਅਤੇ ਰਾਮ ਕਥਾ ਵਿਚ ਬਿਰਹਾ ਦੀ ਸੂਤਰ ਹਰ ਥਾਂ ਵਿਆਪਤ ਹੈ। 14 ਸਾਲ ਦੇ ਬਨਵਾਸ ਵਿਚ ਪ੍ਰਮੁੱਖ ਪਾਤਰਾਂ ਦੀ ਆਪਣੇ ਪਰਿਵਾਰਾਂ ਅਤੇ ਪਰਜਾ ਤੋਂ ਵਿਛੋੜਾ ਹੈ। ਮਹਾਰਾਜਾ ਦਸ਼ਰਥ ਦੀ ਮੌਤ ਦਾ ਵੱਡਾ ਕਾਰਨ ਪੁੱਤਰ-ਵਿਯੋਗ ਹੀ ਸੀ। ਵਿਛੋੜੇ ਕਰਕੇ ਵੈਰਾਗ ਅਤੇ ਦਰਦ ਸੋਜ ਦੇ ਭਾਵ ਉਗਮਦੇ ਹਨ। ਦੂਜੀ ਪਰੰਪਰਾ ਬੜੀ ਪ੍ਰਭਾਵਿਤ ਪੰਜਾਬੀ ਦੀ ਹੈ, ਜਿਸ ਦੀ ਸ਼ੁਰੂਆਤ ਸ੍ਰੀ ਗੁਰੂ ਗੋਬਿੰਦ ਸਿੰਘ ਰਚਿਤ ਮੰਨੀ ਜਾਂਦੀ 'ਰਾਮ ਅਵਤਾਰ' ਰਚਨਾ ਨਾਲ ਹੁੰਦਾ ਹੈ। ਇਸ ਪਰੰਪਰਾ ਦੀ ਸਭ ਤੋਂ ਮਕਬੂਲ ਰਚਨਾ ਪੰਡਿਤ ਗੁਲਾਬ ਸਿੰਘ ਨਿਰਮਲੇ ਦੀ ਅਧਿਆਤਮਕ ਰਮਾਇਣ ਹੈ। ਹੋਰਨਾਂ ਨਾਇਕਾਂ ਦੇ ਨਾਲ ਸ੍ਰੀ ਰਾਮ ਚੰਦਰ ਵੀ ਪੰਜਾਬੀਆਂ ਦੇ ਹਰਮਨ ਪਿਆਰੇ ਨਾਇਕ ਹਨ। ਰਾਮ ਕਥਾ ਦਾ ਆਰੰਭ ਇਕ ਮਹੱਤਵਪੂਰਨ ਘਟਨਾ ਸ੍ਰੀ ਰਾਮ ਚੰਦਰ ਨੂੰ ਬਨਵਾਸ ਮਿਲਣ ਤੋਂ ਹੁੰਦਾ ਹੈ। ਮਾਤਾ ਕੈਕਈ ਵਲੋਂ ਇਕ ਵਚਨ ਦੀ ਪੂਰਤੀ ਵਜੋਂ ਸ੍ਰੀ ਰਾਮ ਨੂੰ 14 ਸਾਲ ਦਾ ਬਨਵਾਸ ਮੰਗਿਆ ਗਿਆ ਸੀ। ਪ੍ਰਸ਼ਨ ਹੈ ਕਿ 14 ਸਾਲ ਹੀ ਕਿਉਂ ? ਇਹ ਮੰਗ ਕੇਵਲ ਮੰਦਿਰਾ ਦੀ ਉਕਸਾਹਟ ਦਾ ਨਤੀਜਾ ਨਹੀਂ ਸੀ ਅਤੇ ਨਾ ਹੀ ਅਚਾਨਕ ਫੁਰਿਆ ਕੋਈ ਫੁਰਨਾ ਸੀ। ਸਗੋਂ ਬੜੀ ਸੋਚੀ-ਸਮਝੀ ਯੋਜਨਾ ਅਤੇ ਦੂਰ-ਦ੍ਰਿਸ਼ਟੀ ਦਾ ਪ੍ਰਤੀਫਲ ਸੀ। ਮਹਾਂਭਾਰਤ ਵਿਚ ਜਦ ਪਾਂਡਵ ਜੂਏ ਵਿਚ ਹਾਰ ਜਾਂਦੇ ਹਨ ਤਾਂ ਸਜ਼ਾ ਵਜੋਂ ਉਨ੍ਹਾਂ ਨੂੰ ਵੀ ਬਨਵਾਸ ਭੋਗਣਾ ਪੈਂਦਾ ਹੈ, ਜਿਸ ਵਿਚੋਂ ਇਕ ਜਾਂ ਦੋ ਸਾਲ ਅਗਿਆਤਵਾਸ ਵਿਚ

**ਡਾ. ਧਰਮ ਸਿੰਘ**


ਰਹਿਣਾ ਪੈਂਦਾ ਹੈ। ਉਥੇ ਵੀ ਇਹ ਸਮਾਂ ਚੌਦਾਂ ਸਾਲ ਦਾ ਹੀ ਹੈ। ਸੰਭਵ ਹੈ ਕਿ ਇਹ ਰੂੜੀ ਇਨ੍ਹਾਂ ਦੋਵਾਂ ਕਥਾਵਾਂ ਤੋਂ ਬਿਨਾਂ ਕਿਸੇ ਹੋਰ ਕਥਾ ਵਿਚ ਵੀ ਹੋਵੇ।

14 ਸਾਲ ਦੇ ਬਨਵਾਸ ਦਾ ਉੱਤਰ ਮੱਧਕਾਲ ਵਿਚਲੀ ਵਿਰਾਸਤ ਸੰਬੰਧੀ ਧਾਰਨਾ ਨਾਲ ਜੁੜਿਆ ਹੋਇਆ ਹੈ। ਮੱਧਕਾਲ ਵਿਚ ਵਿਰਾਸਤ ਸੰਬੰਧੀ ਧਾਰਨਾ ਜਾਂ ਕਾਨੂੰਨ ਇਹ ਸੀ ਕਿ ਰਾਜਾਸ਼ਾਹੀ ਦੇ ਯੁੱਗ ਵਿਚ ਜੇਕਰ ਰਾਜਾ ਲਗਾਤਾਰ 14 ਸਾਲ ਰਾਜ ਗੱਦੀ ਤੋਂ ਦੂਰ ਰਹਿੰਦਾ ਹੈ ਤਾਂ ਉਸ ਦਾ ਹੱਕ ਆਪਣੇ-ਆਪ ਖ਼ਤਮ ਹੋ ਜਾਂਦਾ ਹੈ। ਇੰਜ ਮਾਤਾ ਕੈਕਈ ਦਾ ਮਨਸੂਬਾ ਹਮੇਸ਼ਾ ਲਈ ਆਪਣੇ ਪੁੱਤਰ ਭਰਤ ਲਈ ਰਾਜ ਗੱਦੀ ਸੁਰੱਖਿਅਤ ਬਣਾਉਣਾ ਸੀ ਪਰ ਕੁਝ ਰਾਜਾ ਭਰਤ ਦੀ ਸਿਆਣਪ, ਜੋ ਉਸ ਨੇ ਰਾਜ ਗੱਦੀ ਉੱਪਰ ਸ੍ਰੀ ਰਾਮ ਦੀਆਂ ਖੜਾਵਾਂ ਰੱਖ ਕੇ ਵਿਖਾਈ ਅਤੇ ਕੁਝ ਪਰਜਾ ਵਿਚ ਸ੍ਰੀ ਰਾਮ ਦੀ ਹਰਮਨ-ਪਿਆਰਤਾ ਕਰਕੇ ਮਾਤਾ ਕੈਕਈ ਦਾ ਮਨਸੂਬਾ ਸਫ਼ਲ ਨਾ ਹੋ ਸਕਿਆ। ਵੇਲੇ ਦੇ ਪ੍ਰਚਲਿਤ ਕਾਨੂੰਨ ਮੁਤਾਬਿਕ ਬਨਵਾਸ ਦਾ ਵਰ ਮੰਗਣ ਨਾਲ ਰਾਜ ਗੱਦੀ ਉੱਪਰ ਸ੍ਰੀ ਰਾਮ ਦਾ ਹੱਕ ਆਪਣੇ-ਆਪ ਹੀ ਖ਼ਤਮ ਹੋ ਜਾਣਾ ਸੀ ਅਤੇ ਰਾਜਾ ਭਰਤ ਹਮੇਸ਼ਾ ਲਈ ਅਯੁੱਧਿਆ ਦਾ ਰਾਜਾ ਬਣਿਆ ਰਹਿ ਸਕਦਾ ਸੀ। ਮੱਧਕਾਲ ਵਿਚ ਜਾਂ ਪ੍ਰਾਚੀਨ ਸਮਿਆਂ ਵਿਚ ਵਿਰਾਸਤ ਸੰਬੰਧੀ ਇਹ ਕਾਨੂੰਨ ਵੀ ਸੀ ਕਿ ਰਾਜਾ ਦੀ ਮੌਤ ਪਿੱਛੋਂ ਉਸ ਦਾ ਸਭ ਤੋਂ ਵੱਡਾ ਪੁੱਤਰ ਰਾਜ ਗੱਦੀ ਦਾ ਹੱਕਦਾਰ ਬਣਦਾ ਸੀ। ਇਹ ਰੀਤ ਅਧਿਆਤਮਕ ਜਗਤ ਵਿਚ ਵੀ ਪ੍ਰਚੱਲਿਤ ਸੀ। ਗੁਰੂ ਘਰ ਵਿਚ ਸਭ ਤੋਂ ਵੱਡਾ ਵਿਰੋਧ ਇਸੇ ਹੱਕ ਨੂੰ ਲੈ ਕੇ ਹੋਇਆ ਸੀ। ਪਹਿਲੇ ਤਿੰਨ ਗੁਰੂ ਸਾਹਿਬਾਨ ਤੱਕ ਤਾਂ ਇਹ ਵਿਰੋਧ ਬਹੁਤਾ ਪ੍ਰਚੰਡ ਨਾ ਹੋਇਆ ਪਰ ਚੌਥੇ ਗੁਰੂ ਸ੍ਰੀ ਗੁਰੂ ਅਮਰਦਾਸ ਜੀ ਤੋਂ ਇਹ ਵਿਰੋਧ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਦਾ ਕਾਰਨ ਵੀ ਬਣਿਆ ਸੀ।

ਮਾਤਾ ਕੈਕਈ ਇਸ ਕਾਨੂੰਨ ਜਾਂ ਧਾਰਨਾ ਤੋਂ ਚੰਗੀ ਤਰ੍ਹਾਂ ਜਾਣੂ ਸੀ, ਇਸੇ ਲਈ ਉਸ ਨੇ ਇਹ ਮੰਗ ਰੱਖੀ ਸੀ। ਸ੍ਰੀ ਰਾਮ ਸਮੇਤ ਸਾਰੇ ਰਾਜ ਪਰਿਵਾਰ ਨੂੰ ਵੀ ਇਸ ਗੱਲ ਦਾ ਪਤਾ ਸੀ। ਇਸੇ ਲਈ ਉਹ ਬਨਵਾਸ ਖ਼ਤਮ ਹੁੰਦਿਆਂ ਸਮੇਂ ਸਿਰ ਪੁਸ਼ਪਕ ਵਿਮਾਨ ਰਾਹੀਂ ਅਯੁੱਧਿਆ ਪਹੁੰਚ ਗਏ ਤਾਂ ਜੋ ਉਨ੍ਹਾਂ ਦਾ ਰਾਜ ਗੱਦੀ ਉੱਪਰ ਹੱਕ ਬਣਿਆ ਰਹੇ। ਏਸੇ ਲਈ ਸ੍ਰੀ ਰਾਮ ਨੂੰ ਅਯੁੱਧਿਆ ਦਾ ਰਾਜਾ ਬਣਨ ਵਿਚ ਕਿਸੇ ਨੇ ਕੋਈ ਉਜ਼ਰ ਨਾ ਕੀਤਾ। ਵਰ ਦੀ ਪੂਰਤੀ ਵਿਚ 14 ਸਾਲ ਦਾ ਬਨਵਾਸ ਮੰਗਣ ਵਿਚ ਮਾਤਾ ਕੈਕਈ ਦੀ ਦੂਰ-



ਦ੍ਰਿਸ਼ਟੀ ਦੇ ਨਾਲ-ਨਾਲ ਕਪਟ ਵੀ ਛੁਪਿਆ ਹੋਇਆ ਸੀ, ਜਿਸ ਕਰਕੇ ਸਮੁੱਚੀ ਰਾਮ ਕਥਾ ਵਿਚ ਉਸ ਦੀ ਭੂਮਿਕਾ ਨਾਕਾਰਾਤਮਕ ਮੰਨੀ ਜਾਂਦੀ ਹੈ।



# ਭਾਰਤੀ ਪਰੰਪਰਾ ਦੀ ਪ੍ਰਤੀਕ ਹੈ ਅਯੁੱਧਿਆ ਨਗਰੀ

ਅਯੁੱਧਿਆ ਭਾਰਤ ਦੀ ਸ਼ਾਨਦਾਰ ਅਧਿਆਤਮਕ ਤੇ ਸੱਭਿਆਚਾਰਕ ਪਰੰਪਰਾ ਦੀ ਨੁਮਾਇੰਦਗੀ ਕਰਨ ਵਾਲਾ ਸ਼ਹਿਰ ਹੈ ਜੋ ਪ੍ਰਾਚੀਨ ਕਾਲ ਤੋਂ ਹੀ ਧਰਮ ਤੇ ਸੱਭਿਆਚਾਰ ਦੇ ਪਵਿੱਤਰ ਸਥਾਨ ਵਜੋਂ ਦੁਨੀਆ ਭਰ 'ਚ ਮਸ਼ਹੂਰ ਹੈ। ਅਯੁੱਧਿਆ ਜੋ ਤ੍ਰੇਤਾ ਯੁੱਗ 'ਚ ਸੂਰਯਾਵੰਸ਼ੀ ਰਾਜਿਆਂ ਦੀ ਰਾਜਧਾਨੀ ਸੀ, ਪੁਰਾਤੱਤਵ ਤੇ ਇਤਿਹਾਸਕ ਦ੍ਰਿਸ਼ਟੀਕੋਣ ਤੋਂ ਬਹੁਤ ਮਹੱਤਵ ਰੱਖਦੀ ਹੈ। 22 ਜਨਵਰੀ ਨੂੰ ਅਯੁੱਧਿਆ 'ਚ ਭਗਵਾਨ ਰਾਮ ਦੀ ਮੂਰਤੀ ਸਥਾਪਤ ਕਰ ਕੇ ਪ੍ਰਾਣ ਪ੍ਰਤਿਸ਼ਠਾ ਕੀਤੀ ਜਾ ਰਹੀ ਹੈ। ਜੈਨ ਧਰਮ ਦੇ ਮੋਢੀ ਆਦਿਨਾਥ ਸਮੇਤ ਪੰਜ ਤੀਰਥੰਕਰ ਇਸ ਪਵਿੱਤਰ ਸ਼ਹਿਰ ਵਿਚ ਪੈਦਾ ਹੋਏ ਸਨ। ਜਨ ਕਥਾ ਅਨੁਸਾਰ ਮਹਾਤਮਾ ਬੁੱਧ ਨੇ ਸਾਕੇਤ ਵਿਚ ਆਪਣੇ ਜੀਵਨ ਦੀਆਂ 16 ਗਰਮੀਆਂ ਬਿਤਾਈਆਂ ਸਨ। ਚੀਨੀ ਯਾਤਰੀ ਫਾ ਹਿਏਨ ਅਤੇ ਹਿਊਏਨ ਸਾਂਗ ਨੇ ਵੀ ਆਪਣੇ ਸਫ਼ਰਨਾਮੇ ਵਿਚ ਇਸ ਸ਼ਹਿਰ ਦਾ ਜ਼ਿਕਰ ਕੀਤਾ ਹੈ। 'ਰਾਮਾਇਣ' ਤੇ 'ਸ੍ਰੀਰਾਮਚਰਿਤਮਾਨਸ' ਕਾਰਨ ਅਯੁੱਧਿਆ ਨਗਰੀ ਲੋਕਾਂ ਦੇ ਮਨਾਂ ਵਿਚ ਪ੍ਰਚਲਿਤ ਹੋ ਗਈ ਹੈ। ਅਯੁੱਧਿਆ ਦੇ ਪ੍ਰਮੁੱਖ ਸੈਰ-ਸਪਾਟਾ ਸਥਾਨ ਇੰਜ ਹਨ :

**ਸ੍ਰੀਰਾਮ-ਜਨਮ ਭੂਮੀ :** ਇਹ ਮੰਨਿਆ ਜਾਂਦਾ ਹੈ ਕਿ ਸ੍ਰੀ ਰਾਮ ਦੇ ਜਨਮ ਅਸਥਾਨ ਦੀ ਖੋਜ ਰਾਜਾ ਵਿਕਰਮਾਦਿੱਤਿਆ ਨੇ ਕੀਤੀ ਸੀ। ਭਾਰਤ ਅਤੇ ਵਿਦੇਸ਼ਾਂ ਤੋਂ ਲੱਖਾਂ ਸ਼ਰਧਾਲੂ ਹਰ ਸਾਲ ਚੇਤਰ ਮਹੀਨੇ ਦੀ ਰਾਮ ਨੌਮੀ ਨੂੰ ਭਗਵਾਨ ਰਾਮ ਦੇ ਜਨਮ ਦਿਨ ਦੇ ਪਵਿੱਤਰ ਤਿਉਹਾਰ 'ਤੇ ਇੱਥੇ ਆਉਂਦੇ ਹਨ।

**ਕਨਕ ਭਵਨ :** ਸ੍ਰੀ ਰਾਮ ਜਨਮ ਭੂਮੀ ਦੇ ਉੱਤਰ-ਪੂਰਬ ਵਿਚ ਸਥਿਤ ਕਨਕ ਭਵਨ ਬਾਰੇ ਇਕ ਦਿਲਚਸਪ ਕਹਾਣੀ ਹੈ। ਜਦੋਂ ਵਿਦੇਸ਼ੀ ਰਾਜਕੁਮਾਰੀ ਜਾਨਕੀ ਵਿਆਹ ਤੋਂ ਬਾਅਦ ਅਯੁੱਧਿਆ ਆਈ ਤਾਂ ਰਾਣੀ ਕੈਕੇਈ ਨੇ ਕਨਕ (ਸੋਨਾ) ਦੁਆਰਾ ਬਣਾਇਆ ਮਹਿਲ ਉਸ ਨੂੰ ਪਹਿਲੇ ਤੋਹਫ਼ੇ ਵਜੋਂ ਦਿੱਤਾ। ਮਹਾਰਾਜਾ ਵਿਕਰਮਾਦਿੱਤਿਆ ਨੇ ਇਸ ਨੂੰ ਦੁਬਾਰਾ ਬਣਾਇਆ ਸੀ।

**ਕੌਸ਼ੱਲਿਆ ਭਵਨ:** ਇਹ ਮਹਾਰਾਜਾ ਦਸ਼ਰਥ ਦੀ ਮੁੱਖ ਰਾਣੀ ਕੌਸ਼ੱਲਿਆ ਜੀ ਦੀ ਇਮਾਰਤ ਹੈ ਜਿਸ ਦਾ ਨਿਰਮਾਣ ਲਗਪਗ ਢਾਈ ਸੌ ਸਾਲ ਪਹਿਲਾਂ ਹੋਇਆ ਸੀ। ਮੌਜੂਦਾ ਮੰਦਰ 'ਚ ਮਹਾਰਾਣੀ ਕੌਸ਼ੱਲਿਆ ਦੀ ਲਗਪਗ ਢਾਈ ਫੁੱਟ ਉੱਚੀ ਮੂਰਤੀ ਉਦਾਸ ਅਵਸਥਾ ਵਿਚ ਸਥਾਪਤ ਕੀਤੀ ਗਈ ਹੈ।

ਸ੍ਰੀ ਤੁਲਸੀ ਮੈਮੋਰੀਅਲ ਬਿਲਡਿੰਗ : ਤੁਲਸੋ ਚੌਰਾ ਦੇ ਨੇੜੇ, ਲੋਕ ਨਾਇਕ, ਮਹਾਨ ਕਵੀ ਤੁਲਸੀਦਾਸ ਜੀ ਦੀ ਯਾਦ ਵਿਚ ਭਾਰਤ ਸਰਕਾਰ ਵੱਲੋਂ 'ਤੁਲਸੀ ਯਾਦਗਾਰੀ ਭਵਨ' ਦਾ ਨਿਰਮਾਣ ਕੀਤਾ ਗਿਆ ਹੈ। ਇੱਥੇ ਹਰ ਸਾਲ ਮਹਾਨ ਕਵੀ ਗੋਸਵਾਮੀ ਤੁਲਸੀਦਾਸ ਜੀ ਦਾ ਜਨਮ ਦਿਹਾੜਾ ਸ੍ਰਵਣ ਸਪਤਮੀ ਨੂੰ ਵਿਸ਼ੇਸ਼ ਸਮਾਗਮ ਕਰਦੇ ਹੋਏ ਮਨਾਇਆ ਜਾਂਦਾ ਹੈ।

**ਸੀਤਾ ਮਾਤਾ ਦੀ ਰਸੋਈ :** ਜਨਮ ਅਸਥਾਨ ਅਤੇ ਸੀਤਾ ਰਸੋਈ ਇੱਕੋ ਮੰਦਰ ਦੇ ਵੱਖ-ਵੱਖ ਹਿੱਸਿਆਂ ਵਿਚ ਸਥਿਤ ਹਨ। ਮੰਦਰ ਦੇ ਹੇਠਲੇ ਪਾਸੇ ਕੋਠੜੀ ਵਿਚ ਖੱਬੇ ਪਾਸੇ ਮੋਢੀ ਦੇ ਰਸਤੇ 'ਸੀਤਾ ਰਸੋਈ' ਨੂੰ ਜਾਣ ਵਾਲਾ ਰਸਤਾ ਹੈ। ਇੱਥੇ ਸੀਤਾ ਮਾਤਾ ਦੀ ਮੂਰਤੀ ਸਥਾਪਤ ਹੈ। ਪੱਥਰ ਦਾ ਬਣਿਆ ਇਕ ਕਟੋਰਾ, ਇਕ ਰੋਲਿੰਗ ਪਿੰਨ ਅਤੇ ਇਕ ਸੀਟ ਆਦਿ ਵੀ ਇੱਥੇ ਰੱਖੇ ਗਏ ਹਨ।

**ਸੀਤਾਕੂਪ :** ਸੀਤਾਕੂਪ ਦੇ ਜਲ ਦੀ ਵਰਤੋਂ ਮੂਲ ਨਕਸ਼ੱਤਰ ਵਿਚ ਪੈਦਾ ਹੋਣ ਵਾਲੇ ਬੱਚਿਆਂ ਦੀ ਮੱਢਲੀ ਸ਼ਾਂਤੀ ਲਈ ਕੀਤੀ ਜਾਂਦੀ ਹੈ। ਪੁਰਾਣੇ ਸਮਿਆਂ 'ਚ ਇੱਥੇ ਇਕ ਖੂਹ ਸੀ ਜੋ ਭਗਵਾਨ ਦਸ਼ਰਥ ਦਾ ਨਿਵਾਸ ਸੀ ਜਿਸ ਦੀ ਵਿਆਹ-ਸ਼ਾਦੀਆਂ ਉੱਤੇ ਪੂਜਾ ਕੀਤੀ ਜਾਂਦੀ ਸੀ। ਸੀਤਾ ਜੀ ਦੇ ਨਾਮ 'ਤੇ ਇਸ ਨੂੰ ਸੀਤਾਕੂਪ ਕਿਹਾ ਜਾਂਦਾ ਹੈ।

**ਹਨੂੰਮਾਨਗੜ੍ਹੀ :** ਕੈਕੇਈ ਭਵਨ ਦੇ ਖੰਡਰ ਇੱਥੇ ਸਥਿਤ ਹਨ। ਕਿਹਾ ਜਾਂਦਾ ਹੈ ਕਿ ਇੱਥੇ ਮਹਾਰਾਣੀ ਕੈਕੇਈ ਦੀ ਕੁੱਖੋਂ ਭਰਤ ਜੀ ਦਾ ਜਨਮ ਹੋਇਆ ਸੀ। ਇਸ ਇਮਾਰਤ ਦੇ ਨੇੜੇ ਸੁਮਿੱਤਰਾ ਭਵਨ ਸਥਿਤ ਹੈ। ਰਾਣੀ ਕੈਕੇਈ ਦਾ ਕੋਪ ਭਵਨ ਕੌਸ਼ੱਲਿਆ ਭਵਨ ਦੇ ਨੇੜੇ ਸਥਿਤ ਹੈ।

**ਰਤਨਸਾਸਨ (ਸ਼ਾਹੀ ਸਿੰਘਾਸਣ) :** ਇਹ ਇਮਾਰਤ ਕਨਕ ਭਵਨ ਦੀ ਦੱਖਣ ਦਿਸ਼ਾ ਵਿਚ ਹੈ। ਮਾਨਤਾ ਅਨੁਸਾਰ ਇੱਥੇ ਭਗਵਾਨ

**-ਅਵਤਾਰ ਸਿੰਘ ਭੰਵਰਾ**

ਰਾਮ ਦੀ ਤਾਜਪੋਸ਼ੀ ਹੋਈ ਸੀ।

**ਲਵ-ਕੁਸ਼ ਮੰਦਰ :** ਭਗਵਾਨ ਰਾਮ ਦੇ ਪੁੱਤਰਾਂ ਲਵ ਅਤੇ ਕੁਸ਼ ਦੇ ਨਾਮ 'ਤੇ ਬਣਾਈ ਗਈ ਲਵ ਅਤੇ ਕੁਸ਼ ਦੀ ਮੂਰਤੀ ਦੇ ਨਾਲ, ਇਸ ਮੰਦਰ ਵਿਚ ਮਹਾਰਿਸ਼ੀ ਵਾਲਮੀਕੀ ਦੀ ਮੂਰਤੀ ਵੀ ਸਥਾਪਤ ਹੈ। ਨੇੜੇ ਹੀ ਸ੍ਰੀ ਅਬਰਡਮ, ਰਾਮ ਕਚਹਿਰੀ ਮੰਦਰ, ਸ੍ਰੀ ਜਗਨਨਾਥ ਮੰਦਰ ਅਤੇ ਸ੍ਰੀ ਰਾਗਮਹਲ ਮੰਦਰ ਹਨ।

**ਸ੍ਰੀ ਛੋਟੀ ਦੇਵਕਾਲੀ ਮੰਦਰ:** ਨਵੇਂ ਘਾਟ ਕੋਲ ਇਕ ਗਲੀ 'ਚ ਛੋਟੀ ਦੇਵਕਾਲੀ ਦਾ ਮੰਦਰ ਹੈ। ਛੋਟੀ ਦੇਵਕਾਲੀ ਨੂੰ ਅਵਧ ਦੀ ਦੇਵੀ ਮੰਨਿਆ ਜਾਂਦਾ ਹੈ।

**ਮਾਤਗਯੰਦ (ਮਾਤਗੰਡ) ਜੀ ਦਾ ਸਥਾਨ :** ਮੱਤਗਯੰਦ ਜੀ ਲਖਾਧਿਪਤੀ ਵਿਭੀਸ਼ਨ ਦੇ ਪੁੱਤਰ ਸਨ, ਉਨ੍ਹਾਂ ਦਾ ਸਥਾਨ ਕਨਕ ਭਵਨ ਮੰਦਰ ਦੇ ਉੱਤਰ-ਪੂਰਬ ਦਿਸ਼ਾ 'ਚ ਸਥਿਤ ਹੈ। ਉਹ ਰਾਮਕੋਟ ਦੇ ਉੱਤਰੀ ਗੇਟ ਦਾ ਮੁੱਖ ਪਹਿਰੇਦਾਰ ਸੀ। ਕਿਹਾ ਜਾਂਦਾ ਹੈ ਕਿ ਕੋਈ ਯਾਤਰੀ ਅਯੁੱਧਿਆ ਵਿਚ ਦਰਸ਼ਨ ਕਰਨ ਦਾ ਸੁਭਾਗ ਪ੍ਰਾਪਤ ਨਹੀਂ ਕਰ ਸਕਦਾ ਜਦੋਂ ਤੱਕ ਉਹ ਇਸ ਮੰਦਰ ਦੇ ਦਰਸ਼ਨ ਕਰਨ ਲਈ ਨਹੀਂ ਆਉਂਦਾ।

**ਸ੍ਰੀ ਕਾਲੇਰਾਮ ਜੀ ਮੰਦਰ :** ਸਰਯੂ ਨਦੀ ਦੇ ਪਵਿੱਤਰ ਕੰਢੇ 'ਤੇ ਸਵਰਗਦਵਾਰ ਇਲਾਕੇ ਵਿਚ ਕਾਲੇਰਾਮ ਜੀ ਦਾ ਮੰਦਰ ਹੈ। ਉੱਥੇ ਵਿਕਰਮਾਦਿੱਤਿਆ ਕਾਲ ਦੀਆਂ ਮੂਰਤੀਆਂ ਸਥਾਪਤ ਹਨ।

**ਲਕਸ਼ਮਣ ਕਿਲ੍ਹਾ :** ਸਰਯੂ ਦੇ ਪਵਿੱਤਰ ਕਿਨਾਰੇ 'ਤੇ ਸਥਿਤ ਲਕਸ਼ਮਣ ਕਿਲ੍ਹਾ ਮੁਬਾਰਕ ਅਲੀ ਖਾਨ ਦੁਆਰਾ ਬਣਾਇਆ ਗਿਆ ਸੀ। ਇਸ ਨੂੰ ਕਿਲਾ ਮੁਬਾਰਕ ਵੀ ਕਿਹਾ ਜਾਂਦਾ ਹੈ। ਰਸਿਕ ਸੰਪਰਦਾ ਦੇ ਸੰਤ ਸਵਾਮੀ ਯੁਗਲਾਨੰਦ ਪਰਾਣ ਜੀ ਮਹਾਰਾਜ ਨਿਰਮਲੀ ਕੁੰਡ ਵਿਖੇ ਤਪੱਸਿਆ ਕਰਦੇ ਸਨ। ਉਨ੍ਹਾਂ ਦੇ ਦੇਹਾਂਤ ਤੋਂ ਬਾਅਦ ਦੀਵਾਨ ਰੋਵੀ ਦੀਨਬੰਧੂ ਜੀ ਨੇ ਇਸ ਸਥਾਨ 'ਤੇ ਇਕ ਵਿਸ਼ਾਲ ਮੰਦਰ ਬਣਵਾਇਆ ਜੋ ਅੱਜ ਵੀ ਮੌਜੂਦ ਹੈ।

**ਗੁਰਦੁਆਰਾ ਬ੍ਰਹਮਕੁੰਡ :** ਬ੍ਰਹਮਕੁੰਡ ਘਾਟ ਦੇ ਨੇੜੇ ਬ੍ਰਹਮਦੇਵ ਜੀ ਦਾ ਇਕ ਛੋਟਾ ਜਿਹਾ ਮੰਦਰ ਹੈ ਜਿਸ ਵਿਚ ਬੱਧਾ ਜੀ ਦੀ ਚਤੁਰਸਕੋ ਮੂਰਤੀ ਸਥਾਪਤ ਹੈ। ਕਿਹਾ ਜਾਂਦਾ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਉੱਥੇ ਚਤੁਰਾਨ ਬ੍ਰਹਮਾ ਜੀ ਦੇ ਪ੍ਰਤੱਖ ਦਰਸ਼ਨ ਕੀਤੇ ਸਨ। ਘਾਟ ਦੇ ਨੇੜੇ ਇਕ ਵਿਸ਼ਾਲ ਗੁਰਦੁਆਰਾ ਸਥਿਤ ਹੈ ਜਿੱਥੇ ਸਿੱਖ ਸ਼ਰਧਾਲੂ ਹਰ ਸਾਲ ਦਰਸ਼ਨਾਂ ਲਈ ਆਉਂਦੇ ਹਨ। ਕਿਹਾ ਜਾਂਦਾ ਹੈ ਕਿ ਇੱਥੇ ਸਿੱਖ ਧਰਮ ਦੇ ਨੌਵੇਂ ਗੁਰੂ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਵੀ ਤਪੱਸਿਆ ਕੀਤੀ ਸੀ।


**ਅਯੁੱਧਿਆ ਦਾ ਜੈਨ ਮੰਦਰ :** ਸ੍ਰੀ ਰਿਸ਼ਭਦੇਵ ਜੀ ਦਾ ਵਿਸ਼ਾਲ ਮੰਦਰ ਰਾਏਗੰਜ ਇਲਾਕੇ ਵਿਚ ਸਥਿਤ ਹੈ। ਇਸ ਮੰਦਰ ਵਿਚ ਸ੍ਰੀ ਰਿਸ਼ਭਦੇਵ ਜੀ ਦੀ 21 ਫੁੱਟ ਉੱਚੀ ਸੰਗਮਰਮਰ ਦੀ ਮੂਰਤੀ ਸਥਾਪਤ ਹੈ ਜੋ ਅਯੁੱਧਿਆ 'ਚ ਸਥਿਤ ਜੈਨ ਮੰਦਰਾਂ ਦੀਆਂ ਮੂਰਤੀਆਂ 'ਚੋਂ ਸਭ ਤੋਂ ਵੱਡੀ ਹੈ। ਅਯੁੱਧਿਆ ਨੂੰ ਪੰਜ ਜੈਨ ਤੀਰਥੰਕਰਾਂ ਦਾ ਜਨਮ ਸਥਾਨ ਹੋਣ ਦਾ ਮਾਣ ਪ੍ਰਾਪਤ ਹੈ। ਪੰਜ ਤੀਰਥੰਕਰਾਂ ਦੀ ਸਥਾਪਨਾ ਪੰਜ ਵੱਖ-ਵੱਖ ਮੰਦਰਾਂ ਵਿਚ ਕੀਤੀ ਗਈ ਹੈ।

**ਸ੍ਰੀ ਨਾਗੇਸ਼ਵਰਨਾਥ ਮਹਾਦੇਵ ਮੰਦਰ :** ਸ੍ਰੀ ਨਾਗੇਸ਼ਵਰਨਾਥ ਬਾਰਾਂ ਭਾਰਤੀ ਜਿਓਤਿਰਲਿੰਗਾਂ 'ਚੋਂ ਇਕ ਹੈ। ਸ੍ਰੀ ਰਾਮ ਚੰਦਰ ਜੀ ਦੇ ਪੁੱਤਰ ਮਹਾਰਾਜਾ ਕੁਸ਼ ਦੁਆਰਾ ਸਥਾਪਤ ਇਸ ਮੰਦਰ ਦੀ ਸਥਾਪਨਾ ਨਾਲ ਜੁੜੀ ਇਕ ਦਿਲਚਸਪ ਕਹਾਣੀ ਅਯੁੱਧਿਆ ਦੇ ਇਤਿਹਾਸ ਵਿਚ ਮਿਲਦੀ ਹੈ। ਇਕ ਦਿਨ ਜਦੋਂ ਮਹਾਰਾਜਾ ਕੁਸ਼ ਸਰਯੂ ਨਦੀ ਵਿਚ ਇਸ਼ਨਾਨ ਕਰ ਰਹੇ ਸਨ ਤਾਂ ਉਨ੍ਹਾਂ ਦੇ ਇਕ ਹੱਥ 'ਤੇ ਚੂੜੀ ਡਿੱਗ ਪਈ। ਪਾਣੀ, ਜਿਸ ਨੂੰ ਸੱਪ ਕੁੜੀ ਨੇ ਫੜਿਆ ਸੀ, ਕੰਗਨ ਲੈ ਗਿਆ।

ਕਾਫ਼ੀ ਭਾਲ ਕਰਨ ਤੋਂ ਬਾਅਦ ਵੀ ਜਦੋਂ ਕੰਗਨ ਬਾਰੇ ਮਹਾਰਾਜ ਨੂੰ ਕੁਝ ਵੀ ਪਤਾ ਨਾ ਲੱਗਾ ਤਾਂ ਉਹ ਗੁੱਸੇ 'ਚ ਆ ਗਏ ਤੇ ਪਾਣੀ ਨੂੰ ਸੁਕਾਉਣ ਦੀ ਇੱਛਾ ਨਾਲ ਉਨ੍ਹਾਂ ਨੇ ਅਗਨੀਸਰ ਦੀ ਰਸਮ ਕੀਤੀ ਜਿਸ ਦੇ ਨਤੀਜੇ ਵਜੋਂ ਪਾਣੀ ਵਿਚ ਰਹਿਣ ਵਾਲੇ ਜੀਵ-ਜੰਤੂ ਪਰੇਸ਼ਾਨ ਹੋਣ ਲੱਗੇ। ਫਿਰ ਨਾਗਰਾਜ ਨੇ ਖ਼ੁਦ ਉਹ ਕੰਗਨ ਲਿਆ ਕੇ ਮਹਾਰਾਜਾ ਕੁਸ਼ ਨੂੰ ਸਤਿਕਾਰ ਸਹਿਤ ਭੇਟ ਕੀਤਾ ਤੇ ਉਸ ਨੂੰ ਆਪਣੀ ਧੀ ਨਾਲ ਵਿਆਹ ਕਰਨ ਦੀ ਬੇਨਤੀ ਕੀਤੀ।

ਮਹਾਰਾਜਾ ਕੁਸ਼ ਨੇ ਸੱਪ-ਕੁੜੀ ਨਾਲ ਵਿਆਹ ਕਰਵਾ ਲਿਆ। ਸੰਸਕ੍ਰਿਤੀ ਵਿਭਾਗ, ਉੱਤਰ ਪ੍ਰਦੇਸ਼ ਦੁਆਰਾ ਜਨਵਰੀ, 1988 ਵਿਚ ਵਿਲੱਖਣ 'ਰਾਮ ਕਥਾ ਅਜਾਇਬਘਰ' ਦੀ ਸਥਾਪਨਾ ਕੀਤੀ ਗਈ ਸੀ। ਇਸ ਅਜਾਇਬਘਰ ਵਿਚ ਦੇਸ਼ ਦੇ ਵੱਖ-ਵੱਖ ਅਜਾਇਬਘਰਾਂ ਵਿਚ ਇਕੱਤਰ ਕੀਤੀ ਰਾਮ ਕਥਾ ਨਾਲ ਸਬੰਧਤ ਵੱਖ-ਵੱਖ ਤਰ੍ਹਾਂ ਦੀਆਂ ਪੇਂਟਿੰਗਾਂ, ਹਾਥੀ ਦੰਦ ਦੇ ਮਾਸਕ ਤੇ ਰਾਮ ਕਥਾ ਨਾਲ ਸਬੰਧਤ ਮੂਲ ਸਮੱਗਰੀ ਹੈ। ਰੰਗਦਾਰ ਅਤੇ ਕਾਲੇ ਤੇ ਚਿੱਟੇ ਚਿੱਤਰ ਉਪਲਬਧ ਹਨ। ਅਯੁੱਧਿਆ ਵਿਚ ਠਹਿਰਨ ਲਈ ਬਹੁਤ ਸਾਰੇ ਉੱਚ, ਮੱਧ ਵਰਗ ਦੇ ਹੋਟਲ ਤੇ ਧਰਮਸ਼ਾਲਾਵਾਂ ਉਪਲਬਧ ਹਨ ਜਿਨ੍ਹਾਂ ਦੀ ਵਿਸਥਾਰਤ ਜਾਣਕਾਰੀ ਉੱਤਰ ਪ੍ਰਦੇਸ਼ ਸੈਰ-ਸਪਾਟਾ ਦਫ਼ਤਰ ਤੋਂ ਪ੍ਰਾਪਤ ਕੀਤੀ ਜਾ ਸਕਦੀ ਹੈ। ਪਥਿਕ ਨਿਵਾਸ ਸਾਕੇਤ, ਅਯੁੱਧਿਆ ਉੱਤਰ ਪ੍ਰਦੇਸ਼ ਰਾਜ ਸੈਰ-ਸਪਾਟਾ ਵਿਕਾਸ ਨਿਗਮ (ਰੇਲਵੇ ਸਟੇਸ਼ਨ ਦੇ ਨੇੜੇ) ਦੁਆਰਾ ਚਲਾਇਆ ਜਾਂਦਾ ਹੈ ਜੋ ਸ਼ਾਨਦਾਰ ਰਿਹਾਇਸ਼ ਦੀਆਂ ਸਹੂਲਤਾਂ ਪ੍ਰਦਾਨ ਕਰਦਾ ਹੈ।

# ਬਸੰਤ ਰਾਗ ਦੀ ਕੀਰਤਨ ਮਰਯਾਦਾ




**ਡਾ. ਗੁਰਨਾਮ ਸਿੰਘ ਜੀ,**
**ਵਾਹਿਗੁਰੂ ਜੀ ਕਾ ਖਾਲਸਾ।**
**ਵਾਹਿਗੁਰੂ ਜੀ ਕਿ ਫ਼ਤਿਹ।**
**ਵਿਸ਼ਾ:- ਬਸੰਤ ਰਾਗ ਦੀ ਕੀਰਤਨ ਮਰਯਾਦਾ**

ਡਾ ਗੁਰਨਾਮ ਸਿੰਘ ਜੀ, ਆਪ ਜੀ ਦਾ ਲੇਖ, "ਗੁਰਮਤਿ ਸੰਗੀਤ ਵਿੱਚ ਬਸੰਤ ਦੀ ਕੀਰਤਨ ਮਰਿਆਦਾ" ਹਫਤਾਵਾਰੀ ਅਖ਼ਬਾਰ 'ਸਾਡੇ ਲੋਕ' (ਜਨਵਰੀ 17-23, ਪੰਨਾ 20) ਵਿੱਚ ਪੜਿਆ, ਇਸ ਵਿੱਚ ਜਿਥੇ ਆਪ ਜੀ ਨੇ ਬਾਣੀ ਦੇ ਹਵਾਲਿਆਂ ਨਾਲ 6 ਰੁੱਤਾਂ ਵਿੱਚੋਂ ਸਭ ਤੋਂ ਖ਼ੂਬਸੂਰਤ ਰੁੱਤ, ਬਸੰਤ ਦੀ ਰੁੱਤ ਬਾਰੇ ਜਾਣਕਾਰੀ ਸਾਂਝੀ ਕੀਤੀ ਹੈ, ਉਥੇ ਹੀ ਆਪ ਨੇ ਗੁਰੂ ਘਰ ਵਿਚ ਬਸੰਤ ਰਾਗ ਦੇ ਕੀਰਤਨ ਕਰਨ ਦੀ ਮਰਯਾਦਾ ਸਬੰਧੀ ਜਾਣਕਾਰੀ ਸਾਂਝੀ ਕੀਤੀ ਹੈ।

ਆਪ ਜੀ ਲਿਖਦੇ ਹੋ, "ਸਿੱਖ ਧਰਮ ਦੀ ਗੁਰਮਤਿ ਸੰਗੀਤ ਪਰੰਪਰਾ ਦੀ ਮਰਯਾਦਾ ਅਨੁਸਾਰ ਬਸੰਤ ਰਾਗ ਤੇ ਅਧਾਰਿਤ ਬਸੰਤ ਦੀ ਕੀਰਤਨ ਚੌਕੀ ਦਾ ਆਰੰਭ ਸ਼੍ਰੀ ਦਰਬਾਰ ਸਾਹਿਬ ਵਿਖੇ ਲੋਹੜੀ ਵਾਲੀ ਰਾਤ ਅਤੇ ਬਾਕੀ ਗੁਰੂ ਸਥਾਨਾਂ 'ਤੇ ਮਾਘ ਦੀ ਸੰਗਰਾਂਦ ਵਾਲੇ ਦਿਨ ਤੋਂ ਕੀਤਾ ਜਾਂਦਾ ਹੈ। ਸ੍ਰੀ ਦਰਬਾਰ ਸਾਹਿਬ ਵਿਖੇ ਲੋਹੜੀ ਦੀ ਰਾਤ ਨੂੰ ਬਸੰਤ ਰਾਗ ਆਰੰਭ ਕਰਨ ਭਾਵ ਬਸੰਤ ਖੋਲ੍ਹਣ ਦੀ ਵਿਸ਼ੇਸ਼ ਅਰਦਾਸ ਵੀ ਕੀਤੀ ਜਾਂਦੀ ਹੈ।... ਇਸ ਤਰ੍ਹਾਂ ਗੁਰਮਤਿ ਸੰਗੀਤ ਦੀ ਪਰੰਪਰਾ ਵਿੱਚ ਹੋਲੇ ਮਹੱਲੇ ਤੱਕ ਇਸ ਰਾਗ ਦਾ ਗਾਇਨ, ਹਰ ਕੀਰਤਨ ਚੌਕੀ ਵਿੱਚ ਕਰਨ ਦੀ ਪ੍ਰਥਾ ਹੈ।

ਆਪ ਦੀ ਲਿਖਤ ਮੁਤਾਬਕ ਬਸੰਤ ਰਾਗ ਦਾ ਸਮਾਂ, ਪੋਹ ਮਹੀਨੇ ਦਾ ਆਖਰੀ ਦਿਨ ਜਾਂ ਮਾਘ ਦੀ ਸੰਗਰਾਂਦ ਤੋਂ ਹੋਲੇ ਮਹੱਲੇ ਭਾਵ ਚੇਤ ਵਦੀ ਏਕਮ ਤਾਈਂ ਹੁੰਦਾ ਹੈ। ਇਸ ਅਧਾਰ ਤੇ ਅਸੀਂ ਕਹਿ ਸਕਦੇ ਹਾਂ ਕਿ ਬਸੰਤ ਰਾਗ ਦੇ ਕੀਰਤਨ ਦਾ ਸਮਾਂ ਮਾਘ, ਫੱਗਣ ਦਾ ਮਹੀਨਾ ਹੈ। ਇਸ ਦੀ ਸਮਾਪਤੀ ਦੀ ਅਰਦਾਸ ਹੋਲੇ ਵਾਲੇ ਦਿਨ ਕੀਤੀ ਜਾਂਦੀ ਹੈ। ਹੋਲਾ, ਚੇਤ ਵਦੀ ਏਕਮ ਨੂੰ ਹੁੰਦਾ ਹੈ। ਇਹ 1 ਮਾਰਚ/18 ਫੱਗਣ ਤੋਂ 29 ਮਾਰਚ /16 ਚੇਤ ਦੇ ਦਰਮਿਆਨ ਹਰ ਸਾਲ ਬਦਲਵੀਂ ਤਾਰੀਖ (ਪ੍ਰਵਿਸ਼ਟੇ) ਨੂੰ ਆਉਂਦਾ ਹੈ। ਇਥੋਂ ਇਹ ਸਪੱਸ਼ਟ ਹੈ ਕਿ ਬਸੰਤ ਰਾਗ ਦੀ ਸਮਾਪਤੀ ਦੀ ਅਰਦਾਸ ਜਾਂ ਬਸੰਤ ਰੁੱਤ ਦੀ ਸਮਾਪਤੀ ਦੀ ਅਰਦਾਸ ਹਰ ਸਾਲ ਬਦਲਵੀਂ ਤਾਰੀਖ ਨੂੰ ਹੁੰਦੀ ਹੈ। ਦੂਜੇ ਸ਼ਬਦਾਂ ਵਿੱਚ ਅਸੀਂ ਇਹ ਵੀ ਕਹਿ ਸਕਦੇ ਹਾਂ ਕਿ ਇਸ ਮੁਤਾਬਕ ਬਸੰਤ ਰੁੱਤ ਦੀ ਲੰਬਾਈ 47 ਤੋਂ 75 ਦਿਨਾਂ ਦੇ ਵਿਚਾਰ ਹੋ ਸਕਦੀ ਹੈ। ਪਰ ਜਦੋਂ ਅਸੀਂ ਗੁਰੂ ਜਦੋਂ ਅਸੀਂ ਬਾਣੀ ਪੜ੍ਹਦੇ ਹਾਂ ਤਾਂ ਰੁੱਤੀ ਸਲੋਕ ਵਿੱਚ, ਜਿਥੇ 6 ਰੁੱਤਾਂ ਦੇ ਹਵਾਲੇ ਨਾਲ ਸਾਨੂੰ



ਸਰਵਜੀਤ ਸਿੰਘ
ਸੈਕਰਾਮੈਂਟੋ
lsarbjits@gmail.com

ਉਪਦੇਸ਼ ਦਿੱਤਾ ਗਿਆ ਹੈ, ਤਾਂ ਬਸੰਤ ਦੀ ਰੁੱਤ, ਚੇਤ ਅਤੇ ਵੈਸਾਖ ਵਿੱਚ ਮੰਨੀ ਗਈ ਹੈ। "ਰੁਤਿ ਸਰਸ ਬਸੰਤ ਮਾਹ ਚੇਤੁ ਵੈਸਾਖ ਸੁਖ ਮਾਸੁ ਜੀਉ" (ਪੰਨਾ 927) ਜਿਸ ਮੁਤਾਬਕ ਇਸ ਰੁੱਤ ਦੀ ਲੰਬਾਈ 60-61 ਬਣਦੀ ਹੈ।

ਇਸੇ ਸਲੋਕ ਮੁਤਾਬਕ, ਮਾਘ ਅਤੇ ਫੱਗਣ ਦੇ ਮਹੀਨੇ ਵਿੱਚ ਹਿਮਕਰ ਰੁੱਤ ਭਾਵ ਬਰਫ਼ਾਨੀ ਰੁੱਤ ਹੁੰਦੀ ਹੈ। "ਹਿਮਕਰ ਰੁਤਿ ਮਨਿ ਭਾਵਤੀ ਮਾਘੁ ਫਗਣੁ ਗੁਣਵੰਤ ਜੀਉ"(ਪੰਨਾ 929) ਇਹ ਰੁੱਤ ਵੀ 59-60 ਦਿਨਾਂ ਦੀ ਹੀ ਬਣਦੀ ਹੈ। ਦੁਨੀਆ ਦੇ ਉਹ ਹਿਸੇ ਜਿਥੇ ਚਾਰ ਰੁੱਤਾਂ ਮੰਨੀਆਂ ਜਾਂਦੀਆਂ ਹਨ ਉਹ ਇਕ ਰੁੱਤ ਨੂੰ 89-92 ਦੇ ਦਿਨਾਂ ਦੇ ਦਰਮਿਆਨ ਮੰਨਦੇ ਹਨ। ਗੁਰੂ ਗ੍ਰੰਥ ਸਾਹਿਬ ਜੀ ਬਾਣੀ ਮੁਤਾਬਕ 6 ਰੁੱਤਾਂ ਹਨ ਅਤੇ ਇਹ ਵੀ ਦੋ ਮਹੀਨੇ ਦੀ ਹੀ ਇਕ ਰੁੱਤ ਬਣਦੀ ਹੈ। ਕੁਦਰਤ ਦੇ ਨਿਯਮ ਮੁਤਾਬਕ ਰੁੱਤਾਂ ਦਾ ਸਬੰਧ ਸੂਰਜ ਨਾਲ ਹੈ ਨਾਕਿ ਚੰਦ ਨਾਲ। ਰੁੱਤ ਇਕ ਖਾਸ ਸਮੇਂ ਤੇ ਹੀ ਆਰੰਭ ਹੁੰਦੀ ਹੈ।

ਹਿਮਕਰ (ਸੰ.। ਸੰਸਕ੍ਰਿਤ ਹਿਮ=ਬਰਫ ਪੰਜਾਬੀ ਕਰ=ਕਰਨ ਵਾਲੀ) ਬਰਫ ਪੈਣ ਵਾਲੀ ਰੁਤ। ਜਦੋਂ ਪੰਜਾਬ ਦੇ ਪਰਬਤ ਬਰਫਾਂ ਨਾਲ ਕੱਜੇ ਦਿਸਦੇ ਹਨ। ਮਾਘ ਤੇ ਫਗਣ। ਯਥਾ-'ਹਿਮਕਰ ਰੁਤਿ ਮਨਿ ਭਾਵਤੀ ਮਾਘੁ ਫਗਣੁ ਗੁਣਵੰਤ ਜੀਉ।

(ਸਰੋਤ : ਸ਼੍ਰੀ ਗੁਰੂ ਗ੍ਰੰਥ ਕੋਸ਼ (ਸ਼੍ਰੀਮਹਿਤ ਪੰਡਿਤ ਗਿਆਨੀ ਹਜ਼ਾਰਾ ਸਿੰਘ ਕ੍ਰਿਤ), ਡਾ. ਬਲਬੀਰ ਸਿੰਘ ਸਾਹਿਤ ਕੇਂਦਰ, ਦੇਹਰਾਦੂਨ, ਪੰਜਾਬੀ ਯੂਨੀਵਰਸਿਟੀ, ਮੁਖ ਸੰਪਾਦਕ ਡਾ. ਹਰਭਜਨ ਸਿੰਘ)

ਡਾ ਗੁਰਨਾਮ ਸਿੰਘ ਜੀ, ਇਸ ਦਾ ਕੀ ਕਾਰਨ ਹੋ ਸਕਦਾ ਹੈ ਕਿ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਦਰਜ ਰੁੱਤੀ ਸਲੋਕ ਮੁਤਾਬਕ ਤਾਂ ਬਸੰਤ ਦੀ ਰੁੱਤ, ਚੇਤ ਅਤੇ ਵੈਸਾਖ ਮਹੀਨੇ ਵਿੱਚ ਹੁੰਦੀ ਹੈ ਪਰ ਦਰਬਾਰ ਸਾਹਿਬ ਵਿਖੇ ਇਹ ਰਾਗ ਮਾਘ ਅਤੇ ਫੱਗਣ (ਹਿਮਕਰ ਰੁੱਤ) ਵਿੱਚ ਗਾਇਆ ਜਾਂਦਾ ਹੈ? ਮੈਂ ਇਸ ਸਵਾਲ ਦਾ ਜਵਾਬ ਪਿਛਲੇ ਕਈ ਸਾਲਾਂ ਤੋਂ ਖੋਜ ਰਿਹਾ ਹਾਂ। ਮੈਂ ਬਹੁਤ ਸਾਰੇ ਹਜ਼ੂਰੀ ਰਾਗੀਆਂ, ਪ੍ਰਚਾਰਕਾਂ, ਧਰਮ ਪ੍ਰਚਾਰ ਕਮੇਟੀ ਦੇ ਵਿਦਵਾਨਾਂ, ਦਰਬਾਰ ਸਾਹਿਬ ਦੇ ਸਿੰਘ ਸਾਹਿਬ ਆਦਿ ਨਾਲ ਸੰਪਰਕ ਕਰ ਚੁੱਕਾ ਹਾਂ। ਪਰ, ਬੜੇ ਅਫ਼ਸੋਸ ਨਾਲ ਲਿਖਣਾ ਪੈ ਰਿਹਾ ਹੈ ਕਿ ਹਰ ਪਾਸਿਓਂ ਨਿਰਾਸ਼ਾ ਹੀ ਪੱਲੇ ਪਈ ਹੈ। ਕੋਈ ਵੀ ਇਸ ਬਾਰੇ ਜਾਣਕਾਰੀ ਦੇਣ ਨੂੰ ਦੇਣ ਨੂੰ ਤਿਆਰ ਨਹੀਂ ਹੈ। ਪੁਰਾਤਨ ਰਵਾਇਤ, ਪਰੰਪਰਾ, ਸੀਨਾ-ਬਸੀਨਾ ਚਲੀ ਆ ਰਹੀ ਮਰਯਾਦਾ ਆਦਿ ਸ਼ਬਦਾਂ ਦਾ ਹੀ ਸਹਾਰਾ ਲੈ ਕੇ ਗੱਲ ਬੰਦ ਕਰ ਦਿੰਦੇ ਹਨ।

ਜਨਵਰੀ 13, ਨੂੰ ਦਰਬਾਰ ਸਾਹਿਬ ਵਿਖੇ ਬਸੰਤ ਰਾਗ ਦੇ ਕੀਰਤਨ ਦੀ ਆਰੰਭਤਾਂ ਦੀ ਵਿਸ਼ੇਸ਼ ਅਰਦਾਸ ਕਰਦਿਆਂ, ਅਰਦਾਸੀਏ ਸਿੰਘ ਨੇ ਕਿਹਾ ਕਿ, "ਧੰਨ-ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਜੀਓ, ਆਪ ਜੀ ਵੱਲੋਂ ਚਲਾਈ ਹੋਈ ਮਰਯਾਦਾ ਅਨੁਸਾਰ, ਸਤਿਗੁਰੂ ਜੀ ਅੱਜ ਸੱਚ ਖੰਡ ਹਰਿਮੰਦਰ ਸਾਹਿਬ ਜੀ ਵਿਖੇ, ਬਸੰਤ ਰਾਗ ਗਾਇਨ ਕਰਨ ਦੀ ਮਰਯਾਦਾ ਆਰੰਭ ਕੀਤੀ ਜਾ ਰਹੀ ਹੈ। ਗਰੀਬ ਨਿਵਾਜ ਸਤਿਗੁਰੂ ਜੀਓ ਮਹਾਨ ਕ੍ਰਿਪਾ ਕਰਨੀ, ਰਾਗੀ ਸਿੰਘਾਂ ਦੇ ਸੀਸ ਤੇ ਮੇਹਰ ਭਰਿਆ ਹੱਥ ਰੱਖ ਕੇ ਬਸੰਤ ਰਾਗ ਦੀ ਬਾਣੀ ਗਾਇਨ ਕਰਨ ਦੀ ਸਮਰੱਥਾ, ਬਲ ਬੁੱਧੀ ਬਖ਼ਸ਼ਿਸ਼ ਕਰਨੀ ਸਿਰ ਤੇ ਮੇਹਰ ਭਰਿਆ ਹੱਥ ਰੱਖਣਾ।

ਆਪ ਜੀ ਨੇ ਵੀ ਆਪਣੇ ਲੇਖ ਦੇ ਅਖੀਰ ਤੇ ਸਮੂਹ ਕੀਰਤਨੀਏ ਸਿੰਘਾਂ ਨੂੰ ਇਹ ਪਰੰਪਰਾ ਸੰਭਾਲਣ ਦੀ ਅਪੀਲ ਇਨ੍ਹਾਂ ਸ਼ਬਦਾਂ 'ਚ ਕੀਤੀ ਹੈ, "ਆਓ ਗੁਰੂ ਘਰ ਦੀ ਇਸ ਰਾਗਾਤਮਕ ਪਰੰਪਰਾ ਦਾ ਵੱਧ ਤੋਂ ਵੱਧ ਪ੍ਰਚਾਰ ਕਰੀਏ। ਕੀਰਤਨੀਆਂ ਨੂੰ ਬੇਨਤੀ ਹੈ ਕਿ ਇਸ ਪਰੰਪਰਾ ਨੂੰ ਕਾਇਮ ਰੱਖਣ ਦੀ ਕਿਰਪਾਲਤਾ ਕਰਨ।

ਡਾ ਗੁਰਨਾਮ ਸਿੰਘ ਜੀ, ਆਪ ਜੀ ਰਾਗ ਵਿੱਦਿਆ ਦੇ ਮਾਹਿਰ ਅਧਿਆਪਕ ਹੋ, ਮੈਂ ਇਹ ਸਵਾਲ ਇਕ ਸਿਖਿਆਰਥੀ ਦੇ ਤੌਰ ਤੇ ਲੈ ਕੇ ਆਪ ਜੀ ਦੀ ਸੇਵਾ ਵਿੱਚ ਹਾਜ਼ਰ ਹੋਇਆ ਹਾਂ। ਬੇਨਤੀ ਇਹ ਹੈ ਕਿ, ਕੀ ਇਹ ਮਰਯਾਦਾ ਗੁਰੂ ਅਰਜਨ ਜੀ ਨੇ ਆਰੰਭ ਕੀਤੀ ਹੋਵੇਗੀ? ਇਸ ਬਾਰੇ ਜਾਣਕਾਰੀ ਸਾਂਝੀ ਕਰਨ ਦੀ ਕ੍ਰਿਪਾਲਤਾ ਕਰਨੀ ਜੀ। ਆਸ ਹੈ ਕਿ ਆਪ ਜੀ ਨਿਰਾਸ਼ ਨਹੀਂ ਕਰੋਗੇ।

ਉਸਾਰੂ ਸੇਧਾਂ ਦੀ ਉਡੀਕ ਵਿੱਚ

# ਵਾਤਾਵਰਨ ਨਾਲ ਛੇੜ-ਛਾੜ ਅਤੇ ਕੁਦਰਤੀ ਆਫ਼ਤਾਂ

ਮਾਲਿਆ ਦੀ ਪਰਬਤਮਾਲਾ ਦਾ ਕੋਈ ਸਾਨੀ ਨਹੀਂ ਹੈ ਤੇ ਅਕਸਰ ਮੈਂ ਉੱਥੇ ਜਾਂਦਾ ਰਹਿੰਦਾ ਹਾਂ ਪਰ ਨਾਲ ਹੀ ਇਹ ਦੇਖ ਕੇ ਮਨ ਬੜਾ ਖਰਾਬ ਹੁੰਦਾ ਹੈ ਕਿ ਕਿਵੇਂ ਵਿਕਾਸ ਦੇ ਨਾਂ 'ਤੇ ਬੇਰੋਕ ਅਤੇ ਗ਼ੈਰ-ਯੋਜਨਾਬੱਧ ਸਰਗਰਮੀਆਂ ਜ਼ਰੀਏ ਚੌਗਿਰਦੇ ਨੂੰ ਲਗਾਤਾਰ ਬਰਬਾਦ ਕੀਤਾ ਜਾ ਰਿਹਾ ਹੈ। ਕੌਮੀ ਸੁਰੱਖਿਆ ਦੇ ਨਾਂ 'ਤੇ ਪ੍ਰਾਜੈਕਟਾਂ ਨੂੰ ਸਹੀ ਠਹਿਰਾਉਣ ਜਾਂ ਧਾਰਮਿਕ ਸੈਰ-ਸਪਾਟੇ ਦੇ ਦੂਰ ਦਰਾਜ਼ ਖੇਤਰਾਂ ਤੱਕ ਫੈਲ ਜਾਣ ਕਰ ਕੇ ਵਾਤਾਵਰਨ ਦਾ ਨਿਘਾਰ ਸਭ ਹੱਦਾਂ ਬੰਨੇ ਟੱਪ ਗਿਆ ਹੈ। ਹਿਮਾਲਿਆਈ ਖ਼ਿੱਤੇ ਅੰਦਰ ਧਰਤ ਦੀ ਸਤਹਿ ਹੇਠਲੀਆਂ ਟੈਕਟੌਨਿਕ ਪਲੇਟਾਂ ਦੀ ਤਿੱਬਤ ਦੀ ਪਠਾਰ ਨਾਲ ਟੱਕਰ ਕਰ ਕੇ ਇਹ ਪਹਾੜ ਅਜੇ ਵੀ ਥੋੜ੍ਹਾ ਥੋੜ੍ਹਾ ਕਰ ਕੇ ਉਤਾਂਹ ਉਠ ਰਹੇ ਹਨ ਅਤੇ ਖ਼ਿੱਤੇ ਦੇ ਬਦਲ ਰਹੇ ਮੁਹਾਂਦਰੇ ਵੱਲ ਬਹੁਤਾ ਧਿਆਨ ਨਹੀਂ ਦਿੱਤਾ ਜਾ ਰਿਹਾ। ਰਾਜ ਮਾਰਗਾਂ ਅਤੇ ਪਣ-ਬਿਜਲੀ ਪ੍ਰਾਜੈਕਟਾਂ ਦੇ ਨਿਰਮਾਣ ਲਈ ਕੀਤੇ ਜਾਂਦੇ ਵਿਸਫੋਟਾਂ ਕਰ ਕੇ ਇਹ ਧਰਾਤਲ ਬਹੁਤ ਅਸਥਿਰ ਹੋ ਗਿਆ ਹੈ ਜਿਸ ਦੇ ਸਿੱਟੇ ਵਜੋਂ ਅਕਸਰ ਢਿੱਗਾਂ ਤੇ ਤੋਦੇ ਡਿੱਗਣ ਅਤੇ ਅਚਨਚੇਤ ਹੜ੍ਹ ਆਉਣ ਦੀਆਂ ਘਟਨਾਵਾਂ ਵਾਪਰ ਰਹੀਆਂ ਹਨ। ਸੰਪਰਕ (ਕੁਨੈਕਟੀਵਿਟੀ) ਵਿਚ ਸੁਧਾਰ, ਬਿਜਲੀ ਦੀ ਸਪਲਾਈ ਅਤੇ ਆਰਥਿਕ ਸਰਗਰਮੀ ਵਿਚ ਇਜ਼ਾਫ਼ੇ ਰਾਹੀਂ ਮੁਕਾਮੀ ਲੋਕਾਂ ਨੂੰ ਹੋਇਆ ਫ਼ਾਇਦਾ ਬਹੁਤਾ ਸਮਾਂ ਨਹੀਂ ਚੱਲ ਸਕਣਾ ਕਿਉਂਕਿ ਇਸ ਕਰ ਕੇ ਜੋਸ਼ੀਮੱਠ ਵਿਚ ਜ਼ਮੀਨ ਧਸਣ ਜਾਂ ਉਤਰਾਖੰਡ ਵਿਚ ਯਮੁਨੋਤਰੀ ਲਈ ਬਣਨ ਵਾਲੇ ਕੌਮੀ ਰਾਜਮਾਰਗ 'ਤੇ ਬਣ ਰਹੀ ਸਿਲਕਿਆਰਾ ਸੁਰੰਗ ਬੈਠ ਜਾਣ ਜਿਹੀਆਂ ਕੁਦਰਤੀ ਆਫ਼ਤਾਂ ਦਾ ਵਰਤਾਰਾ ਤੇਜ਼ ਹੋ ਰਿਹਾ ਹੈ। ਇਸ ਤੋਂ ਪਹਿਲਾਂ ਇਸੇ ਖ਼ਿੱਤੇ ਅੰਦਰ 2013 ਵਿਚ ਕੇਦਾਰਨਾਥ ਵਿਚ ਹੜ੍ਹ ਆਏ ਸਨ ਜਿਨ੍ਹਾਂ ਨਾਲ ਭਾਰੀ ਜਾਨੀ ਤੇ ਮਾਲੀ ਨੁਕਸਾਨ ਹੋਇਆ ਸੀ; ਫਿਰ ਵੀ ਇਸ ਤੋਂ ਕੋਈ ਸਬਕ ਨਹੀਂ ਲਿਆ ਗਿਆ।

ਕੇਦਾਰਨਾਥ ਵਿਚ ਆਈ ਉਸ ਆਫ਼ਤ ਦਾ ਪੋਸਟ-ਮਾਰਟਮ ਕਰਨ ਵਾਲੀ ਟੀਮ ਨਾਲ ਮੈਂ ਵੀ ਜੁੜਿਆ ਹੋਇਆ ਸਾਂ। ਇਸ ਦੇ ਕੁਝ ਸਿੱਟੇ ਬਹੁਤ ਪ੍ਰੇਸ਼ਾਨ ਕਰਨ ਵਾਲੇ ਹਨ। ਮੌਸਮ ਵਿਭਾਗ ਵਲੋਂ ਕੇਦਾਰਨਾਥ ਖੇਤਰ ਵਿਚ ਤੂਫ਼ਾਨ ਤੇ ਭਾਰੀ ਮੀਂਹ ਅਤੇ ਕੇਦਾਰਨਾਥ ਵਿਚ ਰਹਿ ਰਹੇ ਸ਼ਰਧਾਲੂਆਂ ਲਈ ਸੰਭਾਵੀ ਖ਼ਤਰੇ ਦੀ ਭਵਿੱਖਬਾਣੀ ਨੂੰ ਨਜ਼ਰਅੰਦਾਜ਼ ਕਰ ਦਿੱਤਾ ਗਿਆ। ਜ਼ਾਹਿਰਾ ਤੌਰ 'ਤੇ ਸਰੋਕਾਰ ਇਹ ਸੀ ਕਿ ਜੇ ਮੌਸਮ ਵਿਭਾਗ ਦੀ ਭਵਿੱਖਬਾਣੀ ਮੰਨ ਕੇ ਇਲਾਕਾ ਖਾਲੀ ਕਰਾਇਆ ਜਾਂਦਾ ਤਾਂ ਇਸ ਨਾਲ ਧਾਰਮਿਕ ਸੈਰ-ਸਪਾਟੇ ਤੋਂ ਹੋਣ ਵਾਲੀ ਆਮਦਨ ਪ੍ਰਭਾਵਿਤ ਹੋ ਸਕਦੀ ਸੀ। ਇਹ ਗੱਲ ਸਾਹਮਣੇ ਆਈ ਕਿ ਬਹੁਤੇ ਯਾਤਰੀਆਂ ਦੀਆਂ ਮੌਤਾਂ ਗੈਸਟ ਹਾਊਸ ਤੋਂ ਬਾਹਰ ਅਤਿ ਦੀ ਠੰਢ ਵਿਚ ਰਹਿਣ ਕਰ ਕੇ ਹੋਈਆਂ ਸਨ। ਯਾਤਰੀਆਂ ਕੋਲ ਜ਼ਿਆਦਾ ਗਰਮ ਕੱਪੜੇ ਵੀ ਨਹੀਂ ਸਨ। 18 ਹਜ਼ਾਰ ਫੁੱਟ ਦੀ ਉਚਾਈ 'ਤੇ ਹਜ਼ਾਰਾਂ ਦੀ ਤਾਦਾਦ ਵਿਚ ਯਾਤਰੂ ਅਰਜ਼ੀ ਟਿਕਾਣਿਆਂ 'ਤੇ ਰਹਿ ਰਹੇ ਸਨ। ਕਿਸੇ ਨੇ ਇਹ ਪੁੱਛਣ ਦੀ ਜ਼ਹਿਮਤ ਨਾ ਕੀਤੀ ਕਿ ਇੰਨੀ ਉਚਾਈ 'ਤੇ ਕਿੰਨੇ ਕੁ ਯਾਤਰੀਆਂ ਨੂੰ ਸੰਭਾਲਿਆ ਜਾ ਸਕਦਾ ਹੈ।

ਇਹ ਸਪੱਸ਼ਟ ਨਹੀਂ ਹੋਇਆ ਕਿ ਕੀ ਕੇਦਾਰਨਾਥ ਹੜ੍ਹਾਂ ਦੇ ਪੋਸਟ-ਮਾਰਟਮ ਤੋਂ ਬਾਅਦ ਧਾਰਮਿਕ ਸੈਰ-ਸਪਾਟੇ ਦੇ ਪ੍ਰਬੰਧਨ ਵਿਚ ਕੋਈ ਵੱਡੀ ਤਬਦੀਲੀ ਆ ਸਕੀ ਹੈ ਜਾਂ ਨਹੀਂ। ਮੇਰਾ ਨਹੀਂ ਖ਼ਿਆਲ ਕਿ ਅਜਿਹਾ ਕੁਝ ਹੋਇਆ ਹੈ। ਇਹ ਚੇਤੇ ਰਹੇ ਕਿ ਕੇਦਾਰਨਾਥ ਹੜ੍ਹਾਂ ਦੇ ਸਿੱਟੇ ਵਜੋਂ ਗੰਗੋਤਰੀ ਰਾਜਮਾਰਗ 'ਤੇ ਪੈਂਦੇ ਬਹੁਤੇ ਗੈਸਟ ਹਾਊਸ, ਹੋਟਲ ਅਤੇ ਚਾਹ ਦੀਆਂ ਦੁਕਾਨਾਂ ਰੁੜ੍ਹ ਗਈਆਂ ਸਨ। ਨਦੀ ਦੇ ਕੰਢਿਆਂ 'ਤੇ ਇਹ ਟਿਕਾਣੇ ਬਣਾਉਣ ਦੀ ਆਗਿਆ ਸ਼ੁਰੂ ਵਿਚ ਹੀ ਨਹੀਂ ਦਿੱਤੀ ਜਾਣੀ ਚਾਹੀਦੀ ਸੀ। ਇਸ ਆਫ਼ਤ ਦੇ ਸਿੱਟੇ ਵਜੋਂ ਇਹ ਐਲਾਨ ਕੀਤਾ ਗਿਆ ਸੀ ਕਿ ਨਦੀ ਦੇ ਕੰਢੇ ਦੇ ਮੱਧ ਤੋਂ ਘੱਟੋ-ਘੱਟ 100 ਮੀਟਰ ਦੂਰ ਤੱਕ ਕੋਈ ਉਸਾਰੀ ਨਹੀਂ ਕੀਤੀ ਜਾਵੇਗੀ ਅਤੇ ਇਸ ਤੋਂ 300 ਮੀਟਰ ਦੇ ਦਾਇਰੇ ਨੂੰ ਨਿਯਮਤ ਜ਼ੋਨ ਕਰਾਰ ਦਿੱਤਾ ਗਿਆ। ਜਦੋਂ ਕੁਝ ਸਾਲਾਂ ਬਾਅਦ ਮੈਂ ਗੰਗੋਤਰੀ ਰਾਜਮਾਰਗ 'ਤੇ ਵਾਪਸ ਗਿਆ ਤਾਂ ਦੇਖਿਆ- ਨਦੀ ਦੇ ਕੰਢਿਆਂ 'ਤੇ ਪਹਿਲਾਂ ਵਾਂਗ ਹੀ ਗੈਸਟ ਹਾਊਸ, ਹੋਟਲ ਅਤੇ ਚਾਹ ਦੀਆਂ ਦੁਕਾਨਾਂ ਖੁੱਲ੍ਹ ਗਈਆਂ ਸਨ।

ਮੇਰਾ ਤਰਕ ਇਹ ਨਹੀਂ ਹੈ ਕਿ ਹਿਮਾਲਿਆਈ ਖ਼ਿੱਤੇ ਅੰਦਰ ਕੋਈ ਆਰਥਿਕ ਸਰਗਰਮੀ ਨਹੀਂ ਹੋਣੀ ਚਾਹੀਦੀ, ਨਾ ਹੀ ਇਹ ਕਿ ਕੌਮੀ ਸੁਰੱਖਿਆ ਦੀਆਂ ਮੰਗਾਂ ਨੂੰ ਮੁਖ਼ਾਤਬ ਨਾ

ਸ਼ਿਆਮ ਸਰਨ

ਹੋਇਆ ਜਾਵੇ। ਸਾਡੇ ਮੁਲਕ ਅੰਦਰ ਸਾਡੇ ਜੀਵਨ ਉਪਰ ਧਰਮ ਦਾ ਬਹੁਤ ਜ਼ਿਆਦਾ ਪ੍ਰਭਾਵ ਹੋਣ ਕਰ ਕੇ ਧਾਰਮਿਕ ਯਾਤਰਾਵਾਂ ਨੂੰ ਵਾਜਿਬ ਸਰਗਰਮੀ ਗਿਣਿਆ ਜਾਂਦਾ ਹੈ। ਬਹਰਹਾਲ, ਇਹ ਲੇਖਾ ਜੋਖਾ ਤਾਂ ਕਰਨਾ ਹੀ ਪੈਣਾ ਹੈ ਕਿ ਇਨ੍ਹਾਂ ਸਭ ਸਰਗਰਮੀਆਂ ਦਾ ਹਿਮਾਲਿਆਈ ਖ਼ਿੱਤੇ ਦੇ ਚੌਗਿਰਦੇ ਉਪਰ ਕੀ ਪ੍ਰਭਾਵ ਪੈ ਰਿਹਾ ਹੈ। ਕਿਸੇ ਵੀ ਤਰ੍ਹਾਂ ਦਾ ਪ੍ਰਾਜੈਕਟ ਹੋਵੇ, ਉਸ ਦੇ ਵਾਤਾਵਰਨ ਪ੍ਰਭਾਵ ਦੇ ਗਹਿਰੇ ਅਧਿਐਨ ਕਰਨ ਤੋਂ ਬਾਅਦ ਹੀ ਉਸ ਨੂੰ ਪ੍ਰਵਾਨਗੀ ਦਿੱਤੀ ਜਾਣੀ ਚਾਹੀਦੀ ਹੈ। ਜਦੋਂ ਪ੍ਰਾਜੈਕਟਾਂ ਨੂੰ ਪ੍ਰਵਾਨਗੀ ਦਿੱਤੀ ਜਾਂਦੀ ਹੈ ਤਾਂ ਇਹ ਬਹੁਤ ਜ਼ਰੂਰੀ ਹੈ ਕਿ ਤੈਅਸ਼ੁਦਾ ਨੇਮਾਂ ਦੀ ਸਖ਼ਤੀ ਨਾਲ ਪਾਲਣਾ ਕੀਤੀ ਜਾਵੇ ਜੋ ਅਕਸਰ ਹੁੰਦਾ ਨਹੀਂ ਹੈ।

ਜਦੋਂ ਵੀ ਕਦੇ ਪੁਟਾਈ ਦਾ ਵੱਡਾ ਕਾਰਜ ਵਿੱਢਿਆ ਜਾਂਦਾ ਹੈ ਤਾਂ ਮਲਬੇ ਨੂੰ ਟਿਕਾਣੇ ਲਾਉਣ ਬਾਰੇ ਸਖ਼ਤ ਨੇਮ ਤੈਅ ਕੀਤੇ ਗਏ ਹਨ। ਆਮ ਹੀ ਦੇਖਣ ਵਿਚ ਆਉਂਦਾ ਹੈ ਕਿ ਨਿਰਮਾਣ ਕਾਰਜ ਵਾਲੀ ਥਾਂ ਦੇ ਆਸ-ਪਾਸ ਹੀ ਮਲਬਾ ਸੁੱਟ ਦਿੱਤਾ ਜਾਂਦਾ ਹੈ। ਇਸ ਨਾਲ ਇਲਾਕੇ ਦੇ ਕੁਦਰਤੀ ਵਹਾਓ ਵਿਚ ਰੁਕਾਵਟ ਆ ਜਾਂਦੀ ਹੈ ਜਿਸ ਨਾਲ ਉਪਰਲੇ ਖੇਤਰਾਂ ਵਿਚ ਪਾਣੀ ਭਰਨ ਅਤੇ ਹੇਠਲੇ ਖੇਤਰਾਂ ਵਿਚ ਸੋਕਾ ਪੈਣ ਕਰ ਕੇ ਮੁਕਾਮੀ ਭਾਈਚਾਰਿਆਂ ਅਤੇ ਉਨ੍ਹਾਂ ਦੀ ਰੋਜ਼ੀ ਰੋਟੀ ਉਪਰ ਬਹੁਤ ਮਾੜਾ ਅਸਰ ਪੈਂਦਾ ਹੈ। ਵਿਸਫੋਟ ਵਾਲੀਆਂ ਥਾਵਾਂ ਵਿਚਕਾਰ ਢੁਕਵੀਂ ਦੂਰੀ ਬਰਕਰਾਰ ਰੱਖਣ ਬਾਰੇ ਵੀ ਸਖ਼ਤ ਨੇਮ ਬਣੇ ਹੋਏ ਹਨ। ਮੈਨੂੰ ਯਾਦ ਹੈ, 2004 ਤੋਂ 2015 ਤੱਕ ਸਰਹੱਦੀ ਸਹਾਇਕ ਢਾਂਚੇ ਦੇ ਸਰਵੇ ਕਰਵਾਉਣ ਸਮੇਂ ਇਹ ਤੈਅ ਹੋਇਆ ਸੀ ਕਿ ਵਿਸਫੋਟ ਵਾਲੀਆਂ ਥਾਵਾਂ ਵਿਚਕਾਰ 12 ਕਿਲੋਮੀਟਰ ਦਾ ਫ਼ਾਸਲਾ ਰੱਖਿਆ ਜਾਵੇ ਪਰ ਕਈ ਵਾਰ ਕਿਸੇ ਸੜਕ ਪ੍ਰਾਜੈਕਟ ਦੇ ਨਿਰਮਾਣ ਨੂੰ ਜਲਦੀ ਨੇਪਰੇ ਚਾੜ੍ਹਨ ਦੇ ਦਬਾਓ ਕਰ ਕੇ ਇਹ ਫ਼ਾਸਲਾ 3 ਕਿਲੋਮੀਟਰ ਤੱਕ ਰਹਿ ਜਾਂਦਾ ਸੀ। ਇਸ ਕਰ ਕੇ ਵੀ ਪਹਿਲਾਂ ਤੋਂ ਹੀ ਕਮਜ਼ੋਰ ਪੈ ਚੁੱਕੇ ਹਿਮਾਲਿਆਈ ਧਰਾਤਲ ਉਪਰ ਕਾਫ਼ੀ ਅਸਰ ਪਿਆ ਹੋ ਸਕਦਾ ਹੈ।

ਜੰਗਲਾਤ ਸੁਰੱਖਿਆ ਐਕਟ-2023 ਵਿਚ ਸੋਧਾਂ ਕਰ ਕੇ ਹਿਮਾਲਿਆਈ ਖ਼ਿੱਤੇ ਅੰਦਰ ਪ੍ਰਾਜੈਕਟ ਸਰਗਰਮੀ 'ਤੇ ਲੱਗੀਆਂ ਬੰਦਸ਼ਾਂ ਨਰਮ ਕਰ ਦਿੱਤੀਆਂ ਗਈਆਂ ਹਨ ਜਿਵੇਂ ਕੌਮਾਂਤਰੀ ਸਰਹੱਦ, ਚੀਨ ਅਤੇ ਪਾਕਿਸਤਾਨ ਨਾਲ ਲੱਗਦੀ ਅਸਲ ਕੰਟਰੋਲ ਰੇਖਾ ਤੋਂ 100 ਕਿਲੋਮੀਟਰ ਤੱਕ ਕੌਮੀ ਸੁਰੱਖਿਆ ਦੇ ਕਿਸੇ ਵੀ ਪ੍ਰਾਜੈਕਟ ਨੂੰ ਇਸ ਤੋਂ ਕਾਨੂੰਨੀ ਛੋਟ ਦਿੱਤੀ ਗਈ ਹੈ। ਇਹ ਆਪਣੇ ਪੈਰਾਂ 'ਤੇ ਕੁਹਾੜੀ ਮਾਰਨ ਵਰਗੀ ਗੱਲ ਹੈ ਕਿਉਂਕਿ ਜੇ ਸੜਕਾਂ ਸਣੇ ਉਸਾਰਿਆ ਗਿਆ ਸਰਹੱਦੀ ਸਹਾਇਕ ਢਾਂਚਾ ਅਕਸਰ ਹੜ੍ਹਾਂ ਜਾਂ ਢਿੱਗਾਂ ਨਾਲ ਵਹਿ ਜਾਂਦਾ ਹੈ ਜਾਂ ਨੁਕਸਾਨਿਆ ਜਾਂਦਾ ਹੈ ਤਾਂ ਰੱਖਿਆ ਤਿਆਰੀਆਂ 'ਤੇ ਮਾੜਾ ਅਸਰ ਪਵੇਗਾ। ਪਹਿਲਾਂ ਵੀ ਕਿਸੇ ਵਜ਼ਨਦਾਰ ਕੇਸ ਵਿਚ ਸਰਕਾਰ ਰੱਖਿਆ ਲੋੜਾਂ ਦੇ ਮੱਦੇਨਜ਼ਰ ਅਜਿਹੀਆਂ ਛੋਟਾਂ ਹਾਸਲ ਕਰਨ ਵਿਚ ਕਾਮਯਾਬ ਹੋ ਜਾਂਦੀ ਸੀ। ਇਹ ਗੱਲ ਕਾਫ਼ੀ ਅੱਖੜਦੀ ਹੈ ਕਿ ਸੋਧੇ ਹੋਏ ਕਾਨੂੰਨ ਵਿਚ ਜੰਗਲੀ ਖੇਤਰਾਂ ਅੰਦਰ ਈਕੋ-ਟੂਰਿਜ਼ਮ, ਸਫਾਰੀਆਂ ਅਤੇ ਚਿੜੀਆ ਘਰਾਂ ਨੂੰ ਜਾਇਜ਼ ਸਰਗਰਮੀਆਂ ਦੀ ਸੰਗਿਆ ਦਿੱਤੀ ਗਈ ਹੈ। ਕੋਈ ਕੁਦਰਤੀ ਜੰਗਲ ਪਹਿਲਾਂ ਹੀ ਜਾਨਵਰਾਂ ਲਈ ਕੁਦਰਤੀ ਠਾਹਰ ਹੁੰਦੀ ਹੈ; ਫਿਰ ਭਲਾ, ਜੰਗਲ ਵਿਚ ਚਿੜੀਆ ਘਰ ਬਣਾਉਣ ਦੀ ਕੀ ਤੁਕ ਬਣਦੀ ਹੈ?

ਹੁਣ ਸਾਨੂੰ ਵਾਤਾਵਰਨ ਮੰਤਰਾਲੇ ਦੀ ਅਜਿਹੀ ਚਿੱਠੀ ਹਾਸਲ ਹੋਈ ਹੈ ਜਿਸ ਵਿਚ ਗੋਆ ਅਤੇ ਮਸੂਰੀ ਵਿਚ ਪ੍ਰਾਈਵੇਟ ਹੋਮਸਟੈੱਡ (ਫਾਰਮਹਾਊਸ) ਅਤੇ ਡੀਮਡ ਫਾਰੈਸਟ (ਜੰਗਲੀ ਦਰਜੇ ਵਾਲੀਆਂ ਥਾਵਾਂ) ਕਾਇਮ ਕਰਨ ਦੀ ਪ੍ਰਵਾਨਗੀ ਦੇ ਦਿੱਤੀ ਗਈ ਹੈ। ਇਸ ਨਾਲ ਇਨ੍ਹਾਂ ਪਹਾੜੀ ਖੇਤਰਾਂ ਅੰਦਰ ਬਚੀਆਂ ਹੋਈਆਂ ਹਰਿਆਵਲ ਥਾਵਾਂ ਦੇ ਵਪਾਰਕ ਸ਼ੋਸ਼ਣ ਦਾ ਰਾਹ ਖੁੱਲ੍ਹ ਸਕਦਾ ਹੈ। ਭਾਰਤ ਦੇ ਕੁੱਲ ਖੇਤਰ ਦਾ 23 ਫ਼ੀਸਦ ਰਕਬਾ ਜੰਗਲੀ ਖੇਤਰ ਅਧੀਨ ਆਉਂਦਾ ਹੈ ਅਤੇ ਇਤਿਹਾਸਕ ਤੌਰ 'ਤੇ ਦੇਖਣ ਵਿਚ ਆਇਆ ਹੈ ਕਿ ਸੰਸਦੀ ਕਾਰਵਾਈ ਅਤੇ ਨਿਆਂਇਕ ਸਰਗਰਮੀ ਸਦਕਾ ਖੜ੍ਹੀ ਕੀਤੀ ਵਾੜਬੰਦੀ ਜ਼ਰੀਏ ਭਾਰਤ ਦੇ ਇਸ ਬਚੇ ਖੁਚੇ ਜੰਗਲੀ ਰਕਬੇ ਦੀ ਰਾਖੀ ਹੋ ਸਕੀ ਹੈ। ਜੰਗਲੀ ਕਵਰ ਵਿਚ ਵਾਧਾ ਕਰਨ ਦੀਆਂ ਯੋਜਨਾਵਾਂ ਵੀ ਬਣਾਈਆਂ ਗਈਆਂ ਹਨ ਤਾਂ ਕਿ 2.5 ਤੋਂ 3 ਅਰਬ ਟਨ ਦੇ ਕਾਰਬਨ ਡਾਇਆਕਸਾਈਡ ਗੈਸਾਂ ਦੀ ਨਿਕਾਸੀ ਨੂੰ ਸਮੋਣ ਲਈ ਕਾਰਬਨ ਸਿੰਕ ਕਾਇਮ ਕੀਤਾ ਜਾ ਸਕੇ। ਹਾਲ ਹੀ ਵਿਚ ਕੀਤੇ ਗਏ ਇਹ ਨੀਤੀਗਤ ਉਪਰਾਲੇ ਇਸ ਟੀਚੇ ਨਾਲ ਬਿਲਕੁੱਲ ਮੇਲ ਨਹੀਂ ਖਾਂਦੇ।

# ਸਟ੍ਰੈਸ (ਤਣਾਅ) ਘਟਾਓ-ਜ਼ਿੰਦਗੀ ਬਚਾਓ

*ਕੋਈ ਵੀ ਘਟਨਾ, ਦੁਰਘਟਨਾ, ਜਾਂ ਵਿਚਾਰ, ਗੁੱਸਾ, ਘਬਰਾਹਟ ਅਤੇ ਨਿਰਾਸ਼ਾ, ਸਟ੍ਰੈਸ ਦੇ ਸਕਦੀ ਹੈ। ਸਟ੍ਰੈੱਸ ਜਾਂ ਤਣਾਅ ਵੱਧ ਜਾਣ ਦੀ ਹਾਲਤ ਵਿਚ ਵਿਅਕਤੀ ਦਾ ਵਿਵਹਾਰ ਸੰਵੇਦਨਸ਼ੀਲ ਹੋ ਜਾਣ ਨਾਲ ਨਸ਼ੀਲੇ ਪਦਾਰਥਾਂ ਦੀ ਲੱਤ ਲੱਗਣ ਦੀ ਸੰਭਾਵਨਾ ਵੀ ਵੱਧ ਜਾਂਦੀ ਹੈ। ਇਨਸਾਨ ਦੇ ਨਾਲ-ਨਾਲ ਪਾਲਤੂ ਜਾਨਵਰ ਕੁੱਤੇ-ਬਿੱਲੀਆਂ ਵਿਚ ਵੀ ਤਣਾਅ ਦੇ ਲੱਛਣ ਦੇਖੇ ਜਾ ਰਹੇ ਹਨ। ਜਿਸ ਨਾਲ ਸਟ੍ਰੈਸ ਦੀ ਹਾਲਤ ਵਿਚ ਹਰ ਜਾਨਵਰ ਦਾ ਵਿਵਹਾਰ ਵੀ ਬਦਲ ਜਾਂਦਾ ਹੈ'' - ਅਨਿਲ ਧੀਰ, ਕਾਲਮਨਿਸਟ, ਥੈਰਾਪਿਸਟ, ਹੈਲਥ ਐਜੂਕੇਟਰ ਵਿਜੇਤਾ, ਸੋਸ਼ਲ ਐਕਟੀਵਿਸਟ*



ਹੈਲਥ ਮੀਡੀਆ ਕੈਨੇਡਾ : ਅੱਜ ਵਿਸ਼ਵ ਭਰ ਵਿਚ ਲੋਕਾਂ ਦੀ ਮਾਨਸਿਕ ਸਮੱਸਿਆਵਾਂ ਪ੍ਰਤੀ ਜਾਗਰੂਕਤਾ ਬਾਰੇ ਵਿਚਾਰ ਕੀਤਾ ਜਾ ਰਿਹਾ ਹੈ। ਅੱਜ ਹਰ ਤੀਸਰਾ ਆਦਮੀ ਮਾਨਸਿਕ ਸਮੱਸਿਆ ਤਣਾਅ ਯਾਨਿ ਸਟ੍ਰੈਸ ਦਾ ਸ਼ਿਕਾਰ ਹੋ ਚੱਕਾ ਹੈ। ਵਰਕ-ਪਲੇਸ ਸਟ੍ਰੈਸ 77%, ਆਰਥਿਕ ਤੰਗੀ 81%, ਸਿਹਤ-ਸੰਬੰਧੀ 75%, ਵਾਤਾਵਰਣ ਤਬਦੀਲੀ 58% ਦਾ ਆਂਕੜਾ ਦੇਖਣ ਨੂੰ ਮਿਲ ਰਿਹਾ ਹੈ। ਸਟ੍ਰੈਸ ਕਿਸੇ ਵੀ ਤਬਦੀਲੀ ਪ੍ਰਤੀ ਸਰੀਰ ਦੀ ਪ੍ਰਤੀਕ੍ਰਿਆ ਹੈ ਜਿਸ ਲਈ ਵਿਵਸਥਾ ਦੀ ਜ਼ਰੂਰਤ ਹੁੰਦੀ ਹੈ। ਸਰੀਰ ਇਹ ਬਦਲਾਅ, 'ਤੇ ਸਰੀਰਕ, ਮਾਨਸਿਕ ਅਤੇ ਭਾਵਨਾਤਮਕ ਪ੍ਰਤੀਕ੍ਰਿਆਵਾਂ ਨਾਲ ਪ੍ਰਤੀਕ੍ਰਿਆਂ ਕਰਦਾ ਹੈ। ਅੱਜ ਸਟ੍ਰੈੱਸ ਯਾਨਿ ਤਣਾਅ ਜ਼ਿੰਦਗੀ ਦਾ ਇੱਕ ਆਮ ਹਿੱਸਾ ਬਣਦਾ ਜਾ ਰਿਹਾ ਹੈ। ਕੋਈ ਵੀ ਘਟਨਾ, ਦੁਰਘਟਨਾ, ਜਾਂ ਵਿਚਾਰ, ਗੁੱਸਾ, ਘਬਰਾਹਟ ਅਤੇ ਨਿਰਾਸ਼ਾ, ਸਟ੍ਰੈਸ ਦੇ ਸਕਦੀ ਹੈ। ਤੁਸੀਂ ਆਪਣੇ ਮਾਹੌਲ, ਆਪਣੇ ਸਰੀਰ ਅਤੇ ਵਿਚਾਰਾਂ ਦੁਆਰਾ ਸਟ੍ਰੈਸ ਮਹਿਸੂਸ ਕਰਦੇ ਹੋ। ਇੱਥੋਂ ਤੱਕ ਕਿ ਸਕਾਰਾਤਮਕ ਜ਼ਿੰਦਗੀ ਵੀ ਬਦਲ ਜਾਂਦੀ ਹੈ। ਜਿਵੇਂ ਤਰੱਕੀ ਅਤੇ ਬੱਚੇ ਦਾ ਜਨਮ ਵੀ ਤਨਾਅ ਪੈਦਾ ਕਰ ਦਿੰਦਾ ਹੈ। ਲੰਬੇ ਸਮੇਂ ਤੱਕ ਰਹਿਣ ਵਾਲਾ ਸਟ੍ਰੈਸ ਬਿਮਾਰੀਆਂ ਵੀ ਪੈਦਾ ਕਰ ਸਕਦਾ ਹੈ। ਜੀਵ-ਵਿਗਿਆਨ ਵਿੱਚ ਤਣਾਅ ਸਰੀਰਕ ਜਾਂ ਮਾਨਸਿਕ ਸਿਹਤ ਲਈ ਖਤਰਿਆਂ ਦੇ ਪ੍ਰਤੀ ਸਰੀਰ ਦੀ ਪ੍ਰਤੀਕ੍ਰਿਆ ਹੈ। ਗੰਭੀਰ ਤਣਾਅ ਕਾਰਡੀਓਵੈਸਕੁਲਰ ਬਿਮਾਰੀ, ਚਿੰਤਾ ਅਤੇ ਉਦਾਸੀ ਨਾਲ ਜੁੜ ਜਾਂਦੀ ਹੈ। ਘਰੇਲੂ



ਅਨਿਲ ਧੀਰ
ਕਾਲਮਨਿਸਟ
healthmedia1@hotmail.com

ਹਿੰਸਾ 'ਤੇ ਲੜਾਈ ਨਾਲ ਜੁੜੀ ਘਟਨਾਵਾਂ ਦਾ ਸਟ੍ਰੈਸ ਅਤੇ ਸਦਮੇ ਤੋਂ ਬਾਅਦ ਪੀਟੀਐਸਡੀ ਦਾ ਕਾਰਨ ਬਣਦੇ ਹਨ। ਵਿਸ਼ਵ ਭਰ ਵਿਚ ਕਈ ਮਿਲੀਅਨ ਲੋਕ ਇਸ ਨਾਲ ਪ੍ਰਭਾਵਿਤ ਹਨ। ਵੱਧ ਤਣਾਅ ਦੀ ਹਾਲਤ ਵਿਚ ਵਿਅਕਤੀ ਦਾ ਵਿਵਹਾਰ ਸੰਵੇਦਨਸ਼ੀਲ ਹੋ ਜਾਣ ਨਾਲ ਨਸ਼ੀਲੇ ਪਦਾਰਥਾਂ ਦੀ ਲੱਤ ਲੱਗਣ ਦੀ ਸੰਭਾਵਨਾ ਵੀ ਵੱਧ ਜਾਂਦੀ ਹੈ। ਇਨਸਾਨ ਦੇ ਨਾਲ-ਨਾਲ ਪਾਲਤੂ ਜਾਨਵਰ ਕੁੱਤੇ-ਬਿੱਲੀਆਂ ਵਿਚ ਵੀ ਤਣਾਅ ਦੇ ਲੱਛਣ ਦੇਖੇ ਜਾਂਦੇ ਹਨ। ਸਟ੍ਰੈਸ ਦੀ ਹਾਲਤ ਵਿਚ ਜਾਨਵਰਾਂ ਦਾ ਵਿਵਹਾਰ ਵੀ ਬਦਲ ਜਾਂਦਾ ਹੈ।

ਸਟ੍ਰੈਸ ਦੇ ਆਮ ਕਾਰਨ, ਪੈਸਾ, ਕੰਮ, ਆਰਥਿਕਤਾ, ਪਰਿਵਾਰਕ ਜ਼ਿੰਮੇਵਾਰੀਆਂ, ਰਿਸ਼ਤੇ, ਨਿੱਜੀ ਸਿਹਤ ਦੇ ਮੁੱਦੇ, ਮਕਾਨ ਦੇ ਖਰਚੇ, ਜੌਬ ਦੀ ਚਿੰਤਾ, ਨਿੱਜੀ ਸੁਰੱਖਿਆ, ਪਰਿਵਾਰਕਸਿਹਤ ਸਮੱਸਿਆਵਾਂ, ਨੂੰ ਮੰਨਿਆ ਗਿਆ ਹੈ। ਸੋਚਣ ਦਾ ਨੈਗੇਟਿਵ ਤਰੀਕਾ ਅਤੇ ਵੱਖ ਹੁਨਰ ਚਿੰਤਾ ਵਧਾ ਰਿਹਾ ਹੈ। ਮਾਡਰਨ ਲਾਈਫ ਸਟਾਇਲ ਵਿਚ ਇਨਸਾਨ ਸਰੀਰਕ ਤਣਾਅ- ਜਿਵੇਂ ਸੱਟ, ਇਨਫੈਕਸ਼ਨ, ਸਰਜਰੀ, ਦੂਸ਼ਿਤ ਵਾਤਾਵਰਣ, ਰੇਡੀਏਸ਼ਨ, ਵੱਧ ਰਿਹਾ ਸ਼ੋਰ, ਵਾਇਰਲ ਇਨਫੈਕਸ਼ਨ, ਥਕਾਵਟ, ਡਾਇਬਟੀਜ਼, ਹਾਰਮੋਨਲ ਬਦਲਾਅ, ਐਲਰਜੀ, ਸੰਵੇਦਨਸ਼ੀਲਤਾ, ਅਣਚਾਹੇ ਸਿਗਰੇਟ-ਇੰਡਸਟਰੀਅਲ ਧੂੰਏ ਦਾ ਅਸਰ, ਸਰੀਰ ਅੰਦਰ ਖੁਰਾਕੀ ਤੱਤਾਂ ਦੀ ਕਮੀ ਕਾਰਨ ਘੇਰੇ ਵਿਚ ਆ ਰਿਹਾ ਹੈ। ਮਨੋ-ਵਿਗਿਆਨਕ ਤਣਾਅ ਨਾਰਾਜ਼ਗੀ, ਡਰ, ਨਿਰਾਸ਼ਾ, ਉਦਾਸੀ, ਗੁੱਸਾ, ਬੌਧਿਕ ਤਣਾਅ, ਸਮੇਂ ਦੀ ਤੇਜ਼ ਰਫਤਾਰ, ਚਿੰਤਾ, ਸ਼ਰਮ, ਈਰਖਾ, ਵਿਰੋਧ, ਸਵੈ-ਆਲੋਚਨਾ, ਘਬਰਾਹਟ, ਕੰਟ੍ਰੋਲ ਤੋਂ ਬਾਹਰ ਹੋਣਾ, ਧੋਖਾਧੜੀ, ਹੋ ਜਾਣ ਨਾਲ ਦੇਖਿਆ ਜਾ ਰਿਹਾ ਹੈ।ਸਟ੍ਰੈਸ ਸਕਾਰਾਤਮਕ ਵੀ ਹੋ ਸਕਦਾ ਹੈ, ਜਿਵੇਂ ਕਿ ਡੈੱਡਲਾਈਨ ਨੂੰ ਪੂਰਾ ਕਰਨ ਅਤੇ ਸੰਭਾਵਿਤ ਖਤਰੇ ਤੋਂ ਬਚਣ ਲਈ ਮਦਦ ਵੀ ਕਰਦਾ ਹੈ।

**ਸਟ੍ਰੈਸ ਘਟਾਓ ਜ਼ਿੰਦਗੀ ਬਚਾਓ :**

- ਆਮ ਤਣਾਅ ਦੀ ਹਾਲਤ ਵਿਚ ਮਨ-ਪਸੰਦ ਸੰਗੀਤ ਯਾਨਿ ਨਵੇਂ-ਪਰਾਣੇ ਗੀਤ, ਗਜ਼ਲਾਂ, ਕਵਾਲੀਆਂ, ਇੰਸਟਰੂਮੇਂਟਲ ਸੰਗੀਤ ਸੁਣੋ। ਸਟ੍ਰੈਸ ਹਾਰਮੋਨ ਕੋਰਟੀਸੋਲ ਨੂੰ ਘਟਾ ਕੇ ਬਲੱਡ-ਪ੍ਰੈਸ਼ਰ ਨੂੰ ਘੱਟ ਕਰਕੇ ਸਰੀਰ ਨੂੰ ਰੀਲੈਕਸ ਕਰਦਾ ਹੈ। ਸਰੀਰ ਅਤੇ ਮਨ 'ਤੇ ਸਕਾਰਾਤਮਕ ਅਸਰ ਪਾਉਂਦਾ ਹੈ।
- ਸਟ੍ਰੈਸ ਰਹਿਣ ਦੀ ਹਾਲਤ ਵਿਚ ਆਪਣੇ ਚੰਗੇ ਦੋਸਤ-ਮਿੱਤਰਾਂ ਨਾਲ ਗੱਲਬਾਤ ਕਰੋ। ਜ਼ਿੰਦਗੀ ਵਿਚ ਚੰਗੇ ਦੋਸਤ ਬੜੇ ਮਹੱਤਵਪੂਰਣ ਹੁੰਦੇ ਹਨ ਜੋ ਸਮੱਸਿਆ ਦੂਰ ਕਰਨ ਵਿਚ ਮਦਦ ਵੀ ਕਰਦੇ ਹਨ। ਘਰ ਵਿਚ ਪਰਿਵਾਰ ਦੇ ਮੈਂਬਰਾਂ ਨਾਲ ਆਪਣੀ ਟੈਨਸ਼ਨ ਬਾਰੇ ਮਸ਼ਵਰਾ ਕਰਨ ਨਾਲ ਰੀਲੈਕਸ ਮਹਿਸੂਸ ਕਰੋ।
- ਰੁਟੀਨ ਦੀ ਟੈਨਸ਼ਨ ਵਿਚ ਆਪਣੇ-ਆਪ ਨੂੰ ਸ਼ਾਂਤਮਈ ਸਮਾਂ ਦੇ ਕੇ ਵਿਚਾਰ ਕਰੋ, ਕੋਈ ਵੀ ਫੈਸਲਾ ਲੈਣ ਤੋਂ ਪਹਿਲਾਂ ਪਲੱਸ-ਮਾਈਨਸ ਬਾਰੇ ਗੌਰ ਕਰੋ। ਅਧੂਰੇ ਕੰਮ ਨੂੰ ਪੂਰਾ ਕਰਨ ਲਈ ਕੀ ਕਰਨਾ ਚਾਹੀਦਾ ਹੈ।
- ਮਾਨਸਿਕ ਅਤੇ ਸਰੀਰਕ ਤੰਦਰੁਸਤੀ ਲਈ ਪੌਸ਼ਟਿਕ ਖੁਰਾਕ ਲਵੋ। ਜੰਕ-ਫੂਡ, ਤੰਬਾਕੂ, ਸ਼ਰਾਬ ਤਣਾਅ ਵਧਾ ਸਕਦੀ ਹੈ। ਸ਼ੂਗਰ ਲੀਮਿਟ ਵਿਚ ਖਾਓ। ਤੰਦਰੁਸਤ ਦਿਮਾਗ ਲਈ ਭੋਜਨ ਵਿਚ ਓਮੇਗਾ 3-6-9 ਨੂੰ ਸ਼ਾਮਿਲ ਕਰੋ। ਵਿਟਾਮਿਨ ਸਪਲੀਮੈਂਟਸ, ਆਪਣੇ ਫੈਮਿਲੀ ਡਾਕਟਰ ਦੀ ਸਲਾਹ ਨਾਲ ਸ਼ੁਰੂ ਕਰੋ।
- ਚੰਗੇ ਕਾਮੇਡੀ ਸੀਰੀਅਲ ਵਾਚ ਕਰੋ। ਹੱਸਣ ਨਾਲ ਸਰੀਰ ਅੰਦਰ ਐਂਡਰੋਫਿਨ ਰੀਲੀਜ਼ ਹੋਣ ਨਾਲ ਤਣਾਅ ਪੈਦਾ ਕਰਨ ਵਾਲੇ ਹਾਰਮੋਨਸ ਕੋਰਟੀਸੋਲ ਅਤੇ ਐਡਰਨਾਲੀਨ ਦੇ ਪੱਧਰ ਨੂੰ ਘੱਟ ਹੋ ਜਾਣ ਨਾਲ ਤੁਹਾਡਾ ਮਨ ਆਰਾਮ ਮਹਿਸੂਸ ਕਰਦਾ ਹੈ।
- ਅਨਰਜ਼ੀ ਡ੍ਰਿੰਕਸ, ਕਾਫੀ, ਬਲੈਕ ਚਾਹ ਦੀ ਥਾਂ ਗ੍ਰੀਨ-ਟੀ ਪੀਣ ਦੀ ਆਦਤ ਪਾ ਲਵੋ। ਕਿਉਂਕਿ ਜ਼ਿਆਦਾ ਕੈਫੀਨ ਕੁੱਝ ਸਮੇਂ ਲਈ ਸਪਾਈ ਪੈਦਾ ਕਰਦੀ ਹੈ ਜੋ ਹਾਈਪੋਥਲਮਿਕ - ਪੀਟੂਟਰੀ- ਐਡਰੀਨਲ ਧੁਰੇ ਨੂੰ ਓਵਰਡ੍ਰਾਈਵ ਵਿਚ ਜਾਣ ਦਾ ਕਾਰਨ ਵੀ ਬਣ ਸਕਦਾ ਹੈ। ਜਦਕਿ ਗ੍ਰੀਨ-ਟੀ ਅੰਦਰ ਮੌਜੂਦ ਐਂਟੀਆਕਸੀਡੈਂਟਸ 'ਤੇ ਅਮੀਨੋ ਐਸਿਡ ਤੰਤੂ ਪ੍ਰਣਾਲੀ ਨੂੰ ਰੀਲੈਕਸ ਕਰਦਾ ਹੈ।
- ਗਰਮ ਦੁੱਧ, ਤਾਜ਼ੇ ਫਲਾਂ ਦਾ ਰੱਸ, ਨਮਕੀਨ ਲੱਸੀ 'ਤੇ ਸ਼ਿਕੰਜੀ, ਮਿਕਸ ਵੈਜ਼ੀਟੇਬਲ, ਚਿਕਨ ਸੂਪ ਸਾਦਾ ਪਾਣੀ ਜਿਆਦਾ ਪੀ ਕੇ ਟੈਨਸ਼ਨ ਘਟਾਓ।
- ਡੇਲੀ ਰੁਟੀਨ ਵਿਚ ਵਰਕ-ਆਉਟ, ਯੋਗਾ, ਸੈਰ, ਦਿਮਾਗੀ ਕਸਰਤ, ਅਤੇ ਬਿਮਾਰੀ ਦੀ ਹਾਲਤ ਵਿਚ ਫਿਜੀਓ ਥੇਰਾਪਿਸਟ ਦੀ ਸਲਾਹ ਨਾਲ ਸ਼ੁਰੂ ਕਰੋ।
- ਕਾਂਟੀਨੇਂਟਲ ਸ਼ਿਫਟਾਂ ਨੇ ਵਰਕਰਾਂ ਦੀ ਨੀਂਦ ਖਰਾਬ ਕਰ ਦਿੱਤੀ ਹੈ। ਸਰੀਰ ਨੂੰ ਪੂਰੀ ਨੀਂਦ ਨਾ ਮਿਲਣ ਦੀ ਹਾਲਤ ਵਿਚ ਵਿਅਕਤੀ ਤਣਾਅ ਦੇ ਘੇਰੇ ਵਿਚ ਰਹਿੰਦਾ ਹੈ। ਦਿਮਾਗ ਨੂੰ ਪੂਰਾ ਆਰਾਮ ਨਹੀਂ ਮਿਲਦਾ। ਤੰਦਰੁਸਤ ਮਨ ਅਤੇ ਸਰੀਰ ਲਈ ਡੇਲੀ 8-10 ਘੰਟੇ ਦੀ ਨੀਂਦ ਲੈਣੀ ਜਰੂਰੀ ਹੈ।
- ਜੇ ਪਾਲਤੂ ਕੁੱਤੇ-ਬਿੱਲੀਆਂ ਦਾ ਵਿਵਹਾਰ ਬਦਲ ਜਾਵੇ ਤਾਂ ਉਨਾਂ ਦੀ ਖੁਰਾਕ ਦੇ ਨਾਲ-ਨਾਲ ਡੇਲੀ ਉਨਾਂ ਨਾਲ ਖੇਡੋ, ਪਿਆਰ ਕਰੋ ਅਤੇ ਸੈਰ ਕਰਾਓ। ਲੰਮੇ ਸਮੇਂ ਤੱਕ ਪਾਲਤੂ ਜਾਨਵਰਾਂ ਦੇ ਖਰਾਬ ਵਿਵਹਾਰ ਲਈ ਵੇਟਨਰੀ ਸਲਾਹ ਲਵੋ।

**ਨੋਟ:** ਟੈਨਸ਼ਨ ਦੇ ਸ਼ਿਕਾਰ ਬੱਚੇ, ਸੀਨੀਅਰਸ ਅਤੇ ਗਰਭਵਤੀ ਔਰਤਾਂ ਦਾ ਖਾਸ ਧਿਆਣ ਰੱਖੋ। ਮਨ ਅਤੇ ਸਰੀਰ ਦੀ ਬਿਮਾਰੀ ਦੀ ਹਾਲਤ ਵਿਚ ਡਾਕਟਰੀ ਇਲਾਜ਼ ਨਾਲ ਸਟ੍ਰੈਸ ਕੰਟ੍ਰੋਲ ਕਰਨਾ ਚਾਹੀਦਾ ਹੈ। ਦਿਲ ਦੀ ਆਮ ਸਮੱਸਿਆ ਦੇ ਲੱਛਣ ਸਾਹ ਚੜਨਾ, ਛਾਤੀ ਵਿਚ ਦਰਦ, ਅਨਿਯਮਿਤ ਧੜਕਨ ਅਤੇ ਚੱਕਰ ਆਉਣ ਦੀ ਸ਼ਿਕਾਇਤ ਵਿਚ ਤੁਹਾਡਾ ਫੈਮਿਲੀ ਡਾਕਟਰ ਸਟ੍ਰੈਸ ਟੈਸਟ ਦੇ ਨਾਲ ਕਈ ਹੋਰ ਜਾਂਚ ਲਈ ਵੀ ਕਹਿ ਸਕਦੇ ਹਨ।




# ਵਧ ਰਹੀ ਹੈ ਭਾਰਤ ਵਿਚ 'ਕੋਰੋਨਰੀ ਹਾਰਟ ਡਿਸੀਜ਼' ਦੇ ਮਰੀਜ਼ਾਂ ਦੀ ਗਿਣਤੀ

ਮਾਹਿਰਾਂ ਅਨੁਸਾਰ ਭਾਰਤ ਵਿਚ ਕੋਰੋਨਰੀ ਹਾਰਟ ਡਿਸੀਜ਼ ਦੇ ਮਰੀਜ਼ਾਂ ਦੀ ਗਿਣਤੀ ਤੇਜ਼ੀ ਨਾਲ ਵਧਦੀ ਜਾ ਰਹੀ ਹੈ। ਭਾਰਤੀਆਂ ਵਿਚ ਇਹ ਅਮਰੀਕਨ ਵਿਅਕਤੀਆਂ ਦੇ ਮੁਕਾਬਲੇ ਵਿਚ ਚਾਰ ਗੁਣਾ ਜ਼ਿਆਦਾ ਹੈ। ਜਾਪਾਨ ਅਤੇ ਚੀਨ ਵਿਚ ਵੀ ਇਸ ਦੇ ਰੋਗੀਆਂ ਦੀ ਗਿਣਤੀ ਭਾਰਤ ਤੋਂ ਕਈ ਗੁਣਾ ਘੱਟ ਹੈ। ਨਾ ਸਿਰਫ਼ ਵੱਡੀ ਗਿਣਤੀ ਸਗੋਂ ਭਾਰਤ ਵਿਚ ਇਸ ਰੋਗ ਦੇ ਮਰੀਜ਼ਾਂ ਦੀ ਉਮਰ ਵੀ ਘੱਟ ਹੈ ਭਾਵ ਬਹੁਤ ਛੋਟੀ ਉਮਰ ਵਿਚ ਹੀ ਵਿਅਕਤੀ ਇਸ ਦਾ ਸ਼ਿਕਾਰ ਹੋ ਰਹੇ ਹਨ।



ਕੋਰੋਨਰੀ ਹਾਰਟ ਡਿਸੀਜ਼ ਦੇ ਮੁੱਖ ਕਾਰਨ ਹਨ ਹਾਈ ਬਲੱਡ ਪ੍ਰੈਸ਼ਰ ਜਾਂ ਹਾਈਪਰਟੈਂਸ਼ਨ, ਸ਼ੂਗਰ, ਨਸ਼ੀਲੀਆਂ ਵਸਤਾਂ ਦੀ ਵਰਤੋਂ, ਐਲ.ਡੀ.ਐਲ. ਕੋਲੈਸਟਰੋਲ ਦਾ ਜ਼ਿਆਦਾ ਪੱਧਰ, ਐਚ.ਡੀ.ਐਲ. ਦਾ ਘੱਟ ਪੱਧਰ ਅਤੇ ਤਣਾਅਪੂਰਨ ਜੀਵਨਸ਼ੈਲੀ ਜਿਨ੍ਹਾਂ 'ਤੇ ਵਿਅਕਤੀ ਕੰਟਰੋਲ ਪਾ ਸਕਦਾ ਹੈ। ਇਨ੍ਹਾਂ ਸਭ ਕਾਰਨਾਂ ਵਿਚੋਂ ਸਭ ਤੋਂ ਵੱਡਾ ਕਾਰਨ ਹੈ ਆਰਾਮ ਪਸੰਦ ਜੀਵਨਸ਼ੈਲੀ। ਅੱਜ ਦੀ ਜੀਵਨਸ਼ੈਲੀ ਨੇ ਵਿਅਕਤੀ ਨੂੰ ਆਲਸੀ ਤੇ ਆਰਾਮਪਸੰਦ ਬਣਾ ਦਿੱਤਾ ਹੈ, ਜਿਸ ਕਾਰਨ ਵਿਅਕਤੀ ਕੋਈ ਸਰੀਰਕ ਮਿਹਨਤ ਕਰ ਕੇ ਆਪਣੇ ਆਪ ਨੂੰ ਥਕਾਉਣਾ ਹੀ ਨਹੀਂ ਚਾਹੁੰਦਾ। ਸਾਡੇ ਵੱਡੇ ਬਜ਼ੁਰਗ ਆਪਣੀ ਉਮਰ ਵਿਚ ਸਰਗਰਮ ਰਹਿੰਦੇ ਸਨ, ਕੰਮ ਕਰਨ ਲਈ ਪੈਦਲ ਜਾਇਆ ਕਰਦੇ ਸਨ ਪਰ ਅੱਜਕਲ੍ਹ ਵਿਅਕਤੀ ਨੂੰ ਥੋੜ੍ਹੀ ਦੂਰ ਵੀ ਜਾਣਾ ਪਵੇ ਤਾਂ ਉਸ ਨੂੰ ਕਾਰ ਜਾਂ ਸਕੂਟਰ ਦੀ ਜ਼ਰੂਰਤ ਪੈਂਦੀ ਹੈ।

ਮਰਦ ਹੀ ਕਿਉਂ, ਕਈ ਔਰਤਾਂ ਵੀ ਅੱਜਕਲ੍ਹ ਘਰ ਦਾ ਕੰਮ ਕਰਨ ਤੋਂ ਕੰਨੀ ਕਤਰਾਉਂਦੀਆਂ ਹਨ। ਰਾਤ ਨੂੰ ਸੈਰ 'ਤੇ ਜਾਣ ਲਈ ਉਨ੍ਹਾਂ ਨੂੰ ਸਮਾਂ ਨਹੀਂ ਮਿਲਦਾ ਕਿਉਂਕਿ ਫਿਰ ਟੀ.ਵੀ. 'ਤੇ ਉਹ ਆਪਣੇ ਪ੍ਰੋਗਰਾਮ ਨਹੀਂ ਦੇਖ ਸਕਣਗੀਆਂ। ਮਾਹਿਰਾਂ ਅਨੁਸਾਰ ਇਸ ਜੀਵਨਸ਼ੈਲੀ ਨੂੰ ਬਦਲਣਾ ਬਹੁਤ ਜ਼ਰੂਰੀ ਹੈ। ਇਹੀ ਨਹੀਂ, ਸਹੀ ਭੋਜਨ ਕਰਨਾ ਵੀ ਬਹੁਤ ਜ਼ਰੂਰੀ ਹੈ। ਇਸ ਲਈ ਆਪਣੇ ਭੋਜਨ ਵਿਚ ਸੋਇਆਬੀਨ, ਫਲਾਂ, ਸਬਜ਼ੀਆਂ ਤੇ ਅਨਾਜ ਨੂੰ ਸ਼ਾਮਿਲ ਕਰੋ। ਭੋਜਨ ਵਿਚ ਨਮਕ ਦੀ ਮਾਤਰਾ ਵੀ ਘੱਟ ਰੱਖੋ।

-ਸੋਨੀ ਮਲਹੋਤਰਾ

CAPITAL SERVICES
ਸਾਰੀਆਂ ਸੇਵਾਵਾਂ ਇਕੋ ਥਾਂ
Capital services
*ਇੰਡੀਅਨ ਪਾਸਪੋਰਟ
*ਇੰਡੀਅਨ ਵੀਜਾ, OCI
*ਮੁਖਤਿਆਰਨਾਮਾ
*ਇਮੀਗਰੇਸ਼ਨ ਸਰਵਿਸਜ
*ਸਿਟੀਜਨ, ਗਰੀਨ ਕਾਰਡ
*ਫੈਮਲੀ ਪਟੀਸ਼ਨ
- ਹੋਰ ਸੇਵਾਵਾਂ -
*ਕਾਰ ਟਰਾਂਸਫਰ/ਸਟਿੱਕਰ, *ਇੰਸ਼ੋਰੈਂਸ: ਕਾਰ, ਘਰ ਤੇ ਬਿਜਨਸ
*ਲਾਈਵ ਸਕੈਨ/ਫਿੰਗਰ ਪ੍ਰਿੰਟ, *ਨੋਟਰੀ ਪਬਲਿਕ *ਮੇਲ ਬੌਕਸ
*ਫੈਕਸ, ਕਾਪੀ, ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ।
ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਤਾਂ ਇੰਟਰਨੈਸ਼ਨਲ ਡਰਾਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ।
Call, Banga (916) 427-4321, Fax (916) 258-0441
email: sacramento99@yahoo.com, website: capitalservices.us

# ਸੁਹੱਪਣ ਅਤੇ ਸਿਆਣਪ

**ਕਿਰਨਦੀਪ ਕੌਰ**



ਅਸੀਂ ਕੋਈ ਵੀ ਵਸਤੂ ਜੋ ਸੁੰਦਰ ਅਤੇ ਆਕਰਸ਼ਕ ਹੋਵੇ, ਉਸ ਨੂੰ ਹੀ ਵਧੀਆ ਮੰਨਦੇ ਹਾਂ। ਇਹ ਪ੍ਰਵਿਰਤੀ ਹੋਣੀ ਵੀ ਚਾਹੀਦੀ ਹੈ, ਕਿਉਂਕਿ ਮਨੁੱਖ ਹੀ ਅਜਿਹਾ ਜੀਵ ਹੈ, ਜੋ ਸੁੰਦਰ ਦਿਖਣਾ ਚਾਹੁੰਦਾ ਹੈ। ਸੁੰਦਰ ਨਾ ਦਿਖਣ ਦੀ ਪ੍ਰਵਿਰਤੀ ਪਸ਼ੂਆਂ ਵਿੱਚ ਹੀ ਹੋ ਸਕਦੀ ਹੈ। ਜੇ ਅਸੀਂ ਕਿਸੇ ਦੋਸਤ ਨੂੰ ਪੁੱਛੀਏ ਕਿ ਤੈਨੂੰ ਕਿਹੋ ਜਿਹਾ ਜੀਵਨ ਸਾਥੀ ਚਾਹੀਦਾ ਹੈ? ਤਾਂ ਉਹ ਜਵਾਬ ਵਿਚ ਸੋਹਣੇ ਅਤੇ ਸਿਆਣੇ ਸਾਥੀ ਬਾਰੇ ਹੀ ਕਹੇਗਾ। ਆਮ ਮਾਨਸਿਕਤਾ ਵਿੱਚ ਸੋਹਣਾ ਅਤੇ ਸਿਆਣਾ ਉਸਨੂੰ ਹੀ ਕਿਹਾ ਜਾਂਦਾ ਹੈ, ਜੋ ਬ੍ਰਾਂਡਡ ਪਹਿਰਾਵਾ ਪਹਿਨਦਾ ਹੈ, ਜਿਸਦਾ ਚਿਹਰਾ ਚਿਕਨਾ-ਚੋਪੜਿਆ ਹੈ, ਜਿਸ ਕੋਲ ਕੀਮਤੀ ਕਾਰ, ਕੀਮਤੀ ਮੋਬਾਇਲ ਹੈ ਅਤੇ ਗਲੇ ਵਿੱਚ ਸੋਨੇ ਦਾ ਤਵੀਤ ਅਤੇ ਪੰਜੇ ਉਂਗਲਾਂ ਵਿੱਚ ਪੰਜ-ਪੰਜ ਛੱਲੇ ਹਨ, ਜਿਹੜਾ ਸ਼ੇਖੀਆਂ ਮਾਰਦਾ ਹੈ, ਜਿਸ ਕੋਲ ਖੁੱਲ੍ਹਾ ਪੈਸਾ ਹੈ ਅਤੇ ਜਿਸਦੀ ਬਦਮਾਸ਼ੀ ਤੋਂ ਸਾਰੇ ਡਰਦੇ ਹਨ। ਇਸਦੇ ਉਲਟ ਜਿਹੜਾ ਸੱਚਾ ਹੈ, ਸ਼ਰੀਫ਼ ਹੈ, ਈਮਾਨਦਾਰ ਹੈ ਪਰ ਆਰਥਿਕ ਤੌਰ ’ਤੇ ਕਮਜ਼ੋਰ ਹੈ ਤੇ ਉਸਾਰੂ ਗੱਲਾਂ ਕਰਦਾ ਹੈ ਪਰ ਉਸਦਾ ਪਹਿਰਾਵਾ ਸਾਦਾ ਹੋਵੇ, ਉਸਨੂੰ ਮੂਰਖ ਸਮਝਿਆ ਜਾਂਦਾ ਹੈ। ਉਸਦੀ ਕੋਈ ਕਿਤੇ ਵੀ ਕੋਈ ਪੁੱਛ-ਪੜਤਾਲ ਨਹੀਂ ਹੁੰਦੀ। ਰਿਸ਼ਤੇਦਾਰ ਵੀ ਉਸਨੂੰ ਹੀ ਸਿਆਣਾ ਅਤੇ ਸੋਹਣਾ ਸਮਝਦੇ ਹਨ ਜਿਹੜਾ ਬਹੁਤ ਪੈਸੇ ਕਮਾਉਂਦਾ ਹੋਵੇ, ਚਾਹੇ ਦੋ-ਨੰਬਰੀ ਧੰਦਾ ਕਰਕੇ ਹੀ। ਉਸੇ ਨੂੰ ਹੀ ਲੋਕ ਕਾਜੂ-ਬਦਾਮਾਂ ਨਾਲ ਚਾਹ-ਠੰਢਾ ਪਿਆਉਂਦੇ ਹਨ। ਮਾਪੇ ਵੀ ਉਸ ਪੁੱਤਰ ਨੂੰ ਹੀ ਸਿਆਣਾ ਸਮਝਦੇ ਹਨ ਜਿਹੜਾ ਚੌਥੇ ਦਿਨ ਉਨ੍ਹਾਂ ਦੀ ਤਲੀ ਉਪਰ ਨੋਟਾਂ ਦੀਆਂ ਥਹੀਆਂ ਰੱਖਦਾ ਹੋਵੇ ਅਤੇ ਉਸ ਨੂੰ ਹੀ ਸਾਊ ਪੁੱਤ ਕਹਿ ਕੇ ਰਿਸ਼ਤੇਦਾਰਾਂ ਵਿਚ ਪ੍ਰਚਾਰਦੇ ਹਨ। ਇਸੇ ਤਰ੍ਹਾਂ ਬਹੁਤੇ ਦੋਸਤ ਮਿੱਤਰ ਵੀ ਪੈਸੇ ਦੇ ਹੀ ਹੁੰਦੇ ਹਨ।

ਪਰ ਸਹੀ ਅਰਥਾਂ ਵਿੱਚ ਸੁਹੱਪਣ ਅਤੇ ਸਿਆਣਪ ਦਾ ਅਰਥ ਉਪਰੋਕਤ ਮਾਨਸਿਕਤਾ ਦੇ ਉਲਟ ਹੈ। ਸੁਹੱਪਣ ਅਤੇ ਸਿਆਣਪ ਦਾ ਸਹੀ ਅਰਥ ਇਕ ਕਹਾਵਤ-‘ਸੋਹਣਾ ਉਹ ਜੋ ਸੋਹਣੇ ਕੰਮ ਕਰੇ’ ਦੇ ਹੀ ਅਨੁਸਾਰੀ ਹੈ। ਸਿਰਫ ਕੀਮਤੀ ਪਹਿਰਾਵਾ ਪਹਿਨ ਲੈਣਾ ਜਾਂ ਸ਼ੇਖੀਆਂ ਮਾਰ ਕੇ ਆਪਣੇ-ਆਪ ਨੂੰ ਦੂਜਿਆਂ ਦੇ ਮੁਕਾਬਲੇ ਜਿਆਦਾ ਸਿਆਣਾ ਸਿੱਧ ਕਰਨਾ ਹੀ ਸਿਆਣਪ ਨਹੀਂ ਹੁੰਦੀ ਬਲਕਿ ਉਸਾਰੂ ਸੋਚ ਅਤੇ ਉਸ ਸੋਚ ਨੂੰ ਸਮਾਜ ਵਿਚ ਬਦਲਾਵ ਲਿਆਉਣ ਵਾਲੇ ਨੂੰ ਹੀ ਸਿਆਣਾ ਅਤੇ ਸੋਹਣਾ ਸਮਝਿਆ ਜਾਣਾ ਚਾਹੀਦਾ ਹੈ। ਜੇਕਰ ਕੋਈ ਮਹਿੰਗੇ ਕੱਪੜੇ ਪਹਿਨਕੇ ਹੀ ਸੋਹਣਾ ਬਣਦਾ ਹੋਵੇ ਤਾਂ ਫਿਰ ਪਸ਼ੂ ਵੀ ਸੋਹਣ ਬਣ ਜਾਣ। ਇਤਿਹਾਸ ਵਿਚ ਇਸਦੀਆਂ ਬਹੁਤ ਸਾਰੀਆਂ ਮਿਸਾਲਾਂ ਮਿਲ ਜਾਂਦੀਆਂ ਹਨ। ਸ਼ਹੀਦ-ਏ-ਆਜ਼ਮ ਭਗਤ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਨੇ ਸਮਾਜ ਨੂੰ ਬਦਲਣ ਲਈ ਫਾਂਸੀ ਦਾ ਰੱਸਾ ਤੱਕ ਵੀ ਹੱਸ ਕੇ ਚੁੰਮ ਲਿਆ। ਅਜਿਹੇ ਸ਼ਹੀਦ ਸਾਡੀ ਨੌਜਵਾਨ ਪੀੜ੍ਹੀ ਲਈ ਆਦਰਸ਼ ਹੋਣੇ ਚਾਹੀਦੇ ਹਨ ਨਾ ਕਿ ਫਿਲਮੀ ਐਕਟਰ ਅਤੇ ਰੈਂਪ ਮਾਡਲ। ਸੁਹੱਪਣ ਅਤੇ ਸਿਆਣਪ ਦੇ ਸਹੀ ਅਰਥ ਸਮਝਾਉਣ ਵਿਚ ਅਧਿਆਪਕ ਦਾ ਬਹੁਤ ਵੱਡਾ ਰੋਲ ਹੁੰਦਾ ਹੈ, ਕਿਉਂਕਿ ਇਕ ਚੰਗਾ ਅਧਿਆਪਕ ਹੀ ਵਿਦਿਆਰਥੀਆਂ ਨੂੰ ਗਿਆਨ ਵੰਡਣ ਦੇ ਨਾਲ-ਨਾਲ ਚੰਗੀਆਂ ਕਦਰਾਂ-ਕੀਮਤਾਂ ਵੀ ਸਿਖਾਉਂਦਾ ਹੈ। ਉਹ ਆਪਣੇ ਵਿਦਿਆਰਥੀਆਂ ਲਈ ਰੋਲ ਮਾਡਲ ਹੋਣਾ ਚਾਹੀਦਾ ਹੈ। ਪਰ ਅਕਸਰ ਹੀ ਇਹ ਵੇਖਣ ਵਿੱਚ ਆਉਂਦਾ ਹੈ ਕਿ ਅਧਿਆਪਕ ਆਪਣੇ-ਆਪ ਨੂੰ ਸਿਰਫ ਸਿਲੇਬਸ ਪੂਰਾ ਕਰਾਉਣ ਤੱਕ ਹੀ ਸੀਮਿਤ ਰੱਖਦੇ ਹਨ ਅਤੇ ਇਸ ਨੂੰ ਹੀ ਆਪਣਾ ਫ਼ਰਜ ਸਮਝਦੇ ਹਨ। ਇੱਕ ਅਧਿਆਪਕ ਨੂੰ ਆਪਣੇ ਵਿਦਿਆਰਥੀਆਂ ਵਿੱਚ ਅਜਿਹੀ ਉਸਾਰੂ ਸੋਚ ਵਿਕਸਿਤ ਕਰਨੀ ਚਾਹੀਦੀ ਹੈ ਤਾਂ ਜੋ ਉਹ ਲਤੜੇ ਹੋਏ ਸਮਾਜ ਲਈ ਕੁਝ ਕਰ ਸਕਣ ਨਾ ਕਿ ਗੁੰਮਰਾਹ ਹੋ ਕੇ ਆਪਣਾ ਕੀਮਤੀ ਜੀਵਨ ਖਰਾਬ ਕਰਨ। ਸੋ ਲੋੜ ਹੈ ਕਿ ਅੱਜ ਦੀ ਨੌਜਵਾਨ ਪੀੜ੍ਹੀ ਵਿੱਚ ਉਸਾਰੂ ਸੋਚ ਪੈਦਾ ਕੀਤੀ ਜਾਵੇ ਤਾਂ ਜੋ ਉਹ ਸੁਹੱਪਣ ਅਤੇ ਸਿਆਣਪ ਦੇ ਸਹੀ ਅਰਥਾਂ ਨੂੰ ਸਮਝ ਸਕਣ ਅਤੇ ਸਮਾਜ ਦੇ ਬਦਲਾਵ ਲਈ ਯਤਨ ਕਰ ਸਕਣ।

# ਸੰਗਤ ਦਾ ਮਹੱਤਵ

**ਸੰਜੀਵ ਸਿੰਘ ਸੈਣੀ**



ਮਨੁੱਖ ਇਕ ਸਮਾਜਿਕ ਪ੍ਰਾਣੀ ਹੈ। ਉਹ ਕਦੇ ਵੀ ਇਕੱਲਾ ਨਹੀਂ ਰਹਿ ਸਕਦਾ। ਦੁੱਖ-ਸੁੱਖ ਸਾਂਝੇ ਕਰਨ ਲਈ ਉਸ ਨੂੰ ਚੰਗੇ ਸਾਥੀ ਦੀ ਤਲਾਸ਼ ਰਹਿੰਦੀ ਹੈ। ਇਨਸਾਨ ਜਿਹੋ-ਜਿਹੀ ਸੰਗਤ ਕਰਦਾ ਹੈ, ਉਸ ਸੰਗਤ ਦਾ ਇਨਸਾਨ ’ਤੇ ਅਸਰ ਜ਼ਰੂਰ ਪੈਂਦਾ ਹੈ। ਚੰਗੀ ਸੰਗਤ ਨਾਲ ਮਨੁੱਖ ਦੇ ਅੰਦਰ ਚੰਗੇ ਗੁਣ ਜਾਗ੍ਰਿਤ ਹੁੰਦੇ ਹਨ। ਉਸ ਦੇ ਅੰਦਰ ਹਉਮੈ ਦੀ ਭਾਵਨਾ ਬਿਲਕੁਲ ਵੀ ਨਹੀਂ ਹੁੰਦੀ। ਹਰ ਮਾਤਾ-ਪਿਤਾ ਚਾਹੁੰਦਾ ਹੈ ਕਿ ਉਨ੍ਹਾਂ ਦੇ ਬੱਚੇ ਦੀ ਸੰਗਤ ਵਧੀਆ ਹੋਵੇ। ਉਨ੍ਹਾਂ ਦਾ ਬੱਚਾ ਕਿਸੇ ਭੈੜੀ ਸੰਗਤ ਵਿਚ ਨਾ ਪਵੇ। ਮਾਂ-ਬਾਪ ਚਾਹੁੰਦੇ ਹਨ ਕਿ ਕੱਲ੍ਹ ਨੂੰ ਉਨ੍ਹਾਂ ਦਾ ਬੱਚਾ ਸਮਾਜ ਤੇ ਦੇਸ਼ ਦਾ ਨਾਂਅ ਰੌਸ਼ਨ ਕਰੇ। ਹਰ ਮਾਂ-ਬਾਪ ਨੂੰ ਆਪਣੇ ਬੱਚਿਆਂ ਤੋਂ ਬਹੁਤ ਉਮੀਦਾਂ ਹੁੰਦੀਆਂ ਹਨ। ਹਰ ਮਾਂ-ਬਾਪ ਬਹੁਤ ਮਿਹਨਤ ਕਰਕੇ ਆਪਣੇ ਬੱਚਿਆਂ ਨੂੰ ਪੜ੍ਹਾਉਂਦਾ ਹੈ। ਇਨਸਾਨ ਦੇ ਵਧੀਆ ਕਰੀਅਰ ਲਈ ਉਸ ਦੀ ਸੰਗਤ ਦਾ ਬਹੁਤ ਜ਼ਿਆਦਾ ਅਹਿਮ ਰੋਲ ਹੁੰਦਾ ਹੈ। ਜੇ ਵਧੀਆ ਸੰਗਤ ਹੋਵੇਗੀ ਤਾਂ ਬੱਚਾ ਬੁਲੰਦੀਆਂ ਨੂੰ ਛੂਹੇਗਾ। ਜੇ ਮਾੜੀ ਸੰਗਤ ਹੋਵੇਗੀ ਤਾਂ ਮਾਂ-ਬਾਪ ਦਾ ਨਾਂਅ ਡੁਬੋ ਦੇਵੇਗਾ। ਮਾਂ-ਬਾਪ ਦੀ ਕਿਰਪਾ ਸਦਕਾ ਅਸੀਂ ਇਸ ਸੋਹਣੇ ਸੰਸਾਰ ਦੇ ਦਰਸ਼ਨ ਕਰਦੇ ਹਾਂ। ਜਦੋਂ ਅਸੀਂ ਆਪਣੇ ਪੈਰਾਂ ’ਤੇ ਚੱਲਣ ਜੋਗੇ ਹੋ ਜਾਂਦੇ ਹਾਂ। ਭਾਵ ਜਦੋਂ ਅਸੀਂ ਦਸ ਸਾਲ ਤੋਂ ਹੇਠਾਂ ਹੁੰਦੇ ਹਾਂ ਜਾਂ ਸਕੂਲ ਵਿਚ ਕਈ ਤਰ੍ਹਾਂ ਦੇ ਦੋਸਤ ਬਣ ਜਾਂਦੇ ਹਨ। ਉਥੇ ਵੀ ਸਾਡੀ ਆਮ ਵਿਦਿਆਰਥੀਆਂ ਨਾਲ ਮਿੱਤਰਤਾ ਹੋ ਜਾਂਦੀ ਹੈ। ਪਰ ਸਾਨੂੰ ਇਹ ਨਹੀਂ ਪਤਾ ਹੁੰਦਾ ਕਿ ਇਹ ਜੋ ਸਾਡੇ ਦੋਸਤ ਬਣੇ ਹਨ, ਉਥੇ ਵੀ ਸਾਡੀ ਆਮ ਵਿਦਿਆਰਥੀਆਂ ਨਾਲ ਮਿੱਤਰਤਾ ਹੋ ਜਾਂਦੀ ਹੈ। ਪਰ ਸਾਨੂੰ ਇਹ ਨਹੀਂ ਪਤਾ ਹੁੰਦਾ ਕਿ ਇਹ ਜੋ ਸਾਡੇ ਦੋਸਤ ਬਣੇ ਹਨ ਕਿ ਇਨ੍ਹਾਂ ਦੀ ਸੰਗਤ ਚੰਗੀ ਹੈ? ਇਨ੍ਹਾਂ ਦੇ ਮਾਂ-ਬਾਪ ਕੀ ਕੰਮਕਾਜ ਕਰਦੇ ਹਨ। ਅਜਿਹੇ ਦੋਸਤਾਂ ਦਾ ਆਪਣੇ ਘਰ ਆਂਢ-ਗੁਆਂਢ ਵਿਚ ਕਿਹੋ ਜਾ ਆਚਰਣ ਹੁੰਦਾ ਹੈ। ਸਾਨੂੰ ਅਜਿਹਾ ਬਿਲਕੁਲ ਵੀ ਨਹੀਂ ਪਤਾ ਹੁੰਦਾ। ਫਿਰ ਅਜਿਹੇ ਦੋਸਤ ਸਾਡੇ ਘਰ ਆਉਣਾ ਸ਼ੁਰੂ ਕਰ ਦਿੰਦੇ ਹਨ ਜਾਂ ਅਸੀਂ ਉਨ੍ਹਾਂ ਦੇ ਘਰ ਜਾਣਾ ਸ਼ੁਰੂ ਕਰ ਦਿੰਦੇ ਹਾਂ। ਅਜਿਹੇ ਬੱਚਿਆਂ ਨਾਲ ਫਿਰ ਅਸੀਂ ਦੋਸਤੀ ਕਰ ਲੈਂਦੇ ਹਾਂ।

ਕਿਸੇ ਨੇ ਸਹੀ ਹੀ ਕਿਹਾ ਹੈ ਕਿ ‘ਜੈਸੀ ਸੰਗਤ, ਵੈਸੀ ਰੰਗਤ।’ ਸੰਗਤ ਦਾ ਇਨਸਾਨ ਦੇ ਜੀਵਨ ਵਿਚ ਬਹੁਤ ਹੀ ਅਹਿਮ ਰੋਲ ਹੁੰਦਾ ਹੈ। ਜਿਹੋ-ਜਿਹੀ ਕਿਸੇ ਇਨਸਾਨ ਦੀ ਸੰਗਤ ਹੁੰਦੀ ਹੈ, ਉਸ ਦਾ ਵਿਚਾਰ, ਸੁਭਾਅ, ਸੋਚ, ਉਸੇ ਤਰ੍ਹਾਂ ਦੇ ਹੋ ਜਾਂਦੇ ਹਨ। ਘਟੀਆ ਆਚਰਣ ਚਰਿੱਤਰ ਵਾਲਿਆਂ ਦੀ ਸੰਗਤ ਕਾਰਨ ਉਸ ਇਨਸਾਨ ਦੇ ਵਿਚਾਰ ਨਕਾਰਾਤਮਕ ਹੋਣਗੇ। ਮਾਂ-ਬਾਪ ਦਾ ਪਹਿਲਾ ਫ਼ਰਜ਼ ਬਣਦਾ ਹੈ ਕਿ ਉਹ ਆਪਣੇ ਬੱਚਿਆਂ ਨਾਲ ਦੋਸਤੀ ਕਰਨ। ਜੇ ਉਨ੍ਹਾਂ ਦੇ ਬੱਚੇ ਉਨ੍ਹਾਂ ਦੇ ਵਧੀਆ ਦੋਸਤ ਹੁੰਦੇ ਹਨ ਤਾਂ ਆਪਣਾ ਬੱਚਾ ਘਰ ਆ ਕੇ ਆਪਣੇ ਮਾਂ-ਬਾਪ ਨੂੰ ਸਾਰੀ ਗੱਲ ਦੱਸਦਾ ਹੈ। ਬੱਚਾ ਆਪਣੇ ਮਾਂ-ਬਾਪ ਨੂੰ ਦੱਸੇਗਾ ਕਿ ਮੇਰਾ ਫਲਾਣਾ ਦੋਸਤ ਬਣਿਆ ਹੈ, ਉਥੇ ਰਹਿੰਦਾ ਹੈ। ਉਸ ਦੇ ਮਾਤਾ-ਪਿਤਾ ਕੀ ਕਰਦੇ ਹਨ? ਜੇ ਮਾਂ-ਬਾਪ ਬੱਚੇ ਦੇ ਵਧੀਆ ਮਿੱਤਰ ਬਣ ਜਾਂਦੇ ਹਨ ਫਿਰ ਤਾਂ ਸਾਰੀ ਗੱਲਾਂ ਬੱਚਾ ਆਪਣੇ ਘਰ ਆ ਕੇ ਮਾਂ-ਬਾਪ ਨੂੰ ਬੇਝਿਜਕ ਦੱਸ ਦਿੰਦਾ ਹੈ। ਅਕਸਰ ਅਸੀਂ ਦੇਖਦੇ ਹਾਂ ਕਿ ਅੱਜਕਲ੍ਹ ਛੋਟੇ ਬੱਚੇ ਬਹੁਤ ਭੈੜੀਆਂ ਆਦਤਾਂ ਦਾ ਸ਼ਿਕਾਰ ਹੋ ਚੁੱਕੇ ਹਨ। ਮਾਂ-ਬਾਪ ਨਾਲ ਬਹੁਤ ਝੂਠ ਬੋਲਦੇ ਹਨ। ਸਕੂਲ ਵਿਚ ਅਧਿਆਪਕਾਂ ਨਾਲ ਬਿਲਕੁਲ ਵੀ ਚੰਗਾ ਵਤੀਰਾ ਨਹੀਂ ਕਰਦੇ। ਆਚਰਣ ਬਿਲਕੁਲ ਵੀ ਸਹੀ ਨਹੀਂ ਹੈ। ਅਜਿਹੇ ਬੱਚੇ ਚੋਰੀ ਜਾਂ ਹੋਰ ਵੀ ਕਈ ਤਰ੍ਹਾਂ ਦੇ ਨਸ਼ੇ ਦੇ ਆਦੀ ਹੋ ਜਾਂਦੇ ਹਨ। ਅਕਸਰ ਅਸੀਂ ਦੇਖਦੇ ਹਾਂ ਕਿ ਛੋਟੀ ਉਮਰ ਦੇ ਬੱਚਿਆਂ ਨੂੰ ਅੱਜਕਲ੍ਹ ਨਸ਼ੇ ਦੀ ਲਤ ਲੱਗ ਚੁੱਕੀ ਹੈ। ਅਜਿਹੇ ਬੱਚੇ ਨਸ਼ੇ ਦੀ ਭਰਪਾਈ ਲਈ ਪਤਾ ਨਹੀਂ ਕੀ ਕੁਝ ਕਰ ਦਿੰਦੇ ਹਨ। ਸੋ, ਜਦ ਵੀ ਬੱਚਾ ਬਾਹਰ ਖੇਡਦਾ ਹੈ ਤਾਂ ਮਾਂ-ਬਾਪ ਦੀ ਅਹਿਮ ਜ਼ਿੰਮੇਵਾਰੀ ਬਣ ਜਾਂਦੀ ਹੈ ਕਿ ਸਾਡੇ ਬੱਚੇ ਦਾ ਦੋਸਤ ਕਿਹੋ ਜਿਹਾ ਹੈ। ਉਸ ਦੇ ਮਾਂ-ਬਾਪ ਦੀ ਨੌਕਰੀ ਪੇਸ਼ਾ ਕਰਦੇ ਹਨ। ਇਨ੍ਹਾਂ ਦਾ ਸਮਾਜ ਵਿਚ ਵਤੀਰਾ ਕਿਸ ਤਰ੍ਹਾਂ ਦਾ ਹੈ, ਕਿਉਂਕਿ ਜੋ ਛੋਟਾ ਬੱਚਾ ਹੁੰਦਾ ਹੈ, ਉਸ ਨੂੰ ਕੁਝ ਵੀ ਨਹੀਂ ਪਤਾ ਹੁੰਦਾ ਹੈ। ਕੀ ਜੋ ਮੇਰਾ ਦੋਸਤ ਬਣਿਆ ਹੈ ਕਿ ਇਹ ਸਹੀ ਹੈ ਜਾਂ ਗ਼ਲਤ ਹੈ। ਇਸ ਦੇ ਮਾਂ-ਬਾਪ ਕਿਹੋ ਜਿਹੇ ਹਨ। ਮਾਂ-ਬਾਪ ਦੀ ਇਹ ਜ਼ਿੰਮੇਵਾਰੀ ਬਣਦੀ ਹੈ ਕਿ ਉਨ੍ਹਾਂ ਦਾ ਬੱਚਾ ਜਿਥੇ ਖੇਡਦਾ ਹੈ, ਨਾਲ ਜੋ ਬੱਚੇ ਖੇਡਦੇ ਹਨ। ਉਨ੍ਹਾਂ ਦਾ ਰਸੂਖ ਕਿਸ ਤਰ੍ਹਾਂ ਦਾ ਹੈ। ਉਨ੍ਹਾਂ ਦੀ ਸੰਗਤ ਕਿਸ ਤਰ੍ਹਾਂ ਦੀ ਹੈ ਕਿ ਉਹ ਅਜਿਹਾ ਕੋਈ ਨਸ਼ਾ ਤਾਂ ਨਹੀਂ ਕਰਦੇ? ਜਿਸ ਕਰਕੇ ਉਨ੍ਹਾਂ ਦਾ ਬੱਚਾ ਵੀ ਭੈੜੀ ਸੰਗਤ ਵਿਚ ਪੈ ਜਾਵੇ। ਮਾੜੀ ਸੰਗਤ ਕਾਰਨ ਛੋਟੇ ਬੱਚੇ ਬਹੁਤ ਵਿਗੜ ਜਾਂਦੇ ਹਨ।

ਕਹਿਣ ਦਾ ਮਤਲਬ ਹੈ ਕਿ ਇਨਸਾਨ ਨੂੰ ਹਮੇਸ਼ਾ ਚੰਗੀ ਸੰਗਤ ਕਰਨੀ ਚਾਹੀਦੀ ਹੈ। ਚੰਗੀ ਸੰਗਤ ਭਾਵ ਚੰਗੇ ਦੋਸਤਾਂ ਨਾਲ ਰਹਿ ਕੇ ਇਨਸਾਨ ਮੰਜ਼ਿਲ ਨੂੰ ਬਹੁਤ ਆਸਾਨ ਤਰੀਕੇ ਨਾਲ ਸਰ ਕਰ ਲੈਂਦਾ ਹੈ। ਮਾਂ-ਬਾਪ ਦਾ ਫ਼ਰਜ਼ ਬਣਦਾ ਹੈ ਕਿ ਉਹ ਖਿਆਲ ਰੱਖਣ ਕਿ ਉਨ੍ਹਾਂ ਦੇ ਬੱਚਿਆਂ ਦੀ ਸੰਗਤ ਕਿਹੋ ਜਿਹੀ ਹੈ। ਖ਼ਾਸ ਤੌਰ ’ਤੇ ਜਦੋਂ ਬੱਚੇ ਛੋਟੇ ਹੁੰਦੇ ਹਨ ਤਾਂ ਸੰਗਤ ਦਾ ਉਨ੍ਹਾਂ ’ਤੇ ਬਹੁਤ ਜ਼ਿਆਦਾ ਪ੍ਰਭਾਵ ਦਿਸਦਾ ਹੈ। ਛੋਟੀ ਉਮਰ ਹੀ ਬੱਚੇ ਦੀ ਵਿਗੜਨ ਤੇ ਸੁਧਰਨ ਦੀ ਹੁੰਦੀ ਹੈ। ਮਾਪਿਆਂ ਨੂੰ ਸ਼ੁਰੂ ਤੋਂ ਹੀ ਬੱਚਿਆਂ ਦੇ ਦਿਮਾਗ਼ ਵਿਚ ਵਧੀਆ ਵਿਚਾਰ, ਚੰਗੇ ਦੋਸਤਾਂ ਦੀ ਸੰਗਤ ਕਰਨ ਜਿਹੇ ਗੁਣ ਭਰ ਦੇਣੇ ਚਾਹੀਦੇ ਹਨ। ਅਜਿਹੇ ਬੱਚੇ ਦੇ ਅੰਦਰ ਫਿਰ ਕਦੇ ਵੀ ਬੁਰਾਈ ਦਾ ਭਾਵ ਨਹੀਂ ਆਏਗਾ। ਬੱਚੇ ਦੇ ਵਿਚਾਰ ਵਧੀਆ ਹੋਣਗੇ। ਵਧੀਆ ਦੋਸਤਾਂ ਦੀ ਸੰਗਤ ਨਾਲ ਇਨਸਾਨ ਦੇ ਅੰਦਰ ਵਧੀਆ ਸੰਸਕਾਰ ਪੈਦਾ ਹੁੰਦੇ ਹਨ। ਮਾੜੀ ਸੰਗਤ ਨਾਲ ਇਨਸਾਨ ਦਾ ਜੀਵਨ ਬਰਬਾਦ ਹੋ ਜਾਂਦਾ ਹੈ। ਅਜੋਕਾ ਇਨਸਾਨ ਜੋ ਆਪਣੇ ਟੀਚੇ ਵਿਚ ਸਫ਼ਲ ਨਹੀਂ ਹੁੰਦਾ ਤਾਂ ਚੰਗੇ ਦੋਸਤ ਉਸ ਨੂੰ ਹੋਰ ਮਿਹਨਤ ਕਰਨ ਲਈ ਹੱਲਾਸ਼ੇਰੀ ਦਿੰਦੇ ਹਨ। ਸਾਨੂੰ ਹਮੇਸ਼ਾ ਹੀ ਆਪਣੇ ਦੋਸਤ-ਸਾਥੀ ਸੋਚ-ਸਮਝ ਕੇ ਚੁਣਨੇ ਚਾਹੀਦੇ ਹਨ।


## Change of Name

I, Sodi Singh slo Kabul Singh, VOP Lohian Khas Distt. Jalandhar, Punjab, India, presently residing at 4231 N Cresta Ave Fresno California 93723, has changed my name from Sodi Singh to Sodhi Singh Kaur, all concerned please note.

SINGH TRAVELS
MONEY GRAM OFFICE
NRI PRESS
The Indian---News Paper of USA
Sade Lok---- News Paper of USA
Amritsar Times---News Paper of USA
News Paper
TOUR PACKAGE
Passport, Pan Card
Birth Certificate
ਨੋਟ:- ਚੰਡੀਗੜ੍ਹ ਅਤੇ ਪਟਿਆਲਾ ਹਾਊਸ ਦਿੱਲੀ ਦੇ ਪੇਪਰ ਤਸਦੀਕ ਕਰਵਾਉਣ ਦੀ ਸਲਾਹ ਲਈ ਮਿਲੋ
ਇੱਥੇ ਦੇਸ ਵਿਦੇਸ਼ ਤੋਂ ਪੈਸੇ ਮੰਗਵਾਏ ਜਾਂਦੇ ਹਨ
MoneyGram
WESTERN UNION MONEY TRANSFER
Trans-Fast WORLDWIDE MONEY TRANSFER
Ph:- 01886-502532
Mob:- 94634-04595



# ਟੁੱਟੇ ਸੁਪਨਿਆਂ ਦਾ ਦਰਦ

*ਪੰਜਾਬ ਦੇ ਹਜ਼ਾਰਾਂ ਨੌਜਵਾਨ ਡਿਗਰੀਆਂ ਦੇ ਥੱਬੇ ਚੁੱਕੀ ਬੇਰੁਜ਼ਗਾਰੀ ਦਾ ਸੰਤਾਪ ਹੰਢਾਉਂਦੇ ਨਸ਼ਿਆਂ ਦੀ ਅੰਨ੍ਹੀ ਗਲੀ ਦੇ ਰਾਹ ਪੈ ਕੇ, ਪੰਜਾਬ ਦਾ ਭਵਿੱਖ ਕਾਲਾ ਕਰ ਰਹੇ ਹਨ। ਕੋਈ ਇਨ੍ਹਾਂ ਦੀ ਬਾਂਹ ਫੜਨ ਵਾਲਾ ਨਹੀਂ। ਹਕੂਮਤਾਂ ਲਈ ਬੇਰੁਜ਼ਗਾਰੀ ਸ਼ਾਇਦ ਕੋਈ ਵੱਡਾ ਮੁੱਦਾ ਨਹੀਂ।*

**ਗੁਰਬਿੰਦਰ ਸਿੰਘ ਮਾਣਕ**

ਹਰ ਰੋਜ਼ ਨਸ਼ਿਆਂ ਦੇ ਪ੍ਰਕੋਪ ਨਾਲ ਪੰਜਾਬ ’ਚ ਘਰਾਂ ਅੰਦਰ ਸੱਥਰ ਵਿੱਛ ਰਹੇ ਹਨ। ਇਹ ਸਭ ਦੇਖ ਕੇ ਮਨ ਕੁਰਲਾ ਉੱਠਦਾ ਹੈ। ਲੋਕਾਂ ਦੇ ਜਵਾਨ ਪੁੱਤ ਮਰ ਰਹੇ ਹਨ ਪਰ ਸਰਕਾਰਾਂ ਨੇ ਇਸ ਨੂੰ ਕਦੇ ਵੀ ਗੰਭੀਰਤਾ ਨਾਲ ਨਹੀਂ ਲਿਆ। ਕੁਝ ਮਹੀਨੇ ਪਹਿਲਾਂ, ਸਾਂਝ ਕੇਂਦਰ ਵਲੋਂ ਨਸ਼ਿਆ ਦੇ ਪ੍ਰਕੋਪ ਸੰਬੰਧੀ ਲੋਕਾਂ ਨੂੰ ਜਾਗਰੂਕ ਕਰਨ ਲਈ ਇਕ ਸਮਾਗਮ ਕੀਤਾ ਗਿਆ ਸੀ, ਜਿਸ ਵਿਚ ਕੁੱਝ ਹੋਰ ਬੁਲਾਰਿਆਂ ਸਮੇਤ ਮੈਂ ਵੀ ਹਾਜ਼ਰ ਹੋਇਆ ਸਾਂ। ਸਰੋਤਿਆਂ ਵਿਚ ਬਹੁਤੀ ਗਿਣਤੀ ਡਰਾਈਵਰ ਭਾਈਚਾਰੇ ਦੀ ਸੀ। ਕੁਝ ਨੌਜਵਾਨਾਂ ਨੂੰ ਛੱਡ ਕੇ ਬਹੁ-ਗਿਣਤੀ ਅਧਖੜ ਜਿਹੇ, ਪੰਜਾਹਾਂ-ਸੱਠਾਂ ਨੂੰ ਢੁੱਕੇ ਵਿਅਕਤੀਆਂ ਦੀ ਸੀ। ਸਿਰਾਂ ’ਤੇ ਡੱਬੀਆਂ ਵਾਲੇ ਪਰਨੇ, ਚਿਹਰਿਆਂ ’ਤੇ ਤਣਾਅ ਭਰੀਆਂ ਝੁਰੜੀਆਂ, ਬੁੱਝੀਆਂ ਜਿਹੀਆਂ ਅੱਖਾਂ ਤੇ ਮਾੜਕੂ ਜਿਹੇ ਸਰੀਰਾਂ ਵਾਲੇ ਇਨ੍ਹਾਂ ਡਰਾਈਵਰਾਂ ਵੱਲ ਪਹਿਲੀ ਨਜ਼ਰੇ ਵੇਖਿਆਂ ਹੀ ਅੰਦਾਜ਼ਾ ਲਾਇਆ ਜਾ ਸਕਦਾ ਸੀ ਕਿ ਇਹ ਕਿਸੇ ਨਾ ਕਿਸੇ ਨਸ਼ੇ ਦੇ ਜ਼ਰੂਰ ਆਦੀ ਹੋਣਗੇ। ਬੁਲਾਰਿਆਂ ਨੇ ਇਸ ਤੋਂ ਬਾਅਦ ਨਸ਼ਿਆਂ ਨਾਲ ਬਦਤਰ ਹੋ ਰਹੀ ਸਥਿਤੀ ਬਾਰੇ ਵਿਸਥਾਰ ਨਾਲ ਚਾਨਣਾ ਪਾਉਣਾ ਸ਼ੁਰੂ ਕੀਤਾ ਕਿ ਨਸ਼ਿਆਂ ਦੇ ਬੁਰੇ ਪ੍ਰਭਾਵਾਂ ਨਾਲ ਸਾਡਾ ਸਮਾਜਿਕ ਜੀਵਨ ਕਿਸ ਤਰ੍ਹਾਂ ਨਿਘਾਰ ਦੀ ਚਰਮ-ਸੀਮਾ ਤੱਕ ਪਹੁੰਚ ਚੁੱਕਾ ਹੈ। ਪਰ ਸਿਆਸੀ ਦਲ ਇਸ ਬਾਰੇ ਅਜੇ ਵੀ ਗੰਭੀਰ ਨਹੀਂ ਹਨ। ਸੱਤਾ ਸੰਭਾਲਣ ਤੋਂ ਬਾਅਦ ਹਰ ਸੱਤਾਧਾਰੀ ਪਾਰਟੀ ਇਸ ਸਮੱਸਿਆ ਨੂੰ ਗੰਭੀਰ ਹੋਣ ਤੋਂ ਲਗਭਗ ਇਨਕਾਰੀ ਦੇ ਜਾਂਦੀ ਹੈ। ਹੋਰ ਸਿਆਸੀ ਧਿਰਾਂ ਵੀ ਪੰਜਾਬ ਨੂੰ ਇਸ ਕੋਹੜ ਤੋਂ ਬਚਾਉਣ ਲਈ ਕੋਈ ਸੁਹਿਰਦ ਉਪਰਾਲਾ ਕਰਨ ਦੀ ਥਾਂ, ਸਿਆਸੀ ਦੂਸ਼ਣਬਾਜ਼ੀ ਕਰ ਕੇ ਅਗਲੀਆਂ ਚੋਣਾਂ ਵਿਚ ਲਾਹਾ ਲੈਣ ਦੀ ਤਾਕ ਵਿਚ ਰਹਿੰਦੀਆਂ ਹਨ। ਇਕ ਡਾਕਟਰ ਨੇ ਨਸ਼ਿਆਂ ਦੇ ਮਨੁੱਖੀ ਸਿਹਤ ’ਤੇ ਪੈਂਦੇ ਬੁਰੇ ਪ੍ਰਭਾਵਾਂ ਬਾਰੇ ਗੱਲ ਸਮਝਾਈ। ਸਰੋਤੇ ਬਹੁਤ ਧਿਆਨਪੂਰਵਕ ਬੁਲਾਰਿਆ ਦੀਆਂ ਗੱਲਾਂ ਸੁਣਦੇ ਰਹੇ। ਕਦੇ-ਕਦੇ ਥੋੜ੍ਹੀ ਜਿਹੀ ਘੁਸਰ-ਮੁਸਰ ਹੁੰਦੀ। ਇਕ-ਦੋ ਨੇ ਇਹ ਵੀ ਕਿਹਾ ਕਿ ਤੁਸੀਂ ਕਹਿੰਦੇ ਹੋ ਸ਼ਰਾਬ ਬਹੁਤ ਮਾੜੀ ਆ ਪਰ ਸਰਕਾਰ ਤਾਂ ਇਹਨੂੰ ਨਸ਼ਾ ਹੀ ਨਹੀਂ ਮੰਨਦੀ। ਇਕ ਚਿੰਤਤ ਪੱਤਰਕਾਰ ਨੇ ਤਾਂ ਇਹ ਵੀ ਦੱਸਿਆ ਕਿ ਨਸ਼ਿਆਂ ਦੀ ਵਿਕਰੀ ਹੋਣ ਬਾਰੇ, ਜਦੋਂ ਪੁਲਿਸ ਪਾਰਟੀ ਪਿੰਡ ਪਹੁੰਚੀ ਤਾਂ ਨਸ਼ਾ ਵੇਚਣ ਵਾਲੇ ਘਰ ਦੀ ਇਕ ਔਰਤ ਨੇ ਠਾਣੇਦਾਰ ਨੂੰ ਪਾਸੇ ਕਰ ਕੇ ਕਿਹਾ ਕਿ ਅਸੀਂ ਤਾਂ ਜੀ, ਤੁਹਾਡਾ ਹਿਸਾਬ ਪਰਸੋਂ ਹੀ ਕਰ ਆਏ ਹਾਂ, ਹੁਣ ਤੁਸੀਂ ਕੀ ਕਰਨ ਆਏ ਹੋ? ਸਰੋਤਿਆਂ ਵਿਚ ਚੰਗਾ ਹਾਸਾ ਮਚਿਆ ਪਰ ਛੇਤੀ ਹੀ ਸਾਰੇ ਸੰਭਲ ਗਏ ਕਿ ਅਜਿਹੇ ਲੋਕ ਹੀ ਪੰਜਾਬ ਦੇ ਦੁਸ਼ਮਣ ਹਨ।

ਜਦੋਂ ਸਾਰੇ ਬੁਲਾਰੇ ਬੋਲ ਹਟੇ ਤਾਂ ਸਰੋਤਿਆਂ ਵਿਚ ਬੈਠਾ ਇਕ ਅਧਖੜ ਜਿਹਾ ਬੰਦਾ ਸਟੇਜ ’ਤੇ ਆ ਗਿਆ। ਉਹਦੇ ਚਿਹਰੇ ਤੋਂ ਉਦਾਸੀ ਝਲਕਦੀ ਸੀ ਪਰ ਉਸ ਨੇ ਆਪਣੀ ਗੱਲ ਦੱਸਣੀ ਸ਼ੁਰੂ ਕੀਤੀ। ਕਹਿਣ ਲੱਗਾ ਮੈਂ ਫ਼ੌਜੀ ਬੰਦਾ ਹਾਂ। ਮੈਂ ਬੱਚਿਆਂ ਦੀ ਖ਼ਾਤਰ ਕਈ ਸਾਲ ਪਹਿਲਾਂ ਸ਼ਰਾਬ ਛੱਡ ਦਿੱਤੀ ਸੀ। ਮਾੜੀ ਹਾਲਤ ਹੋਣ ਦੇ ਬਾਵਜੂਦ ਆਪਣੇ ਦੋਵਾਂ ਬੱਚਿਆਂ ਨੂੰ ਉੱਚ ਵਿੱਦਿਆ ਦਿਵਾਈ। ਕੋਈ ਵੀ ਮਨ ਦੀ ਰੀਝ ਪੂਰੀ ਨਹੀਂ ਕੀਤੀ। ਬੱਸ ਇਕੋ ਨਿਸ਼ਾਨਾ ਸੀ ਕਿ ਮੇਰੇ ਬੱਚੇ ਚੰਗੀ ਸਿੱਖਿਆ ਹਾਸਲ ਕਰ ਕੇ ਪੈਰਾਂ ’ਤੇ ਖੜ੍ਹੇ ਹੋ ਜਾਣ, ਫਿਰ ਘਰ ਦੇ ਧੋਣੇ ਧੋਤੇ ਜਾਣਗੇ ਪਰ ਮੇਰੀਆਂ ਸਭ ਆਸਾਂ ’ਤੇ ਪਾਣੀ ਫਿਰ ਗਿਆ। ਮੇਰੇ ਬੱਚਿਆਂ ਨੂੰ ਅਜੇ ਤੱਕ ਕੋਈ ਰੁਜ਼ਗਾਰ ਨਹੀਂ ਮਿਲਿਆ। ਮੈਂ ਘਰ ਦੀ ਸਾਰੀ ਪੂੰਜੀ ਹੂੰਝ ਕੇ ਉਨ੍ਹਾਂ ’ਤੇ ਖ਼ਰਚ ਦਿੱਤੀ। ਬੇਰੁਜ਼ਗਾਰੀ ਦਾ ਸੰਤਾਪ ਝੱਲਦਿਆਂ, ਹੁਣ ਉਹ ਨਿੱਤ ਠੋਕਰਾਂ ਖਾ ਰਹੇ ਹਨ ਉੱਤੋਂ ਵਿਆਹ-ਸ਼ਾਦੀ ਦੀ ਉਮਰ ਲੰਘੀ ਜਾ ਰਹੀ ਹੈ। ਜੇ ਕਦੇ ਉਨ੍ਹਾਂ ਦੀ ਮਾਂ ਵਿਆਹ ਦੀ ਗੱਲ ਸ਼ੁਰੂ ਕਰ ਵੀ ਲਵੇ ਤਾਂ ਉਹ ਗੱਲ ਸੁਣਨ ਦੀ ਥਾਂ, ਘਰੋਂ ਬਾਹਰ ਨਿਕਲ ਜਾਂਦੇ ਹਨ। ਉਨ੍ਹਾਂ ਦੇ ਮਨ ਦਾ ਦਰਦ ਅਸੀਂ ਸਮਝਦੇ ਹਾਂ, ਪਰ ਬੇਬਸ ਤੇ ਲਾਚਾਰ ਹੋਏ ਅਸੀਂ ਕਰ ਕੁਝ ਨਹੀਂ ਸਕਦੇ। ਬਾਹਰ ਗਏ, ਜਦੋਂ ਤੱਕ ਉਹ ਘਰ ਨਹੀਂ ਆ ਜਾਂਦੇ, ਸਾਡੇ ਮਨ ਨੂੰ ਧੁੜਕੂ ਲੱਗਾ ਰਹਿੰਦਾ ਹੈ, ਕਿ ਉਹ ਪ੍ਰੇਸ਼ਾਨੀ ਵਿਚ ਕਿਸੇ ਗ਼ਲਤ ਦਿਸ਼ਾ ’ਚ ਨਾ ਤੁਰ ਪੈਣ। ਬੇਰੁਜ਼ਗਾਰੀ ਦੇ ਤਣਾਅ ਕਰਕੇ ਸਾਰਾ ਟੱਬਰ ਹੀ ਮਾਨਸਿਕ ਪ੍ਰੇਸ਼ਾਨੀ ਵਿਚੋਂ ਗੁਜ਼ਰ ਰਿਹਾ ਹੈ। ਮੈਨੂੰ ਡਰ ਲਗਦਾ ਹੈ, ਜਿਨ੍ਹਾਂ ਬੱਚਿਆਂ ਨੂੰ ਮੈਂ ਨਸ਼ਿਆਂ ਤੋਂ ਬਚਾਉਂਦਾ ਰਿਹਾ, ਉਹ ਬੇਰੁਜ਼ਗਾਰੀ ਦੇ ਦਰਦ ਕਰਕੇ ਕਿਸੇ ਨਸ਼ੇ ਦਾ ਸਹਾਰਾ ਨਾ ਲੈਣ ਲੱਗ ਜਾਣ। ਤੁਸੀਂ ਤਾਂ ਸਾਰੇ ਮਾਹਰ ਹੋ, ਮੈਨੂੰ ਦੱਸੋ ਮੈਂ ਕੀ ਕਰਾਂ। ਉਹਦਾ ਮਨ ਏਨਾ ਭਰ ਗਿਆ ਕਿ ਉਹ ਅੱਗੇ ਕੁਝ ਵੀ ਬੋਲ ਨਾ ਸਕਿਆ। ਸਾਡੇ ਕੋਲ ਉਸ ਦੇ ਦਰਦ ਦਾ ਕੋਈ ਜਵਾਬ ਨਹੀਂ ਸੀ। ਪੰਜਾਬ ਦੇ ਹਜ਼ਾਰਾਂ ਨੌਜਵਾਨ ਡਿਗਰੀਆਂ ਦੇ ਥੱਬੇ ਚੁੱਕੀ ਬੇਰੁਜ਼ਗਾਰੀ ਦਾ ਸੰਤਾਪ ਹੰਢਾਉਂਦੇ ਨਸ਼ਿਆਂ ਦੀ ਅੰਨ੍ਹੀ ਗਲੀ ਦੇ ਰਾਹ ਪੈ ਕੇ, ਪੰਜਾਬ ਦਾ ਭਵਿੱਖ ਕਾਲਾ ਕਰ ਰਹੇ ਹਨ। ਕੋਈ ਇਨ੍ਹਾਂ ਦੀ ਬਾਂਹ ਫੜਨ ਵਾਲਾ ਨਹੀਂ। ਹਕੂਮਤਾਂ ਲਈ ਬੇਰੁਜ਼ਗਾਰੀ ਸ਼ਾਇਦ ਕੋਈ ਵੱਡਾ ਮੁੱਦਾ ਨਹੀਂ।


## Metrimonial

Suitable match for Parminder Singh Josan Sikh boy, trucking business in Kansas USA, age 29 years, Height 5'-7". Contact 913-256-9498



CAPITAL SERVICES

INSURANCE | VEHICLE REG. | IMMIGRATION | NOTARY PUBLIC | LIVE SCAN

ਸੈਕਰਾਮੈਂਟੋ, ਕੈਲੀਫੋਰਨੀਆ

AUTO • HOME • TRUCK • BUSINESS • LIFE • MEDICAL

ਪਾਸਪੋਰਟ / ਵੀਜ਼ਾ
* ਓ ਸੀ ਆਈ
* ਸਰੈਂਡਰ ਸਰਟੀਫਿਕੇਟ, ਪੈਨ ਕਾਰਡ
* ਫੈਮਲੀ ਪਟੀਸ਼ਨ * ਗਰੀਨ ਕਾਰਡ
* ਸਿਟੀਜਨ * ਵਸੀਅਤ *Living Trust
* ਫੈਮਲੀ ਪਟੀਸ਼ਨ *Legal Documents

The Attorney has 25 years of experience in your favor for all legal services.

Vehicle Registration (Approved by CA DMV)
* ਕਾਰ ਸਟਿੱਕਰ ਸਲਾਨਾ
* ਕਾਰ ਟਰਾਂਸਫਰ
* ਪਲੇਟਾਂ ਤੇ ਸਟਿੱਕਰ
* ਕਮਰਸ਼ੀਅਲ ਵਹੀਕਲ
* Vin Verification

Lic.43779

Other Services
* Live Scan / Fingerprints
* Covered California.
* Drug Testing * Alcohol Test
* Notary Services
* International Driver Lic.

Lic. 6000947

Office Ph.(916) 427-4321
6624 FLORIN ROAD, SACRAMENTO CA, 95828
FAX: 916)258-0441, Cell: (916)308-7997
Email: sacramento99@yahoo.com Website: www.capitalservices.us

CAPITAL DRUG TESTING

Capital DRUG TESTING

Drug and Alcohol Test

DOT / NON DOT

PRE EMPLOYMENT - RANDOM
POST ACCIDENT - REASONABLE SUSPICION

Services: DOT Random Prog., FMCSA Clearinghouse, DOT Supervisor Training, SAP Classes Etc.

Lab. Ph:(916) 680-9293
6624 Florin Road
Sacramento CA, 95828
Email: capitaldrugtest@gmail.com
Website: www.capitaldrugtest.com

R.PAL SINGH TAX PROFESSIONAL
ENROLLED AGENT
BOOKKEEPING ACCOUNTS PAYROLLS
*TAX:- INDIVIDUAL,FAMILY,BUSINESS,TRUCKING
*BOOKKEEPING ACCOUNTS
*PAYROLLS &INCORPORATION
*INSURANCE: LIFE Only-Agent,NOTARY
GET MONEY BACK FAST!
"Authorised IRS E-file Provider"
"Enrolled To Practice Befire The IRS"
CALL:R.PAL SINGH EA- 510 750 3464
EA 00097224,CRTP A44237Realtor#1481514 ,
Life-Only Insurance Agent #0G76896
39159 Paseo Padre Pkwy #103,Fremont,CA 94538
Snghrpal47@gmail.com
Singhtax.com

Open 7 Days
Weekends/Evenings
(Year Round Service)
Resonable Rates
Call for Appointment

e-file

Uscipp Insurance Services
1050 N Carpenter RD STE C, Modesto, CA 95351



TRUCK INSURANCE

TRUCK TAX IFTA



Amarjit S Bir
amarjit@uscipp.org

Lic#0I15593CA
Ph: (925)318-1247

## ਬਾਬਾ ਦੀਪ ਸਿੰਘ ਸ਼ਹੀਦ

ਦੀਪ ਸਿੰਘ ਨੇ ਵਿੱਚ ਸ਼ਹੀਦਾਂ, ਵੱਡਾ ਰੁਤਬਾ ਪਾਇਆ।
ਭਾਈ ਭਗਤਾ ਦਾ ਬਲੀ ਬੇਟਾ ਸੀ, ਜੀਉਣੀ ਮਾਂ ਦਾ ਜਾਇਆ॥
ਸਿੰਘ ਸੂਰਮਾ ਸਿਰਲੱਥ ਜੰਮਿਆ, ਯੋਧਾ ਤੇ ਵਿਦਵਾਨ।
ਗੁਣੀ-ਗਿਆਨੀ, ਸੰਤ-ਸਿਪਾਹੀ, ਦੀਪਾ ਮੁੱਢਲਾ ਨਾਮ॥
ਛਕ ਅੰਮ੍ਰਿਤ ਦਸ਼ਮੇਸ਼ ਪਿਤਾ ਤੋਂ, ਗੁਰੂ ਤੋਂ ਲਈ ਅਸੀਸ।
ਹਰਿਮੰਦਰ ਦੀ ਰੱਖਿਆ ਖਾਤਰ, ਤਲੀ ਤੇ ਰੱਖਿਆ ਸੀਸ॥
ਗੁਰੂ ਦੀ ਸੈਨਾ ਵਿੱਚ ਰਹਿ ਉਸਨੇ, ਕੀਤੇ ਯੁੱਧ ਅਨੇਕ।
ਸੱਚੇ ਪਰਵਦਗਾਰ ਤੇ ਉਸਨੇ, ਰੱਖੀ ਹਮੇਸ਼ਾ ਟੇਕ॥
ਸਾਬੋ ਕੀ ਤਲਵੰਡੀ ਆਇਆ, ਗੁਰੂ ਦੀ ਸਿੱਖਿਆ ਧਾਰੀ।
ਖ਼ੁਸ਼ ਹੋ ਉਹਦੀ ਸੇਵਾ ਤੋਂ ਗੁਰ, ਸੌਂਪੀ ਸੀ ਜੱਥੇਦਾਰੀ॥
ਗੁਰੂ ਗ੍ਰੰਥ ਸਾਹਿਬ ਦੇ ਬਾਬੇ, ਕੀਤੇ ਚਾਰ ਉਤਾਰੇ।
ਉਹਦੇ ਕੌਤਕ ਅਜਬ-ਅਨੋਖੇ, ਜਾਵਾਂ ਮੈਂ ਬਲਿਹਾਰੇ॥
ਬਾਬਾ ਜੀ ਨੇ ਵਿੱਚ ਤਲਵੰਡੀ, ਖੂਹ ਸੀ ਇੱਕ ਲਗਵਾਇਆ।
ਠੰਡੇ-ਮਿੱਠੇ ਪਾਣੀ ਦਾ ਪਿਆ, ਵਗੇ ਅਜੇ ਸਰਮਾਇਆ॥
ਭੋਰੇ ਬੈਠ ਤਪੱਸਿਆ ਕੀਤੀ, ਓਸ ਬਹਾਦਰ ਸੂਰੇ।
ਬੁਰਜ ਓਸਦੀ ਯਾਦ 'ਚ ਅੱਜ ਤੱਕ, ਪਿਆ ਵੈਰੀ ਨੂੰ ਘੂਰੇ॥
ਮਿਲ ਕੇ ਨਾਲ 'ਬਹਾਦਰ ਬੰਦੇ', ਦੁਸ਼ਮਣ ਸਨ ਕਈ ਸੋਧੇ।
ਕੋਈ ਮੁਗਲ ਨਾ ਟਿਕਿਆ ਸਾਹਵੇਂ, ਏਸ ਬਹਾਦਰ ਯੋਧੇ॥
ਕਰਕੇ ਇੱਕਮੁੱਠ ਸਿੱਖਾਂ ਨੂੰ ਉਸ, 'ਮਿਸਲ ਸ਼ਹੀਦ' ਬਣਾਈ।
ਥਰ-ਥਰ ਜ਼ਾਲਮ ਕੰਬਣ ਲੱਗੇ, ਐਸੀ ਧਾਕ ਜਮਾਈ॥
ਅਬਦਾਲੀ ਨੇ ਹਮਲਾ ਕਰਕੇ, ਹਿੰਦੋਸਤਾਨ ਡਰਾਇਆ।
ਬਾਬਾ ਨੇ ਫ਼ ?ਰ ਬੋਲ ਕੇ ਹੱਲਾ, ਔਰਤਾਂ ਨੂੰ ਛੁਡਵਾਇਆ॥
ਖਾਨ ਜਹਾਨ ਬੇਅਦਬੀ ਕੀਤੀ, ਸਾਡੇ ਅੰਮ੍ਰਿਤ-ਸਰ ਦੀ।
ਪੂਰ ਦਿੱਤਾ ਉਸ ਪਾਕ ਸਰੋਵਰ, ਜੀਭ ਆਖਣੋਂ ਡਰਦੀ॥
ਸੁਣੀ ਖ਼ਬਰ ਜਦ ਦੀਪ ਸਿੰਘ ਨੇ, ਖਾਧਾ ਖ਼ੂਨ ਉਬਾਲੇ।
ਸਿੰਘ ਝੱਈਆਂ ਲੈ ਉੱਠੇ, ਸਨ ਜੋ ਮਰਨ-ਮਾਰਨ ਨੂੰ ਕਾਹਲੇ॥
ਅੱਗੇ ਵਧ ਕੇ ਦੀਪ ਸਿੰਘ ਨੇ, ਖਿੱਚੀ ਇੱਕ ਲਕੀਰ।
'ਜਾਨ ਵਾਰਨੀ ਜਾਣੇ ਜਿਹੜਾ, ਵਧੇ ਅੱਗੇ ਉਹ ਵੀਰ'॥
ਅੰਮ੍ਰਿਤਸਰ ਤੋਂ ਕੁਝ ਦੂਰੀ ਤੇ, ਸਖ਼ਤ ਟਾਕਰਾ ਹੋਇਆ।
ਵੇਖ ਮੁਗਲ ਦੀ ਫ਼ੌਜ ਵਡੇਰੀ, ਜ਼ਰਾ ਨਾ ਧੀਰਜ ਖੋਇਆ॥
ਰੋਹ ਵਿੱਚ ਆ ਕੇ ਬਾਬੇ ਨੇ ਫ਼ਿਰ, ਉਹ ਖੜਕਾਇਆ ਖੰਡਾ।
ਏਦੂੰ ਪਾਰੋਂ ਓਸ ਪਾਰ ਉਸ, ਕੀਤਾ ਦੁਸ਼ਮਣ ਠੰਡਾ॥
ਗਹਿਗੱਚ ਓਸ ਲੜਾਈ ਦੇ ਵਿੱਚ, ਸਿੰਘ ਜ਼ਰਾ ਨਾ ਡੋਲੇ।
ਹੱਸ-ਹੱਸ ਦੇਣ ਸ਼ਹੀਦੀ ਜੰਗ ਵਿੱਚ, ਗਾਉਂਦੇ ਗੁਰੂ ਦੇ ਸੋਹਲੇ॥
ਸਿੰਘ ਸੂਰਮੇ ਰਣ-ਭੂਮੀ ਵਿੱਚ, ਸ਼ੇਰਾਂ ਵਾਂਗੂੰ ਗੱਜੇ।
ਸੀਸ ਤਲੀ ਤੇ ਰੱਖ ਕੇ ਬਾਬੇ, ਵੈਰੀ ਲਾ ਲਿਆ ਅੱਗੇ॥
ਸੀਸ ਭੇਟ ਕਰ ਗੁਰ-ਚਰਨਾਂ ਵਿੱਚ, ਅੰਤਿਮ ਫ਼ਤਹਿ ਬੁਲਾਈ।
ਬਾਬਾ ਦੀਪ ਸਿੰਘ ਨੇ ਏਦਾਂ, ਸਿੱਖੀ ਤੋੜ ਨਿਭਾਈ॥
ਪ੍ਰੀਤ ਦੀ ਰੀਤ ਨਿਭਾਉਣੀ ਔਖੀ, ਸੌਖਾ ਬੜਾ ਹੈ ਕਹਿਣਾ।
ਦਰ ਦਾਤੇ ਦੇ ਢਹਿ ਪੈ ਬੰਦਿਆ, ਚਾਹਵੇਂ ਜੇ ਕੁਝ ਲੈਣਾ॥
ਖੰਨਿਓਂ ਤਿੱਖੀ, ਵਾਲੋਂ ਨਿੱਕੀ, ਪਾਕ-ਪਵਿੱਤਰ ਸਿੱਖੀ।
ਹੋ ਨਤਮਸਤਕ ਦੀਪ ਸਿੰਘ ਨੂੰ, 'ਐਨ.ਐਸ.' ਕਵਿਤਾ ਲਿਖੀ॥

- ਪ੍ਰੋ. ਨਵ ਸੰਗੀਤ ਸਿੰਘ
9417692015

## ਕੁਦਰਤ ਦੀ ਸੁੰਦਰਤਾ

ਪੰਜਾਂ ਤੱਤਾਂ ਦੀ ਇਹ
ਸ੍ਰਿਸ਼ਟੀ ਸਾਜੀ ਸਿਰਜਣਹਾਰੇ।
ਲੱਖਾਂ ਹੀ ਦਾਤਾਂ ਨੇ
ਸੂਰਜ ਪਰਬਤ ਚੰਨ ਸਿਤਾਰੇ।

ਧਰਤੀ ਮਾਤਾ ਸਾਡੀ ਪਾਣੀ
ਪਿਤਾ ਦਾ ਰੁਤਬਾ ਪਾਵੇ।
ਕੁਦਰਤ ਦੀ ਹਰ ਸ਼ੈਅ ਸੁੰਦਰ
ਹਰ ਪ੍ਰਾਣੀ ਦੇ ਮਨ ਨੂੰ ਭਾਵੇ।

ਕਿਤੇ ਵਗਦਾ ਝਰਨੇ ਦਾ
ਨਿਰਮਲ ਕੱਲ ਕੱਲ ਕਰਦਾ ਪਾਣੀ।
ਬਰਫ਼ਾਂ ਦੀ ਚਾਦਰ ਲੈ
ਕਿਧਰੇ ਸੁੱਤੀ ਕੁਦਰਤ ਰਾਣੀ।

ਝੁੰਡ ਉੱਚੇ ਰੁੱਖਾਂ ਦਾ
ਕਿਧਰੇ ਅੰਬਰ ਨੂੰ ਹੱਥ ਲਾਵੇ।
ਦਿੰਦੇ ਮਿੱਠੇ ਮੇਵੇ
ਮਰਦੇ ਦਮ ਤੱਕ ਸਾਥ ਨਿਭਾਵੇ।

ਹੈ ਪੌਣ ਗੁਰੂ ਸਾਡਾ
ਇਸ ਦੀ ਕਦਰ ਅਸਾਂ ਨਾ ਜਾਣੀ।
ਏਸੇ ਦੀ ਗਰਦਿਸ਼ ਸੰਗ
ਜੀਵੇ ਧਰਤੀ ਦਾ ਹਰ ਪ੍ਰਾਣੀ।



ਅਮਰਜੀਤ ਕੌਰ ਮੋਰਿੰਡਾ

## ਪਿਛਲ ਖੁਰੀਏਂ ਨਾ ਤੁਰੀਏ !

ਪੂਜਾ-ਪਾਠ 'ਨਮਾਜ' ਸਭ ਨਿਜੀ ਹੁੰਦੇ
ਕਰੀਏ ਹੋਰਾਂ ਨਾਲ ਕਿਉਂ ਕਲੇਸ ਯਾਰੋ।
ਕਿਸੇ ਇੱਕ ਨੂੰ ਦੇਈਏ ਨਾ ਮਾਣ ਬਹੁਤਾ
ਸਭ ਨੂੰ ਪਿਆਰੇ ਨੇ ਆਪਣੇ ਭੇਸ ਯਾਰੋ।
ਵਧ ਗਏ ਵੈਰ ਵਿਰੋਧ ਹਨ ਉਦੋਂ ਦੇ ਹੀ
ਲੱਗਣ ਲੱਗ ਪਈ ਜਦੋਂ ਦੀ 'ਠੇਸ' ਯਾਰੋ।
ਪਿੱਛੇ ਪੱਲੇ ਵਿੱਚ ਰਹਿਣਾ ਕੀ ਫੇਰ ਸਾਡੇ
ਦਿੱਤੀ ਪਿਆਰ ਦੀ ਪੱਟੀ ਜਦ ਮੇਸ ਯਾਰੋ।
ਛੱਡ ਕੇ ਨਫਰਤਾਂ ਚਾਰ ਦਿਨ ਕੱਟ ਲਈਏ
ਰਹਿਣਾ ਧਰਤੀ 'ਤੇ ਨਹੀਂ ਹਮੇਸ਼ ਯਾਰੋ।
ਫੈਦਾ ਹੋਇਆ ਕੀ ਚੰਦ 'ਤੇ ਪਹੁੰਚਣੇ ਦਾ
ਪਿਛਲ ਖੁਰੀਏਂ ਜੇ ਤੁਰ ਪਿਆ ਦੇਸ ਯਾਰੋ!



ਤਰਲੋਚਨ ਸਿੰਘ 'ਦੁਪਾਲ ਪੁਰ'
001-408-915-1268

## ਰੱਬ ਦਾ ਘਰ

ਨਹੀਂ ! ਨਹੀਂ !
ਰੱਬ ਘਰ ਨ੍ਹੀਂ ਜਾਣਾ!

ਮੈਂ ਨ੍ਹੀਂ ਰੱਬ ਦੇ,
ਘਰ ਹੁਣ ਜਾਣਾ।
ਮੈਂ ਤਾਂ ਆਪਣਾ,
ਆਪ ਬਚਾਉਣਾ।
ਰੱਬ ਦੀ ਰਾਖੀ,
ਫ਼ੁਕਰੇ ਬੰਦੇ।
ਧਰਮ ਦੇ ਨਾਂ 'ਤੇ,
ਕਰ ਦੇ ਧੰਦੇ ਦੇ।
ਮੈਂ ਨੀਂ ਆਪਣਾ,
ਧੌਣ ਲੁਹਾਉਂਣਾ।
ਨਹੀਂ ! ਨਹੀਂ ! ਮੈਂ,
ਹੁਣ ਨਹੀਂ ਜਾਣਾ।
ਲੱਭ ਲਾਂ ਗੇ ਕਿਤੇ,
ਹੋਰ ਟਿਕਾਣਾ।
ਜੇ ਰੱਬ ਦੀ ਕੋਈ,
ਬੇ-ਅਬਦੀ ਕਰ ਗਿਆ।
ਲਾ ਕੇ ਅੱਗ,
ਜੇ ਤੀਲੀ ਧਰ ਗਿਆ।
ਮੈਨੂੰ ਉਹਨਾਂ,
ਮਾਰ ਮੁਕਾਉਣਾ।
ਨਹੀਂ ! ਨਹੀਂ ! ਮੈਂ,
ਰੱਬ ਘਰ ਨ੍ਹੀਂ ਜਾਣਾ।



ਜਸਪਾਲ ਜੱਸੀ

## .ਗਜ਼ਲ

ਜੀਵਨ ਹੈ ਪਰ ਫਿਰ ਵੀ, ਰੰਗ ਬੇਰੰਗ ਬੜੇ ਨੇ
ਚਿਹਰੇ ਉੱਤੇ ਚੜ੍ਹਕੇ ਫਿੱਟੇ ਰੰਗ ਬੜੇ ਨੇ

ਬਾਗੀਂ ਕੋਇਲ ਚਹਿਕੇ ਮਹਿਕੇ ਫੁੱਲ ਤੇ ਕਲੀਆਂ
ਮਾਣਨ ਦੇ ਜੀਵਨ ਨੂੰ ਸੋਹਣੇ ਢੰਗ ਬੜੇ ਨੇ

ਬਿਨ ਮਤਲਬ ਸਭ ਨਾਲ ਰਲ ਮਿਲਕੇ ਜੋ ਹੈ ਚਲਦਾ
ਕਦਮ ਕਦਮ ਤੇ ਮਿਲਦੇ ਉਸਨੂੰ ਸੰਗ ਬੜੇ ਨੇ

ਅਪਣਾ ਅੱਗਾ ਤਾਂ ਆਪੇ ਸੰਵਾਰ ਹੀ ਸਕਦੇ
ਚਲਦੇ ਰਹਿਣ ਸਰੀਰ ਦੇ ਸਾਬਤ ਅੰਗ ਬੜੇ ਨੇ

ਆਸੇ ਪਾਸੇ ਦੇਖੋ ਔਲਾਦ ਨਿਕੰਮੀ ਨੇ
ਸੂਲੀ ਉੱਤੇ ਦਿੱਤੇ ਮਾਪੇ ਟੰਗ ਬੜੇ ਨੇ

ਅਗਲੀ ਪੀੜ੍ਹੀ ਦਾ ਹੈ ਹੁਣ ਰੱਬ ਹੀ ਰਾਖਾ ਜੀ
ਜੰਮਦੇ ਬੱਚਿਆਂ ਦੇ ਉੱਗ ਪਏ ਫੰਘ ਬੜੇ ਨੇ

ਮੁਰਸਦ ਦੇ ਸੰਗ ਤਰ ਹੀ ਜਾਂਦੇ ਸਿਦਕ ਦੇ ਪੱਕੇ
ਅਧਵਾਟੇ ਕੱਚੇ ਹੁੰਦੇ ਵੇਖੇ ਭੰਗ ਬੜੇ ਨੇ

ਘਰ ਤੋਂ ਉਂਝ ਤੇ ਰੱਜੇ-ਪੁੱਜੇ ਫਿਰ ਵੀ ਦੇਖੇ
ਹੌਲੇ ਦਿਲ ਦੇ ਨੀਤ ਦੇ ਮਾੜੇ ਨੰਗ ਬੜੇ ਨੇ

ਕਦਮਾਂ ਦੇ ਸੰਗ ਕਦਮ ਮਿਲਾ ਕੇ ਵੱਧਦੇ ਜਾਈਏ
ਤੱਕਦੇ ਤੱਕਦੇ ਰਹਿਣੇ ਲੋਕੀਂ ਦੰਗ ਬੜੇ ਨੇ

ਦੂਰ ਦੇ ਢੋਲ ਸੁਹਾਉਂਦੇ ਹੁੰਦੇ ਸੁਣਿਆਂ ਅਕਸਰ
ਨੇੜਿਓਂ ਪਾਸਾ ਵੱਟ ਕੇ ਜਾਂਦੇ ਲੰਘ ਬੜੇ ਨੇ

ਅੱਜ ਕੱਲ੍ਹ ਰਾਂਝੇ ਗਲੀਆਂ ਦੇ ਵਿੱਚ ਰੁੱਲਦੇ ਫਿਰਦੇ
ਹੀਰ ਦੇ ਚਾਚੇ ਕੈਦੋਂ, ਵੇਲੇ, ਝੰਗ ਬੜੇ ਨੇ

ਬੰਦਾ ਕੋਈ ਤਿਆਰ ਨਹੀਂ ਇਮਦਾਦ ਦੀ ਖਾਤਿਰ
ਇਮਦਾਦ ਖੁਦਾ ਤੋਂ ਲੋਕ ਰਹੇ ਮੰਗ ਬੜੇ ਨੇ

ਨਿੰਮ ਦਾ ਬੂਟਾ, ਪਾਲ ਪੋਸ ਕੇ ਰੁੱਖ ਬਣਾਇਆ
ਛਾਂਵੇਂ ਬੈਠੇ ਝੜ੍ਹੇ ਪੱਤਾਂ ਤੋਂ ਤੰਗ ਬੜੇ ਨੇ

'ਪ੍ਰੀਤ' ਖਿਆਲੀ ਦਮ ਖਮ ਰੱਖਣ ਵਾਲੇ ਜਿਹੜੇ
ਹੱਕਾਂ ਦੇ ਲਈ ਲੜਦੇ ਕੱਲੇ ਜੰਗ ਬੜੇ ਨੇ।



-ਪਰਮ 'ਪ੍ਰੀਤ'

## ਵੰਡਣ ਵਾਲੇ

ਵੰਡਣ ਵਾਲੀ ਧਰਮਾਂ ਨੂੰ ਵੀ ਚੌਧਰ ਹੈ
ਪਾਲੇ ਜੋ ਬੇਸ਼ਰਮਾਂ ਨੂੰ ਵੀ ਚੌਧਰ ਹੈ
ਰੱਬ ਨਾ ਲੱਭੇ ਮੰਦਰ ਗੁਰੂਦੁਆਰੇ ਚ
ਨਾ ਮਸੀਤ ਚ ਲੱਭੇ ਨਾ ਨਕੋਦਰ ਹੈ
ਉਂਝ ਤਾਂ ਇੱਕੋ ਜਿਹੀਆਂ ਮੂਰਤਾਂ ਲਗਦੀਆਂ ਨੇ,
ਵੱਖ ਨਾ ਜਾਪੇ ਸਿੱਖ ਪੰਡਤ ਤੇ ਕਾਜੀ ਜੀ
ਲਿਖ ਲਿਖ ਲਿਖਤਾਂ ਥੱਕ ਗਿਆ ਹਾਂ ਕੌਣ ਮੰਨੇ
ਕਿੱਥੇ ਸੱਚ ਮੁਤਾਬਿਕ ਦੁਨੀਆਂ ਰਾਜੀ ਜੀ

ਜੋ ਰੁੱਖ ਵੇਖਣ ਦੇ ਵਿਚ ਉੱਚਾ ਲਗਦਾ ਏ,
ਨਾ ਫ਼ਲ ਦਿੰਦਾ ਕਰਦਾ ਕਦੇ ਵੀ ਛਾਵਾਂ ਨਈਂ
ਆਮ ਬੰਦੇ ਦੀਆਂ ਨੋਚਣ ਜੋ ਤਕਦੀਰਾਂ ਨੂੰ,
ਉੱਠਣ ਦਿੰਦੀਆਂ ਏਹੋ ਬੁਰੀ ਬਲਾਵਾਂ ਨਈਂ
ਭੈਣਾਂ ਵੀ ਹੁਣ ਘਰ ਉਜਾੜਨ ਵੀਰਾਂ ਦੇ,
ਨਰਕ ਨੇ ਦੱਬੇ ਜੀਜੇ ਪਲਟਣ ਬਾਜੀ ਜੀ
ਲਿਖ ਲਿਖ ਲਿਖਤਾਂ ਥੱਕ ਗਿਆ ਹਾਂ ਕੌਣ ਮੰਨੇ
ਕਿੱਥੇ ਸੱਚ ਮੁਤਾਬਿਕ ਦੁਨੀਆਂ ਰਾਜੀ ਜੀ

ਧੰਨਿਆਂ ਧਾਲੀਵਾਲਾ ਭੁੱਲਗੇ ਕੁਦਰਤ ਨੂੰ,
ਬਣਕੇ ਰੱਬ ਹੁਣ ਬਹਿਗੇ ਪੁਤਲੇ ਮਿੱਟੀ ਦੇ
ਉੱਚੇ ਰੁਤਬੇ ਕਰਦੇ ਨੇ ਮਨ ਆਈਆਂ ਨੂੰ,
ਹਨ ਵਪਾਰੀ ਦੇਹ ਕਾਲੀ ਜਾਂ ਚਿੱਟੀ ਦੇ
ਏਹ ਸੌਦਾਗਰ ਚੱਲੇ ਰਾਹ ਬਰਬਾਦੀ ਦੇ,
ਮਿੱਠੇ ਬਣਕੇ ਕਰਦੇ ਭਾ ਜੀ ਜੀ ਭਾ ਜੀ ਜੀ
ਲਿਖ ਲਿਖ ਲਿਖਤਾਂ ਥੱਕ ਗਿਆ ਹਾਂ ਕੌਣ ਮੰਨੇ
ਕਿੱਥੇ ਸੱਚ ਮੁਤਾਬਿਕ ਦੁਨੀਆਂ ਰਾਜੀ ਜੀ



ਧੰਨਾ ਧਾਲੀਵਾਲ

## ਅਣਜੰਮੀ ਆਵਾਜ਼

ਤੇਰਾ ਕੀ ਮੇਰਾ ਕੀ

ਢਿੱਡ ਦੀ ਭੁੱਖ ਨਚਾਈ ਫਿਰਦੀ,
ਸ਼ਾਮ ਏ ਕੀ, ਸਵੇਰਾ ਕੀ।
ਅਕਲੋਂ ਅੰਨੇ ਬਣੇ ਗਿਆਨੀ,
ਹੁਣ ਚਾਨਣ ਕੀ, ਹਨੇਰਾ ਕੀ।
ਧੁਰ ਅੰਦਰੋਂ ਜਦੋਂ ਅਣਖ ਈ ਮੁੱਕੀ,
ਫਿਰ ਗੈਰਤ ਕੀ ਤੇ ਜੇਰਾ ਕੀ।
ਦਿਲ ਦੇ ਅੰਦਰੋਂ ਸਿੱਕ ਜੇ ਮੁੱਕੀ,
ਫਿਰ ਦੂਰ ਏ ਕੀ, ਨੇੜਾ ਕੀ।
ਮਨ ਹੀ ਜਦ ਬੈਰਾਗੀ ਹੋਇਆ,
ਅੰਦਰ ਕੀ, ਚੁਫੇਰਾ ਕੀ।
ਵਾੜ ਹੀ ਜਦ ਖੇਤ ਨੂੰ ਖਾ ਗਈ,,
ਪਹਿਰਾ ਕੀ ਤੇ ਘੇਰਾ ਕੀ।
ਰੁੱਖਾਂ ਬਾਝੋਂ ਗੀਤ ਨੀ ਸੁਣਦੇ,
ਕੰਧ ਏ ਕੀ, ਬਨੇਰਾ ਕੀ।।
ਰਾਗ ਨਾਦ ਦੀ ਸਮਝ ਨਹੀਂ ਏ,
ਸ਼ਾਮ ਚੁਰਾਸੀ ਗੇੜਾ ਕੀ।
ਇੱਕ ਸਰਾਂ ਦੇ ਸਭ ਮੁਸਾਫ਼ਰ,
ਤੇਰਾ ਕੀ ਤੇ ਮੇਰਾ ਕੀ।



ਸਤਨਾਮ ਕੌਰ ਤੁਗਲਵਾਲਾ

## ਰੱਬ ਘਰ ਜਾਣਾ

ਆਪਾ ਨਹੀਂ ਜੇ ਸੱਚ ਬੋਲਣਾ, ਝੂਠ ਨਾਲ ਕੰਮ ਚੱਲਦਾ
ਜਦ ਵੀ ਰੱਜ ਕੇ ਝੂਠ ਬੋਲਿਆ, ਉਹ ਪੱਕੀਆਂ ਘੱਲਦਾ
ਸੱਚ ਬੋਲਕੇ ਲੋਕਾਂ ਮੂਹਰੇ, ਪੈਣਾਂ ਸਿਰ ਝੁਕਾਉਣਾ
ਆਪਾ ਨਹੀਂ ਹੱਲੇ ਰੱਬ ਘਰ ਜਾਣਾ, ਨਾਹੀਂ ਸਿਰ ਕਟਵਾਉਣਾ

ਕੀ ਲੋੜ ਆ ਸੱਚ ਬੋਲਣ ਦੀ,ਜਦ ਝੂਠ ਨਾਲ ਇੱਜ਼ਤ ਹੋਵੇ
ਮਹਿਫ਼ਲ ਦੇ ਵਿੱਚ ਖੜਕੇ ਬੰਦਾ,ਧਾਗੇ ਬਿਨ ਤਬੀਤ ਪਰੋਵੇ
ਗੱਲੀਂ ਬਾਤੀਂ ਦਿੱਲੀ ਜਾਕੇ, ਲਾਲ ਕਿਲ੍ਹਾ ਨਹੀਂ ਢਾਉਣਾ
ਆਪਾ ਨਹੀਂ ਹੱਲੇ ਰੱਬ ਘਰ ਜਾਣਾ, ਨਾਹੀਂ ਸਿਰ ਕਟਵਾਉਣਾ

ਨਾਲੇ ਜਾਣੂੰ ਸਾਰੇ ਲੋਕੀ, ਅਸਮਾਨੋਂ ਉੱਡਦੀਆਂ ਨਿੱਤ ਫੜਾਂਗੇ
ਕਰੂ ਵਿਰੋਧ ਗੁਰਮੀਤ ਕਿਤੇ ਜੇ,ਗੋਡਿਆਂ ਥੱਲੇ ਜਾ ਧਰਾਗੇ
ਸੱਚ ਸੁਣਨਾਂ ਨਹੀਂ ਚਾਹੁੰਦੇ, ਸੱਚ ਬੋਲਕੇ ਕਿਉਂ ਸਮਝਾਉਣਾ
ਆਪਾ ਨਹੀਂ ਹੱਲੇ ਰੱਬ ਘਰ ਜਾਣਾ, ਨਾਹੀਂ ਸਿਰ ਕਟਵਾਉਣਾ

ਪਿੰਡ ਝੁਮਾਣੇ ਨਾਲ ਝੂਠ ਦੇ, ਆਪਣੀ ਬੱਲੇ ਬੱਲੇ ਆ
ਪੜ੍ਹੇ ਲਿਖੇ ਹੋਏ ਸਮਝਦਾਰ, ਕਈ ਚਰਨ ਖੇਤਾਂ ਨੂੰ ਘੱਲੇ ਆ
ਪੂਰੀ ਟੌਹਰ ਤੇ ਗੱਲ ਬਾਤ ਆ, ਕਾਹਨੂੰ ਦਿਲ ਤੜਫਾਉਣਾ
ਆਪਾ ਨਹੀਂ ਹੱਲੇ ਰੱਬ ਘਰ ਜਾਣਾ, ਨਾਹੀਂ ਸਿਰ ਕਟਵਾਉਣਾ

ਗੁਰਮੀਤ ਝੁਮਾਣਾ
76528 16074

## ਅੱਜ ਕੱਲ ਦਾ ਬੰਦਾ

ਦਗੇਬਾਜ਼ ਕਮਾਊ ਜ਼ਰੂਰ ਦਗਾ,
ਭਾਵੇਂ ਲੱਖ ਹੀ ਪਿਆਰ ਜਿਤਾ ਦੇਈਏ।
ਚੁਗਲਖੋਰ ਨੇ ਕਰਨੀ ਜਰੂਰ ਚੁਗਲੀ,
ਭਾਵੇਂ ਲੱਖ ਹੀ ਸੌਹਾਂ ਖੁਆ ਦੇਈਏ।

ਬੇਈਮਾਨ ਤਕਾਊ ਜਰੂਰ ਪਿੱਛਾ,
ਭਾਵੇਂ ਲੱਖ ਹੀ ਯਾਰੀ ਨਿਭਾਅ ਦੇਈਏ।
ਘਰ ਵੜੇ ਨਾ ਨਾਰ ਜੋ ਬਾਹਰ ਘੁੰਮੇ,
ਭਾਵੇਂ ਲੱਖ ਹੀ ਮਹਿਲ ਬਣਾ ਦੇਈਏ।

ਵਿਹਲਾ ਬੰਦਾ ਨਾ ਕੰਮ ਦਾ ਤੋੜੇ ਡੱਕਾ,
ਲੱਖ ਲਾ ਏ.ਸੀ. ਵੀ ਬਹਾ ਦੇਈਏ।
ਨੰਗ ਬੰਦੇ ਨੇ ਚੱਕਣਾ ਜਰੂਰ ਝੱਗਾ,
ਭਾਵੇਂ ਲੱਖ ਸਤਿਕਾਰ ਦਵਾ ਦੇਈਏ।

ਕੌੜਾ ਬੋਲਣੋਂ ਹਟਦਾ ਨਹੀਂ ਬੰਦਾ,
ਹੱਦੋਂ ਵੱਧ ਵੀ ਖੰਡ ਖੁਆ ਦੇਈਏ।
ਅਹਿੜਾ ਯਾਰ ਜੇ ਰੁੱਸ ਜਾਏ ਮੰਨਦਾ ਨ੍ਹੀਂ,
ਭਾਵੇਂ ਕੱਢ ਦਿਲ ਤਲ਼ੀ ਟਿਕਾ ਦੇਈਏ।



-ਜਸਵਿੰਦਰ ਪੰਜਾਬੀ

## ਧਰਮ

ਸੋਹਣਾ ਤੇ ਸੁਨੱਖਾ, ਖੁਸ਼ਹਾਲ ਸੀਗਾ ਦੇਸ਼ ਮੇਰਾ
ਧਰਮਾਂ ਦੇ ਠੇਕੇਦਾਰਾਂ, ਕੋਲੋਂ ਹੋਇਆ ਝੱਲ ਨਹੀਂ

ਦਿਨੋ ਦਿਨ ਵਧੀ ਜਾਂਦਾ ਧਰਮਾਂ ਦਾ ਜ਼ਹਿਰ ਏਥੇ
ਕਰਦਾ ਮਨੁੱਖਤਾ ਦੀ, ਐਪਰ ਕੋਈ ਗੱਲ ਨਹੀਂ

ਸਿੱਧੀ ਸਾਦੀ ਗੱਲ ਨੂੰ ਵੀ ਜੋੜ ਦਿੰਦੇ ਧਰਮਾਂ ਨਾ
ਨਫ਼ਰਤਾਂ ਵੰਡੀ ਜਾਂਦੇ, ਬਹਿੰਦੇ ਮਿਲ ਰਲ ਨਹੀਂ

ਹਿੰਦੂ ਕਹਿਣ ਰਾਮ ਵੱਡਾ, ਮੁਸਲਿਮ ਅੱਲਾਹ ਨੂੰ
ਯਿੱਸੂ ਨੂੰ ਇਸਾਈ; ਸਿੱਖ, ਗੁਰੂ ਬਿਨਾ ਪਲ ਨਹੀਂ

ਫੁੱਲਾਂ ਨਾਲ ਹੁੰਦਾ ਸਨਮਾਨ ਇੱਥੇ ਕਾਤਲਾਂ ਦਾ
ਮਾਰਦੇ ਬੇਦੋਸ਼ਿਆਂ 'ਤੇ, ਪੈਂਦੀ ਕਿਉਂ ਠੱਲ੍ਹ ਨਹੀਂ

ਜਿੰਨਾ ਚਿਰ ਧਰਮਾਂ 'ਚ ਵੜੀ ਰਹਿਣੀ ਰਾਜਨੀਤੀ
ਓਨਾ ਚਿਰ ਦੋਸਤੋ ਹੈ ਆਉਣਾ ਚੰਗਾ ਕੱਲ੍ਹ ਨਹੀਂ

ਵੇਖ ਕੇ ਇਹ ਸਭ 'ਖੁਸ਼ੀ', ਹੁੰਦਾ ਹੈ ਬੇਚੈਨ ਮਨ
ਬੁੱਧੀਜੀਵੀ ਰਲ ਇਹਦਾ ਲੱਭਦੇ ਕਿਉਂ ਹੱਲ ਨਹੀਂ

ਖੁਸ਼ੀ ਮੁਹੰਮਦ 'ਚੱਠਾ'

## ਮਾਂ ਬੋਲੀ ਪੰਜਾਬੀ

ਵੈਸਟਰਨ ਕਲਚਰ ਦਾ ਅਸੀ, ਧਾਰ ਲਿਆਂ ਅਵਤਾਰ,
ਭੁੱਲੀ ਜਾਨੇ ਆ ਅੱਜ ਅਸੀਂ, ਆਪਣਾ ਸਭਿੱਆਚਾਰ!
ਪਰਾਈਆਂ ਭਾਸ਼ਾਵਾਂ ਦੇ ਉੱਤੇ, ਐਵੇਂ ਡੁੱਲਦੇ ਜਾਨੇ ਆ,
ਆਪਣੀ ਮਾਂ-ਬੋਲੀ ਨੂੰ ਅਸੀਂ, ਅੱਜ ਭੁੱਲਦੇ ਜਾਨੇ ਆ!

ਦੂਸਰੀਆਂ ਭਾਸ਼ਾਵਾਂ ਸਾਨੂੰ ਅੱਜ, ਲੱਗਣ ਲੱਗ ਪਈਆਂ ਨਰਮ,
ਆਪਣੀ ਬੋਲੀ ਬੋਲਣ ਚ, ਸਾਨੂੰ ਆਉਣ ਲੱਗ ਪਈ ਸ਼ਰਮ!
ਵਾਂਗ ਸ਼ੁਦਾਈਆਂ ਦੇ ਅਸੀਂ, ਰੁਲਦੇ ਜਾਨੇ ਆ,
ਆਪਣੀ ਮਾਂ-ਬੋਲੀ ਨੂੰ ਅਸੀ, ਅੱਜ ਭੁੱਲਦੇ ਜਾਨੇ ਆ!

ਪੰਜਾਬੀ ਦਾ ਕਰਦੇ ਆ, ਗੂਗਲ ਤੇਂ ਜਾ ਕੇ ਅਨੁਵਾਦ,
ਊੜਾ-ਐੜਾ ਵੀ ਨਹੀਂ ਅੱਜ ਹੈਗਾ, ਕਿਸੇ ਨੂੰ ਵੀ ਯਾਦ!
ਕੱਟੀ ਪਤੰਗ ਦੇ ਵਾਂਗ, ਅਸੀਂ ਝੁੱਲਦੇ ਜਾਨੇ ਆ,
ਆਪਣੀ ਮਾਂ-ਬੋਲੀ ਨੂੰ ਅਸੀਂ,ਅੱਜ ਭੁੱਲਦੇ ਜਾਨੇ ਆ!

ਪੰਜਾਬੀ ਦੁਨੀਆਂ ਦੀ ਸਭ ਤੋਂ ਭਾਸ਼ਾ ਏ ਆਸਾਨ,
ਸਿੱਖਣ ਚ ਅਸਮਰੱਥ ਨੀ ਰਹਿੰਦਾਂ, ਜਿੰਨਾਂ ਮਰਜ਼ੀ ਕੋਈ ਹੋਵੇ ਨਾਦਾਨ!
ਰੰਗਲੇ ਪੰਜਾਬ ਨੂੰ ਭੁਲਾ ਕੇ, ਬਾਹਰਲੇ ਰੰਗਾਂ ਵਿੱਚ ਘੁੱਲਦੇ ਜਾਨੇ ਆ,
ਆਪਣੀ ਮਾਂ-ਬੋਲੀ ਨੂੰ ਅਸੀਂ, ਅੱਜ ਭੁੱਲਦੇ ਜਾਨੇ ਆ!

ਅੰਗਰੇਜ਼ੀ ਬੋਲਣ ਵਾਲੇ ਨੂੰ, ਦੱਸਦੇ ਆ ਪੜ੍ਹਿਆਂ-ਲਿਖਿਆਂ,
ਪੰਜਾਬੀ ਦਾ ਨਾ ਹੋਵੇ ਭਾਵੇ, ਇਕ ਅੱਖਰ ਵੀ ਸਿੱਖਿਆਂ!
ਹਵਾ ਦੇ ਵਿੱਚ ਆ ਕੇ, ਐਵੇ ਫੁੱਲਦੇ ਜਾਨੇ ਆ,
ਆਪਣੀ ਮਾਂ-ਬੋਲੀ ਨੂੰ ਅਸੀਂ, ਅੱਜ ਭੁੱਲਦੇ ਜਾਨੇ ਆ!

ਬੱਚੇ ਵੀ ਅੱਜ ਥੈਂਕ-ਜੂ, ਸੌਰੀ ਕਰਨ ਲਾਤੇ,
ਮਿਹਰਬਾਨੀ-ਸ਼ੁਕਰੀਆਂ ਮੂੰਹੋ ਅੱਜ ਸਭ ਭੁਲਾਤੇ!
'ਰਾਹੁਲ ਲੋਹੀਆਂ' ਵਾਂਗ ਰਬੜ ਦੇ ਖੁੱਲਦੇ ਜਾਨੇ ਆ,
ਆਪਣੀ ਮਾਂ-ਬੋਲੀ ਨੂੰ ਅਸੀ ਅੱਜ ਭੁੱਲਦੇ ਜਾਨੇ ਆ!

ਰਾਹੁਲ ਲੋਹੀਆਂ

# ਅਸਿਸਟੈਂਟ ਇਨਫੋਰਸਮੈਂਟ ਅਫਸਰ ਦੇ ਕੈਰੀਅਰ ਵਿੱਚ ਸਕੋਪ ਅਤੇ ਮੌਕੇ



ਅਸਿਸਟੈਂਟ ਇਨਫੋਰਸਮੈਂਟ ਅਫਸਰ - ਜਿਵੇਂ ਕਿ ਅਹੁਦੇ ਦਾ ਅਹੁਦਾ ਦਰਸਾਉਂਦਾ ਹੈ ਕਿ ਸਹਾਇਕ ਇਨਫੋਰਸਮੈਂਟ ਅਫਸਰ ਦੀ ਜ਼ਿੰਮੇਵਾਰੀ ਅਕਸਰ ਕੇਂਦਰ ਸਰਕਾਰ ਦੇ ਵੱਖ-ਵੱਖ ਵਿਭਾਗਾਂ ਦਾ ਦੌਰਾ ਕਰਨਾ ਅਤੇ ਨਿਰੀਖਣ ਕਰਨਾ ਅਤੇ ਜ਼ਮੀਨ ਦੇ ਕਾਨੂੰਨਾਂ ਨੂੰ ਲਾਗੂ ਕਰਨਾ ਹੈ। ਸਹਾਇਕ ਇਨਫੋਰਸਮੈਂਟ ਅਫਸਰਾਂ ਦਾ ਇਹ ਫਰਜ਼ ਹੈ ਕਿ ਉਹ ਉਨ੍ਹਾਂ ਲੋਕਾਂ ਦੀ ਭਾਲ ਕਰਨ ਜੋ ਨਿਯਮਾਂ ਅਤੇ ਨਿਯਮਾਂ ਅਨੁਸਾਰ ਕੰਮ ਨਹੀਂ ਕਰ ਰਹੇ ਹਨ, ਅਤੇ ਉਨ੍ਹਾਂ ਨੂੰ ਆਪਣੇ ਸਬੰਧਤ ਵਿਭਾਗ ਦੇ ਮੁਖੀਆਂ ਦੇ ਧਿਆਨ ਵਿੱਚ ਲਿਆਉਣ ਤਾਂ ਜੋ ਉਨ੍ਹਾਂ ਨੂੰ ਨਿਯਮਾਂ ਅਤੇ ਨਿਯਮਾਂ ਦੀ ਪਾਲਣਾ ਕਰਨ ਲਈ ਲਾਗੂ ਕੀਤਾ ਜਾ ਸਕੇ ਅਤੇ ਵਿਭਾਗਾਂ ਦੇ ਕੰਮਕਾਜ ਲਈ ਬਣਾਈਆਂ ਗਈਆਂ ਨੀਤੀਆਂ ਅਨੁਸਾਰ ਕੰਮ ਕਰਨਾ। ਅਸਿਸਟੈਂਟ ਇਨਫੋਰਸਮੈਂਟ ਅਫਸਰ ਬਣਨ ਲਈ ਸਟਾਫ਼ ਸਿਲੈਕਸ਼ਨ ਕਮਿਸ਼ਨ ਦੁਆਰਾ ਕਰਵਾਈਆਂ ਗਈਆਂ ਲਿਖਤੀ ਅਤੇ ਜ਼ੁਬਾਨੀ ਪ੍ਰੀਖਿਆਵਾਂ ਦੀ ਚੋਣ ਪ੍ਰਕਿਰਿਆ ਵਿੱਚੋਂ ਲੰਘਣਾ ਪੈਂਦਾ ਹੈ ਤਾਂ ਜੋ ਇੰਨੇ ਸਾਰੇ ਉਮੀਦਵਾਰਾਂ ਵਿੱਚੋਂ ਕੁਝ ਹੀ ਯੋਗ ਚੁਣੇ ਜਾ ਸਕਣ।

ਅਸਿਸਟੈਂਟ ਇਨਫੋਰਸਮੈਂਟ ਅਫਸਰ ਬਣਨ ਦੀ ਯੋਗਤਾ 1. ਵਿਦਿਅਕ ਯੋਗਤਾ ਅਸਿਸਟੈਂਟ ਇਨਫੋਰਸਮੈਂਟ ਅਫਸਰ ਇੰਸਪੈਕਟਰ ਬਣਨ ਦੇ ਯੋਗ ਬਣਨ ਲਈ ਕਿਸੇ ਨੂੰ ਕਿਸੇ ਵੀ ਸਟਰੀਮ ਦੀ ਬੈਚਲਰ ਹੋਣੀ ਚਾਹੀਦੀ ਹੈ।

2. ਉਮਰ ਉਮੀਦਵਾਰ ਦੀ ਪ੍ਰੀਖਿਆ ਦੇ ਸਾਲ 1 ਜੁਲਾਈ ਨੂੰ 18 ਸਾਲ ਦੀ ਉਮਰ ਹੋਣੀ ਚਾਹੀਦੀ ਹੈ ਅਤੇ ਉਸ ਮਿਤੀ ਨੂੰ 27 ਸਾਲ ਦੀ ਉਮਰ ਨਹੀਂ ਹੋਣੀ ਚਾਹੀਦੀ। ਉਪਰਲੀ ਉਮਰ ਸੀਮਾ ਵਿੱਚ OBC ਉਮੀਦਵਾਰਾਂ ਲਈ 3 ਸਾਲ ਅਤੇ SC/ST ਉਮੀਦਵਾਰਾਂ ਲਈ 5 ਸਾਲ ਦੀ ਛੋਟ ਦਿੱਤੀ ਜਾਵੇਗੀ। ਭਾਰਤ ਸਰਕਾਰ ਅਤੇ ਰੱਖਿਆ ਸੇਵਾਵਾਂ ਦੇ ਕਰਮਚਾਰੀਆਂ ਦੇ ਅਧੀਨ ਕੰਮ ਕਰਨ ਵਾਲੇ ਕਰਮਚਾਰੀਆਂ ਦੀਆਂ ਕੁਝ ਸ਼੍ਰੇਣੀਆਂ ਦੇ ਹੱਕ ਵਿੱਚ ਉਪਰਲੀ ਉਮਰ ਸੀਮਾ ਵਿੱਚ ਵੀ ਢਿੱਲ ਦਿੱਤੀ ਗਈ ਹੈ।

ਸਹਾਇਕ ਇਨਫੋਰਸਮੈਂਟ ਅਫਸਰ ਕਿਵੇਂ ਬਣਨਾ ਹੈ? ਸਹਾਇਕ ਇਨਫੋਰਸਮੈਂਟ ਅਫਸਰ ਬਣਨ ਲਈ ਹੇਠਾਂ ਦਿੱਤੇ ਕਦਮਾਂ ਦੀ ਪਾਲਣਾ ਕਰਨੀ ਪਵੇਗੀ: ਕਦਮ 1 ਪਹਿਲੇ ਕਦਮ ਦੇ ਤੌਰ 'ਤੇ, ਚਾਹਵਾਨ ਨੂੰ ਆਮ ਤੌਰ 'ਤੇ ਅਪ੍ਰੈਲ ਦੇ ਮਹੀਨੇ ਵਿੱਚ ਪ੍ਰਕਾਸ਼ਤ ਰੋਜ਼ਗਾਰ ਅਖਬਾਰ ਤੋਂ ਲੋੜੀਂਦੀ ਜਾਣਕਾਰੀ ਦੇ ਨਾਲ 'ਅਰਜ਼ੀ ਫਾਰਮ' ਪ੍ਰਾਪਤ ਕਰਨਾ ਹੁੰਦਾ ਹੈ। ਭਰਿਆ ਹੋਇਆ ਬਿਨੈ-ਪੱਤਰ ਫਾਰਮ ਖੇਤਰੀ ਕੇਂਦਰਾਂ ਨੂੰ ਭੇਜ ਦਿੱਤਾ ਗਿਆ ਹੈ ਜਿਵੇਂ ਕਿ ਦੱਸਿਆ ਗਿਆ ਹੈ।

ਨੋਟ: ਨਿਯਮਾਂ ਅਤੇ ਸਿਲੇਬਸ ਨਾਲ ਸਬੰਧਤ ਵੇਰਵਿਆਂ ਨਾਲ ਪ੍ਰੀਖਿਆ ਲਈ ਨੋਟੀਫਿਕੇਸ਼ਨ ਅਪ੍ਰੈਲ ਮਹੀਨੇ ਵਿੱਚ 'ਰੁਜ਼ਗਾਰ ਸਮਾਚਾਰ'/'ਰੋਜ਼ਗਾਰ ਸਮਾਚਾਰ', 'ਗਜ਼ਟ ਆਫ਼ ਇੰਡੀਆ' ਅਤੇ ਦੇਸ਼ ਦੇ ਕੁਝ ਪ੍ਰਮੁੱਖ ਅਖਬਾਰਾਂ ਵਿੱਚ ਪ੍ਰਕਾਸ਼ਿਤ ਕੀਤਾ ਜਾਂਦਾ ਹੈ। ਕਦਮ 2 ਮੁੱਢਲੀ ਪ੍ਰੀਖਿਆ ਮਈ ਜਾਂ ਜੂਨ ਦੇ ਮਹੀਨੇ ਵਿੱਚ, ਚਾਹਵਾਨਾਂ ਨੂੰ ਦੋ ਪੇਪਰਾਂ ਵਾਲੀ 'ਸ਼ੁਰੂਆਤੀ ਪ੍ਰੀਖਿਆਵਾਂ' ਦੇਣੀ ਪੈਂਦੀ ਹੈ। ਕਾਗਜ਼ ਇਸ 'ਤੇ ਹਨ: ਪ੍ਰਸ਼ਨ ਚਿੰਨ੍ਹ ਦੇ ਸਮੇਂ ਦਾ ਵਿਸ਼ਾ ਨੰਬਰ ਭਾਗ ਏ 1. ਜਨਰਲ ਇੰਟੈਲੀਜੈਂਸ ਅਤੇ ਆਮ ਜਾਗਰੂਕਤਾ 100 100 2 ਘੰਟੇ। ਭਾਗ ਬੀ 2. ਅੰਕਗਣਿਤ 100 100 2 ਘੰਟਾ. ਨੋਟ: ਇਹ ਇਮਤਿਹਾਨ ਅੰਤਿਮ ਪ੍ਰੀਖਿਆ ਲਈ ਸਿਰਫ਼ ਇੱਕ ਯੋਗਤਾ ਪ੍ਰੀਖਿਆ ਹੈ ਅਤੇ ਇਸ ਪ੍ਰੀਖਿਆ ਵਿੱਚ ਪ੍ਰਾਪਤ ਅੰਕਾਂ ਨੂੰ ਅੰਤਿਮ ਨਤੀਜਾ ਬਣਾਉਣ ਲਈ ਸ਼ਾਮਲ ਨਹੀਂ ਕੀਤਾ ਗਿਆ ਹੈ। ਕਦਮ 3 ਮੁੱਖ ਪ੍ਰੀਖਿਆ ਜਿਹੜੇ ਉਮੀਦਵਾਰ 'ਮੁਢਲੀ ਪ੍ਰੀਖਿਆ' ਵਿੱਚ ਯੋਗਤਾ ਪ੍ਰਾਪਤ ਘੋਸ਼ਿਤ ਕੀਤੇ ਗਏ ਹਨ, ਉਨ੍ਹਾਂ ਨੂੰ ਅੰਤਿਮ ਪ੍ਰੀਖਿਆ ਦੇਣੀ ਚਾਹੀਦੀ ਹੈ। ਫਾਈਨਲ ਇਮਤਿਹਾਨ ਦੇ ਦੋ ਭਾਗ ਹੁੰਦੇ ਹਨ। ਭਾਗ ਏ ਲਿਖਤੀ ਪ੍ਰੀਖਿਆ ਦਾ ਹੋਵੇਗਾ ਅਤੇ ਦੂਜਾ ਭਾਗ ਬੀ ਪਰਸਨੈਲਿਟੀ ਟੈਸਟ ਦਾ ਹੋਵੇਗਾ ਵਿਸ਼ਾ ਅਧਿਕਤਮ ਚਿੰਨ੍ਹ ਮਿਆਦ ਜਨਰਲ ਸਟੱਡੀਜ਼ 200 ਅੰਕ 3 ਘੰਟੇ ਅੰਗਰੇਜ਼ੀ 200 ਅੰਕ 2 ਘੰਟੇ 20 ਮਿੰਟ ਅੰਕਗਣਿਤ 100 ਅੰਕ 4 ਘੰਟੇ ਭਾਸ਼ਾ 100 ਅੰਕ 2 ਘੰਟੇ 20 ਮਿੰਟ ਸੰਚਾਰ ਹੁਨਰ ਅਤੇ ਲਿਖਣਾ 200 ਅੰਕ 2 ਘੰਟੇ। 20 ਮਿੰਟ ਕਦਮ 4 ਸ਼ਖਸੀਅਤ ਟੈਸਟ ਇੱਕ ਵਾਰ ਜਦੋਂ ਤੁਸੀਂ ਅੰਤਮ ਪੜਾਅ ਵਿੱਚੋਂ ਲੰਘਦੇ ਹੋ ਤਾਂ ਇੰਟਰਵਿਊ ਹੈ। ਉਮੀਦਵਾਰਾਂ ਨੂੰ ਇੰਟਰਵਿਊ ਵਿੱਚ ਉਹਨਾਂ ਦੀ ਸ਼ਖਸੀਅਤ ਅਤੇ ਮਾਨਸਿਕ ਯੋਗਤਾ ਨੂੰ ਪਰਖਣ ਲਈ ਗ੍ਰਿਲ ਕੀਤਾ ਜਾਂਦਾ ਹੈ। ਫਿਰ ਸਫਲ ਉਮੀਦਵਾਰਾਂ ਦੀ ਅੰਤਿਮ ਸੂਚੀ ਤਿਆਰ ਕੀਤੀ ਜਾਂਦੀ ਹੈ ਅਸਿਸਟੈਂਟ ਇਨਫੋਰਸਮੈਂਟ ਨੌਕਰੀ ਦਾ ਵੇਰਵਾ ਅਸਿਸਟੈਂਟ ਇਨਫੋਰਸਮੈਂਟ ਅਫਸਰ ਦਾ ਕੰਮ ਦਬਾਅ ਅਤੇ ਜ਼ਿੰਮੇਵਾਰੀਆਂ ਨਾਲ ਭਰਪੂਰ ਹੁੰਦਾ ਹੈ, ਕਈ ਵਾਰ ਉਨ੍ਹਾਂ ਨੂੰ ਆਪਣੇ ਹੀ ਸਾਥੀਆਂ ਅਤੇ ਇੱਥੋਂ ਤੱਕ ਕਿ ਸੀਨੀਅਰਾਂ ਨਾਲ ਵੀ ਸਖ਼ਤੀ ਨਾਲ ਪੇਸ਼ ਆਉਣਾ ਪੈਂਦਾ ਹੈ ਜਦੋਂ ਉਹ ਖੁਦ ਕੰਮ ਨਹੀਂ ਕਰ ਰਹੇ ਹੁੰਦੇ। ਨਿਰਧਾਰਤ ਨੀਤੀਆਂ ਦੇ ਅਨੁਸਾਰ. ਇਸ ਲਈ ਇਹ ਕੰਮ ਔਖਾ ਮੰਨਿਆ ਜਾਂਦਾ ਹੈ। ਪਰ ਆਪਣੇ ਫਰਜ਼ਾਂ ਨੂੰ ਨਿਭਾਉਣ ਲਈ ਇੱਕ ਵਿਅਕਤੀ ਨੂੰ ਆਪਣੀਆਂ ਜ਼ਿੰਮੇਵਾਰੀਆਂ ਪ੍ਰਤੀ ਬਹੁਤ ਸਮਰਪਿਤ, ਬਹਾਦਰ, ਮਿਹਨਤੀ, ਇਮਾਨਦਾਰ ਅਤੇ ਕੁਸ਼ਲ ਹੋਣਾ ਪੈਂਦਾ ਹੈ ਕਿਉਂਕਿ ਉਸਨੂੰ ਬਹੁਤ ਸਾਰੇ ਉੱਚ ਪੱਧਰੀ ਲੋਕਾਂ ਨਾਲ ਨਜਿੱਠਣਾ ਪੈਂਦਾ ਹੈ ਜੋ ਆਪਣੇ ਆਪ ਨੂੰ ਬਚਾਉਣ ਲਈ ਉੱਚ ਪੱਧਰੀ ਲੋਕਾਂ ਵਿੱਚ ਆਪਣੇ ਪ੍ਰਭਾਵ ਦੀ ਵਰਤੋਂ ਕਰ ਸਕਦੇ ਹਨ। ਅਧਿਕਾਰੀ ਨੂੰ ਗਲਤ ਜਾਂ ਨਿਰਪੱਖ ਸਾਬਤ ਕਰੋ।



ਵਿਜੈ ਗਰਗ ਸਾਬਕਾ
ਪੀ.ਈ..ਐਸ. - 1
ਸੇਵਾਮੁਕਤ ਪ੍ਰਿੰਸਪਲ

ਸਹਾਇਕ ਇਨਫੋਰਸਮੈਂਟ ਅਫਸਰ ਦੀ ਤਨਖਾਹ ਇੱਕ ਇਨਫੋਰਸਮੈਂਟ ਅਫਸਰ ਨੂੰ 6500-10,500 ਰੁਪਏ ਦਾ ਤਨਖਾਹ ਸਕੇਲ ਮਿਲਦਾ ਹੈ। ਭਾਰਤ ਸਰਕਾਰ ਨੇ ਵੱਖ-ਵੱਖ ਅਸਾਮੀਆਂ 'ਤੇ ਆਪਣੇ ਕਰਮਚਾਰੀਆਂ ਲਈ ਤਨਖਾਹ ਦੇ ਗ੍ਰੇਡ ਨਿਰਧਾਰਤ ਕੀਤੇ ਹਨ। ਹਾਲਾਂਕਿ ਉਹ ਨਵੇਂ ਤਨਖਾਹ ਕਮਿਸ਼ਨ ਨਾਲ ਬਦਲਦੇ ਰਹਿੰਦੇ ਹਨ।

ਨੋਟ: ਉਪਰੋਕਤ ਸਕੇਲ ਸਿਰਫ ਤਨਖਾਹ ਸਕੇਲਾਂ ਦਾ ਇੱਕ ਵਿਚਾਰ ਪ੍ਰਦਾਨ ਕਰਦੇ ਹਨ। ਸੇਵਾ ਦੀਆਂ ਵੱਖ-ਵੱਖ ਸ਼ਾਖਾਵਾਂ ਵਿੱਚ ਤਨਖਾਹ ਦੇ ਵੱਖ-ਵੱਖ ਸਕੇਲ ਹੁੰਦੇ ਹਨ। ਇੱਥੋਂ ਤੱਕ ਕਿ ਇੱਕੋ ਬ੍ਰਾਂਚਾਂ ਦੇ ਕਰਮਚਾਰੀਆਂ ਨੂੰ ਉਹਨਾਂ ਦੀ ਤਾਇਨਾਤੀ ਦੇ ਖੇਤਰ ਅਤੇ ਉਹਨਾਂ ਦੀ ਕਿਸੇ ਖਾਸ ਸਮੇਂ 'ਤੇ ਜ਼ਿੰਮੇਵਾਰੀ ਸੰਭਾਲਣ ਦੇ ਅਨੁਸਾਰ ਵੱਖਰੀ ਤਨਖਾਹ ਹੋ ਸਕਦੀ ਹੈ। ਤਨਖ਼ਾਹ ਤੋਂ ਇਲਾਵਾ ਅਸਿਸਟੈਂਟ ਇਨਫੋਰਸਮੈਂਟ ਅਫਸਰ ਕਈ ਤਰ੍ਹਾਂ ਦੇ ਭੱਤੇ ਪ੍ਰਾਪਤ ਕਰਦੇ ਹਨ ਜਿਵੇਂ ਕਿ ਮਹਿੰਗਾਈ ਭੱਤਾ, ਸਿਟੀ ਮੁਆਵਜ਼ਾ ਭੱਤਾ, ਛੁੱਟੀ ਯਾਤਰਾ ਭੱਤਾ, ਮੈਡੀਕਲ ਅਤੇ ਸਬਸਿਡੀ ਵਾਲੀ ਰਿਹਾਇਸ਼।

# ਧੀਆਂ ਦੇ ਵਰਾਂ ਬਾਰੇ ਮਾਪਿਆਂ ਦੀਆਂ ਵੱਡੀਆਂ ਖ਼ਾਹਿਸ਼ਾਂ ਸੰਤਾਪ ਵੀ ਬਣ ਜਾਂਦੀਆਂ ਨੇ

-ਅਜੀਤ ਕਮਲ

ਵੈਸੇ ਤਾਂ ਹਰ ਮਾਂ-ਬਾਪ ਆਪਣੀ ਔਲਾਦ ਦੇ ਚੰਗੇ ਭਵਿੱਖ ਦੀ ਕਾਮਨਾ ਕਰਦਾ ਹੈ ਅਤੇ ਉਸ ਦੇ ਚੰਗੇ ਭਵਿੱਖ ਲਈ ਹਰ ਹੀਲਾ ਕਰਦਾ ਹੈ ਪਰ ਕਈ ਵਾਰ ਮਾਪਿਆਂ ਦੀ ਇੱਛਾ ਬੱਚੇ ਦੇ ਭਵਿੱਖ ਦੇ ਰਾਹ ਵਿਚ ਰੋੜਾ ਬਣ ਜਾਂਦੀ ਹੈ। ਅਜਿਹਾ ਜ਼ਿੰਦਗੀ ਦੇ ਹਰ ਖੇਤਰ ਵਿਚ ਹੁੰਦਾ ਹੈ। ਦਫ਼ਤਰ ਵਿਚ ਲੱਗਾ ਅਫ਼ਸਰ ਆਪਣੀ ਔਲਾਦ ਨੂੰ ਆਪਣੇ ਤੋਂ ਵੱਡੇ ਰੁਤਬੇ ਦਾ ਅਫ਼ਸਰ ਬਣਾਉਣ ਦੀ ਇੱਛਾ ਰੱਖਦਾ ਹੈ ਅਤੇ ਵਪਾਰੀ ਆਪਣੇ ਬੱਚੇ ਨੂੰ ਆਪਣੇ ਤੋਂ ਵੱਡਾ ਵਪਾਰੀ ਬਣਿਆ ਵੇਖਣਾ ਲੋਚਦਾ ਹੈ। ਇਸ ਮਨੋ-ਬਿਰਤੀ ਕਰਕੇ ਮਾਪੇ ਆਪਣੇ ਬੱਚੇ ਦੇ ਮਨ ਦੀ ਗੱਲ ਨਹੀਂ ਸੁਣਦੇ ਅਤੇ ਆਪਣੀ ਮਰਜ਼ੀ ਬੱਚੇ 'ਤੇ ਜ਼ਬਰਦਸਤੀ ਠੋਸ ਦਿੰਦੇ ਹਨ। ਲੜਕੀਆਂ ਦੇ ਮਾਮਲੇ ਵਿਚ ਹਾਲਾਤ ਕੁਝ ਹੋਰ ਹੀ ਹਨ।

ਕਿਸੇ ਨੇ ਲਿਖਿਆ ਸੀ ਕਿ ਪੰਜਾਬ ਵਿਚ ਮਾਪਿਆਂ ਨੂੰ ਖ਼ਾਸ ਤੌਰ 'ਤੇ ਜ਼ਿਮੀਦਾਰ ਘਰਾਣਿਆਂ ਨੂੰ ਆਪਣੀਆਂ ਪੜ੍ਹੀਆਂ-ਲਿਖੀਆਂ ਲੜਕੀਆਂ ਲਈ ਯੋਗ ਪੜ੍ਹੇ-ਲਿਖੇ ਲੜਕੇ ਨਹੀਂ ਮਿਲਦੇ ਅਤੇ ਆਪਣੇ ਸਟੇਟਸ ਦੇ ਕਿਸੇ ਘਰਾਣੇ ਵਿਚ ਘੱਟ ਪੜ੍ਹੇ-ਲਿਖੇ ਲੜਕੇ ਦੇ ਲੜ ਧੀ ਨੂੰ ਲਾ ਦਿੱਤਾ ਜਾਂਦਾ ਹੈ। ਇੰਜ ਲੜਕੀ ਸਾਰੀ ਉਮਰ ਹੀਣ-ਭਾਵਨਾ ਦਾ ਸ਼ਿਕਾਰ ਹੋ ਕੇ ਜਿਊਂਦੀ ਹੈ। ਇਕ ਹੋਰ ਮਨੋ-ਬਿਰਤੀ ਬੜੀ ਪ੍ਰਚਲਿਤ ਹੈ।

ਬਹੁਤੇ ਲੋਕੀਂ ਆਪਣੀ ਲੜਕੀ ਦਾ ਰਿਸ਼ਤਾ ਵਿਦੇਸ਼ ਰਹਿੰਦੇ ਲੜਕੇ ਨਾਲ ਕਰਨ ਦੇ ਚਾਹਵਾਨ ਹੁੰਦੇ ਹਨ। ਕਾਰਨ ਇਹ ਹੁੰਦਾ ਹੈ ਕਿ ਲੜਕੀ ਵਿਦੇਸ਼ ਜਾਵੇ ਤਾਂ ਉਹ ਆਪਣੇ ਭਰਾਵਾਂ ਜਾਂ ਮਾਪਿਆਂ ਨੂੰ ਵੀ ਓਥੇ ਸੱਦ ਲਵੇਗੀ। ਪਰ ਇਸ ਮਨੋ-ਬਿਰਤੀ ਦਾ ਨਾਜਾਇਜ਼ ਲਾਭ ਸ਼ਾਤਰ ਦਿਮਾਗ ਵਾਲੇ ਵਿਦੇਸ਼ੀ ਲਾੜੇ ਉਠਾ ਰਹੇ ਹਨ ਅਤੇ ਪਹਿਲਾਂ ਵਿਆਹੇ ਹੋਏ ਲੜਕੇ ਧੋਖੇ ਨਾਲ ਭਾਰਤ ਵਿਚ ਹੋਰ ਵਿਆਹ ਰਚਾ ਲੈਂਦੇ ਹਨ ਅਤੇ ਵਿਦੇਸ਼ ਚਲੇ ਜਾਂਦੇ ਹਨ। ਲਾੜੀ ਵੀਜ਼ੇ ਦੀ ਉਡੀਕ ਵਿਚ ਪੇਕੇ ਬਹਿ ਕੇ ਹਉਕੇ ਭਰਨ ਜੋਗੀ ਰਹਿ ਜਾਂਦੀ ਹੈ। ਇੰਜ ਹੀ ਅੱਜ-ਕੱਲ੍ਹ ਲੜਕੀਆਂ ਵਾਲੇ ਵੀ ਮਾੜੀ ਸੋਚ ਪਾਲਣ ਲੱਗ ਪਏ ਹਨ। ਅਮੀਰ ਘਰਾਂ ਦੇ ਘੱਟ ਪੜ੍ਹੇ-ਲਿਖੇ ਲੜਕਿਆਂ ਲਈ ਮਾਪੇ ਕੋਈ ਵੀ ਆਈਲੈਟਸ ਪਾਸ ਲੜਕੀ ਦੀ ਭਾਲ ਕਰਦੇ ਹਨ ਅਤੇ ਆਪਣੇ ਲੜਕੇ ਦੀ ਸ਼ਾਦੀ ਆਈਲੈਟਸ ਪਾਸ ਲੜਕੀ ਨਾਲ ਕਰ ਦਿੰਦੇ ਹਨ ਤੇ ਤਹਿ ਹੋਈ ਸ਼ਰਤ ਤਹਿਤ ਉਹ ਆਪਣੀ ਨੂੰਹ ਨੂੰ ਆਪਣੇ ਖ਼ਰਚੇ 'ਤੇ ਵਿਦੇਸ਼ ਪੜ੍ਹਾਈ ਕਰਨ ਲਈ ਭੇਜ ਦਿੰਦੇ ਹਨ, ਇਸ ਆਸ 'ਤੇ ਕਿ ਲੜਕੀ ਬਾਅਦ ਵਿਚ ਆਪਣੇ ਪਤੀ ਨੂੰ ਵੀ ਵਿਦੇਸ਼ ਲੈ ਜਾਵੇਗੀ।

ਕਿਸੇ ਵਿਰਲੇ ਦੀ ਅਜਿਹੀ ਆਸ ਪੁੱਗਦੀ ਹੈ। ਆਮ ਤੌਰ 'ਤੇ ਲੜਕੀ ਨੂੰ ਵਿਦੇਸ਼ ਜਾ ਕੇ ਜਦ ਓਥੋਂ ਦੀਆਂ ਸਮੱਸਿਆਵਾਂ ਨਾਲ ਦੋ-ਚਾਰ ਹੋਣਾ ਪੈਂਦਾ ਹੈ ਤਾਂ ਉਸ ਨੂੰ ਪਿਛਲੇ ਭੁੱਲ ਜਾਂਦੇ ਹਨ ਅਤੇ ਉਹ ਵਿਦੇਸ਼ੀ ਮਾਹੌਲ ਵਿਚ ਆਪਣੇ-ਆਪ ਨੂੰ ਢਾਲ ਲੈਂਦੀ ਹੈ। ਲੜਕੇ ਵਾਲੇ ਬਾਅਦ ਵਿਚ ਕਾਨੂੰਨੀ ਚਾਰਾਜੋਈ ਵਿਚ ਰੁੱਝ ਜਾਂਦੇ ਹਨ। ਪਿੱਛੇ ਜਿਹੇ ਪੰਜਾਬ ਵਿਚ ਹੀ ਇਕ ਲਾੜੇ ਨੇ ਆਤਮਹੱਤਿਆ ਵੀ ਕਰ ਲਈ ਸੀ ਪਰ ਪੰਜਾਬ ਵਿਚ ਵਸਦੀਆਂ ਧੀਆਂ ਅਜੇ ਅਜਿਹੀ ਮਨੋ-ਬਿਰਤੀ ਤੋਂ ਬਚੀਆਂ ਹੋਈਆਂ ਹਨ। ਪਰ ਪਹਿਲੇ ਦਿਨਾਂ ਵਿਚ ਮਾਂ-ਬਾਪ ਵੀ ਇੰਜ ਨਹੀਂ ਸਨ ਸੋਚਦੇ। ਉਹ ਆਪਣੀ ਧੀ ਨੂੰ ਉਸ ਦੇ ਲੜ ਲਾਉਂਦੇ ਸਨ ਜਿਸ ਬਾਰੇ ਉਨ੍ਹਾਂ ਨੂੰ ਪੂਰਾ ਵਿਸ਼ਵਾਸ ਹੋ ਜਾਂਦਾ ਸੀ ਕਿ ਉਸ ਵਿਅਕਤੀ ਨਾਲ ਉਨ੍ਹਾਂ ਦੀ ਧੀ ਸਾਰਾ ਜੀਵਨ ਸੁਖੀ ਰਹੇਗੀ।

ਲੜਕੀਆਂ ਨੂੰ ਵੀ ਇਹ ਵਿਸ਼ਵਾਸ ਹੁੰਦਾ ਸੀ ਕਿ ਉਸ ਦੇ ਮਾਪੇ ਉਸ ਦਾ ਭਲਾ ਹੀ ਲੋਚਣਗੇ। ਪਿਛਲੇ ਦਿਨੀਂ ਇਕ ਫੰਕਸ਼ਨ ਵਿਚ ਮਿਲੇ ਇਕ ਦੋਸਤ ਨੂੰ ਹਾਲ-ਚਾਲ ਪੁੱਛਿਆ ਤਾਂ ਉਸ ਨੇ ਦੱਸਿਆ ਕਿ ਉਹ ਅੱਜ-ਕੱਲ੍ਹ ਬਹੁਤ ਪਰੇਸ਼ਾਨ ਹੈ। ਪੁੱਛਣ 'ਤੇ ਉਸ ਨੇ ਦੱਸਿਆ ਕਿ ਉਸ ਦੀ ਜਵਾਨ ਬੇਟੀ ਦਾ ਰਿਸ਼ਤਾ ਸਿਰੇ ਨਹੀਂ ਚੜ੍ਹ ਰਿਹਾ। ਕਾਰਨ ਦੱਸਿਆ ਕਿ ਉਸ ਦੇ ਪਰਿਵਾਰ ਵਾਲੇ ਕਹਿੰਦੇ ਹਨ ਕਿ ਲੜਕਾ ਉਹ ਚਾਹੀਦਾ ਹੈ ਜੋ ਪੜ੍ਹਿਆ-ਲਿਖਿਆ, ਰੁਜ਼ਗਾਰ 'ਤੇ ਲੱਗਾ ਵੀ ਹੋਵੇ ਅਤੇ ਖਾਂਦਾ-ਪੀਂਦਾ ਵੀ ਨਾ ਹੋਵੇ। ਭਾਵੇਂ ਉਸ ਦੀ ਲੜਕੀ ਪੜ੍ਹੀ-ਲਿਖੀ ਹੈ ਪਰ ਰੰਗ ਦੀ ਸੌਲੀ ਹੋਣ ਕਾਰਨ ਵੀ ਚੰਗਾ ਰਿਸ਼ਤਾ ਲੱਭਣ ਵਿਚ ਦਿੱਕਤ ਪੇਸ਼ ਆ ਰਹੀ ਹੈ। ਲੜਕੀ ਦੀ ਵਧਦੀ ਉਮਰ ਦੀ ਚਿੰਤਾ ਵੀ ਉਸ ਨੂੰ ਸਤਾ ਰਹੀ ਹੈ। ਉਸ ਦੀ ਗੱਲ ਸੁਣ ਕੇ ਮੈਨੂੰ ਆਪਣੇ ਹੀ ਮੁਹੱਲੇ ਦੀ ਇਕ ਲੜਕੀ ਦੀ ਕਹਾਣੀ ਯਾਦ ਆ ਗਈ ਜੋ ਮੈਂ ਉਸ ਨੂੰ ਸੁਣਾਈ।

ਸਾਡੇ ਮੁਹੱਲੇ ਵਿਚ ਇਕ ਹਕੀਮ ਸਾਹਿਬ ਰਹਿੰਦੇ ਸਨ। (ਹੁਣ ਉਹ ਇਸ ਜਹਾਨ ਵਿਚ ਵੀ ਨਹੀਂ ਹਨ)। ਜਿੱਥੇ ਉਹ ਹਿਕਮਤ ਵਿਚ ਮਾਹਰ ਸਨ, ਓਥੇ ਸਮਾਜ ਕਲਿਆਣ ਦਾ ਚਾਅ ਹਰ ਵੇਲੇ ਉਨ੍ਹਾਂ ਦੇ ਮਨ ਵਿਚ ਉਮੜਿਆ ਰਹਿੰਦਾ ਸੀ। ਘਰ ਤੋਂ ਦੁਕਾਨ ਤੱਕ ਜਾਂਦਿਆਂ ਰਸਤੇ ਵਿਚ ਜੇਕਰ ਕੋਈ ਮਾੜਾ-ਮੋਟਾ ਟੋਇਆ ਹੋਣਾ ਤਾਂ ਉਨ੍ਹਾਂ ਨੇ ਉਸ ਨੂੰ ਪੂਰਨ ਦੀ ਕੋਸ਼ਿਸ਼ ਕਰਨੀ। ਜੇਕਰ ਕੋਈ ਰੋੜਾ ਆਦਿ ਦਿਸ ਪੈਣਾ ਤਾਂ ਉਨ੍ਹਾਂ ਨੇ ਉਸ ਨੂੰ ਰਾਹ 'ਚੋਂ ਲਾਂਭੇ ਕਰ ਦੇਣਾ। ਦਵਾਈ ਲੈਣ ਆਏ ਮਰੀਜ਼ ਨਾਲ ਵੀ ਉਹ ਬੜੇ ਪਿਆਰ ਨਾਲ ਪੇਸ਼ ਆਉਂਦੇ ਸਨ। ਉਨ੍ਹਾਂ ਨੂੰ ਵੀ ਮੇਰੇ ਦੋਸਤ ਵਾਲੀ ਪਰੇਸ਼ਾਨੀ ਰਹਿੰਦੀ ਸੀ। ਉਹ ਵੀ ਚਾਹੁੰਦੇ ਸਨ ਕਿ ਉਨ੍ਹਾਂ ਦੀ ਲੜਕੀ ਲਈ ਅਜਿਹਾ ਵਰ-ਘਰ ਮਿਲੇ ਜੋ ਉਨ੍ਹਾਂ ਵਾਂਗੂ ਮੁਕੰਮਲ ਵੈਸ਼ਨੋ ਹੋਵੇ। ਜੇਕਰ ਕੋਈ ਵੈਸ਼ਨੋ ਲੜਕਾ/ਪਰਿਵਾਰ ਮਿਲਦਾ ਤਾਂ ਇਹ ਗੱਲ ਆੜੇ ਆ ਜਾਂਦੀ ਕਿ ਲੜਕੇ ਵਾਲਿਆਂ ਦਾ ਪੱਧਰ ਉਨ੍ਹਾਂ ਦੇ ਪੱਧਰ ਦੇ ਬਰਾਬਰ ਨਹੀਂ ਹੈ। ਕਈ ਮਿੱਤਰਾਂ ਨੇ ਸਲਾਹ ਦਿੱਤੀ ਕਿ ਜੇ ਗ਼ਰੀਬ ਪਰਿਵਾਰ ਮਿਲਦਾ ਹੈ ਤਾਂ ਰਿਸ਼ਤਾ ਕਰ ਲੈਣਾ ਚਾਹੀਦਾ ਹੈ। ਬਹੁਤੀ ਗੱਲ ਇਹ ਹੋ ਸਕਦੀ ਹੈ ਕਿ ਦਾਜ ਦੀ ਥਾਂ ਲੜਕੇ ਨੂੰ ਕੋਈ ਚੰਗਾ ਕਾਰੋਬਾਰ ਖੋਲ੍ਹ ਦਿੱਤਾ ਜਾਵੇ। ਇੰਜ ਉਨ੍ਹਾਂ ਦੀ ਵੈਸ਼ਨੋ ਪਰਿਵਾਰ ਦੀ ਸ਼ਰਤ ਵੀ ਪੂਰੀ ਹੋ ਜਾਵੇਗੀ ਅਤੇ ਜਵਾਈ ਵੀ ਉਨ੍ਹਾਂ ਦੇ ਪੱਧਰ ਦਾ ਹੋ ਜਾਵੇਗਾ। ਹਕੀਮ ਜੀ ਦੀ ਲੜਕੀ ਦਾ ਰੰਗ ਵੀ ਸਾਫ਼ ਸੀ ਅਤੇ ਨੈਣ-ਨਕਸ਼ ਵੀ ਚੰਗੇ ਸਨ।



ਉਸ ਦਾ ਵਿਆਹ ਕਿਤੇ ਵੀ ਆਸਾਨੀ ਨਾਲ ਹੋ ਸਕਦਾ ਸੀ ਪਰ ਉਸ ਦੇ ਪਿਤਾ ਦੀ ਪਸੰਦ ਦਾ ਵਰ ਨਾ ਮਿਲਣ ਕਾਰਨ ਉਸ ਨੇ ਪਿਤਾ ਦਾ ਮਾਣ ਰੱਖਿਆ ਜਿਸ ਦੇ ਫਲਸਰੂਪ ਉਹ ਅੱਜ ਤੱਕ ਕੁਆਰੀ ਬੈਠੀ ਹੈ ਅਤੇ ਉਸ ਦੀ ਉਮਰ ਲਗਪਗ 70 ਸਾਲ ਤੋਂ ਟੱਪ ਗਈ ਹੈ। ਉਸ ਦੇ ਭਰਾਵਾਂ ਦੇ ਬੱਚੇ ਵੀ ਵਿਆਹੇ ਗਏ ਹਨ ਅਤੇ ਓਹ ਧੀਆਂ-ਪੁੱਤਾਂ ਵਾਲੇ ਹੋ ਗਏ ਹਨ ਪਰ ਉਹ ਨਿਮਾਣੀ ਪਿਤਾ ਦੀ ਇੱਛਾ ਦਾ ਮਾਣ ਰੱਖਦੀ ਬਿਰਧ ਹੋ ਗਈ ਹੈ। ਇਹ ਕਹਾਣੀ ਸੁਣ ਕੇ ਮੇਰਾ ਉਕਤ ਮਿੱਤਰ ਝੱਟ ਬੋਲ ਉੱਠਿਆ ਕਿ ਉਸ ਲੜਕੀ ਦਾ ਰਿਸ਼ਤਾ ਉਸ ਨੂੰ ਹੁੰਦਾ ਸੀ।

ਭਾਵੇਂ ਉਹ ਸਰਕਾਰੀ ਨੌਕਰੀ ਕਰਦਾ ਸੀ ਪਰ ਖਾਣ-ਪੀਣ ਦੀ ਆਦਤ ਉਸ ਦੇ ਰਾਹ ਦਾ ਰੋੜਾ ਬਣ ਗਈ। ਉਸ ਨੂੰ ਸ਼ਾਇਦ ਪਛਤਾਵਾ ਹੋ ਰਿਹਾ ਸੀ ਕਿ ਹੁਣ ਵੀ ਤਾਂ ਉਸ ਦਾ ਪਰਿਵਾਰ ਮੁਕੰਮਲ ਵੈਸ਼ਨੋ ਹੈ ਅਤੇ ਉਸ ਨੇ ਵੀ ਖਾਣਾ-ਪੀਣਾ ਛੱਡਿਆ ਹੋਇਆ ਹੈ। ਇਹੀ ਗੱਲ ਜੇਕਰ ਉਹ ਉਦੋਂ ਕਰ ਲੈਂਦਾ ਤਾਂ ਨਾ ਉਹ ਲੜਕੀ ਕੁਆਰੀ ਰਹਿੰਦੀ ਅਤੇ ਨਾ ਹੀ ਉਸ ਦੀ ਪਰਿਵਾਰਕ ਸਥਿਤੀ ਅੱਜ ਵਰਗੀ ਹੁੰਦੀ।

ਮੇਰੇ ਮਿੱਤਰ ਨੇ ਉਕਤ ਲੜਕੀ ਦੀ ਕਹਾਣੀ ਸੁਣ ਕੇ ਮਨ ਬਣਾ ਲਿਆ ਕਿ ਉਹ ਹਾਲਾਤ ਨਾਲ ਸਮਝੌਤਾ ਕਰ ਕੇ ਆਪਣੀ ਲੜਕੀ ਦਾ ਰਿਸ਼ਤਾ ਕਿਤੇ ਨਾ ਕਿਤੇ ਕਰ ਦੇਵੇਗਾ ਪਰ ਕੁਦਰਤ ਨੂੰ ਸ਼ਾਇਦ ਕੁਝ ਹੋਰ ਹੀ ਮਨਜ਼ੂਰ ਸੀ। ਬਾਅਦ ਵਿਚ ਪਤਾ ਲੱਗਾ ਕਿ ਮਿੱਤਰ ਦੀ ਬੇਟੀ ਇਸ ਦੁਨੀਆ 'ਤੇ ਨਹੀਂ ਰਹੀ। ਜੇਕਰ ਮਾਪੇ ਸਮੇਂ ਸਿਰ ਹਾਲਾਤ ਨਾਲ ਸਮਝੌਤਾ ਕਰ ਲੈਂਦੇ ਤਾਂ ਉਕਤ ਦੋਵਾਂ ਧੀਆਂ ਦੀ ਹਾਲਤ ਇੰਜ ਨਾ ਹੁੰਦੀ।

# Dosanjh Family AUTO GROUP

Cadillac CHEVROLET INFINITI KIA NISSAN BUICK GMC

CHRYSLER Jeep DODGE RAM TOYOTA Ford ACURA

DUBLIN CHEVOLET

DUBLIN CADILLAC

DUBLIN BUICK GMC

DUBLIN KIA

DUBLIN NISSAN

DUBLIN INFINITI

FREMONT CHEVROLET

FREMONT CADILLAC

FREMONT BUICK GMC

STEVENS CREEK CHEVROLET

STEVENS CREEK CADILLAC

SEASIDE CHRYSLER DODGE JEEP RAM

SEASIDE CADILLAC

SEASIDE VOLKSWAGEN

CONCORD CHEVROLET

ACURA OF CONCORD

CONCORD NISSAN

LIVERMORE TOYOTA

FREMONT FORD